Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ
Regal Jewels
2025 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
ਕਿਸ ਦਾ ਇੰਤਜ਼ਾਰ ਕਰ ਰਹੇ ਹੁਣ
24KT GOLD
ਦੁਨੀਆ ਦੀ ਸਭ ਤੋਂ ਵਾਇਡੇਮੰਦ ਇਨਵੈਸਟਮੈਂਟ
TALK TO OUR GOLD SPECIALIST
Rajveer Singh Gill
847-907-1525
www.RegalJewels.com

ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 43, October 22, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਪੰਜਾਬ ਸਰਕਾਰ ਅਤੇ ਰਾਜਪਾਲ ਆਹਮੋ-ਸਾਹਮਣੇ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਸੂਬੇ ਦੇ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਵਿਚਾਲੇ ਟਕਰਾਅ ਵਧ ਰਿਹਾ ਹੈ। ਪਿਛਲੇ ਕੁਝ ਦਿਨਾਂ ਵਿਚ ਰਾਜਪਾਲ ਵੱਲੋਂ ਸਰਕਾਰ ਦੇ ਪਲਟਾਏ ਜਾ ਰਹੇ ਫੈਸਲਿਆਂ ਪਿੱਛੋਂ ਮਾਹੌਲ ਤਲਖ ਹੋ ਗਿਆ ਹੈ। ਹੁਣ ਰਾਜਪਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਉਪ ਕੁਲਪਤੀ ਤੁਰਤ ਹਟਾਉਣ ਦੇ ਹੁਕਮ ਕੱਢ ਦਿੱਤੇ ਹਨ।

ਪੰਜਾਬ ਸਰਕਾਰ ਨੇ 19 ਅਗਸਤ ਖੋਜ ਕਮੇਟੀ ਦੀ ਸਿਫਾਰਸ਼ ਮੁਤਾਬਕ ਸਤਵੀਰ ਸਿੰਘ ਗੋਸਲ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਉਪ ਕੁਲਪਤੀ ਲਗਾ ਦਿੱਤਾ ਸੀ। ਰਾਜਪਾਲ ਦੀ ਚਿੱਠੀ ਮੁਤਾਬਕ ਇਹ ਨਿਯੁਕਤੀ ਗੈਰ-ਕਾਨੂੰਨੀ ਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਦੇ ਨਿਯਮਾਂ ਦੀ ਉਲੰਘਣਾ ਹੈ। ਰਾਜਪਾਲ ਨੇ ਕਿਹਾ ਹੈ ਕਿ ਨਿਯੁਕਤੀ ਰੱਦ ਕਰਕੇ ਖੇਤੀ ਵਿਭਾਗ ਦੇ ਸਕੱਤਰ ਜਾਂ ਪ੍ਰਮੁੱਖ ਸਕੱਤਰ ਨੂੰ ਚਾਰਜ ਦੇਣਾ ਚਾਹੀਦਾ ਹੈ।

ਰਾਜਪਾਲ ਵੱਲੋਂ ਇਸ ਤਰ੍ਹਾਂ ਦੇ ਹੁਕਮ ਚਾੜ੍ਹਨ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਰਾਜਪਾਲ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਉਪ ਕੁਲਪਤੀ ਦੀ ਨਿਯੁਕਤੀ ਲਈ ਕੀਤੀ ਸਿਫਾਰਸ਼ ਸਵੀਕਾਰ ਨਾ ਕਰ ਕੇ ਤਿੰਨ ਨਾਵਾਂ ਦਾ ਪੈਨਲ ਭੇਜਣ ਦੀ ਹਦਾਇਤ ਦਿੱਤੀ ਸੀ। ਉਹ ਮਾਮਲਾ ਅਜੇ ਤੱਕ ਲਟਕ ਰਿਹਾ ਹੈ। ਰਾਜਪਾਲ ਨੇ ਹਾਲ ਹੀ ਵਿਚ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਇਜਲਾਸ ਬੁਲਾਉਣ ਦੀ ਇਜਾਜ਼ਤ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਸੀ।

ਯਾਦ ਰਹੇ ਕਿ ਪੰਜਾਬ ਖੇਤੀ ਯੂਨੀਵਰਸਿਟੀ ਦੇ ਪ੍ਰਬੰਧਕੀ ਬੋਰਡ ਦੀ 19 ਅਗਸਤ ਨੂੰ ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਸੀ



ਜਿਸ ਵਿਚ ਸਰਬਸੰਮਤੀ ਨਾਲ ਡਾ. ਸਤਬੀਰ ਸਿੰਘ ਗੋਸਲ ਨੂੰ ਉਪ ਕੁਲਪਤੀ ਲਾਉਣ ਦਾ ਫੈਸਲਾ ਹੋਇਆ ਸੀ। ਤਕਰੀਬਨ ਤਿੰਨ ਮਹੀਨੇ ਮਗਰੋਂ ਰਾਜਪਾਲ ਨੇ ਇਸ ਨਿਯੁਕਤੀ ਨੂੰ ਰੱਦ ਕਰ ਦਿੱਤਾ ਹੈ। ਪੰਜਾਬ ਖੇਤੀ ਯੂਨੀਵਰਸਿਟੀ ਨੂੰ ਕਰੀਬ ਸਾਢੇ 13 ਮਹੀਨਿਆਂ ਮਗਰੋਂ ਰੈਗੂਲਰ ਵਾਈਸ ਚਾਂਸਲਰ ਮਿਲਿਆ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਕਈ ਹੋਰ ਆਗੂਆਂ ਨੇ ਫੈਡਰਲਿਜ਼ਮ ਦਾ ਸੁਆਲ ਉਠਾਉਂਦਿਆਂ ਕਿਹਾ ਹੈ ਕਿ ਕਾਨੂੰਨ ਮੁਤਾਬਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬੋਰਡ ਆਫ ਡੈਇਰੈਕਟਰਜ਼ ਨੂੰ ਉਪ ਕੁਲਪਤੀ ਨਿਯੁਕਤ ਕਰਨ ਦਾ ਪੂਰਾ ਹੱਕ ਹੈ। ਪੰਜਾਬ ਦੇ ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਆਮ ਆਦਮੀ ਪਾਰਟੀ ਦੇ ਬੁਲਾਰੇ ਨੇ ਵੀ ਇਹੀ ਦਲੀਲ ਦਿੱਤੀ ਹੈ। ਆਪ ਸਰਕਾਰ ਦਾ ਕਹਿਣਾ ਹੈ ਕਿ ਰਾਜਪਾਲ ਦੇ ਇਸ ਕਦਮ ਨੂੰ ਗੈਰ-ਸੰਵਿਧਾਨਕ ਦੱਸਦਿਆਂ ਕਿਹਾ ਕਿ ਸੁਆਲ ਖੜ੍ਹੇ ਕਰਨ ਤੋਂ ਪਹਿਲਾਂ ਰਾਜਪਾਲ ਨੂੰ ਯੂਨੀਵਰਸਿਟੀ ਦਾ ਐਕਟ ਪੜ੍ਹ ਲੈਣਾ ਚਾਹੀਦਾ ਸੀ ਕਿਉਂਕਿ ਇਹ ਯੂਨੀਵਰਸਿਟੀ ਯੂ.ਜੀ.ਸੀ. ਦੇ ਨੇਮਾਂ ਅਧੀਨ ਨਹੀਂ ਆਉਂਦੀ ਹੈ ਤੇ ਇਹ ਖ਼ੁਦਮੁਖ਼ਤਾਰ ਸੰਸਥਾ ਹੈ।

ਪਾਰਲੀਮੈਂਟ ਵੱਲੋਂ ਬਣਾਏ 'ਦਿ ਹਰਿਆਣਾ ਐਂਡ ਪੰਜਾਬ ਐਗਰੀਕਲਚਰ ਯੂਨੀਵਰਸਿਟੀਜ਼ ਐਕਟ 1970' ਤਹਿਤ ਪੰਜਾਬ ਖੇਤੀ ਯੂਨੀਵਰਸਿਟੀ ਖ਼ੁਦਮੁਖ਼ਤਾਰ ਸੰਸਥਾ ਹੈ। ਯੂਨੀਵਰਸਿਟੀ ਦੇ ਬੋਰਡ ਆਫ ਮੈਨੇਜਮੈਂਟ ਕੋਲ ਐਕਟ ਦੀ ਧਾਰਾ 14 (ਜੇ) ਤਹਿਤ ਉਪ ਕੁਲਪਤੀ ਨੂੰ ਨਿਯੁਕਤ ਕਰਨ ਦੀ ਤਾਕਤ ਹੈ। ਐਕਟ ਦੀ ਧਾਰਾ 15 ਅਧੀਨ ਉਪ ਕੁਲਪਤੀ ਨੂੰ ਬੋਰਡ ਵੱਲੋਂ ਸਰਬਸੰਮਤੀ ਨਾਲ ਚੁਣਿਆ ਜਾਣਾ ਹੁੰਦਾ ਹੈ। ਬੋਰਡ ਦੀ ਮੀਟਿੰਗ ਵਿਚ ਜੇਕਰ ਕੋਈ ਇਕ ਮੈਂਬਰ ਨਿਯੁਕਤੀ ਬਾਰੇ ਵਿਰੋਧ ਦਰਜ ਕਰਾਉਂਦਾ ਹੈ ਤਾਂ ਇਹ ਮਾਮਲਾ ਚਾਂਸਲਰ ਕੋਲ ਚਲਾ ਜਾਂਦਾ ਹੈ। ਡਾ. ਗੋਸਲ ਦੀ ਨਿਯੁਕਤੀ ਬਾਰੇ ਬੋਰਡ ਮੀਟਿੰਗ ਵਿਚ ਕਿਸੇ ਨੇ ਵਿਰੋਧ ਦਰਜ ਨਹੀਂ ਕਰਾਇਆ ਸੀ।

### ਇਤਰਾਜ਼ ਤਰਕਹੀਣ ਕਰਾਰ

**ਚੰਡੀਗੜ੍ਹ:** ਅਕਾਲੀ ਦਲ ਦੇ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਰਾਜਪਾਲ ਦੇ ਇਤਰਾਜ਼ ਨੂੰ ਤਰਕਹੀਣ ਕਰਾਰ ਦਿੰਦਿਆਂ ਕਿਹਾ ਕਿ ਇਹ ਚੁਣੀ ਹੋਈ ਸਰਕਾਰ ਦੇ ਕੰਮ ਵਿਚ ਦਖਲ ਹੈ। ਇਸ ਯੂਨੀਵਰਸਿਟੀ ਵਿਚ ਯੂ.ਜੀ.ਸੀ. ਨੇਮ ਲਾਗੂ ਨਹੀਂ ਹੁੰਦੇ। ਵੀ.ਸੀ. ਦੀ ਨਿਯੁਕਤੀ ਸਬੰਧੀ ਰਾਜਪਾਲ ਦੀ ਪ੍ਰਵਾਨਗੀ ਕੇਵਲ ਰਸਮੀ ਹੁੰਦੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਰਾਜਪਾਲ ਤੇ ਮੁੱਖ ਮੰਤਰੀ ਦਰਮਿਆਨ ਬਣਿਆ ਟਕਰਾਅ ਸੂਬੇ ਦੇ ਹਿਤਾਂ ਲਈ ਠੀਕ ਨਹੀਂ ਹੈ।

## ਹਰਿਆਣਾ ਸਰਕਾਰ ਡੇਰਾ ਮੁਖੀ 'ਤੇ ਮਿਹਰਬਾਨ

**ਸਿਰਸਾ:** ਹਰਿਆਣਾ ਵਿਚ ਪੰਚਾਇਤੀ ਅਤੇ ਆਦਮਪੁਰ ਵਿਧਾਨ ਸਭਾ ਦੀ ਜ਼ਿਮਨੀ ਚੋਣ ਤੋਂ ਐਨ ਪਹਿਲਾਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਦੇਣ ਉਤੇ ਵੱਡੇ ਸਵਾਲ ਉਠ ਖਲੋਤੇ ਹਨ। ਹਰਿਆਣਾ ਸਰਕਾਰ ਵੱਲੋਂ ਭਾਵੇਂ ਇਸ ਪਿੱਛੇ ਕਈ ਤਰਕ ਦਿੱਤੇ ਜਾ ਰਹੇ ਹਨ ਪਰ ਡੇਰਾ ਮੁਖੀ ਵੱਲੋਂ ਜੇਲ੍ਹੋਂ ਬਾਹਰ ਆਉਂਦੇ ਹੀ ਆਪਣੇ ਪੈਰੋਕਾਰਾਂ ਨੂੰ ਦਿੱਤਾ 'ਚੋਣ ਸੁਨੇਹਾ' ਕੁਝ ਹੋਰ ਹੀ ਇਸ਼ਾਰਾ ਕਰਦਾ ਹੈ।



ਰਾਮ ਰਹੀਮ ਨੇ ਇਸ਼ਾਰਿਆਂ ਵਿਚ ਚੋਣਾਵੀ ਸੰਦੇਸ਼ ਦਿੰਦਿਆਂ ਆਖਿਆ ਜਿਵੇਂ ਤੁਹਾਨੂੰ ਬੋਲਿਆ ਸੀ, ਮੰਨਦੇ ਰਹਿਣਾ, ਜਿਵੇਂ ਤੁਹਾਨੂੰ ਜ਼ਿੰਮੇਵਾਰ ਲੋਕ ਦੱਸਣਗੇ, ਉਵੇਂ ਹੀ ਕਰਨਾ, ਮਨਮਰਜ਼ੀ ਨਹੀਂ ਕਰਨੀ?' ਦੱਸ ਦਈਏ ਕਿ ਹਰਿਆਣਾ ਤੇ ਪੰਜਾਬ ਵਿਚ ਡੇਰਾ ਪੈਰੋਕਾਰਾਂ ਦੀ ਵੱਡੀ ਗਿਣਤੀ ਹੈ। ਸਿਆਸੀ ਧਿਰਾਂ ਹਮੇਸ਼ਾ ਇਸ ਵੋਟ ਬੈਂਕ ਨੂੰ ਲਲਚਾਈਆਂ ਨਜ਼ਰਾਂ ਨਾਲ ਦੇਖਦੀਆਂ ਹਨ। ਡੇਰਾ ਮੁਖੀ ਨੂੰ ਇਹ ਪੈਰੋਲ ਉਸ ਸਮੇਂ ਦਿੱਤੀ ਗਈ ਹੈ ਜਦੋਂ ਸਿੱਖ ਜਥੇਬੰਦੀਆਂ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਕਰ ਰਹੀਆਂ ਹਨ। ਮੁਲਕ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੇ ਚੀਫ ਜਸਟਿਸ ਨੂੰ ਬੇਨਤੀਆਂ ਭੇਜੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚੋਂ ਕਈ ਉਹ ਬੰਦੀ ਹਨ, ਜਿਹੜੇ ਆਪਣੀ ਸਜ਼ਾ ਤੋਂ ਕਈ ਗੁਣਾਂ ਵੱਧ ਜੇਲ੍ਹ ਕੱਟ ਚੁੱਕੇ ਹਨ ਤੇ ਮਾਨਸਿਕ ਪੱਖੋਂ ਵੀ ਠੀਕ ਨਹੀਂ ਹਨ ਪਰ ਸਰਕਾਰ ਦੇਸ਼ ਦੀ ਸੁਰੱਖਿਆ ਦਾ ਹਵਾਲਾ ਦੇ ਕੇ ਟਾਲ਼ਾ ਵੱਟਦੀ ਰਹੀ ਹੈ। ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੋ ਸਾਧਵੀਆਂ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹਰਿਆਣਾ ਦੀ ਸੁਨਾਰੀਆ ਜੇਲ੍ਹ ਵਿਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਉਸ ਨੂੰ ਅਗਸਤ 2017 ਨੂੰ ਪੰਚਕੂਲਾ ਵਿਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਸੀ। ਰਾਮ ਰਹੀਮ ਨੂੰ ਚਾਰ ਹੋਰਾਂ ਨਾਲ ਪਿਛਲੇ ਸਾਲ 2002 ਵਿਚ ਡੇਰਾ ਮੈਨੇਜਰ ਰਣਜੀਤ ਸਿੰਘ ਦੀ ਹੱਤਿਆ ਦੀ ਸਾਜ਼ਿਸ਼ ਰਚਣ ਤੇ 2019 ਵਿਚ ਇਕ ਪੱਤਰਕਾਰ ਦੀ ਹੱਤਿਆ ਲਈ ਦੋਸ਼ੀ ਠਹਿਰਾਇਆ ਗਿਆ ਸੀ। ਸਜ਼ਾ ਦੇ ਇੰਨੇ ਥੋੜ੍ਹੇ ਵਕਫ਼ੇ ਵਿਚ ਡੇਰਾ ਮੁਖੀ 3 ਵਾਰ ਪੈਰੋਲ ਉਤੇ ਜੇਲ੍ਹ ਵਿਚੋਂ ਬਾਹਰ ਆ ਚੁੱਕਾ ਹੈ।

ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਡੇਰਾ ਸਿਰਸਾ ਮੁਖੀ ਨੂੰ ਹਰਿਆਣਾ ਸਰਕਾਰ ਵੱਲੋਂ ਮੁੜ ਪੈਰੋਲ ਦੇਣ ਉਤੇ ਸਖਤ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰਾਂ ਸਿੱਖਾਂ ਨਾਲ ਦੋਹਰੇ ਮਾਪਦੰਡ ਅਪਣਾ ਰਹੀਆਂ ਹਨ। ਧਾਮੀ ਨੇ ਕਿਹਾ ਕਿ ਇਕ ਪਾਸੇ ਜਬਰ ਜਨਾਹ ਤੇ ਕਤਲ ਵਰਗੇ ਸੰਗੀਨ ਦੋਸ਼ਾਂ ਤਹਿਤ ਸਜਾ ਕੱਟ ਰਹੇ ਤੇ ਬੇਅਦਬੀ ਮਾਮਲਿਆਂ ਦੇ ਦੋਸ਼ਾਂ ਵਿਚ ਘਿਰੇ ਗੁਰਮੀਤ ਰਾਮ ਰਹੀਮ ਉਤੇ ਸਰਕਾਰਾਂ ਵਲੋਂ ਖਾਸ ਮਿਹਰਬਾਨੀ ਦਿਖਾਈ ਜਾ ਰਹੀ ਹੈ, ਜਦਕਿ ਦੂਸਰੇ ਪਾਸੇ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਅੰਦਰ ਨਜ਼ਰਬੰਦ ਸਿੱਖਾਂ ਨੂੰ ਸਜਾਵਾਂ ਪੂਰੀਆਂ ਕਰਨ ਦੇ ਬਾਵਜੂਦ ਰਿਹਾਅ ਨਹੀਂ ਕੀਤਾ ਜਾ ਰਿਹਾ ਤੇ ਇਥੋਂ ਤੱਕ ਕਿ ਬਹੁਤ ਸਾਰੇ ਬੰਦੀ ਸਿੰਘਾਂ ਨੂੰ ਪੈਰੋਲ ਵੀ ਨਸੀਬ


*(ਬਾਕੀ ਸਫਾ 6 'ਤੇ)*



Ad Space Available
Call at: 847-359-0746


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100%
OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਭਾਜਪਾ ਆਗੂ ਅਰੋੜਾ ਵੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਲਪੇਟੇ ਵਿਚ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਪੰਜਾਬ ਨੇ ਮੌਜੂਦਾ ਭਾਜਪਾ ਆਗੂ ਤੇ ਸਾਬਕਾ ਕਾਂਗਰਸੀ ਮੰਤਰੀ ਸੁੰਦਰ ਸ਼ਾਮ ਅਰੋੜਾ ਨੂੰ 50 ਲੱਖ ਰੁਪਏ ਰਿਸ਼ਵਤ ਦੀ ਪੇਸ਼ਕਸ਼ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ। 'ਆਪ' ਸਰਕਾਰ ਨੇ ਆਪਣੇ ਸੱਤ ਮਹੀਨੇ ਪੂਰੇ ਹੋਣ ਮੌਕੇ ਕਿਸੇ ਭਾਜਪਾ ਆਗੂ ਨੂੰ ਹੱਥ ਪਾ ਕੇ ਇਕ ਸਿਆਸੀ ਸੁਨੇਹਾ ਦੇਣ ਦੀ ਵੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਪਹਿਲਾਂ ਵਿਜੀਲੈਂਸ ਦੋ ਸਾਬਕਾ ਕਾਂਗਰਸੀ ਵਜ਼ੀਰਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਸਾਬਕਾ ਮੰਤਰੀ ਅਰੋੜਾ ਲੰਘੀ 5 ਜੂਨ ਨੂੰ ਹੀ ਭਾਜਪਾ 'ਚ ਸ਼ਾਮਲ ਹੋਏ ਸਨ।

ਹੁਣ ਤੱਕ 'ਆਪ' ਸਰਕਾਰ 'ਤੇ ਉਂਗਲ ਉਠ ਰਹੀ ਸੀ ਕਿ ਭਾਜਪਾ ਆਗੂਆਂ ਨੂੰ ਹੱਥ ਪਾਉਣ ਤੋਂ ਕਿਨਾਰਾ ਕੀਤਾ ਜਾ ਰਿਹਾ ਹੈ। ਜਦੋਂ ਕਈ ਸਾਬਕਾ ਕਾਂਗਰਸੀ ਵਜ਼ੀਰ ਭਾਜਪਾ 'ਚ ਸ਼ਾਮਲ ਹੋਏ ਸਨ ਤਾਂ ਉਦੋਂ ਵੀ ਚਰਚੇ ਛਿੜੇ ਸਨ ਉਹ ਵਿਜੀਲੈਂਸ ਦੇ ਡਰੋਂ ਪਾਰਟੀ ਛੱਡ ਰਹੇ ਹਨ। ਹਾਲਾਂਕਿ ਮੁੱਖ ਮੰਤਰੀ ਨੇ ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਕਿਹਾ ਸੀ ਕਿ ਕੋਈ ਵੀ ਭ੍ਰਿਸ਼ਟ ਆਗੂ ਬਖ਼ਸ਼ਿਆ ਨਹੀਂ ਜਾਵੇਗਾ, ਚਾਹੇ ਉਹ ਕਿਸੇ ਵੀ ਪਾਰਟੀ ਦਾ ਹੋਵੇ।

ਵਿਜੀਲੈਂਸ ਦੇ ਏ.ਆਈ.ਜੀ. ਮਨਮੋਹਨ ਕੁਮਾਰ ਸ਼ਰਮਾ ਵੱਲੋਂ ਸਾਬਕਾ ਮੰਤਰੀ ਅਰੋੜਾ ਖ਼ਿਲਾਫ਼ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲੇ 'ਚ ਜਾਂਚ ਕੀਤੀ ਜਾ ਰਹੀ ਸੀ ਤੇ ਉਨ੍ਹਾਂ ਨੂੰ ਪੁੱਛ ਪੜਤਾਲ ਲਈ ਦੋ ਵਾਰ ਤਲਬ ਵੀ ਕੀਤਾ ਜਾ ਚੁੱਕਾ ਹੈ। ਇਸ ਜਾਂਚ ਦੇ ਮੱਦੇਨਜ਼ਰ ਹੀ ਸਾਬਕਾ ਮੰਤਰੀ



ਅਰੋੜਾ ਨੇ ਸਹਾਇਕ ਇੰਸਪੈਕਟਰ ਜਨਰਲ ਨੂੰ 50 ਲੱਖ ਰੁਪਏ ਰਿਸ਼ਵਤ ਦੇਣ ਦੀ ਪੇਸ਼ਕਸ਼ ਕੀਤੀ ਸੀ। ਵਿਜੀਲੈਂਸ ਦੇ ਮੁੱਖ ਨਿਰਦੇਸ਼ਕ ਵਰਿੰਦਰ ਕੁਮਾਰ ਨੇ ਦੱਸਿਆ ਕਿ ਏ.ਆਈ.ਜੀ. (ਉਡਣ ਦਸਤਾ, ਪੰਜਾਬ) ਮਨਮੋਹਨ ਕੁਮਾਰ ਦੇ ਬਿਆਨਾਂ 'ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 8 ਅਧੀਨ ਐਫ.ਆਈ.ਆਰ. ਨੰਬਰ 19, ਮਿਤੀ 15-10-2022 ਨੂੰ ਦਰਜ ਕਰਕੇ ਸਾਬਕਾ ਮੰਤਰੀ ਅਰੋੜਾ ਨੂੰ ਗ੍ਰਿਫਤਾਰ ਕੀਤਾ ਹੈ।

ਵਿਜੀਲੈਂਸ ਮੁਖੀ ਨੇ ਦੱਸਿਆ ਕਿ ਮਨਮੋਹਨ ਕੁਮਾਰ ਨੇ ਬਿਊਰੋ ਨੂੰ ਸ਼ਿਕਾਇਤ ਕੀਤੀ ਹੈ ਕਿ ਅਰੋੜਾ ਨੇ 14 ਅਕਤੂਬਰ ਨੂੰ ਮੁਲਾਕਾਤ ਕਰਕੇ ਉਸ ਵਿਰੁੱਧ ਚੱਲ ਰਹੀ ਵਿਜੀਲੈਂਸ ਜਾਂਚ ਵਿਚ ਮਦਦ ਕਰਨ ਲਈ ਉਸ ਨੂੰ ਇਕ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਹੈ। ਜਾਣਕਾਰੀ ਅਨੁਸਾਰ ਜਾਂਚ ਅਧਿਕਾਰੀ ਮਨਮੋਹਨ ਕੁਮਾਰ ਹੁਸ਼ਿਆਰਪੁਰ ਦੇ ਰਹਿਣ ਵਾਲੇ ਹਨ ਤੇ ਆਪਣੇ ਸ਼ਹਿਰ ਦਾ ਬਾਸ਼ਿੰਦਾ ਹੋਣ ਕਰਕੇ ਸਾਬਕਾ ਮੰਤਰੀ ਅਰੋੜਾ ਨੇ ਬਿਨਾਂ ਕਿਸੇ ਵਿਚੋਲੇ ਤੋਂ ਸਿੱਧੀ ਪਹੁੰਚ ਕਰ ਲਈ। ਮਨਮੋਹਨ ਕੁਮਾਰ ਦੇ ਪਰਿਵਾਰਕ ਰਿਸ਼ਤੇਦਾਰ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਤੇ ਅਫ਼ਸੋਸ ਕਰਨ ਦੇ ਬਹਾਨੇ ਸਾਬਕਾ ਮੰਤਰੀ ਅਰੋੜਾ 14 ਅਕਤੂਬਰ ਨੂੰ ਉਨ੍ਹਾਂ ਦੇ ਘਰ ਚਲੇ ਗਏ। ਅਫਸੋਸ ਮੌਕੇ ਹੀ ਅਰੋੜਾ ਨੇ ਮਨਮੋਹਨ ਕੁਮਾਰ ਤੋਂ ਜਾਂਚ ਵਿਚ ਮਦਦ ਕਰਨ ਬਦਲੇ ਇਕ ਕਰੋੜ ਦੀ ਪੇਸ਼ਕਸ਼ ਕਰ ਦਿੱਤੀ। ਪਤਾ ਲੱਗਾ ਹੈ ਕਿ ਉਦੋਂ ਹੀ ਮਨਮੋਹਨ ਕੁਮਾਰ ਨੇ ਸਾਰੀ ਜਾਣਕਾਰੀ ਵਿਜੀਲੈਂਸ ਮੁਖੀ ਵਰਿੰਦਰ ਕੁਮਾਰ ਨੂੰ ਦੇ ਦਿੱਤੀ ਤੇ ਵਿਜੀਲੈਂਸ ਮੁਖੀ ਨੇ ਮਾਮਲਾ ਮੁੱਖ ਮੰਤਰੀ ਭਗਵੰਤ ਮਾਨ ਦੇ ਧਿਆਨ ਵਿਚ ਲਿਆਂਦਾ।

ਵਿਜੀਲੈਂਸ ਬਿਊਰੋ ਦੀ ਡੀ.ਐਸ.ਪੀ ਅਜੇ ਕੁਮਾਰ ਦੀ ਅਗਵਾਈ ਵਾਲੀ ਟੀਮ ਨੇ ਜ਼ੀਰਕਪੁਰ ਦੇ ਇਕ ਸ਼ਾਪਿੰਗ ਮਾਲ ਨੇੜਿਉਂ ਸਾਬਕਾ ਮੰਤਰੀ ਸੁੰਦਰ ਸਾਮ ਅਰੋੜਾ ਨੂੰ ਉਸ ਵੇਲੇ ਗ੍ਰਿਫਤਾਰ ਕੀਤਾ ਜਦੋਂ ਉਹ ਬਿਊਰੋ ਏ.ਆਈ.ਜੀ. ਨੂੰ 50 ਲੱਖ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਕਰ ਰਹੇ ਸਨ। ਜਦੋਂ ਅਰੋੜਾ ਪੰਜਾਹ ਲੱਖ ਦੀ ਨਕਦੀ ਵਾਲਾ ਬੈਗ ਮਨਮੋਹਨ ਕੁਮਾਰ ਨੂੰ ਦੇਣ ਲੱਗੇ ਤਾਂ ਮੌਕੇ 'ਤੇ ਹੀ ਉਨ੍ਹਾਂ ਨੂੰ ਕਾਬੂ ਕੀਤਾ ਗਿਆ ਅਤੇ ਪੂਰੇ ਟਰੈਪ ਦੀ ਵੀਡੀਓਗ੍ਰਾਫ਼ੀ ਵੀ ਕੀਤੀ ਗਈ ਹੈ। ਵਿਜੀਲੈਂਸ ਨੇ ਮੌਕੇ ਤੋਂ 50 ਲੱਖ ਰੁਪਏ ਬਰਾਮਦ ਕੀਤੇ ਹਨ। ਦੱਸਦੇ ਹਨ ਕਿ ਇਕ ਨੋਟ ਗਿਣਨ ਵਾਲੀ ਛੋਟੀ ਮਸ਼ੀਨ ਵੀ ਫੜੀ ਹੈ ਜਿਸ ਦੀ ਪੁਸ਼ਟੀ ਵਿਜੀਲੈਂਸ ਨੇ ਹਾਲੇ ਨਹੀਂ ਕੀਤੀ ਹੈ। ਪਤਾ ਲੱਗਾ ਹੈ ਕਿ ਪੂਰੇ ਅਪਰੇਸ਼ਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਵਿਜੀਲੈਂਸ ਮੁਖੀ ਵਰਿੰਦਰ ਕੁਮਾਰ ਨਾਲ ਜੁੜੇ ਰਹੇ।

### ਸਰਾਰੀ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ: ਬਾਜਵਾ

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ ਦੀ ਗ੍ਰਿਫ਼ਤਾਰੀ ਨੂੰ ਜਾਇਜ਼ ਦੱਸਿਆ ਹੈ ਤੇ ਨਾਲ ਕਿਹਾ ਹੈ ਕਿ 'ਆਪ' ਸਰਕਾਰ ਹੁਣ ਕੈਬਨਿਟ ਮੰਤਰੀ ਫ਼ੌਜਾ ਸਿੰਘ ਸਰਾਰੀ ਨੂੰ ਗ੍ਰਿਫ਼ਤਾਰ ਕਰੇ ਤੇ ਕੈਬਨਿਟ ਵਿਚੋਂ ਬਾਹਰ ਕੱਢਿਆ ਜਾਵੇ। ਉਨ੍ਹਾਂ ਕਿਹਾ ਕਿ ਕਿਹੜੀ ਚੀਜ਼ ਹੈ ਕਿ ਜੋ ਮੁੱਖ ਮੰਤਰੀ ਨੂੰ ਸਰਾਰੀ ਖ਼ਿਲਾਫ਼ ਕਾਰਵਾਈ ਤੋਂ ਰੋਕ ਰਹੀ ਹੈ।

### ਅਰੋੜਾ ਨੂੰ ਗ੍ਰਿਫਤਾਰ ਕਰ ਕੇ ਸਿਆਸਤ ਖੇਡੀ: ਭਾਜਪਾ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸੁੰਦਰ ਸ਼ਾਮ ਅਰੋੜਾ ਦੀ ਗ੍ਰਿਫ਼ਤਾਰੀ ਦੇ ਮਾਮਲੇ 'ਤੇ ਕਿਹਾ ਕਿ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਵਿਚ ਚੋਣਾਂ ਹੋਣ ਕਰਕੇ ਇਹ 'ਆਪ' ਸਰਕਾਰ ਦਾ ਸਿਆਸੀ ਪੈਂਤੜਾ ਹੈ। ਉਨ੍ਹਾਂ ਕਿਹਾ ਕਿ ਹਾਲੇ ਅਰੋੜਾ ਦਾ ਪੱਖ ਸਾਹਮਣੇ ਆਉਣਾ ਬਾਕੀ ਹੈ ਤੇ ਉਨ੍ਹਾਂ ਨੂੰ ਕਾਨੂੰਨ 'ਤੇ ਭਰੋਸਾ ਹੈ। ਵਿਰੋਧੀ ਧਿਰਾਂ ਨੇ ਹੁਣ ਕੈਬਨਿਟ ਮੰਤਰੀ ਫ਼ੌਜਾ ਸਿੰਘ ਸਰਾਰੀ ਦੇ ਮਾਮਲੇ ਨੂੰ ਮੁੜ ਚੁੱਕਿਆ ਹੈ ਅਤੇ ਵਜ਼ੀਰ ਸਰਾਰੀ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

# ਆਪ ਮੰਤਰੀਆਂ ਦੀ ਭਗਤ ਸਿੰਘ ਨਾਲ ਤੁਲਨਾ ਕਰਕੇ ਬੁਰੇ ਫਸੇ ਕੇਜਰੀਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਦੇ 'ਆਪ' ਪਾਰਟੀ ਦੇ ਵਜ਼ੀਰਾਂ ਦੀ ਤੁਲਨਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਨਾਲ ਕਰਨ ਨਾਲ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ।

ਕਾਂਗਰਸ ਕਿਸਾਨ ਸੈੱਲ ਦੇ ਕੌਮੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਟਵੀਟ ਕਰ ਕੇ ਅਰਵਿੰਦ ਕੇਜਰੀਵਾਲ ਨੂੰ ਦੇਸ਼ ਤੋਂ ਮੁਆਫੀ ਮੰਗਣ ਲਈ ਆਖਿਆ ਹੈ।

ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਬਰਾਬਰੀ ਨਹੀਂ ਕੀਤੀ ਜਾ ਸਕਦੀ ਤੇ ਅਰਵਿੰਦ ਕੇਜਰੀਵਾਲ ਨੇ ਤਾਂ ਬਿਕਰਮ ਮਜੀਠੀਆ ਕੋਲੋਂ ਮੁਆਫੀ ਮੰਗ ਲਈ ਸੀ। 'ਆਪ' ਆਗੂ ਸਾਵਰਕਰ ਤਾਂ ਹੋ ਸਕਦੇ ਹਨ ਪਰ ਸ਼ਹੀਦ ਭਗਤ ਸਿੰਘ ਨਹੀਂ ਹੋ ਸਕਦੇ। ਸ੍ਰੀ ਖਹਿਰਾ ਨੇ ਕਿਹਾ ਕਿ ਕੇਜਰੀਵਾਲ ਨੇ ਮੁਨੀਸ਼ ਜਿਹੇ ਦਾਗੀ ਦੀ ਸ਼ਹੀਦ ਭਗਤ ਸਿੰਘ ਨਾਲ ਤੁਲਨਾ ਕਰ ਕੇ ਸ਼ਹੀਦ-ਏ-ਆਜ਼ਮ ਦਾ ਅਪਮਾਨ ਕੀਤਾ ਹੈ, ਜਿਸ ਕਰ ਕੇ ਕੇਜਰੀਵਾਲ ਨੂੰ ਭਾਰਤ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਟਵੀਟ ਕਰ ਕੇ ਕਿਹਾ ਸੀ, ''ਜੇਲ੍ਹ ਦੀਆਂ ਸਲਾਖਾਂ ਅਤੇ ਫਾਂਸੀ ਦਾ ਫੰਦਾ ਭਗਤ ਸਿੰਘ ਦੇ ਇਰਾਦਿਆਂ ਨੂੰ ਕਮਜ਼ੋਰ ਨਹੀਂ ਸੀ ਕਰ ਸਕਿਆ। ਇਹ ਆਜ਼ਾਦੀ



ਦੀ ਦੂਜੀ ਲੜਾਈ ਹੈ।

ਮਨੀਸ਼ ਤੇ ਸਤੇਂਦਰ ਅੱਜ ਦੇ ਭਗਤ ਸਿੰਘ ਹਨ। 75 ਸਾਲਾਂ ਵਿਚ ਦੇਸ਼ ਨੂੰ ਇਕ ਅਜਿਹਾ ਸਿੱਖਿਆ ਮੰਤਰੀ ਮਿਲਿਆ, ਜਿਸ ਨੇ ਗਰੀਬਾਂ ਦੇ ਬੱਚਿਆਂ ਵਿਚ ਸੁਨਹਿਰੀ ਭਵਿੱਖ ਦੀ ਉਮੀਦ ਜਗਾਈ ਹੈ।''

# ਦਸੂਹਾ ਤੋਂ ਹੇਮਕੁੰਟ ਐਕਸਪ੍ਰੈੱਸ ਨੂੰ ਹਰੀ ਝੰਡੀ ਦਿਖਾਈ

**ਦਸੂਹਾ:** ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਦਸੂਹਾ ਤੋਂ ਹੇਮਕੁੰਟ ਐਕਸਪ੍ਰੈੱਸ ਰੇਲ ਗੱਡੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਤੋਂ ਪਹਿਲਾਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਮਿਨਹਾਸ ਦੀ ਅਗਵਾਈ ਹੇਠ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦਾ ਦਸੂਹਾ ਰੇਲਵੇ ਸਟੇਸ਼ਨ ਵਿਖੇ ਭਾਜਪਾ ਵਰਕਰਾਂ, ਸਮਰਥਕਾਂ ਤੇ ਸ਼ਹਿਰ ਵਾਸੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

ਇਸ ਦੌਰਾਨ ਸੰਬੋਧਨ ਕਰਦੇ ਹੋਏ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਵੱਲੋਂ ਹੇਮਕੁੰਟ ਐਕਸਪ੍ਰੈੱਸ ਦੇ ਦਸੂਹਾ ਠਹਿਰਾਅ ਲਈ ਚਿਰਾਂ ਤੋਂ ਮੰਗ ਕੀਤੀ ਜਾ ਰਹੀ ਸੀ, ਜੋ ਕਿ ਅੱਜ ਪੂਰੀ ਹੋ ਗਈ ਹੈ। ਹੁਣ ਹਰਿਦੁਆਰ, ਰਿਸ਼ੀਕੇਸ਼ ਤੇ ਹੋਰ ਧਾਰਮਿਕ ਅਸਥਾਨਾਂ 'ਤੇ ਜਾਣ ਵਾਲੇ ਯਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਹਲਕਾ ਦਸੂਹਾ ਦੇ ਪਿੰਡਾਂ ਦੇ ਵਿਕਾਸ ਲਈ




55 ਲੱਖ ਰੁਪਏ ਦੀ ਗ੍ਰਾਂਟ ਮੁਹੱਈਆ ਕਰਵਾਉਣ ਦਾ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਕੇਂਦਰ ਦੀ ਮੋਦੀ ਸਰਕਾਰ ਦੇਸ਼ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ।

# ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਕੋਲੋਂ ਹਥਿਆਰ ਬਰਾਮਦ ਕੀਤੇ

**ਲੁਧਿਆਣਾ:** ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਰੇਕੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਗੁਰਮੀਤ ਸਿੰਘ ਉਰਫ ਮੀਤਾ ਕੋਲੋਂ ਸਥਾਨਕ ਪੁਲਿਸ ਨੇ ਪਿਸਤੌਲ ਤੇ ਕਾਰਤੂਸ ਬਰਾਮਦ ਕੀਤੇ ਹਨ।

ਏ.ਡੀ.ਸੀ.ਪੀ. ਰੁਪਿੰਦਰ ਕੌਰ ਸਰਾਂ ਨੇ ਦੱਸਿਆ ਕਿ ਅਪਰਾਧ ਸ਼ਾਖਾ ਨੇ ਗੁਰਮੀਤ ਸਿੰਘ ਮੀਤਾ ਨੂੰ ਬਟਾਲਾ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਇਹ ਬਰਾਮਦਗੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਿੱਧੂ ਮੂਸੇਵਾਲਾ ਦੇ ਕਤਲ ਸਮੇਂ ਜਿਸ ਫਾਰਚੂਨਰ ਗੱਡੀ ਦੀ ਡੱਬਵਾਲੀ ਪੈਟਰੋਲ ਪੰਪ 'ਤੇ ਸੀ.ਸੀ.ਟੀ.ਵੀ. ਫੁਟੇਜ ਸਾਹਮਣੇ ਆਈ ਸੀ, ਉਸ ਵਿਚ ਸਤਵੀਰ ਸਿੰਘ ਵਾਸੀ ਅਜਨਾਲਾ ਗੱਡੀ ਚਲਾ ਰਿਹਾ ਸੀ ਜਦਕਿ ਮਨਪ੍ਰੀਤ ਸਿੰਘ ਮਨੀ ਵਾਸੀ ਰਈਆ, ਮਨਦੀਪ ਸਿੰਘ ਉਰਫ ਤੂਫਾਨ ਤੇ ਇਕ ਹੋਰ ਨਾਮਲੂਮ ਵਿਅਕਤੀ ਬੈਠਾ ਹੋਇਆ ਸੀ, ਜਿਸ ਨੂੰ ਬਾਅਦ ਵਿਚ ਬਟਾਲਾ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ ਤੇ ਉਸ ਦੀ ਪਛਾਣ ਗੁਰਮੀਤ ਸਿੰਘ ਉਰਫ ਮੀਤਾ ਵਜੋਂ ਹੋਈ ਸੀ। ਉਨ੍ਹਾਂ ਦੱਸਿਆ ਕਿ ਅਸਲਾ ਐਕਟ ਅਧੀਨ ਸਲੇਮ ਟਾਬਰੀ ਥਾਣੇ ਵਿਚ ਦਰਜ ਕੇਸ ਸਬੰਧੀ ਉਸ ਨੂੰ ਇਥੇ ਲਿਆ ਕੇ ਉਸ ਕੋਲੋਂ ਸਖ਼ਤੀ ਨਾਲ ਪੁੱਛ ਪੜਤਾਲ ਕੀਤੀ ਗਈ ਤਾਂ ਉਸ ਦੀ ਨਿਸ਼ਾਨਦੇਹੀ 'ਤੇ ਪਿਸਤੌਲ ਅਤੇ ਚਾਰ ਕਾਰਤੂਸ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਗੁਰਮੀਤ ਸਿੰਘ ਕੌਮੀ ਪੱਧਰ ਦਾ ਜੈਵਲਿਨ ਥ੍ਰੋਅ ਦਾ ਖਿਡਾਰੀ ਹੈ ਤੇ ਉਹ ਪੰਜਾਬ ਪੁਲਿਸ ਵਿਚ ਨੌਕਰੀ ਕਰਦਾ ਸੀ, ਜਿਸ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਸੀ। ਉਸ ਖਿਲਾਫ ਵੱਖ-ਵੱਖ ਥਾਣਿਆਂ ਵਿਚ ਕਈ ਕੇਸ ਵੀ ਦਰਜ ਹਨ।

# ਸਿੱਧੂ ਮੂਸੇਵਾਲਾ ਦੇ ਮਾਪਿਆਂ ਵੱਲੋਂ ਮਾਨ ਸਰਕਾਰ ਨੂੰ ਤਿੱਖੇ ਸਵਾਲ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੇ ਆਪਣੇ ਪੁੱਤਰ ਦੇ ਕਤਲ ਦੇ ਮਾਮਲੇ ਵਿਚ ਇਨਸਾਫ ਦੀ ਆਸ ਛੱਡ ਦਿੱਤੀ ਹੈ। ਮਰਹੂਮ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ, "ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਸਾਨੂੰ ਕਿਸੇ ਸਰਕਾਰ, ਪੁਲਿਸ ਤੋਂ ਇਨਸਾਫ ਮਿਲਣ ਦੀ ਉਮੀਦ ਨਹੀਂ ਰਹੀ ਹੈ ਅਤੇ ਇਸ ਉਤੇ ਸਿਰਫ ਲਿੱਪਾ-ਪੋਚੀ ਕੀਤੀ ਜਾ ਰਹੀ ਹੈ।"

ਪੰਜਾਬ ਪੁਲਿਸ ਗੈਂਗਸਟਰਾਂ ਦੇ ਫਰਜ਼ੀ ਪੁਲਿਸ ਰਿਮਾਂਡ ਲੈ ਕੇ ਦਿਖਾਵਾ ਕਰਨ ਵਿਚ ਲੱਗੀ ਹੋਈ ਹੈ, ਨਹੀਂ ਤਾਂ ਪੁਲਿਸ ਰਿਮਾਂਡ ਤੋਂ ਬਾਅਦ ਮੁਲਜ਼ਮ ਤੁਰਨ-ਫਿਰਨ ਜੋਗਾ ਨਹੀਂ ਰਹਿੰਦਾ, ਪਰ ਸਾਰੇ ਗੈਂਗਸਟਰ ਹੱਸਦੇ-ਖੇਡਦੇ ਦੇਖੇ ਜਾ ਰਹੇ ਹਨ। ਇਨਸਾਫ ਲੈਣ ਲਈ ਸੜਕਾਂ ਉਤੇ ਉਤਰਨਾ ਹੀ ਪਵੇਗਾ, ਕਿਉਂਕਿ ਚਾਰੋਂ ਪਾਸਿਓਂ ਸਾਰੀ ਉਮੀਦ ਖ਼ਤਮ ਹੋ ਚੁੱਕੀ ਹੈ।" ਉਹ ਪਿੰਡ ਮੂਸਾ ਵਿਚ



ਮੂਸੇਵਾਲਾ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਆਪਣੀ ਤਕਰੀਰ ਦੌਰਾਨ ਕਿਹਾ ਕਿ ਹੁਣ ਪੰਜਾਬ ਪੁਲਿਸ ਦੇ ਕੁਝ ਅਧਿਕਾਰੀ ਗੈਂਗਸਟਰਾਂ ਦੇ ਜੇਲ੍ਹਾਂ ਵਿਚੋਂ ਮੌਜ-ਮਸਤੀ ਕਰਵਾਉਣ ਲਈ ਫਾਲਤੂ ਪੁਲਿਸ ਰਿਮਾਂਡ ਲੈਣ ਲੱਗੇ ਹਨ। ਉਨ੍ਹਾਂ ਕਿਹਾ ਕਿ ਮੂਸੇਵਾਲਾ ਕਤਲ ਕਾਂਡ ਲਈ ਦੀਪਕ ਟੀਨੂ ਦੇ ਰਿਮਾਂਡ ਦੀ ਵਿਸ਼ੇਸ਼ ਜਾਂਚ ਹੋਣੀ ਚਾਹੀਦੀ ਹੈ। ਮਾਨਸਾ ਪੁਲਿਸ ਦੀ ਹਿਰਾਸਤ ਵਿਚੋਂ ਗੈਂਗਸਟਰ ਦਾ ਫਰਾਰ ਹੋਣਾ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਗੈਂਗਸਟਰਾਂ ਨਾਲ ਜੱਫੀਆਂ ਪਾ ਕੇ ਫੋਟੋ ਖਿਚਵਾਉਣਾ ਸਾਬਤ ਕਰਦਾ ਹੈ ਕਿ ਪੁਲਿਸ ਦੀ ਸਿੱਧੂ ਕਤਲ ਕਾਂਡ ਵਿਚ ਵੀ ਲਾਪਰਵਾਹੀ ਰਹੀ ਹੈ।

ਇਸੇ ਦੌਰਾਨ ਸਿੱਧੂ ਮੂਸੇਵਾਲਾ ਦੀ ਮਾਤਾ ਤੇ ਮੂਸਾ ਪਿੰਡ ਦੀ ਸਰਪੰਚ ਚਰਨ ਕੌਰ ਨੇ ਪੰਜਾਬ ਸਰਕਾਰ ਦੇ ਅਧਿਕਾਰੀ ਬਲਤੇਜ ਪੰਨੂ 'ਤੇ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲਏ ਜਾਣ ਸਬੰਧੀ ਖ਼ਬਰ ਲੀਕ ਕਰਨ ਦੇ ਦੋਸ਼ ਲਾਉਂਦਿਆਂ ਪੰਨੂ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਦੀ ਗੱਲ ਕਰਨ ਵਾਲੀ 'ਆਪ' ਸਰਕਾਰ ਦੇ ਰਾਜ ਵਿਚ ਆਮ ਆਦਮੀ ਦੀ ਸੁਰੱਖਿਆ ਗੁਆਚ ਗਈ ਹੈ ਤੇ ਆਮ ਆਦਮੀ ਵੀ ਹੁਣ ਸੁਰੱਖਿਅਤ ਨਹੀਂ ਰਿਹਾ।

### ਮੂਸੇਵਾਲਾ ਕਤਲ: ਪੁਲਿਸ ਨੇ ਮੁਲਜ਼ਮਾਂ ਦੀ ਸੁਰੱਖਿਆ ਵਧਾਈ

**ਮਾਨਸਾ:** ਪੰਜਾਬ ਪੁਲਿਸ ਨੇ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ 'ਚ ਗ੍ਰਿਫਤਾਰ ਮੁਲਜ਼ਮਾਂ ਦੀ ਸੁਰੱਖਿਆ ਵਧਾ ਦਿੱਤੀ ਹੈ। ਪੁਲਿਸ ਨੇ ਇਹ ਕਦਮ ਗੈਂਗਸਟਰ ਦੀਪਕ ਟੀਨੂ ਦੇ ਫਰਾਰ ਹੋਣ ਤੇ ਮੋਗਾ ਦੀ ਜ਼ਿਲ੍ਹਾ ਅਦਾਲਤ 'ਚ ਪੇਸ਼ੀ ਵੇਲੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਸੀ.ਆਈ.ਏ. ਸਟਾਫ ਮੋਗਾ ਦੇ ਇੰਚਾਰਜ ਕਿੱਕਰ ਸਿੰਘ ਨਾਲ ਹੱਸਣ ਵਾਲੀ ਵੀਡੀਓ ਵਾਇਰਲ ਹੋਣ ਮਗਰੋਂ ਚੁੱਕਿਆ ਹੈ। ਮਾਨਸਾ ਦੇ ਸੀਨੀਅਰ ਕਪਤਾਨ ਪੁਲਿਸ ਗੌਰਵ ਤੂਰਾ ਨੇ ਦੱਸਿਆ ਕਿ ਪੁਲਿਸ ਵੱਲੋਂ ਪਹਿਲਾਂ ਤੋਂ ਹੀ ਗੈਂਗਸਟਰਾਂ 'ਤੇ ਸਖ਼ਤੀ ਨਾਲ ਨਜ਼ਰ ਰੱਖੀ ਹੋਈ ਹੈ, ਪਰ ਦੀਪਕ ਟੀਨੂ ਮਾਮਲੇ ਮਗਰੋਂ ਬਣੀ 'ਸਿਟ' ਸਮੇਤ ਪੰਜਾਬ ਪੁਲਿਸ ਨੇ ਮੂਸੇਵਾਲਾ ਦੇ ਕਾਤਲਾਂ ਦੀ ਸੁਰੱਖਿਆ ਵਿਚ ਹੋਰ ਵਾਧਾ ਕਰ ਦਿੱਤਾ ਹੈ।

# Matrimonials

## ਲੜਕੇ ਦੀ ਲੋੜ ਹੈ

Jat Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891 41-44

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com 40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.) 40-43

Jatt Sikh family looking for a well-settled Jatt Sikh boy for their 29/5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456 37-40

## ਲੜਕੀ ਦੀ ਲੋੜ ਹੈ

ਜੱਟ ਸਿੱਖ ਬਾਜਵਾ ਸੋਹਣੇ-ਸੁਨੱਖੇ, ਵੈਸ਼ਨੋ, 22 ਸਾਲ, 5'11" ਨਿਊਜ਼ੀਲੈਂਡ ਵਿਚ ਬੇਕਿੰਗ ਲੈਵਲ ਦੇ ਡਿਪਲੋਮੇ ਕਰਨ ਉਪਰੰਤ ਬੇਕਰੀ ਕੰਪਨੀ ਵਿਚ ਵਰਕ ਪਰਮਿਟ 'ਤੇ ਨੌਕਰੀ ਕਰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ, ਮਿਹਨਤੀ, ਇਮਾਨਦਾਰ ਅਤੇ ਪਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੇ ਕੋਲ ਇੰਡੀਆ ਵਿਚ ਘਰ, ਕਮਰਸ਼ੀਅਲ ਪ੍ਰਾਪਰਟੀ ਤੋਂ ਬਿਨਾਂ ਕੋਈ ਐਗਰੀਕਲਚਰਲ ਪ੍ਰਾਪਰਟੀ ਨਹੀਂ ਹੈ। ਚਾਹਵਾਨ ਫੋਨ ਨੰਬਰ: 682-307-3057 (ਵ੍ਹਟਸਐਪ) 'ਤੇ ਸੰਪਰਕ ਕਰਨ। 43-46

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ 'ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715 41-48

ਜੱਟ ਸਿੱਖ ਯੂ.ਐੱਸ.ਏ. ਸਿਟੀਜ਼ਨ ਉਮਰ 47 ਸਾਲ, ਕੱਦ 6'1" ਤਲਾਕਸ਼ੁਦਾ, ਸਥਾਪਿਤ ਕੰਪਨੀ ਵਿਚ ਕੰਮ ਕਰਦੇ ਸ਼ਰਾਬ ਜਾਂ ਹੋਰ ਨਸ਼ਿਆਂ ਤੋਂ ਰਹਿਤ ਖਾਨਦਾਨੀ ਲੜਕੇ ਲਈ ਭਾਰਤੀ ਕਦਰਾਂ-ਕੀਮਤਾਂ ਨੂੰ ਸਮਝਣ ਵਾਲੀ ਯੂ.ਐੱਸ.ਏ. ਜਾਂ ਭਾਰਤ ਵਿਚ ਰਹਿੰਦੀ ਖਾਨਦਾਨੀ ਲੜਕੀ (ਉਮਰ 39-42 ਸਾਲ) ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੇੜੇ ਕਰੋੜਾਂ ਦੀ ਜਾਇਦਾਦ। ਚਾਹਵਾਨ ਸੰਪਰਕ ਕਰਨ: 484-219-4922) or E-mail at baljitrandhawa0001@gmail.com 41-44

Looking for a suitable match for an Arora sikh boy. 6'1", 1992 born. Masters in SCM from UTD and working in Dallas, TX in IT with Deloitte on H1-B. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com 41-44

Ravidasia Sikh family looking for a well educated, USA citizen or permanent resident girl for their turbaned son, 1993 born, 5'10", Canadian permanent resident. Younger sister is in Canada and older sister is US citizen and living in Wisconsin. Please send biodata at: knavm1993@gmail.com 37-40

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060 35----

# ਗੁਰਦੀਪ ਆਰਟ ਅਕੈਡਮੀ ਵਲੋਂ ਨਾਟਕ 'ਵਿਜ਼ਟਰ ਵੀਜ਼ਾ' 29 ਅਕਤੂਬਰ ਨੂੰ

ਯੂਨੀਅਨ ਸਿਟੀ: ਗੁਰਦੀਪ ਭੁੱਲਰ ਬਹੁਤ ਸਾਰੀਆਂ ਕਲਾਵਾਂ ਦਾ ਸੁਮੇਲ ਹੈ। ਕਾਲਜ ਪੜਦੇ ਸਮੇਂ ਜਿੱਥੇ ਉਹ ਹਾਕੀ ਦਾ ਦੇਸ਼ ਪਧਰ ਦਾ ਖਿਡਾਰੀ ਸੀ ਉਥੇ ਉਹ ਅਪਣੇ ਸਮੇਂ ਦਾ ਨਾਮਵਰ ਸੰਗੀਤਕਾਰ ਅਤੇ ਗਾਇਕ ਵੀ ਹੈ। ਪੰਜਾਬ ਰਹਿੰਦੇ ਵੀ ਉਹ ਨਾਟਕਾਂ ਵਿਚ ਅਦਾਕਾਰੀ ਤਾਂ ਕਰਦਾ ਰਿਹੈ, ਪਰ ਕੈਨੇਡਾ ਆ ਕੇ ਉਹ ਬਹੁਤ ਵਧੀਆ ਤੇ ਸਾਰਥਕ ਨਾਟਕਾਂ ਦਾ ਮੰਚਣ ਵੀ ਕਰਦਾ ਆ ਰਿਹਾ ਹੈ। ਜਿਥੇ ਉਹ ਵਧੀਆ ਅਦਾਕਾਰ ਹੈ ਉਥੇ ਉਹ ਉਤਮ ਡਾਇਰੈਕਟਰ ਵੀ ਹੈ।



ਕੈਨੇਡਾ ਆ ਕੇ 2004 ਵਿਚ ਉਸਨੇ ਅਤੇ ਚੰਡੀਗੜ ਤੋਂ ਹੀ ਉਸਦੇ ਦੋਸਤ ਜਰਨੈਲ ਸਿੰਘ ਆਰਟਿਸਟ ਨੇ ਰਲ ਕੇ ਸਰੀ ਵਿਚ ਇਕ ਆਰਟ ਸੈਂਟਰ ਦੀ ਸਥਾਪਨਾ ਕੀਤੀ ਜਿਥੇ ਗੁਰਦੀਪ ਆਰਟਸ ਅਕੈਡਮੀ ਅਤੇ ਜਰਨੈਲ ਆਰਟ ਗੈਲਰੀ ਨੇ ਕਲਾ ਪ੍ਰਤੀ ਸਰਗਰਮੀਆਂ ਅਤੇ ਸੇਵਾਵਾਂ ਸ਼ੁਰੂ ਕੀਤੀਆਂ ਅਤੇ ਨਵੀਂ ਪੀੜੀ ਨੂੰ ਵਿਰਸੇ ਅਤੇ ਪੰਜਾਬੀ ਕਲਾ ਸਭਿਆਚਾਰ ਨਾਲ ਜੋੜਨ ਲਈ ਕੰਮ ਸ਼ੁਰੂ ਕੀਤਾ। ਇਸ ਅਕਾਡਮੀ ਵਿਚ ਉਹ ਛੋਟੇ ਬੱਚਿਆ ਤੋਂ ਲੈ ਕੇ ਵਡੇਰੀ ਉਮਰ ਦੇ ਲੋਕਾਂ ਨੂੰ ਗਿੱਧਾ ਭੰਗੜਾ, ਕੋਰੀਓਗਰਾਫੀ, ਗਾਇਕੀ ਅਦਾਕਾਰੀ ਅਤੇ ਚਿੱਤਰਕਾਰੀ ਸਿਖਾਉਂਦੇ ਹਨ। ਇਸ ਅਕਾਡਮੀ ਵਿਚੋਂ ਸਿਖਲਾਈ ਲੈ ਕੇ ਕਲਾਕਾਰ ਜਿਥੇ ਗੁਰਦੀਪ ਭੁੱਲਰ ਦੇ ਨਾਟਕਾਂ ਵਿਚ ਅਦਾਕਾਰੀ ਕਰਦੇ ਹਨ, ਉਥੇ ਉਨ੍ਹਾਂ ਨੇ ਪੰਜਾਬੀ ਅਤੇ ਹਿੰਦੀ ਫਿਲਮਾਂ ਵਿਚ ਵੀ ਅਪਣੀ ਅਦਾਕਾਰੀ ਦਾ ਲੋਹਾ ਮਨਵਾਇਆ ਹੈ ਅਤੇ ਬਹੁਤ ਵਡੇ ਇਨਾਮ ਜਿੱਤ ਚੁਕੇ ਹਨ।

ਗੁਰਦੀਪ ਭੁੱਲਰ ਵਲੋਂ ਬਣਾਈਆਂ ਟੈਲੀ ਫਿਲਮਾਂ ਪੰਜਾਬੀ ਸਿਨਮੇ ਵਿਚ ਅਪਣਾ ਵਿਲੱਖਣ ਸਥਾਨ ਰਖਦੀਆਂ ਹਨ। ਉਸ ਦੀ ਫਿਲਮ 'ਕੰਮੋ' ਭਰੂਣ ਹੱਤਿਆ ਦੇ ਵਿਸ਼ੇ 'ਤੇ ਬਣੀ ਇਕ ਨਿਵੇਕਲੀ ਤੇ ਪ੍ਰਭਾਵਸ਼ਾਲੀ ਫਿਲਮ ਹੈ। ਉਸਦੀ ਦੂਜੀ ਫਿਲਮ 'ਤਿਲਕਣ' ਪੰਜਾਬੀ ਸਿਨਮੇ ਵਿਚ ਏਡਜ਼ 'ਤੇ ਬਣੀ ਹੋਈ ਇਕੋ ਇਕ ਫਿਲਮ ਹੈ। ਇਨ੍ਹਾਂ ਫਿਲਮਾਂ ਵਿਚ ਉਸ ਨੇ ਸਮਾਜਿਕ ਮੁੱਦਿਆਂ ਨੂੰ ਲੈ ਕੇ ਲੋਕਾਂ ਦਾ ਰਾਹ-ਦਸੇਰਾ ਬਣਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਤੋਂ ਬਿਨਾਂ ਉਸ ਨੇ ਲਘੂ ਫਿਲਮਾਂ ਵੀ ਬਣਾਈਆਂ ਹਨ। ਉਸ ਦੀ ਲਘੂ ਫਿਲਮ 'ਦ ਬੈਲ' ਬਿਨਾ ਡਾਇਲਾਗ ਤੋਂ ਅਪਣੇ ਆਪ ਵਿਚ ਇਕ ਵਖਰੀ ਫਿਲਮ ਹੈ। ਉਸ ਦੀਆਂ ਫਿਲਮਾਂ ਬਹੁਤ ਸਾਰੇ ਅੰਤਰਰਾਸ਼ਟਰੀ ਇਨਾਮ ਜਿੱਤ ਚੁਕੀਆਂ ਹਨ। ਅਪਣੀਆਂ ਫਿਲਮਾਂ ਵਿਚ ਉਹ ਦਰਸ਼ਕਾਂ ਦਾ ਵਾਧੂ ਚੁਟਕਲਿਆਂ ਨਾਲ ਮਨੋਰੰਜਨ ਕਰਨ ਦੀ ਬਜਾਏ ਉਨ੍ਹਾਂ ਨੂੰ ਮਨੋਰੰਜਕ ਤਰੀਕੇ ਨਾਲ ਵਿਸ਼ੇ ਨਾਲ ਜੋੜਦਾ ਹੈ। ਇਕ ਵਾਰ ਸ਼ੁਰੂ ਕਰਕੇ ਦਰਸ਼ਕ ਪੂਰੀ ਫਿਲਮ ਦੇਖਣ ਤੋਂ ਬਿਨਾ ਨਹੀ ਉਠਦਾ।

ਫਿਲਮਾਂ ਦੇ ਨਾਲ ਗੁਰਦੀਪ ਭੁੱਲਰ ਕੈਨੇਡਾ ਵਿਚ ਨਾਟਕਾਂ ਦਾ ਲਗਾਤਾਰ ਮੰਚਨ ਕਰਦਾ ਰਿਹਾ ਹੈ। ਪਹਿਲੀ ਵਾਰ ਉਸਨੇ 2004 ਵਿਚ ਵਿਚ ਅਨਮੋਲ ਕੌਰ ਦਾ ਲਿਖਿਆ ਨਾਟਕ 'ਰਿਸ਼ਤੇ' ਕੈਨੇਡਾ ਵਿਚ ਕਾਮਯਾਬੀ ਨਾਲ ਖੇਡਿਆ। ਇਸ ਨਾਟਕ ਦੇ ਉਹਨੇ ਪੰਜਾਬ ਵਿਚ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਮੁਹਾਲੀ ਤੇ ਚੰਡੀਗੜ੍ਹ ਵਿਚ ਸ਼ੋ ਕੀਤੇ। ਇਹ ਪਹਿਲੀ ਵਾਰ ਸੀ ਕਿ ਕੈਨੇਡਾ ਦੀ ਰੰਗਮੰਚ ਟੀਮ ਪੰਜਾਬ ਵਿਚ ਕਾਮਯਾਬੀ ਨਾਲ ਸ਼ੋਅ ਕਰਕੇ ਆਈ। ਇਸ ਨਾਟਕ ਤੋਂ ਬਿਨਾ ਪਰਮਿੰਦਰ ਸਵੈਚ ਦਾ ਨਾਟਕ 'ਬੁਝੋ ਭਲਾ ਮੈਂ ਕੌਣ' ਬੱਚਿਆਂ ਤੋਂ ਖਿਡਵਾਇਆ। ਸੁਰਿੰਦਰ ਕੌਰ ਦੇ ਗੀਤਾਂ 'ਤੇ ਆਧਾਰਿਤ ਸੰਗੀਤ ਨਾਟਕ 'ਚਿੜੀਆਂ ਦਾ ਚੰਬਾ' ਤਿਆਰ ਕੀਤਾ, ਜਿਸ ਵਿਚ 65-70 ਕਲਾਕਾਰਾਂ ਨੇ ਕੰਮ ਕੀਤਾ ਤੇ ਬੈਲ ਸੈਂਟਰ ਵਿਚ ਕਾਮਯਾਬੀ ਨਾਲ ਖੇਡਿਆ। ਇਸ ਤੋਂ ਬਾਦ ਕਾਮਾਗਾਟਾ ਮਾਰੂ, ਵਡਾ ਘਰ, ਤੀਸਰੀ ਅੱਖ, ਮੈਲੇ ਹੱਥ, ਪਰਾਊਡ ਟੂ ਬੀ ਸਿੱਖ, ਪੀਟਰ ਕਨੇਡੀਅਨ ਆਦਿ ਨਾਟਕਾਂ ਦਾ ਉਹ ਅਪਣੀ ਟੀਮ ਨਾਲ ਵਖ ਵਖ ਸ਼ਹਿਰਾਂ ਵਿਚ ਸ਼ੋਅ ਕਰ ਚੁਕਾ ਹੈ।


ਉਸ ਦਾ ਨਾਟਕ 'ਵਿਜ਼ਟਰ ਵੀਜ਼ਾ' ਕੈਨੇਡਾ ਵਿਚ ਕਈ ਵਾਰ ਖੇਡਿਆ ਜਾ ਚੁਕਾ ਹੈ, ਜਿਸ ਨੂੰ ਲੋਕਾਂ ਵਲੋਂ ਭਰਪੂਰ ਹੁੰਗਾਰਾ ਮਿਲਿਆ ਹੈ। ਹੁਣ ਇਹੀ ਨਾਟਕ ਕੈਲੀਫੋਰਨੀਆਂ ਦੇ ਸ਼ਹਿਰ ਯੁਨੀਅਨ ਸਿਟੀ ਵਿਚ ਜੇਮਜ਼ ਲੋਗਨ ਹਾਈ ਸਕੂਲ ਵਿਖੇ 29 ਅਕਤੂਬਰ 2022 ਨੂੰ ਸ਼ਾਮ 7 ਵਜੇ ਖੇਡਿਆ ਜਾ ਰਿਹਾ ਹੈ। ਨਾਟਕ ਸਮੇਂ ਇਸੇ ਸਥਾਨ ਤੇ 5-7 ਵਜੇ ਚਿਤਰਕਾਰ ਜਰਨੈਲ ਸਿੰਘ ਦੇ ਚਿੱਤਰਾਂ ਦੀ ਪ੍ਰਦਰਸ਼ਨੀ ਵੀ ਲਾਈ ਜਾਵੇਗੀ। ਨਾਟਕ ਬਾਰੇ ਹੋਰ ਜਾਣਕਾਰੀ ਲਈ ਸਰਦੂਲ ਸਮਰਾ ਫੋਨ 415 810 9557 ਅਤੇ ਪ੍ਰੋ. ਸੁਖਦੇਵ ਸਿੰਘ 415 637 4325 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਯੂਬਾ ਸਿਟੀ ਵਿਚ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਨਗਰ ਕੀਰਤਨ 6 ਨਵੰਬਰ ਨੂੰ

**ਯੂਬਾ ਸਿਟੀ ਕੈਲੇਫੋਰਨੀਆ:** ਇੱਥੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 6 ਨਵੰਬਰ ਐਤਵਾਰ ਨੂੰ ਨਿਕਲ ਰਹੇ ਨਗਰ ਕੀਰਤਨ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਵਿਸ਼ੇਸ਼ ਤੌਰ 'ਤੇ ਫਲੋਟ ਸਜਾਇਆ ਜਾਏਗਾ। ਇਸ ਤੋਂ ਇਲਾਵਾ ਸ਼ਨਿੱਚਰਵਾਰ ਨੂੰ ਦੁਪਹਿਰ 12:30 ਤੋਂ ਸ਼ਾਮ 4:00 ਵਜੇ ਤੱਕ ਪੰਥਕ ਕਾਨਫਰੰਸ ਕੀਤੀ ਜਾ ਰਹੀ ਹੈ। ਪਾਰਟੀ ਦੇ ਕੈਲੇਫੋਰਨੀਆ ਯੂਨਿਟ ਦੇ ਪ੍ਰਧਾਨ ਤਰਸੇਮ ਸਿੰਘ ਟੁਲੇਰੀ ਨੇ ਦੱਸਿਆ ਕਿ ਇਸ ਵਿਸ਼ੇਸ਼ ਸਮਾਗਮ ਵਿਚ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਸਿਨੀਅਰ ਲੀਡਰਸ਼ਿਪ ਅਤੇ ਮੈਂਬਰ ਸਾਹਿਬਾਨ ਪਹੁੰਚ ਰਹੇ ਹਨ, ਜੋ ਨਗਰ ਕੀਰਤਨ ਦੇ ਫਲੋਟ ਤੋਂ ਅਤੇ ਕਾਨਫਰੰਸ ਦੀ ਸਟੇਜ ਤੋਂ ਸੰਗਤਾਂ ਦੇ ਸਨਮੁੱਖ ਹੋਣਗੇ। ਸੰਗਤਾਂ ਅਤੇ ਨੌਜਵਾਨਾਂ ਨੂੰ ਵੱਡੀ ਗਿਣਤੀ ਵਿਚ ਇਸ ਨਗਰ ਕੀਰਤਨ ਵਿਚ ਪਹੁੰਚ ਕੇ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ ਜਾਂਦੀ ਹੈ। ਪਾਰਟੀ ਵਲੋਂ ਹੋ ਰਹੀ ਕਾਨਫਰੰਸ ਸ਼੍ਰੀ ਗੁਰੂ ਰਵਿਦਾਸ ਟੈਂਪਲ 1480 ਐਨਏ ਅਵਏ ਬਅ ਚਟਿ ਚਅ 95993 ਵਿਖੇ ਹੋਏਗੀ। ਹੋਰ ਜਾਣਕਾਰੀ ਵਾਸਤੇ ਸ. ਤਰਸੇਮ ਸਿੰਘ ਨਾਲ 1-559-331-1326, ਸ. ਹਰਦੀਪ ਸਿੰਘ ਨਾਲ 1-661-747-5175 ਅਤੇ ਸ. ਅਰਵਿੰਦਰ ਸਿੰਘ ਨਾਲ ਫੋਨ ਨੰਬਰ 1-559-840-7325 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਐਰਿਕ ਮਾਈਕਲ ਲੀਨਡੈੱਕਰ ਉਰਫ ਖੜਕ ਸਿੰਘ ਦਾ ਦੇਹਾਂਤ

**ਸ਼ਿਕਾਗੋ (ਬਿਊਰੋ):** ਐਰਿਕ ਮਾਈਕਲ ਲੀਨਡੈਕਰ (Leindecker) ਉਰਫ ਖੜਕ ਸਿੰਘ ਦਾ ਲੰਘੀ 8 ਅਕਤੂਬਰ ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਦੀ ਖਬਰ ਸੁਣ ਕੇ ਸਾਰਾ ਪੰਜਾਬੀ ਭਾਈਚਾਰਾ ਸਦਮੇ ਵਿਚ ਆ ਗਿਆ। ਕਿਉਂਕਿ ਉਹ ਗੁਰਮਤਿ ਵਿਚਾਰਧਾਰਾ ਦੇ ਅਨੁਸਾਰੀ ਅਤੇ ਨਿਸ਼ਕਾਮ ਸੇਵਕ ਸਨ। ਉਨ੍ਹਾਂ ਦਾ ਅਸਲੀ ਨਾਂ ਐਰਿਕ ਮਾਈਕਲ ਲੀਨਡੈਕਰ ਸੀ ਪਰ ਅੰਮ੍ਰਿਤ ਛਕਣ ਤੋਂ ਬਾਅਦ ਖੜਕ ਸਿੰਘ ਦੇ ਨਾਂ ਨਾਲ ਜਾਣੇ ਜਾਣਨ ਲਗੇ।ਉਨ੍ਹਾਂ ਦਾ ਜਨਮ 6 ਫਰਵਰੀ 1974 ਦਾ ਸੀ ਅਤੇ ਅਤੇ 48 ਸਾਲ ਦੀ ਜਵਾਨ ਉਮਰ ਵਿਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।



ਗੁਰਦੁਆਰਾ ਪੈਲਾਟਾਈਨ ਅਤੇ ਵ੍ਹੀਟਨ ਗੁਰਦੁਆਰਾ ਸਾਹਿਬ ਵਿਚ ਉਨ੍ਹਾਂ ਨੂੰ ਹਮੇਸ਼ਾਂ ਸੇਵਾ ਕਰਦਿਆਂ ਦੇਖਿਆ ਗਿਆ। ਸੇਵਾ ਚਾਹੇ ਲੰਗਰ ਦੀ ਹੋਵੇ, ਬੂਟਿਆਂ ਦੀ ਸਾਂਭ-ਸੰਭਾਲ ਦੀ ਹੋਵੇ, ਬਿਲਡਿੰਗ ਮੇਨਟੇਨਸ ਦੀ ਹੋਵੇ-ਕਿਸੇ ਵੀ ਤਰ੍ਹਾਂ ਦੀ ਸੇਵਾ ਤੋਂ ਇਨਕਾਰ ਨਹੀਂ ਸੀ ਕਰਦੇ। ਉਨ੍ਹਾਂ ਦਾ ਖੇਡਾਂ ਪ੍ਰਤੀ ਵੀ ਝੁਕਾਅ ਸੀ ਅਤੇ ਖੇਡਾਂ ਵਿਚ ਕਈ ਇਨਾਮ ਵੀ ਜਿੱਤੇ।

ਉਨ੍ਹਾਂ ਦਾ ਸਸਕਾਰ 15 ਅਕਤੂਬਰ ਨੂੰ ਪੂਰੇ ਸਿੱਖੀ ਸਰੂਪ ਵਿਚ Ahlgrim & Sons Funeral Home Schaumburg ਵਿਖੇ ਕਰ ਦਿਤਾ ਗਿਆ। ਉਨ੍ਹਾਂ ਦੇ ਅੰਤਿਮ ਦਰਸ਼ਨਾਂ ਲਈ ਗੁਰਦੁਆਰਾ ਸਾਹਿਬ ਵ੍ਹੀਟਨ ਤੋਂ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਅਤੇ ਗੁਰਦੁਆਰਾ ਪੈਲਾਟਾਈਨ ਤੋਂ ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਧਾਨ ਜੈ ਰਾਮ ਸਿੰਘ ਕਾਹਲੋਂ, ਅੱਛਰ ਸਿੰਘ ਤੋਂ ਇਲਾਵਾ ਪੰਜਾਬੀ ਭਾਈਚਾਰੇ ਦੇ ਕਾਫੀ ਲੋਕ ਹਾਜਰ ਸਨ। ਉਪਰੰਤ ਵ੍ਹੀਟਨ ਗੁਰਦੁਆਰਾ ਸਾਹਿਬ ਅੰਤਿਮ ਅਰਦਾਸ ਹੋਈ ਅਤੇ ਇਕ ਨਿਸ਼ਕਾਮ ਸੇਵਕ ਖੁਸ ਜਾਣ 'ਤੇ ਦੁਖ ਦਾ ਇਜਹਾਰ ਕੀਤਾ ਗਿਆ।

ਭਾਈ ਖੜਕ ਸਿੰਘ ਦੀ ਰੂਹ ਦੀ ਸ਼ਾਂਤੀ ਲਈ ਗੁਰਦੁਆਰਾ ਪੈਲਾਟਾਈਨ ਵੀ 16 ਅਕਤੂਬਰ ਐਤਵਾਰ ਨੂੰ ਅਰਦਾਸ ਕੀਤੀ ਗਈ। ਗੁਰੂਘਰ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਨੇ ਕਿਹਾ ਕਿ ਉਹ ਇਕ ਨਿਸ਼ਕਾਮ ਸੇਵਕ ਸਨ ਅਤੇ ਉਨ੍ਹਾਂ ਦੇ ਜਾਣ ਨਾਲ ਬਹੁਤ ਵਡਾ ਘਾਟਾ ਪਿਆ ਹੈ।

ਸਿੱਖ ਰਿਲੀਜੀਅਸ ਸੁਸਾਇਟੀ ਦੇ ਸੈਕਟਰੀ ਸ. ਤਰਲੋਚਨ ਸਿੰਘ ਮੁਲਤਾਨੀ ਨੇ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਪਾਇਆ। ਮਿਲਵਾਕੀ ਤੋਂ ਗੁਰਮੁਖ ਸਿੰਘ ਅਤੇ ਸਿੱਖ ਟੀ ਵੀ ਦੇ ਇੰਦਰਮੋਹਨ ਸਿੰਘ ਛਾਬੜਾ ਨੇ ਵੀ ਦੁਖ ਦਾ ਇਜ਼ਹਾਰ ਕੀਤਾ ਹੈ।

# ਭੁੱਖਮਰੀ ਸੂਚਕ ਅੰਕ: ਬੰਗਲਾਦੇਸ਼, ਸ੍ਰੀਲੰਕਾ ਤੇ ਪਾਕਿ ਤੋਂ ਵੀ ਪੱਛੜਿਆ ਭਾਰਤ

**ਨਵੀਂ ਦਿੱਲੀ:** ਸਾਲ 2022 ਦੇ ਭੁੱਖਮਰੀ ਸੂਚਕ ਅੰਕ ਦੀ ਰਿਪੋਰਟ ਅਨੁਸਾਰ ਭੁੱਖਮਰੀ ਦੇ ਮਾਮਲੇ ਵਿਚ ਭਾਰਤ ਗੁਆਂਢੀ ਦੇਸ਼ਾਂ ਬੰਗਲਾਦੇਸ਼, ਸ੍ਰੀਲੰਕਾ, ਮਿਆਂਮਾਰ, ਪਾਕਿਸਤਾਨ ਆਦਿ ਤੋਂ ਵੀ ਖਰਾਬ ਹਾਲਤ ਵਿਚ ਹੈ। ਆਇਰਲੈਂਡ ਦੀ 2006 ਤੋਂ ਦੁਨੀਆਂ ਭਰ ਵਿਚ ਸਰਵੇਖਣ ਕਰਨ ਵਾਲੀ ਸੰਸਥਾ ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਭੁੱਖਮਰੀ ਵਿਚ 121 ਦੇਸ਼ਾਂ ਵਿਚੋਂ 107ਵੇਂ ਸਥਾਨ ਉਤੇ ਹੈ।



ਪਿਛਲੇ ਸਾਲ ਦੀ 116 ਵਿਚੋਂ 101 ਦੀ ਦਰਜਾਬੰਦੀ ਦੇ ਮੁਕਾਬਲੇ ਇਹ ਛੇ ਸਥਾਨ ਹੋਰ ਹੇਠਾਂ ਖਿਸਕ ਗਿਆ ਹੈ। ਇਹ ਸਰਵੇਖਣ ਚਾਰ ਮੁੱਖ ਨੁਕਤਿਆਂ ਉਤੇ ਆਧਾਰਿਤ ਹੁੰਦਾ ਹੈ: ਕੁਪੋਸ਼ਣ, ਬੱਚਿਆਂ ਦਾ ਕੱਦ ਦੇ ਲਿਹਾਜ਼ ਨਾਲ ਵਜ਼ਨ ਘੱਟ ਹੋਣਾ, ਉਮਰ ਦੇ ਲਿਹਾਜ਼ ਨਾਲ ਵਜ਼ਨ ਘੱਟ ਹੋਣਾ ਤੇ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਮੌਤ ਦਰ। ਭਾਰਤ ਸਰਕਾਰ ਨੇ ਇਸ ਸਰਵੇਖਣ ਉਤੇ ਸਵਾਲ ਉਠਾਏ ਹਨ ਅਤੇ ਕਿਹਾ ਹੈ ਕਿ ਇਸ ਦਾ ਸੈਂਪਲ ਛੋਟਾ ਹੈ ਅਤੇ ਇਹ ਦੇਸ਼ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ।

ਇਸ ਦੇ ਬਾਵਜੂਦ ਰਿਪੋਰਟ ਨਸ਼ਰ ਹੋਣ ਪਿੱਛੋਂ ਸਰਕਾਰ ਵਿਰੋਧੀ ਧਿਰਾਂ ਦੇ ਨਿਸ਼ਾਨੇ ਉਤੇ ਆ ਗਈ ਹੈ। ਸਾਬਕਾ ਵਿੱਤ ਮੰਤਰੀ ਤੇ ਕਾਂਗਰਸ ਦੇ ਸੀਨੀਅਰ ਆਗੂ ਪੀ. ਚਿਦੰਬਰਮ ਨੇ ਟਵੀਟ ਰਾਹੀਂ ਪ੍ਰਧਾਨ ਮੰਤਰੀ ਤੋਂ ਜਵਾਬ ਮੰਗਿਆ ਹੈ ਕਿ ਇਨ੍ਹਾਂ ਗੰਭੀਰ ਮੁੱਦਿਆਂ ਉਤੇ ਉਨ੍ਹਾਂ ਨੂੰ ਚਰਚਾ ਕਰਨੀ ਚਾਹੀਦੀ ਹੈ। ਦੇਸ਼ ਵਿਚ 22.4 ਫੀਸਦੀ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ। ਯੂ.ਪੀ.ਏ. ਸਰਕਾਰ ਨੇ 2013 ਵਿਚ ਖੁਰਾਕ ਦੇ ਅਧਿਕਾਰ ਨੂੰ ਬੁਨਿਆਦੀ ਅਧਿਕਾਰ ਬਣਾਉਣ ਵਾਲਾ ਕਾਨੂੰਨ ਪਾਸ ਕੀਤਾ ਸੀ।

ਕਰੋਨਾ ਸਮੇਂ ਲੱਖਾਂ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਸਨ। ਬਹੁਤ ਸਾਰੇ ਲੋਕ ਗਰੀਬੀ ਰੇਖਾ ਤੋਂ ਹੇਠਾਂ ਚਲੇ ਗਏ। ਅਰਥਵਿਵਸਥਾ ਅਜੇ ਤੱਕ ਨੋਟਬੰਦੀ ਦਾ ਅਸਰ ਝੱਲ ਰਹੀ ਹੈ। ਵਾਤਾਵਰਣਕ ਤਬਦੀਲੀਆਂ ਦੇ ਨਾਲ ਫਸਲੀ ਪੈਦਾਵਾਰ ਉਤੇ ਪੈਣ ਵਾਲਾ ਅਸਰ ਅਤੇ ਵਧ ਰਹੀ ਮਹਿੰਗਾਈ ਸਮੇਤ ਅਨੇਕਾਂ ਕਾਰਨ ਮਿਲ ਕੇ ਆਬਾਦੀ ਦੇ ਵੱਡੇ ਹਿੱਸੇ ਨੂੰ ਮੁੱਢਲੀਆਂ ਲੋੜਾਂ ਦੀ ਪੂਰਤੀ ਤੋਂ ਵੀ ਵਾਂਝੇ ਰੱਖ ਰਹੇ ਹਨ। ਲਗਾਤਾਰ ਛਪ ਰਹੀਆਂ ਕੌਮਾਂਤਰੀ ਰਿਪੋਰਟਾਂ ਇਹ ਸਾਬਤ ਕਰਦੀਆਂ ਹਨ ਕਿ ਭਾਰਤ ਵਿਚ ਵੱਖ-ਵੱਖ ਲੋਕਾਂ ਦੀ ਆਮਦਨ ਵਿਚਲਾ ਅੰਤਰ ਲਗਾਤਾਰ ਵਧ ਰਿਹਾ ਹੈ। ਇਕ ਪਾਸੇ ਭਾਰਤ ਨੂੰ ਦੁਨੀਆਂ ਅੰਦਰ ਮਹਾਂਸ਼ਕਤੀ ਬਣਾਉਣ ਤੇ ਪੰਜ ਖਰਬ ਡਾਲਰ ਦੀ ਅਰਥਵਿਵਸਥਾ ਬਣਾਉਣ ਦੀ ਗੱਲ ਚੱਲ ਰਹੀ ਹੈ ਪਰ ਦੂਸਰੇ ਪਾਸੇ ਲੋਕ ਵੱਡੇ ਪੈਮਾਨੇ ਉਤੇ ਬੇਰੁਜ਼ਗਾਰ ਹਨ।

ਏਸ਼ੀਆ 'ਚ ਭਾਰਤ ਤੋਂ ਪਿੱਛੇ ਸਿਰਫ ਅਫ਼ਗਾਨਿਸਤਾਨ ਹੈ ਤੇ ਉਹ 109ਵੇਂ ਸਥਾਨ 'ਤੇ ਹੈ। ਗੁਆਂਢੀ ਦੇਸ ਪਾਕਿਸਤਾਨ (99), ਬੰਗਲਾਦੇਸ਼ (84), ਨੇਪਾਲ (81) ਅਤੇ ਸ੍ਰੀਲੰਕਾ (64) ਭਾਰਤ ਨਾਲੋਂ ਬਿਹਤਰ ਸਥਿਤੀ ਵਿਚ ਹਨ। ਸਾਲ 2021 ਵਿਚ ਭਾਰਤ 116 ਦੇਸਾਂ ਵਿਚੋਂ 101ਵੇਂ, ਜਦਕਿ 2020 ਵਿਚ 94ਵੇਂ ਸਥਾਨ 'ਤੇ ਸੀ। ਦੂਜੇ ਪਾਸੇ ਭਾਰਤ ਦਾ 'ਚਾਈਲਡ ਵੇਸਟਿੰਗ ਰੇਟ' (ਕੱਦ ਮੁਤਾਬਕ ਘੱਟ ਭਾਰ) 19.3 ਫੀਸਦੀ ਹੈ, ਜੋ ਦੁਨੀਆਂ ਵਿਚ ਕਿਸੇ ਵੀ ਮੁਲਕ 'ਚ ਸਭ ਤੋਂ ਵੱਧ ਹੈ। ਭਾਰਤ ਵਿੱਚ ਕੁਪੋਸ਼ਣ ਦੀ ਦਰ 2018-2020 ਦੇ 14.6 ਫੀਸਦੀ ਦੇ ਮੁਕਾਬਲੇ ਵਧ ਕੇ 2019-2021 ਵਿਚ 16.3 ਫੀਸਦੀ ਹੋ ਗਈ ਹੈ। ਇਸ ਦਾ ਅਰਥ ਹੈ ਕਿ ਵਿਸ਼ਵ ਪੱਧਰ ਉਤੇ ਕੁੱਲ 828 ਮਿਲੀਅਨ ਲੋਕਾਂ ਵਿਚੋਂ ਭਾਰਤ ਵਿਚ 224.3 ਮਿਲੀਅਨ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ।

AVEER TRAVEL SOLUTIONS LLC
ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:
• US Passport Services • EAD Renewal
• Indian Passport Renewal • Flight Tickets
• US Citizenship Application • Visa Services
• Green Card Renewal • Notary Services
• OCI & Renunciation • Power of Attorney
• Airport Pick-up & Drop-Off Services
Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com
ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।
For Airport Drop-Off and Pickup Indy to Chicago Please Contact AVI at: 847-226-2323
We provide the service all over AMERICA.
Located in INDIANAPOLIS (IN)

To Advertise with Punjab Times Call: 847-359-0746
Fax:847-705-9388, e-mail:punjabtimes1@sbcglobal.net
Visit us on the web:www.punjabtimesusa.com

ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ
ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।


ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:
*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।
ਸਿਖਲਾਈ ਦੀਆਂ ਸੱਤ ਸਟੇਜਾਂ:
*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)
ਲੋੜੀਂਦੇ ਦਸਤਾਵੇਜ਼:
*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)
ਤਿੰਨ ਸਿਖਲਾਈ ਪ੍ਰੋਗਰਾਮ:
*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ
ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।
ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।
ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
Established in 2000
22nd Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਸੰਦੀਪ ਧਾਲੀਵਾਲ ਮਾਮਲੇ 'ਚ ਮੁਲਜ਼ਮ ਦੋਸ਼ੀ ਕਰਾਰ



**ਹਿਊਸਟਨ:** ਅਮਰੀਕਾ ਦੇ ਟੈਕਸਾਸ ਸੂਬੇ ਵਿਚ ਭਾਰਤੀ ਮੂਲ ਦੇ ਪਹਿਲੇ ਸਿੱਖ ਅਮਰੀਕੀ ਅਧਿਕਾਰੀ 42 ਸਾਲਾ ਸੰਦੀਪ ਧਾਲੀਵਾਲ ਦੇ 2019 ਵਿਚ ਹੋਏ ਕਤਲ ਦੇ ਮਾਮਲੇ ਵਿਚ ਇਥੋਂ ਦੀ ਅਦਾਲਤ ਨੇ ਮੁਲਜ਼ਮ ਨੂੰ ਦੋਸ਼ੀ ਕਰਾਰ ਦਿੱਤਾ ਹੈ। ਹਿਊਸਟਨ ਵਿਚ ਹੈਰਿਸ ਕਾਊਂਟੀ ਦੀ ਅਪਰਾਧਿਕ ਅਦਾਲਤ ਦੇ ਜੱਜ ਨੇ ਰਾਬਰਟ ਸੋਲਿਸ (50) ਨੂੰ ਧਾਲੀਵਾਲ ਦੀ ਹੱਤਿਆ ਦਾ ਦੋਸ਼ੀ ਪਾਇਆ। ਅਦਾਲਤ ਦੇ ਫੈਸਲੇ ਸਮੇਂ ਮਰਹੂਮ ਦਾ ਪਰਿਵਾਰ ਵੀ ਉਥੇ ਮੌਜੂਦ ਸੀ। ਜੱਜ ਨੇ ਫੈਸਲਾ ਸੁਣਾਉਣ ਵਿਚ 30 ਮਿੰਟ ਤੋਂ ਵੀ ਘੱਟ ਸਮਾਂ ਲਾਇਆ।

# ਸਿੱਖ ਰੰਗਰੂਟਾਂ ਨੇ ਧਾਰਮਿਕ ਚਿੰਨ੍ਹਾਂ ਨਾਲ ਸਿਖਲਾਈ ਦੀ ਇਜਾਜ਼ਤ ਮੰਗੀ

**ਵਾਸ਼ਿੰਗਟਨ:** ਅਮਰੀਕੀ ਮੈਰੀਨ (ਜਲਸੈਨਾ) ਕੋਰ ਵਿਚ ਭਰਤੀ ਲਈ ਤਿੰਨ ਸੰਭਾਵੀ ਸਿੱਖ ਉਮੀਦਵਾਰਾਂ ਨੇ ਅਮਰੀਕੀ ਸੰਘੀ ਕੋਰਟ ਵਿਚ ਐਮਰਜੰਸੀ ਅਪੀਲ ਦਾਖਲ ਕਰਕੇ ਆਪਣੇ ਲਾਜ਼ਮੀ ਧਾਰਮਿਕ ਚਿੰਨ੍ਹਾਂ ਜਿਵੇਂ ਕੇਸ (ਵਾਲਾਂ), ਦਾੜ੍ਹੀ ਤੇ ਪੱਗ ਨਾਲ ਹੀ ਬੁਨਿਆਦੀ ਸਿਖਲਾਈ ਲੈਣ ਦੀ ਇਜਾਜ਼ਤ ਮੰਗੀ ਹੈ।

ਕੋਲੰਬੀਆ ਦੀ ਜ਼ਿਲ੍ਹਾ ਕੋਰਟ ਦੇ ਜੱਜਾਂ ਨੇ ਆਕਾਸ਼ ਸਿੰਘ, ਜਸਕੀਰਤ ਸਿੰਘ ਤੇ ਮਿਲਾਪ ਸਿੰਘ ਚਾਹਲ ਵੱਲੋਂ ਮੈਰੀਨ ਕੋਰ ਦੇ ਕਮਾਂਡੈਂਟ ਡੇਵਿਡ ਐਚ.ਬਰਜਰ ਖਿਲਾਫ ਦਾਖਲ ਅਪੀਲ 'ਤੇ ਸੁਣਵਾਈ ਕੀਤੀ ਸੀ। 'ਮੈਰੀਨ ਟਾਈਮਜ਼' ਦੀ ਰਿਪੋਰਟ ਮੁਤਾਬਕ ਹੇਠਲੀ ਕੋਰਟ ਵੱਲੋਂ ਅਪੀਲ ਰੱਦ ਕੀਤੇ ਜਾਣ ਮਗਰੋਂ ਸਿੱਖ ਉਮੀਦਵਾਰਾਂ ਨੇ ਸਤੰਬਰ ਵਿਚ ਡੀਸੀ ਸਰਕਟ ਦੀ ਅਮਰੀਕੀ ਅਪੀਲੀ ਕੋਰਟ ਵਿਚ ਪਟੀਸ਼ਨ ਦਾਖਲ ਕੀਤੀ ਸੀ। ਉਧਰ, ਮੈਰੀਨਜ਼ ਨੇ ਦਾਅਵਾ ਕੀਤਾ ਸੀ ਕਿ ਕੌਮੀ ਹਿੱਤਾਂ ਦੇ ਮੱਦੇਨਜ਼ਰ ਰੰਗਰੂਟਾਂ ਵਿਚ ਇਕਸਾਰਤਾ ਬਣਾਈ ਰੱਖਣ ਲਈ ਕੋਰ ਨੇਮਾਂ ਨੂੰ ਲਾਗੂ ਕਰਨਾ ਜ਼ਰੂਰੀ ਹੈ। ਅਮਰੀਕੀ ਨਿਆਂ ਵਿਭਾਗ ਦੇ ਵਕੀਲ ਬ੍ਰਾਇਨ ਸਪਰਿੰਗਰ, ਜੋ ਮੈਰੀਨ ਕੋਰ ਦੀ ਨੁਮਾਇੰਦਗੀ ਕਰ ਰਹੇ ਹਨ, ਨੇ ਕਿਹਾ ਕਿ ਅਮਰੀਕੀ ਜਲਸੈਨਾ ਨੂੰ ਬੁਨਿਆਦੀ ਸਿਖਲਾਈ ਦੌਰਾਨ ਨਵੇਂ ਰੰਗਰੂਟਾਂ ਵਿਚ ਇਕਸਾਰਤਾ ਬਣਾਈ ਰੱਖਣ ਲਈ ਜੋਰ ਪਾਉਣ ਦਾ ਅਧਿਕਾਰ ਹੈ। ਉਧਰ, ਜੱਜ ਪੈਟਰੀਸ਼ੀਆ ਮਿਲੇਟ ਨੇ ਕਿਹਾ ਕਿ ਇਹ ਦਲੀਲ ਬਿਲਕੁਲ ਬੇਤੁਕੀ ਹੈ, ਕਿਉਂਕਿ ਬੂਟ ਕੈਂਪ ਦੌਰਾਨ ਕੋਈ ਵੀ ਰੰਗਰੂਟ ਸੁਰੱਖਿਆ ਬਲ ਵਜੋਂ ਬਾਹਰ ਨਹੀਂ ਜਾ ਰਿਹਾ ਹੈ।

## ਕੇਂਦਰ ਵੱਲੋਂ ਕਣਕ ਦੇ ਘੱਟੋ ਘੱਟ ਸਮਰਥਨ ਮੁੱਲ 'ਚ ਵਾਧਾ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਮੰਡਲ ਨੇ ਮੰਡੀਕਰਨ ਸਾਲ 2023-24 ਲਈ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 110 ਰੁਪਏ ਦਾ ਵਾਧਾ ਕਰਕੇ 2,125 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੇ ਨਾਲ ਸਰ੍ਹੋਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 400 ਰੁਪਏ ਦੇ ਵਾਧੇ ਨੂੰ 5,450 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

# ਹਰਿਆਣਾ ਕਮੇਟੀ: ਸ਼੍ਰੋਮਣੀ ਕਮੇਟੀ ਨੇ ਸੁਪਰੀਮ ਕੋਰਟ 'ਚ ਨਜ਼ਰਸਾਨੀ ਪਟੀਸ਼ਨ ਪਾਈ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਮਾਮਲੇ ਵਿਚ ਸੁਪਰੀਮ ਕੋਰਟ ਦੇ ਫੈਸਲੇ ਖਿਲਾਫ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਵਾਸਤੇ ਜਨਰਲ ਇਜਲਾਸ 9 ਨਵੰਬਰ ਨੂੰ ਸੱਦਿਆ ਗਿਆ ਹੈ। ਇਹ ਖੁਲਾਸਾ ਇਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਕੀਤੀ। ਮੀਡੀਆ ਨਾਲ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਐਕਟ ਨੂੰ ਮਾਨਤਾ ਦੇਣ ਦੇ ਫੈਸਲੇ ਖਿਲਾਫ ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਪਟੀਸ਼ਨ ਦਾਇਰ ਕਰ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਹਰਿਆਣਾ ਦੇ ਮੈਂਬਰ ਹਰਭਜਨ ਸਿੰਘ ਮਸਾਣਾ ਵੱਲੋਂ ਵੀ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸੇ ਮਾਮਲੇ ਵਿਚ ਸਿੱਖ ਵਿਦਵਾਨਾਂ ਤੇ ਵਕੀਲਾਂ ਦੀ ਮੀਟਿੰਗ ਅਗਲੇ ਦਿਨਾਂ ਵਿਚ ਜਲਦੀ ਹੀ ਸੱਦੀ ਜਾ ਰਹੀ ਹੈ।

# ਸਿੱਖ ਪਰਿਵਾਰ ਦੀ ਹੱਤਿਆ ਕਰਨ ਵਾਲੇ ਵੱਲੋਂ ਬੇਕਸੂਰ ਹੋਣ ਸਬੰਧੀ ਪਟੀਸ਼ਨ

**ਸਾਂ ਫਰਾਂਸਿਸਕੋ:** ਕੈਲੀਫੋਰਨੀਆ ਵਿਚ ਭਾਰਤੀ ਮੂਲ ਦੇ ਸਿੱਖ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਅਗਵਾ ਕਰ ਕੇ ਕਤਲ ਕਰਨ ਦੇ ਮਾਮਲੇ ਵਿਚ ਮਸ਼ਕੂਕ ਨੇ ਬੇਕਸੂਰ ਹੋਣ ਸਬੰਧੀ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਹੈ। ਜ਼ਿਕਰਯੋਗ ਹੈ ਕਿ ਮੁਲਜ਼ਮ ਜੀਸਸ ਸਲਗਾਡੋ, ਜੋ ਪੀੜਤ ਸਿੱਖ ਪਰਿਵਾਰ ਦੀ ਟਰੱਕ ਕੰਪਨੀ ਵਿਚ ਸਾਬਕਾ ਮੁਲਾਜ਼ਮ ਸੀ, ਨੇ ਅੱਠ ਮਹੀਨੇ ਦੀ ਆਰੂਹੀ ਢੇਰੀ, ਉਸ ਦੀ ਮਾਤਾ ਜਸਲੀਨ ਕੌਰ (27), ਪਿਤਾ ਜਸਦੀਪ ਸਿੰਘ (36) ਅਤੇ ਤਾਇਆ ਅਮਨਦੀਪ ਸਿੰਘ (39) ਨੂੰ ਅਗਵਾ ਕਰਕੇ ਕਤਲ ਕਰ ਦਿੱਤਾ ਸੀ। ਸੀ.ਐਨ.ਐਨ. ਦੀ ਰਿਪੋਰਟ ਅਨੁਸਾਰ ਸਲਗਾਡੋ ਨੇ ਬੇਕਸੂਰ ਹੋਣ ਸਬੰਧੀ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਹੈ। ਉਸ ਨੂੰ 6 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ ਪਰ ਇਸ ਦੌਰਾਨ ਉਸ ਨੂੰ ਵਕੀਲ ਲੱਭਣ ਲਈ ਹੋਰ ਸਮਾਂ ਦਿੱਤਾ ਗਿਆ। ਇਸ ਮਗਰੋਂ ਜਦੋਂ ਉਸ ਨੇ ਜੱਜ ਨੂੰ ਦੱਸਿਆ ਕਿ ਉਸ ਨੂੰ ਹਾਲੇ ਵੀ ਵਕੀਲ ਨਹੀਂ ਲੱਭਿਆ ਤਾਂ ਉਸ ਲਈ ਸਰਕਾਰੀ ਵਕੀਲ ਨਿਯੁਕਤ ਕੀਤਾ ਗਿਆ।

# ਐਨ.ਆਈ.ਏ. ਦੀ ਗੈਂਗਸਟਰਾਂ ਖਿਲਾਫ ਦੀ ਵੱਡੀ ਕਾਰਵਾਈ

**ਮੁਹਾਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਪੰਜਾਬ, ਦਿੱਲੀ, ਹਰਿਆਣਾ ਤੇ ਰਾਜਸਥਾਨ ਵਿਚ 40 ਟਿਕਾਣਿਆਂ ਉਤੇ ਛਾਪੇਮਾਰੀ ਕੀਤੀ। ਇਹ ਛਾਪੇਮਾਰੀ ਅਤਿਵਾਦੀਆਂ, ਗੈਂਗਸਟਰਾਂ ਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੇ ਭਾਰਤ ਅਤੇ ਵਿਦੇਸ਼ਾਂ ਵਿਚ ਉਭਰ ਰਹੇ ਗੱਠਜੋੜ ਨੂੰ ਖਤਮ ਕਰਨ ਲਈ ਕੀਤੀ ਗਈ ਹੈ।

ਐਨ.ਆਈ.ਏ. ਨੇ ਉਨ੍ਹਾਂ ਵਕੀਲਾਂ ਦੇ ਘਰਾਂ ਵਿਚ ਵੀ ਦਸਤਕ ਦਿੱਤੀ, ਜਿਹੜੇ ਵਕੀਲ ਗੈਂਗਸਟਰਾਂ ਦੇ ਕੇਸ ਲੜ ਰਹੇ ਹਨ। ਜਾਂਚ ਟੀਮ ਐਡਵੋਕੇਟ ਸ਼ੈਲੀ ਸ਼ਰਮਾ ਦੇ ਘਰ ਪਹੁੰਚੀ ਤੇ ਮਹਿਲਾ ਵਕੀਲ ਤੋਂ ਕਰੀਬ ਤਿੰਨ ਘੰਟੇ ਪੁੱਛ ਪੜਤਾਲ ਕੀਤੀ। ਐਨ.ਆਈ.ਏ. ਦੀ ਟੀਮ ਵਕੀਲ ਦਾ ਮੋਬਾਈਲ ਫੋਨ ਵੀ ਆਪਣੇ ਨਾਲ ਲੈ ਗਈ। ਇਸ ਤੋਂ ਪਹਿਲਾਂ 14 ਅਕਤੂਬਰ ਨੂੰ ਜਾਂਚ ਏਜੰਸੀ ਨੇ ਡਰੋਨ ਮਾਮਲੇ 'ਚ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਸਮੇਤ ਕਈ ਥਾਵਾਂ ਉਤੇ ਤਲਾਸ਼ੀ ਲਈ ਸੀ। ਪਿਛਲੇ ਨੌਂ ਮਹੀਨਿਆਂ ਵਿਚ ਗੁਆਂਢੀ ਦੇਸ਼ ਪਾਕਿਸਤਾਨ ਤੋਂ 191 ਡਰੋਨ ਆਏ ਹਨ। ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਇਹ ਬਹੁਤ ਚਿੰਤਾਜਨਕ ਸਥਿਤੀ ਹੈ।

## ਹਰਿਆਣਾ ਸਰਕਾਰ ਡੇਰਾ ਮੁਖੀ 'ਤੇ ਮਿਹਰਬਾਨ

*(ਪਹਿਲੇ ਸਫੇ ਦੀ ਬਾਕੀ)*

ਨਹੀਂ ਹੋਈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਦੋਹਰੀ ਨੀਤੀ ਹੈ, ਜਿਸ ਉਤੇ ਸਰਕਾਰਾਂ ਸਵਾਲਾਂ ਦੇ ਘੇਰੇ ਵਿਚ ਹਨ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਾਰਤੀ ਕਾਨੂੰਨ ਪ੍ਰਤੀ ਬੇਵਸਾਹੀ ਭਰੀ ਟਿੱਪਣੀ ਕਰਦਿਆਂ ਕਿਹਾ ਹੈ ਕਿ 'ਹਾਥੀ ਦੇ ਦੰਦ ਦਿਖਾਉਣ ਨੂੰ ਹੋਰ ਤੇ ਖਾਣ ਨੂੰ ਹੋਰ' ਵਾਲੀ ਕਹਾਵਤ ਭਾਰਤੀ ਕਾਨੂੰਨ ਉਤੇ ਪੂਰੀ ਤਰ੍ਹਾਂ ਢੁਕਦੀ ਹੈ।

# ਚੰਦਰਚੂੜ ਹੋਣਗੇ ਦੇਸ਼ ਦੇ ਅਗਲੇ ਚੀਫ ਜਸਟਿਸ

**ਨਵੀਂ ਦਿੱਲੀ:** ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਜਸਟਿਸ ਡੀ.ਵਾਈ. ਚੰਦਰਚੂੜ ਦੀ ਦੇਸ਼ ਦੇ ਅਗਲੇ ਚੀਫ ਜਸਟਿਸ ਵਜੋਂ ਨਿਯੁਕਤੀ ਕੀਤੀ ਗਈ ਹੈ। ਜਸਟਿਸ ਚੰਦਰਚੂੜ 9 ਨਵੰਬਰ ਨੂੰ ਸੁਪਰੀਮ ਕੋਰਟ ਦੇ 50ਵੇਂ ਚੀਫ ਜਸਟਿਸ ਵਜੋਂ ਹਲਫ ਲੈਣਗੇ। ਉਨ੍ਹਾਂ ਦਾ ਕਾਰਜਕਾਲ ਦੋ ਸਾਲ ਦਾ ਹੈ। ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਇਕ ਟਵੀਟ ਵਿੱਚ ਕਿਹਾ, "ਭਾਰਤੀ ਸੰਵਿਧਾਨ ਵੱਲੋਂ ਦਿੱਤੀ ਸ਼ਕਤੀ ਦੀ ਵਰਤੋਂ ਕਰਦਿਆਂ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਦੇ ਜੱਜ ਡਾ. ਜਸਟਿਸ ਡੀ.ਵਾਈ. ਚੰਦਰਚੂੜ ਨੂੰ 9 ਨਵੰਬਰ 2022 ਤੋਂ ਦੇਸ਼ ਦਾ ਚੀਫ ਜਸਟਿਸ ਨਿਯੁਕਤ ਕੀਤਾ ਹੈ।" ਚੀਫ ਜਸਟਿਸ ਯੂ.ਯੂ. ਲਲਿਤ ਅੱਠ ਨਵੰਬਰ ਨੂੰ ਸੇਵਾਮੁਕਤ ਹੋ ਰਹੇ ਹਨ। ਉਨ੍ਹਾਂ ਤੋਂ ਬਾਅਦ ਜਸਟਿਸ ਚੰਦਰਚੂੜ ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ ਜੱਜ ਹਨ।

## ਘਰ-ਘਰ ਆਟਾ ਵੰਡਣ ਦੀ ਯੋਜਨਾ ਤੋਂ ਟਾਲਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਪੰਜਾਬ ਸਰਕਾਰ ਦੀ ਘਰ-ਘਰ ਆਟਾ ਵੰਡਣ ਦੀ ਯੋਜਨਾ ਖ਼ਿਲਾਫ਼ ਦਾਇਰ ਪਟੀਸ਼ਨਾਂ ਦਾ ਨਿਬੇੜਾ ਕਰ ਦਿੱਤਾ ਹੈ ਕਿਉਂਕਿ ਪੰਜਾਬ ਸਰਕਾਰ ਨੇ ਅਦਾਲਤ 'ਚ ਲਿਖਤੀ ਭਰੋਸਾ ਦਿੱਤਾ ਹੈ ਕਿ ਸਰਕਾਰ ਇਸ ਨਵੀਂ ਯੋਜਨਾ ਵਿਚ ਸਬੰਧਤ ਧਿਰਾਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਦੇ ਹੋਏ ਕੁਝ ਤਬਦੀਲੀਆਂ ਕਰੇਗੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜਸਟਿਸ ਆਰ.ਐਸ. ਝਾਅ ਅਤੇ ਜਸਟਿਸ ਅਰੁਣ ਪੱਲੀ 'ਤੇ ਆਧਾਰਿਤ ਡਿਵੀਜ਼ਨ ਬੈਂਚ ਕੋਲ ਨਵੀਂ ਯੋਜਨਾ ਨੂੰ ਚੁਣੌਤੀ ਮਿਲਣ ਕਰ ਕੇ ਪਹਿਲੀ ਅਕਤੂਬਰ ਤੋਂ ਆਟਾ ਵੰਡਣ ਦੀ ਸਕੀਮ ਨੂੰ ਬਰੇਕ ਲੱਗੀ ਹੋਈ ਸੀ।

## ਸਾਬਕਾ ਮੰਤਰੀ ਆਸ਼ੂ ਨੂੰ ਹਾਈ ਕੋਰਟ ਤੋਂ ਝਟਕਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਹੈ। ਪਟਿਆਲਾ ਜੇਲ੍ਹ ਵਿਚ ਬੰਦ ਸਾਬਕਾ ਮੰਤਰੀ ਆਸ਼ੂ ਲਈ ਇਹ ਵੱਡਾ ਝਟਕਾ ਹੈ। ਹਾਈ ਕੋਰਟ ਨੇ ਚਾਰ ਠੇਕੇਦਾਰਾਂ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਵੀ ਰੱਦ ਕਰ ਦਿੱਤੀ ਹੈ। ਜਸਟਿਸ ਰਾਜ ਮੋਹਨ ਸਿੰਘ ਨੇ 27 ਸਤੰਬਰ ਨੂੰ ਇਸ ਪਟੀਸ਼ਨ ਸਬੰਧੀ ਫੈਸਲਾ ਰਾਖਵਾਂ ਰੱਖ ਲਿਆ ਸੀ। ਚੇਤੇ ਰਹੇ ਕਿ ਵਿਜੀਲੈਂਸ ਰੇਂਜ ਲੁਧਿਆਣਾ ਵੱਲੋਂ ਖੁਰਾਕ ਤੇ ਸਪਲਾਈ ਵਿਭਾਗ ਵਿਚ ਹੋਏ ਟੈਂਡਰ ਘਪਲੇ ਦੇ ਸਬੰਧ ਵਿਚ 16 ਅਗਸਤ 2022 ਨੂੰ ਕੇਸ ਦਰਜ ਕੀਤਾ ਸੀ। ਇਸ ਭ੍ਰਿਸ਼ਟਾਚਾਰ ਕੇਸ ਵਿਚ ਵਿਜੀਲੈਂਸ ਨੇ 22 ਅਗਸਤ ਨੂੰ ਸਾਬਕਾ ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੂੰ ਲੁਧਿਆਣਾ ਦੇ ਇਕ ਸੈਲੂਨ ਤੋਂ ਗ੍ਰਿਫ਼ਤਾਰ ਕੀਤਾ ਸੀ।

# ਭਾਰਤੀ ਵਿਦਿਆਰਥੀ 'ਤੇ ਚਾਕੂ ਨਾਲ ਹਮਲਾ ਕੀਤਾ

**ਸਿਡਨੀ:** ਆਸਟਰੇਲੀਆ ਵਿਚ 28 ਸਾਲਾ ਭਾਰਤੀ ਵਿਦਿਆਰਥੀ ਨੂੰ ਲੁੱਟਣ ਦੀ ਨੀਅਤ ਨਾਲ ਹਮਲਾਵਰ ਵੱਲੋਂ ਚਿਹਰੇ, ਛਾਤੀ ਤੇ ਪੇਟ 'ਤੇ ਚਾਕੂ ਨਾਲ ਕਈ ਵਾਰ ਕੀਤੇ ਗਏ। ਸਥਾਨਕ ਅਧਿਕਾਰੀਆਂ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਜਿੱਠਣ ਅਤੇ ਮੁਲਜ਼ਮਾਂ ਖਿਲਾਫ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

ਐਨ.ਐਸ.ਡਬਲਿਊ. ਪੁਲਿਸ ਨੇ ਇਕ ਬਿਆਨ ਵਿਚ ਕਿਹਾ ਕਿ 6 ਅਕਤੂਬਰ ਦੀ ਰਾਤ ਕਰੀਬ 10:30 ਵਜੇ ਦੇ ਕਰੀਬ ਪੈਸੇਫਿਕ ਹਾਈਵੇਅ 'ਤੇ ਪੈਦਲ ਜਾਂਦੇ ਸ਼ੁਭਮ ਗਰਗ 'ਤੇ ਹਮਲਾ ਹੋਇਆ। ਉਸ ਦੇ ਚਿਹਰੇ, ਛਾਤੀ ਅਤੇ ਪੇਟ 'ਤੇ ਵਾਰ ਕੀਤੇ ਗਏ। 'ਡੇਲੀ ਟੈਲੀਗ੍ਰਾਫ' ਅਖਬਾਰ ਦੀ ਰਿਪੋਰਟ ਅਨੁਸਾਰ ਪੁਲਿਸ ਨੇ 27 ਸਾਲਾ ਮਸ਼ਕੂਕ ਡੈਨੀਅਲ ਨੌਰਵੁੱਡ ਨੂੰ ਕਾਤਲਾਨਾ ਹਮਲਾ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ।

## ਸ੍ਰੀਲੰਕਾ ਦੇ ਲੇਖਕ ਸ਼ੇਹਾਨ ਕਰੁਣਾਤਿਲਕ ਨੇ ਬੁਕਰ ਪੁਰਸਕਾਰ ਜਿੱਤਿਆ

**ਲੰਡਨ:** ਸ੍ਰੀਲੰਕਾ ਦੇ ਲੇਖਕ 47 ਸਾਲ ਦੇ ਸ਼ੇਹਾਨ ਕਰੁਣਾਤਿਲਕ ਨੂੰ ਉਸ ਦੇ ਦੂਜੇ ਨਾਵਲ 'ਦਿ ਸੇਵਨ ਮੂਨਜ਼ ਆਫ ਮਾਲੀ ਅਲਮੇਡਾ' ਲਈ 2022 ਦਾ ਬੁਕਰ ਪੁਰਸਕਾਰ ਜੇਤੂ ਐਲਾਨਿਆ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਰਿੰਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਬਹਿਬਲ ਕਲਾਂ ਗੋਲੀ ਕਾਂਡ: ਇਨਸਾਫ ਦੀ ਉਡੀਕ ਹੋਈ ਲੰਮੀ

**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹਿਬਲ ਕਲਾਂ ਗੋਲੀ ਕਾਂਡ ਦੇ ਪੀੜਤ 7 ਸਾਲ ਬਾਅਦ ਵੀ ਇਨਸਾਫ ਲੈਣ ਲਈ ਸੜਕਾਂ ਉਤੇ ਬੈਠੇ ਹਨ। ਇਸ ਸਬੰਧੀ ਸ਼ੁਰੂ ਹੋਈਆਂ ਪੜਤਾਲਾਂ ਤੇ ਦਰਜ ਹੋਏ ਪਰਚੇ ਕਿਸੇ ਤਣ-ਪੱਤਣ ਨਹੀਂ ਲੱਗੇ। ਦੱਸਣਯੋਗ ਹੈ ਕਿ ਪਿੰਡ ਬਹਿਬਲ ਕਲਾਂ ਵਿਚ ਬੇਅਦਬੀ ਕਾਂਡ ਦੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਲੈ ਕੇ ਸ਼ਾਂਤਮਈ ਧਰਨੇ ਉਤੇ ਬੈਠੀ ਸਿੱਖ ਸੰਗਤ 'ਤੇ 14 ਅਕਤੂਬਰ 2015 ਨੂੰ ਉਚ ਪੁਲਿਸ ਅਧਿਕਾਰੀਆਂ ਨੇ ਗੋਲੀਆਂ ਚਲਾ ਦਿੱਤੀਆਂ ਸਨ ਤੇ ਇਸ ਗੋਲੀ ਕਾਂਡ ਵਿਚ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਨਾਮ ਦੇ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ ਤੇ ਕੁਝ ਜ਼ਖਮੀ ਹੋਏ ਸਨ।

ਸ਼੍ਰੋਮਣੀ ਅਕਾਲੀ ਦਲ ਭਾਜਪਾ ਗੱਠਜੋੜ ਦੀ ਸਰਕਾਰ ਸਮੇਂ ਵਾਪਰੇ ਇਸ ਗੋਲੀ ਕਾਂਡ ਨੇ ਪੰਜਾਬ ਦੇ ਸਿਆਸੀ ਹਾਲਾਤ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ। ਪਹਿਲਾਂ ਸ਼੍ਰੋਮਣੀ ਅਕਾਲੀ ਦਲ, ਫਿਰ ਕਾਂਗਰਸ ਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਸ ਗੋਲੀ ਕਾਂਡ ਦੀ ਜਾਂਚ ਲਈ 7 ਦੇ ਕਰੀਬ ਟੀਮਾਂ ਦਾ ਗਠਨ ਕੀਤਾ ਜਾ ਚੁੱਕਿਆ ਹੈ ਪਰ ਅਜੇ ਵੀ ਪੜਤਾਲ ਅਧੂਰੀ ਹੈ। ਕਾਂਗਰਸ ਸਰਕਾਰ ਨੇ ਇਸ ਗੋਲੀ ਕਾਂਡ ਦੀ ਪੜਤਾਲ ਲਈ ਜਾਂਚ ਟੀਮ ਦਾ ਗਠਨ ਕੀਤਾ ਸੀ ਤੇ ਇਸ ਜਾਂਚ ਟੀਮ ਨੇ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਚਰਨਜੀਤ ਸ਼ਰਮਾ ਤੇ ਕੁਝ ਸਿਆਸੀ ਆਗੂਆਂ ਨੂੰ ਬਹਿਬਲ ਗੋਲੀ ਕਾਂਡ ਦੀ ਸਾਜ਼ਿਸ਼ ਰਚਣ ਦਾ ਕਸੂਰਵਾਰ ਮੰਨਿਆ ਸੀ ਤੇ ਇਸ ਸਬੰਧੀ ਚਾਰਜਸ਼ੀਟ ਫਰੀਦਕੋਟ ਅਦਾਲਤ ਵਿਚ ਪੇਸ਼ ਵੀ ਕਰ ਦਿੱਤੀ ਸੀ। ਪੰਜਾਬ ਸਰਕਾਰ ਨੇ ਇਸੇ ਆਧਾਰ 'ਤੇ ਆਈ.ਜੀ. ਉਮਰਾਨੰਗਲ ਨੂੰ ਮੁਅੱਤਲ ਵੀ ਕਰ ਦਿੱਤਾ ਸੀ ਪਰ ਜਾਂਚ ਟੀਮ ਦੀ ਰਿਪੋਰਟ ਦੇ ਆਧਾਰ ਉਤੇ ਸ਼ੁਰੂ ਹੋਇਆ ਮੁਕੱਦਮਾ ਕਿਸੇ ਅੰਜਾਮ ਉਤੇ ਨਹੀਂ ਪੁੱਜ ਸਕਿਆ।

ਇਨਸਾਫ ਲਈ ਲੱਗੇ ਮੋਰਚੇ ਦੀ ਅਗਵਾਈ ਕਰ ਰਹੇ ਮ੍ਰਿਤਕ ਕ੍ਰਿਸ਼ਨ ਭਗਵਾਨ ਸਿੰਘ ਦੇ ਲੜਕੇ ਸੁਖਰਾਜ ਸਿੰਘ ਨੇ ਕਿਹਾ ਕਿ ਗੋਲੀ ਕਾਂਡ ਤੋਂ ਬਾਅਦ ਜਿੰਨੀਆਂ ਵੀ ਸਰਕਾਰਾਂ ਪੰਜਾਬ ਵਿਚ ਬਣੀਆਂ ਹਨ ਉਨ੍ਹਾਂ ਨੇ ਇਨਸਾਫ ਦੇਣ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ।

ਇਸ ਦੌਰਾਨ ਗੋਲੀ ਕਾਂਡ ਦੇ ਮਾਮਲੇ ਵਿਚ ਕਾਰਵਾਈ ਕਰਨ ਦੀ ਮੰਗ ਤਹਿਤ ਇਨਸਾਫ ਮਾਰਚ ਕੱਢਿਆ ਗਿਆ। ਪਿੰਡ ਬੁਰਜ ਜਵਾਹਰ ਸਿੰਘ ਵਾਲਾ 'ਚ ਵੱਡੀ ਗਿਣਤੀ ਸੰਗਤ ਇਕੱਤਰ ਹੋਈ ਤੇ ਇਥੋਂ ਅਰਦਾਸ ਕਰਕੇ ਮਾਰਚ ਆਰੰਭਿਆ ਗਿਆ, ਜੋ ਮੱਲ ਕੇ, ਸਾਹੋ ਕੇ ਤੇ ਪੰਜਗਰਾਈਂ ਤੋਂ ਹੁੰਦਾ ਹੋਇਆ ਕੋਟਕਪੂਰਾ ਦੇ ਬੱਤੀਆਂ ਵਾਲੇ ਉਸ ਚੌਕ ਵਿਚ ਪਹੁੰਚਿਆ, ਜਿਥੇ ਗੋਲੀਕਾਂਡ ਦੀ ਘਟਨਾ ਵਾਪਰੀ ਸੀ।

ਬੱਤੀਆਂ ਵਾਲੇ ਚੌਕ ਵਿਚ ਸਿੱਖ ਆਗੂਆਂ ਨੇ ਤਕਰੀਰਾਂ ਕਰਦਿਆਂ ਕਿਹਾ ਕਿ ਪਿਛਲੇ ਸੱਤ ਸਾਲਾਂ ਦੌਰਾਨ ਕੋਈ ਵੀ ਸਰਕਾਰ ਇਸ ਕੇਸ ਵਿਚ ਇਨਸਾਫ ਨਹੀਂ ਦਿਵਾ ਸਕੀ, ਸਗੋਂ ਹਰੇਕ ਸਿਆਸੀ ਪਾਰਟੀ ਵੱਲੋਂ ਸਿਰਫ ਇਸ ਮੁੱਦੇ ਦਾ ਲਾਹਾ ਹੀ ਲਿਆ ਗਿਆ ਹੈ। ਸੂਬਾ ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ 'ਆਪ' ਆਗੂਆਂ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਚਾਰ ਘੰਟਿਆਂ ਵਿਚ ਇਸ ਮਸਲੇ ਦਾ ਹੱਲ ਕੱਢਿਆ ਜਾਵੇਗਾ, ਪਰ ਮਾਨ ਸਰਕਾਰ ਨੇ ਵੀ ਸੱਤਾ ਵਿਚ ਆਉਣ ਮਗਰੋਂ ਆਪਣਾ ਵਾਅਦਾ ਹੁਣ ਤੱਕ ਪੂਰਾ ਨਹੀਂ ਕੀਤਾ। ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਆਗੂ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਕਿਹਾ ਕਿ ਸਰਕਾਰਾਂ ਨੇ ਸਿੱਖ ਕੌਮ ਨੂੰ ਇਨਸਾਫ ਤਾਂ ਕੀ ਦੇਣਾ ਸੀ, ਸਗੋਂ ਜ਼ਖਮਾਂ 'ਤੇ ਲੂਣ ਛਿੜਕਣ ਦਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਡੇਰੇ ਦਾ ਕੇਸ ਲੜਨ ਵਾਲੇ ਨੂੰ ਐਡਵੋਕੇਟ ਜਨਰਲ ਬਣਾਇਆ ਗਿਆ ਤੇ ਡੇਰਾ ਮੁਖੀ ਸਾਧ ਨੂੰ ਪੈਰੋਲ ਦੇ ਕੇ ਸਿੱਖਾਂ ਦੇ ਦਿਲ ਦੁਖਾਏ ਗਏ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਬਣਾਈਆਂ ਗਈਆਂ ਵਿਸ਼ੇਸ਼ ਜਾਂਚ ਟੀਮਾਂ ਵੀ ਤੋਂ ਵੀ ਹੁਣ ਕੋਈ ਆਸ ਨਹੀਂ ਰਹੀ।



## ਸਰਕਾਰ ਨੂੰ ਡੇਢ ਮਹੀਨੇ ਦੀ ਮੋਹਲਤ

**ਜੈਤੋ:** ਬਹਿਬਲ ਕਲਾਂ ਗੋਲੀ ਕਾਂਡ ਦੇ ਸੱਤ ਸਾਲ ਪੂਰੇ ਹੋਣ ਉਤੇ ਬਹਿਬਲ ਕਲਾਂ ਵਿਚ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਪੰਥਕ ਧਿਰਾਂ ਨੇ ਮੰਚ ਤੋਂ ਨਿਆਂ ਦੀ ਮੰਗ ਕੀਤੀ ਤਾਂ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਡੇਢ ਮਹੀਨੇ ਦਾ ਹੋਰ ਸਮਾਂ ਮੰਗਣ 'ਤੇ ਸਿੱਖ ਆਗੂਆਂ ਵੱਲੋਂ ਇਸ ਨੂੰ ਸਹਿਮਤੀ ਦੇ ਦਿੱਤੀ ਗਈ। ਇਥੇ ਪੁੱਜੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਰਕਾਰ ਇਸ ਮਾਮਲੇ ਪ੍ਰਤੀ ਸੰਜੀਦਾ ਹੋ ਕੇ ਜਾਂਚ ਏਜੰਸੀਆਂ ਨੂੰ ਸਹਿਯੋਗ ਦੇ ਰਹੀ ਹੈ। ਇਸ ਮੁੱਦੇ ਉਤੇ ਸਿਆਸਤ ਹੋਣ ਕਾਰਨ ਨਿਆਂ ਵਿਚ ਦੇਰੀ ਹੋਈ ਹੈ, ਹੁਣ ਵੱਧ ਤੋਂ ਵੱਧ ਡੇਢ ਮਹੀਨੇ ਦੇ ਅੰਦਰ ਇਨਸਾਫ ਦਿੱਤਾ ਜਾਵੇਗਾ।

## ਕੈਪਟਨ ਨੇ ਕਾਰਵਾਈ ਨਹੀਂ ਕੀਤੀ: ਕੁੰਵਰ ਵਿਜੈ ਪ੍ਰਤਾਪ

**ਫਰੀਦਕੋਟ:** ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪੜਤਾਲੀਆ ਰਿਪੋਰਟ ਵਿਚ ਜੇ ਇਕ ਵੀ ਗੱਲ ਗਲਤ ਨਿਕਲੀ ਤਾਂ ਉਹ ਵਿਧਾਇਕੀ ਤੋਂ ਅਸਤੀਫ਼ਾ ਦੇ ਦੇਣਗੇ। ਉਨ੍ਹਾਂ ਬੇਅਦਬੀ ਮੁੱਦੇ ਉਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਤੇ ਬਾਦਲ ਪਰਿਵਾਰ 'ਤੇ ਵੀ ਸਵਾਲ ਉਠਾਏ। ਉਨ੍ਹਾਂ ਆਖਿਆ ਕਿ ਉਸ ਨੇ ਆਪਣੀ ਪੜਤਾਲੀਆ ਰਿਪੋਰਟ ਵਿਚ ਬੇਅਦਬੀ ਕਾਂਡ, ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਦੀ ਸੱਚਾਈ ਸਾਹਮਣੇ ਲਿਆਂਦੀ ਸੀ ਪਰ ਕੈਪਟਨ ਅਮਰਿੰਦਰ ਸਿੰਘ ਨੇ ਕਥਿਤ ਅਕਾਲੀਆਂ ਦੇ ਦਬਾਅ ਹੇਠ ਰਿਪੋਰਟ 'ਤੇ ਕੋਈ ਕਾਰਵਾਈ ਨਹੀਂ ਕੀਤੀ।

# ਬਹਿਬਲ ਕਲਾਂ ਗੋਲੀਕਾਂਡ: ਸਿਟ ਵੱਲੋਂ ਬਾਦਲ ਪਿਉ-ਪੁੱਤ ਤੋਂ ਪੁੱਛ-ਪੜਤਾਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤੇ ਮੌਜੂਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਪੰਜਾਬ ਪੁਲਿਸ ਵੱਲੋਂ 2015 ਦੀ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਸਿਟ) ਅੱਗੇ ਪੇਸ਼ ਹੋਏ।

'ਸਿਟ' ਵੱਲੋਂ ਕੀਤੀ ਪੁੱਛਗਿੱਛ 'ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸਿਹਤ ਭਾਵੇਂ ਨਾਸਾਜ਼ ਹੈ, ਪਰ ਉਹ ਪੁਲਿਸ ਦੇ ਹਰ ਸਵਾਲ ਦਾ ਜਵਾਬ ਦੇਣ ਲਈ ਹਰ ਸਮੇਂ ਤਿਆਰ ਹਨ ਕਿਉਂਕਿ ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜਿਆ ਹੋਇਆ ਹੈ। ਅਕਾਲੀ ਦਲ ਤੇ ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਵਾਪਰੇ ਇਸ ਗੋਲੀ ਕਾਂਡ ਵਿਚ ਦੋ ਵਿਅਕਤੀਆਂ ਕ੍ਰਿਸ਼ਨ ਭਗਵਾਨ ਸਿੰਘ ਤੇ ਗੁਰਜੀਤ ਸਿੰਘ ਬਿੱਟੂ ਸਰਾਵਾਂ ਦੀ ਪੁਲਿਸ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਸੀ ਤੇ ਪੁਲਿਸ ਨੇ 'ਅਣਪਛਾਤੇ ਪੁਲਿਸ ਕਰਮਚਾਰੀਆਂ' ਖਿਲਾਫ ਕੇਸ ਦਰਜ ਕੀਤਾ ਸੀ।

ਗੋਲੀਕਾਂਡ ਵੇਲੇ ਪ੍ਰਕਾਸ਼ ਸਿੰਘ ਬਾਦਲ ਸੂਬੇ ਦੇ ਮੁੱਖ ਮੰਤਰੀ ਸਨ ਤੇ ਸੁਖਬੀਰ ਬਾਦਲ ਉਸ ਸਮੇਂ ਗ੍ਰਹਿ ਮੰਤਰੀ ਸਨ। ਪੁਲਿਸ ਨੇ ਉਨ੍ਹਾਂ ਤੋਂ ਸਮੁੱਚੀ ਪ੍ਰਕਿਰਿਆ ਅਤੇ ਘਟਨਾ ਨਾਲ ਸਬੰਧਤ ਸਵਾਲ ਪੁੱਛੇ ਹਨ। ਸਿਟ ਵੱਲੋਂ ਇਹ ਵੀ ਪੁੱਛਿਆ ਗਿਆ ਕਿ ਗ੍ਰਹਿ ਮੰਤਰੀ ਵਜੋਂ ਉਨ੍ਹਾਂ (ਸੁਖਬੀਰ) ਨੂੰ ਇਸ ਗੋਲੀ ਕਾਂਡ ਦੀ ਜਾਣਕਾਰੀ ਕਦੋਂ ਕਿਵੇਂ ਅਤੇ ਕਿਸ ਰਾਹੀਂ ਲੱਗੀ। ਪੁਲਿਸ ਅਧਿਕਾਰੀਆਂ ਨੇ ਪੁੱਛਿਆ ਕਿ ਜਦੋਂ ਗ੍ਰਹਿ ਮੰਤਰੀ ਹੁੰਦਿਆਂ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਬਹਿਬਲ ਕਲਾਂ ਗੋਲੀ ਕਾਂਡ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ ਤਾਂ ਉਸ ਤੋਂ ਬਾਅਦ ਕਿਸ ਤਰ੍ਹਾਂ ਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ। ਪੁਲਿਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਨੇ ਸਿਟ ਵੱਲੋਂ ਕੀਤੇ ਜਿਨ੍ਹਾਂ ਸਵਾਲਾਂ ਦਾ ਜਵਾਬ ਦਿੱਤਾ ਹੈ, ਉਨ੍ਹਾਂ ਦੀ ਪ੍ਰਮਾਣਿਕਤਾ ਦੇਖੀ ਜਾਵੇਗੀ ਤੇ ਪੁਲਿਸ ਦਾ ਰਿਕਾਰਡ ਵੀ ਘੋਖਿਆ ਜਾਵੇਗਾ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਚੱਲ ਰਹੀ ਹੈ।



## ਸਿੱਟ ਨੂੰ ਸਹਿਯੋਗ ਦੇਵਾਂਗਾ: ਸੁਖਬੀਰ

**ਚੰਡੀਗੜ੍ਹ:** ਪੁਲਿਸ ਦੀ ਸਿੱਟ ਅੱਗੇ ਪੇਸ਼ੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਪੰਥ ਤੇ ਪੰਜਾਬ ਨਾਲ ਜੁੜਿਆ ਮਸਲਾ ਹੈ। ਇਸ ਮੁੱਦੇ ਉਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਇਸ ਸੰਵੇਦਨਸ਼ੀਲ ਮੁੱਦੇ ਉਤੇ ਪਹਿਲਾਂ ਵੀ ਜਾਂਚ ਟੀਮ ਨੂੰ ਹਮੇਸ਼ਾ ਸਹਿਯੋਗ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿੱਟ ਵੱਲੋਂ ਜੋ ਵੀ ਜਾਣਕਾਰੀ ਮੰਗੀ ਗਈ ਸੀ, ਉਹ ਪੂਰੀ ਤਰ੍ਹਾਂ ਮੁਹੱਈਆ ਕਰਵਾ ਦਿੱਤੀ ਗਈ ਹੈ। ਸ੍ਰੀ ਬਾਦਲ ਨੇ ਕਿਹਾ ਕਿ ਜੇਕਰ ਜਾਂਚ ਟੀਮ ਨੂੰ ਫਿਰ ਲੋੜ ਹੋਵੇ ਤਾਂ ਫਿਰ ਹਾਜ਼ਰ ਹੋ ਜਾਵਾਂਗਾ।

## ਜਬਰੀ ਧਰਮ ਪਰਿਵਰਤਨ ਕਰਵਾਉਣ ਵਾਲਿਆਂ ਨੂੰ ਸਖਤ ਚਿਤਾਵਨੀ

**ਆਦਮਪੁਰ ਦੋਆਬਾ:** ਪਿੰਡ ਕੰਦੋਲਾ ਵਿਚ ਈਸਾਈ ਪ੍ਰਚਾਰਕ ਔਰਤ ਵੱਲੋਂ ਜਬਰਨ ਧਰਮ ਪਰਿਵਰਤਨ ਕਰਵਾਉਣ ਦੇ ਮਾਮਲੇ ਦੀ ਜਾਂਚ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼ਿਕਾਇਤਕਰਤਾ ਰਾਜਵਿੰਦਰ ਕੌਰ ਦੇ ਘਰ ਪਹੁੰਚੇ।

ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜਬਰੀ ਧਰਮ ਪਰਿਵਰਤਨ ਕਰਵਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹੁਣ ਇਹ ਸਾਰਾ ਮਾਮਲਾ ਐਸ.ਜੀ.ਪੀ.ਸੀ. ਖੁਦ ਆਪਣੇ ਧਿਆਨ ਵਿਚ ਰੱਖੇਗੀ ਤੇ ਇਸ ਮਾਮਲੇ ਦੀ ਦੇਖਰੇਖ ਐਸ.ਜੀ.ਪੀ.ਸੀ. ਦੇ ਐਡਵੋਕੇਟ ਵੱਲੋਂ ਕੀਤੀ ਜਾਵੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਮਾਮਲੇ ਵਿਚ ਪਿੰਡ ਵਾਸੀਆਂ ਦੀ ਸ਼ਿਕਾਇਤ ਮਗਰੋਂ ਆਦਮਪੁਰ ਥਾਣੇ ਦੀ ਪੁਲਿਸ ਵੱਲੋਂ ਮੁਲਜ਼ਮ ਔਰਤ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ, ਜਿਸ ਮਗਰੋਂ ਉਸ ਨੂੰ ਜੇਲ੍ਹ ਭੇਜ ਦਿੱਤਾ ਹੈ।

# ਨਵਾਬ ਰਾਏ ਬੁਲਾਰ ਤੇ ਬਲਵਿੰਦਰ ਜਟਾਣਾ ਦੀਆਂ ਤਸਵੀਰ ਸਿੱਖ ਅਜਾਇਬਘਰ 'ਚ ਲਾਈਆਂ

**ਅੰਮ੍ਰਿਤਸਰ:** ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸ਼ਰਧਾਲੂ ਨਵਾਬ ਰਾਏ ਬੁਲਾਰ ਅਹਿਮਦ ਭੱਟੀ ਦੀ ਤਸਵੀਰ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬਘਰ ਵਿਚ ਸਥਾਪਤ ਕੀਤੀ ਗਈ ਹੈ।

ਵੀਜ਼ਾ ਨਾ ਮਿਲਣ ਕਾਰਨ ਭੱਟੀ ਪਰਿਵਾਰ ਦੇ ਮੈਂਬਰ ਸਮਾਗਮ ਵਿਚ ਸ਼ਾਮਲ ਨਹੀਂ ਹੋ ਸਕੇ। ਐਸ.ਵਾਈ.ਐਲ. ਨਹਿਰ ਰਾਹੀਂ ਪੰਜਾਬ ਦਾ ਪਾਣੀ ਬਾਹਰ ਜਾਣ ਤੋਂ ਰੋਕਣ ਲਈ ਕਾਰਵਾਈ ਕਰਨ ਵਾਲੇ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਤਸਵੀਰ ਵੀ ਕੇਂਦਰੀ ਸਿੱਖ ਅਜਾਇਬਘਰ ਵਿਚ ਸਥਾਪਤ ਕੀਤੀ ਗਈ ਹੈ। ਇਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜੋਗਿੰਦਰ ਸਿੰਘ ਪੰਜਰਥ ਅਤੇ ਹਰਿੰਦਰ ਸਿੰਘ ਰਾਣੀਆਂ ਦੀਆਂ ਤਸਵੀਰਾਂ ਵੀ ਲਗਾਈਆਂ ਗਈਆਂ ਹਨ। ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਨੇ ਨਿਭਾਈ।

ਸਮਾਗਮ ਵਿਚ ਨਵਾਬ ਰਾਏ ਬੁਲਾਰ ਅਹਿਮਦ ਭੱਟੀ ਦੇ ਪਰਿਵਾਰਕ ਜੀਆਂ ਨੂੰ ਛੱਡ ਕੇ ਬਾਕੀ ਤਿੰਨ ਸ਼ਖਸੀਅਤਾਂ, ਜਿਨ੍ਹਾਂ ਦੀਆਂ ਤਸਵੀਰਾਂ ਸਥਾਪਤ ਕੀਤੀਆਂ ਗਈਆਂ ਹਨ, ਦੇ ਪਰਿਵਾਰਕ ਮੈਂਬਰ ਹਾਜ਼ਰ ਸਨ। ਰਾਏ ਬੁਲਾਰ ਅਹਿਮਦ ਭੱਟੀ ਦੇ ਵੰਸ਼ ਵਿਚੋਂ 19ਵੀਂ ਪੀੜ੍ਹੀ ਵਿਚੋਂ ਰਾਏ ਸਲੀਮ ਭੱਟੀ ਨੇ ਲਾਹੌਰ ਤੋਂ ਇਕ ਵੀਡੀਓ ਸੁਨੇਹੇ ਰਾਹੀਂ ਸਿੱਖ ਜਗਤ ਤੇ ਸ਼੍ਰੋਮਣੀ ਕਮੇਟੀ ਦਾ ਇਸ ਕਾਰਜ ਲਈ ਸ਼ੁਕਰੀਆ ਕੀਤਾ ਹੈ। ਰਾਏ ਸਲੀਮ ਭੱਟੀ ਲਾਹੌਰ ਵਿਚ ਹਾਈ ਕੋਰਟ ਦੇ ਵਕੀਲ ਹਨ। ਉਨ੍ਹਾਂ ਦੱਸਿਆ ਕਿ ਸਮਾਗਮ ਵਿਚ ਸ਼ਾਮਲ ਹੋਣ ਲਈ ਵੀਜ਼ੇ ਵਾਸਤੇ ਅਪਲਾਈ ਕੀਤਾ ਸੀ, ਪਰ ਵੀਜ਼ਾ ਨਹੀਂ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ 2018, 2019 ਅਤੇ 2022 ਵਿਚ ਤਿੰਨ ਵਾਰ ਵੀਜ਼ੇ ਲਈ ਉਹ ਅਪਲਾਈ ਕਰ ਚੁੱਕੇ ਹਨ, ਪਰ ਹਰ ਵਾਰ ਵੀਜ਼ਾ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਭੱਟੀ ਪਰਿਵਾਰ ਦੇ ਬਜ਼ੁਰਗ ਰਾਏ ਬੁਲਾਰ ਭੱਟੀ ਅਜਿਹੇ ਪਹਿਲੇ ਮੁਸਲਮਾਨ ਸ਼ਖਸ ਸਨ, ਜਿਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਅੰਦਰ ਗੁਰੂ ਰੂਪੀ ਰੱਬੀ ਜੋਤ ਨੂੰ ਪਛਾਣਿਆ ਸੀ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਸਥਾਪਤ ਕਰਕੇ 550 ਸਾਲਾਂ ਦੀ ਪਰਿਵਾਰ ਦੀ ਸਿੱਖ ਧਰਮ ਨਾਲ ਸਾਂਝ ਨੂੰ ਤਾਜ਼ਾ ਕੀਤਾ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਤਰਾਜ਼ ਜਤਾਇਆ ਕਿ ਸ਼੍ਰੋਮਣੀ ਕਮੇਟੀ ਨੇ ਨਵਾਬ ਰਾਏ ਬੁਲਾਰ ਦੀ ਤਸਵੀਰ ਲਗਾਉਣ ਲਈ ਉਨ੍ਹਾਂ ਦੇ ਵੰਸ਼ਜਾਂ ਨੂੰ ਕਈ ਵਾਰ ਸੱਦਾ ਭੇਜਿਆ, ਪਰ ਵੀਜ਼ਾ ਨਾ ਦਿੱਤੇ ਜਾਣ ਕਰਕੇ ਉਹ ਸ਼ਾਮਲ ਨਹੀਂ ਹੋ ਸਕੇ। ਭਾਈ ਬਲਵਿੰਦਰ ਸਿੰਘ ਜਟਾਣਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਉਸ ਨੂੰ ਪੰਜਾਬ ਦੇ ਪਾਣੀਆਂ ਦਾ ਰਖਵਾਲਾ ਦੱਸਿਆ। ਉਨ੍ਹਾਂ ਕਿਹਾ ਕਿ ਇਸ ਸੰਘਰਸ਼ੀ ਯੋਧੇ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਸਤਲੁਜ ਯਮੁਨਾ ਲਿੰਕ ਨਹਿਰ ਦਾ ਕਰੜਾ ਵਿਰੋਧ ਕੀਤਾ ਸੀ।



## ਸ਼੍ਰੋਮਣੀ ਕਮੇਟੀ ਦਾ ਉਪਰਾਲਾ ਸ਼ਲਾਘਾਯੋਗ: ਕੰਵਰਪਾਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਜਥੇਬੰਦੀ ਬੱਬਰ ਖਾਲਸਾ ਨਾਲ ਸਬੰਧਤ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਸਥਾਪਤ ਕੀਤੇ ਜਾਣ ਸਮੇਂ ਸਮਾਗਮ ਵਿਚ ਸ਼ਾਮਲ ਦਲ ਖਾਲਸਾ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਸਥਾਪਿਤ ਕਰਨ ਦਾ ਸ਼੍ਰੋਮਣੀ ਕਮੇਟੀ ਦਾ ਉਪਰਾਲਾ ਸ਼ਲਾਘਾਯੋਗ ਹੈ।

# 'ਖਾਲਿਸਤਾਨ ਬਾਰੇ ਦੂਜੀ ਵਾਰ ਰਾਇਸ਼ੁਮਾਰੀ' ਉਤੇ ਭੜਕਿਆ ਭਾਰਤ

## ਕੈਨੇਡਾ ਦੀ ਸਰਕਾਰ ਕੋਲ ਸਖਤ ਰੋਸ ਦਰਜ ਕਰਾਇਆ

**ਨਵੀਂ ਦਿੱਲੀ:** ਕੈਨੇਡਾ ਵਿਚ ਵੱਖਵਾਦੀਆਂ ਵੱਲੋਂ ਛੇ ਨਵੰਬਰ ਨੂੰ 'ਖਾਲਿਸਤਾਨ ਬਾਰੇ ਦੂਜੀ ਵਾਰ ਰਾਇਸ਼ੁਮਾਰੀ' ਕਰਾਉਣ ਦੀ ਯੋਜਨਾ ਦਾ ਮਾਮਲਾ ਭਾਰਤ ਨੇ ਉਥੋਂ ਦੀ ਸਰਕਾਰ ਕੋਲ ਉਠਾਇਆ ਹੈ। ਭਾਰਤੀ ਕੂਟਨੀਤਕਾਂ ਨੇ ਇਸ ਬਾਰੇ ਕੈਨੇਡਾ ਸਰਕਾਰ ਦੇ ਅਧਿਕਾਰੀਆਂ ਨਾਲ ਵਿਸਤਾਰ 'ਚ ਚਰਚਾ ਕੀਤੀ ਹੈ ਤੇ ਰੋਸ ਦਰਜ ਕਰਾਇਆ ਹੈ।

ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਇਹ ਮੁੱਦਾ ਨਵੀਂ ਦਿੱਲੀ ਸਥਿਤ ਕੈਨੇਡਾ ਦੇ ਦੂਤਾਵਾਸ ਤੇ ਓਟਵਾ ਵਿਚ ਵੀ ਉਠਾਇਆ ਹੈ। ਦੱਸਣਯੋਗ ਹੈ ਕਿ 'ਸਿੱਖਸ ਫਾਰ ਜਸਟਿਸ' (ਐਸ.ਐਫ.ਜੇ.) ਨੇ ਇਹ ਰਾਇਸ਼ੁਮਾਰੀ (ਰੈਫਰੈਂਡਮ) ਕਰਾਉਣ ਦਾ ਐਲਾਨ ਕੀਤਾ ਹੈ। ਇਸ ਜਥੇਬੰਦੀ 'ਤੇ ਭਾਰਤ ਵਿਚ ਪਾਬੰਦੀ ਲੱਗੀ ਹੋਈ ਹੈ। ਹਾਲ ਹੀ ਵਿਚ ਇੰਟਰਪੋਲ ਨੇ ਐਸ.ਐਫ.ਜੇ. ਦੇ ਗੁਰਪਤਵੰਤ ਸਿੰਘ ਪੰਨੂ ਖਿਲਾਫ ਰੈੱਡ ਕਾਰਨਰ ਨੋਟਿਸ ਜਾਰੀ ਕਰਨ ਬਾਰੇ ਭਾਰਤ ਦੀ ਬੇਨਤੀ ਖਾਰਜ ਕਰ ਦਿੱਤੀ ਸੀ। ਵੱਖਵਾਦੀ ਆਗੂ ਪੰਨੂ ਖਿਲਾਫ ਪੰਜਾਬ ਵਿਚ ਦੇਸ਼ ਧ੍ਰੋਹ ਦੇ ਤਿੰਨ ਕੇਸਾਂ ਸਣੇ ਕੁੱਲ 22 ਕੇਸ ਦਰਜ ਹਨ। ਕੇਂਦਰ




ਸਰਕਾਰ ਨੇ ਸਾਲ 2019 ਵਿਚ ਅਮਰੀਕਾ ਅਧਾਰਿਤ ਐਸ.ਐਫ.ਜੇ. ਉਤੇ ਪਾਬੰਦੀ ਲਾਉਂਦਿਆਂ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ ਤਹਿਤ ਪੰਨੂ ਦਾ ਨਾਮ 'ਮਨੋਨੀਤ ਦਹਿਸ਼ਤਗਰਦਾਂ' ਦੀ ਸੂਚੀ ਵਿਚ ਪਾ ਦਿੱਤਾ ਸੀ। ਵੇਰਵਿਆਂ ਮੁਤਾਬਕ ਖਾਲਿਸਤਾਨੀ ਵੱਖਵਾਦੀ ਰਾਇਸ਼ੁਮਾਰੀ ਦੇ ਪ੍ਰਚਾਰ ਲਈ ਪੂਰਾ ਜ਼ੋਰ ਲਾ ਰਹੇ ਹਨ। ਭਾਰਤ ਪਹਿਲਾਂ ਵੀ ਇਸ ਉਤੇ ਇਤਰਾਜ਼ ਜ਼ਾਹਿਰ ਕਰ ਚੁੱਕਾ ਹੈ। ਭਾਰਤ ਨੇ ਨਾਲ ਹੀ ਕਿਹਾ ਸੀ ਕਿ ਇਕ ਮਿੱਤਰ ਮੁਲਕ ਵਿਚ ਅਜਿਹਾ ਹੋਣਾ ਮਾੜਾ ਹੈ।

ਪਿਛਲੇ ਮਹੀਨੇ ਹੋਏ ਰੈਫਰੈਂਡਮ ਤੋਂ ਬਾਅਦ ਵਿਦੇਸ਼ ਮੰਤਰਾਲਾ ਲਗਾਤਾਰ ਇਸ ਮੁੱਦੇ ਨੂੰ ਉਭਾਰ ਰਿਹਾ ਹੈ। ਭਾਰਤ ਨੇ ਆਸ ਜਤਾਈ ਹੈ ਕਿ ਭਵਿੱਖ ਵਿਚ ਅਜਿਹੀਆਂ ਗਤੀਵਿਧੀਆਂ ਨਹੀਂ ਹੋਣਗੀਆਂ। ਕੈਨੇਡਾ ਵਿਚ ਭਾਰਤ-ਵਿਰੋਧੀ ਗਤੀਵਿਧੀਆਂ ਵਧਣ ਉਤੇ ਵਿਦੇਸ਼ ਮੰਤਰਾਲੇ ਨੇ ਚਿਤਾਵਨੀ ਵੀ ਜਾਰੀ ਕੀਤੀ ਸੀ।

## ਵਿਦੇਸ਼ ਮੰਤਰੀ ਦੇ ਬਿਆਨ ਦਾ ਦਲ ਖਾਲਸਾ ਵੱਲੋਂ ਵਿਰੋਧ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਦਲ ਖਾਲਸਾ ਨੇ ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਦੇ ਕੈਨੇਡਾ ਵਿਚ ਵੱਸਦੇ ਖਾਲਿਸਤਾਨੀਆਂ ਵਿਰੁੱਧ ਇਲਜ਼ਾਮਾਂ ਨੂੰ ਬੇਬੁਨਿਆਦ ਤੇ ਲੋਕਤੰਤਰ ਦੀ ਭਾਵਨਾ ਦੇ ਉਲਟ ਦੱਸਦਿਆਂ ਦੋਸ਼ ਲਾਇਆ ਕਿ ਕੈਨੇਡਾ ਅੰਦਰ ਲੋਕਤੰਤਰ ਸਹੀ ਅਰਥਾਂ ਵਿਚ ਮੌਜੂਦ ਹੈ ਜਦਕਿ ਭਾਰਤ 'ਚ ਜਮਹੂਰੀਅਤ ਮਹਿਜ ਕਾਗ਼ਜ਼ਾਂ ਤੱਕ ਸੀਮਤ ਹੈ। ਦਲ ਖਾਲਸਾ ਵੱਲੋਂ ਇਹ ਟਿੱਪਣੀ ਜੈਸ਼ੰਕਰ ਦੇ ਉਸ ਬਿਆਨ ਦੇ ਜੁਆਬ ਵਿਚ ਆਈ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਕੈਨੇਡਾ 'ਚ ਖਾਲਿਸਤਾਨ ਦੇ ਸਮਰਥਕ ਬੋਲਣ ਦੀ ਆਜ਼ਾਦੀ ਦੇ ਹੱਕ ਦਾ ਗਲਤ ਫਾਇਦਾ ਉਠਾ ਰਹੇ ਹਨ। ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਤੇ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਖਾਲਿਸਤਾਨੀ ਸਮਰਥਕ ਕੈਨੇਡਾ ਵਿਚ ਬਿਨਾਂ ਕਿਸੇ ਖੌਫ ਦੇ ਬੋਲਣ ਦੀ ਆਜ਼ਾਦੀ ਦਾ ਯੋਗ ਇਸਤੇਮਾਲ ਕਰ ਰਹੇ ਹਨ ਜਦਕਿ ਭਾਰਤ 'ਚ ਆਜ਼ਾਦੀ ਮੰਗਣ ਵਾਲਿਆਂ ਨੂੰ ਇਸ ਹੱਕ ਤੋਂ ਵਾਂਝਿਆਂ ਰਹਿਣਾ ਪੈ ਰਿਹਾ ਹੈ।

## ਗੁਰਪਤਵੰਤ ਸਿੰਘ ਪੰਨੂ ਖਿਲਾਫ ਮੰਗ ਇੰਟਰਪੋਲ ਵੱਲੋਂ ਖਾਰਜ

**ਨਵੀਂ ਦਿੱਲੀ:** ਇੰਟਰਪੋਲ ਨੇ ਖਾਲਿਸਤਾਨ ਹਮਾਇਤੀ ਜਥੇਬੰਦੀ 'ਸਿੱਖਸ ਫਾਰ ਜਸਟਿਸ' (ਐਸ.ਐਫ.ਜੇ.) ਦੇ ਬਾਨੀ ਗੁਰਪਤਵੰਤ ਸਿੰਘ ਪੰਨੂ ਖਿਲਾਫ ਰੈੱਡ ਕਾਰਨਰ ਨੋਟਿਸ ਜਾਰੀ ਕੀਤੇ ਜਾਣ ਦੀ ਭਾਰਤ ਦੀ ਮੰਗ ਦੂਜੀ ਵਾਰ ਰੱਦ ਕਰ ਦਿੱਤੀ ਹੈ। ਇੰਟਰਪੋਲ ਨੇ ਕਿਹਾ ਕਿ ਭਾਰਤੀ ਅਥਾਰਿਟੀਜ਼ ਆਪਣੀ ਮੰਗ ਦੀ ਹਮਾਇਤ ਵਿਚ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਉਣ 'ਚ ਨਾਕਾਮ ਰਹੀਆਂ ਹਨ। ਸੂਤਰਾਂ ਮੁਤਾਬਕ ਇੰਟਰਪੋਲ ਨੇ ਰੈੱਡ ਕਾਰਨਰ ਨੋਟਿਸ ਵਿਚ ਦਿੱਤੇ ਯੂ.ਏ.ਪੀ.ਏ. ਦੇ ਹਵਾਲੇ ਉਤੇ ਵੀ ਉਜ਼ਰ ਜਤਾਇਆ ਹੈ।

# ਆਨੰਦਪੁਰ ਸਾਹਿਬ ਵਿਚ 'ਵੰਦੇ ਭਾਰਤ ਐਕਸਪ੍ਰੈੱਸ' ਦਾ ਭਰਵਾਂ ਸਵਾਗਤ

**ਸ੍ਰੀ ਆਨੰਦਪੁਰ ਸਾਹਿਬ:** ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਊਨਾ ਤੇ ਨਵੀਂ ਦਿੱਲੀ ਦਰਮਿਆਨ ਸ਼ੁਰੂ ਹੋਈ ਰੇਲ ਗੱਡੀ 'ਵੰਦੇ ਭਾਰਤ ਐਕਸਪ੍ਰੈੱਸ' ਦਾ ਆਨੰਦਪੁਰ ਸਾਹਿਬ ਦੇ ਸਟੇਸ਼ਨ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਰੇਲ ਗੱਡੀ ਨੂੰ ਊਨਾ ਤੋਂ ਪ੍ਰਧਾਨ ਮੰਤਰੀ ਮੋਦੀ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਸੀ, ਜਿਸ 'ਚ ਕੇਂਦਰੀ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਸਵਾਰ ਸਨ।

ਇਸ ਰੇਲ ਗੱਡੀ ਦਾ ਸ੍ਰੀ ਆਨੰਦਪੁਰ ਸਾਹਿਬ ਪੁੱਜਣ ਉਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਕੌਮੀ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਤੇ ਹੋਰ ਆਗੂਆਂ ਨੇ ਸਵਾਗਤ ਕੀਤਾ।

ਇਹ ਆਗੂ ਇਥੋਂ ਰੇਲ ਵਿਚ ਸਵਾਰ ਹੋ ਕੇ ਨਵੀਂ ਦਿੱਲੀ ਪੁੱਜੇ। ਭਾਜਪਾ ਆਗੂਆਂ ਨੇ ਕੇਂਦਰ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਸ੍ਰੀ ਲਾਲਪੁਰਾ ਤੇ ਅਸ਼ਵਨੀ ਸ਼ਰਮਾ ਨੇ ਇਸ ਰੇਲ ਨੂੰ ਚਲਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਪੂਰੀ ਕੈਬਨਿਟ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਰੇਲ ਗੱਡੀ ਪੰਜਾਬ ਦੇ ਆਮ ਲੋਕਾਂ ਅਤੇ ਵਪਾਰੀਆਂ ਲਈ ਕਾਫੀ ਲਾਹੇਵੰਦ ਸਾਬਤ ਹੋਵੇਗੀ। ਇਸ ਰੇਲ ਗੱਡੀ ਨੂੰ ਦੇਖਣ ਲਈ ਰੇਲਵੇ ਸਟੇਸ਼ਨ 'ਤੇ ਲੋਕਾਂ ਦੀ ਕਾਫੀ ਭੀੜ ਸੀ।

# ਗਰੀਨ ਪਟਾਕੇ ਚਲਾਉਣ ਦੀ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਦੀਵਾਲੀ ਤੇ ਗੁਰਪੁਰਬ ਮੌਕੇ ਸੂਬੇ 'ਚ ਪ੍ਰਦੂਸ਼ਣ ਰਹਿਤ ਪਟਾਕੇ ਚਲਾਉਣ ਲਈ ਦੋ ਘੰਟੇ ਦਾ ਸਮਾਂ ਦੇਣ ਦਾ ਐਲਾਨ ਕੀਤਾ ਹੈ। ਵਾਤਾਵਰਣ, ਸਾਇੰਸ ਤੇ ਤਕਨਾਲੋਜੀ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਦੀਵਾਲੀ ਸਮੇਤ ਹੋਰ ਤਿਉਹਾਰਾਂ ਮੌਕੇ ਲੋਕਾਂ ਦੀਆਂ ਭਾਵਨਾਵਾਂ ਤੇ ਸੁਪਰੀਮ ਕੋਰਟ ਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਨੂੰ ਧਿਆਨ ਵਿਚ ਰੱਖ ਕੇ ਇਹ ਫੈਸਲਾ ਲਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਦੀਵਾਲੀ ਵਾਲੇ ਦਿਨ 24 ਅਕਤੂਬਰ ਨੂੰ ਸੂਬੇ ਵਿਚ ਦੋ ਘੰਟੇ ਰਾਤ 8 ਤੋਂ 10 ਵਜੇ ਤੱਕ ਹੀ ਪਟਾਕੇ ਚਲਾਏ ਜਾ ਸਕਣਗੇ। ਇਸ ਦੇ ਨਾਲ ਹੀ ਸਿਰਫ ਗਰੀਨ ਪਟਾਕਿਆਂ ਦੀ ਖਰੀਦ-ਵੇਚ ਤੇ ਚਲਾਏ ਜਾਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਲਿਥੀਅਮ, ਬੇਰੀਅਮ ਆਦਿ ਜ਼ਹਿਰੀਲੇ ਰਸਾਇਣਾਂ ਵਾਲੇ ਪਟਾਕੇ ਤੇ ਲੜੀ ਵਾਲੇ ਪਟਾਕਿਆਂ 'ਤੇ ਪਾਬੰਦੀ ਰਹੇਗੀ। ਇਸ ਤੋਂ ਇਲਾਵਾ ਅਧਿਕਾਰਤ ਥਾਵਾਂ 'ਤੇ ਹੀ ਪਟਾਕਿਆਂ ਦੀ ਖਰੀਦ-ਵੇਚ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਕਿਹਾ ਕਿ 8 ਨਵੰਬਰ ਨੂੰ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਵੀ ਸਵੇਰੇ 4 ਤੋਂ 5 ਵਜੇ ਤੱਕ ਇਕ ਘੰਟਾ ਅਤੇ ਰਾਤ 9 ਤੋਂ 10 ਵਜੇ ਤੱਕ ਇਕ ਘੰਟਾ ਪਟਾਕੇ ਚਲਾਏ ਜਾਣ ਦੀ ਇਜਾਜ਼ਤ ਹੋਵੇਗੀ। 25-26 ਦਸੰਬਰ ਨੂੰ ਕ੍ਰਿਸਮਿਸ ਦੀ ਅੱਧੀ ਰਾਤ 11.55 ਤੋਂ 12.30 ਤੱਕ 35 ਮਿੰਟ ਅਤੇ ਨਵੇਂ ਵਰ੍ਹੇ ਦੀ ਆਮਦ ਮੌਕੇ 31 ਦਸੰਬਰ-1 ਜਨਵਰੀ ਦੀ ਅੱਧੀ ਰਾਤ 11.55 ਤੋਂ 12.30 ਤੱਕ 35 ਮਿੰਟ ਪਟਾਕੇ ਚਲਾਏ ਜਾਣ ਦੀ ਇਜਾਜ਼ਤ ਹੋਵੇਗੀ।

# ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ 'ਚ ਉਤਸ਼ਾਹ

**ਅੰਮ੍ਰਿਤਸਰ:** ਪੰਜਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਮੌਕੇ ਪਾਕਿਸਤਾਨ ਜਾਣ ਵਾਲੇ ਭਾਰਤੀ ਸ਼ਰਧਾਲੂਆਂ ਦੀ ਗਿਣਤੀ 500 ਤੱਕ ਹੋਣ ਦੀ ਸੰਭਾਵਨਾ ਹੈ। ਸ਼੍ਰੋਮਣੀ ਕਮੇਟੀ ਸ਼ਤਾਬਦੀ ਸਬੰਧੀ ਪਾਕਿਸਤਾਨ ਸਥਿਤ ਹਸਨ ਅਬਦਾਲ ਵਿਖੇ ਗੁਰਦੁਆਰਾ ਪੰਜਾ ਸਾਹਿਬ ਵਿਚ ਮੁੱਖ ਸਮਾਗਮ 30 ਅਕਤੂਬਰ ਨੂੰ ਕਰ ਰਹੀ ਹੈ।

ਸ਼ਤਾਬਦੀ ਸਮਾਗਮਾਂ ਦੇ ਪ੍ਰੋਗਰਾਮ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਵਿਚ ਇਸ ਸ਼ਤਾਬਦੀ ਸਬੰਧੀ ਦੋ ਪ੍ਰੋਗਰਾਮ ਗੁਰਦੁਆਰਾ ਪੰਜਾ ਸਾਹਿਬ ਤੇ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ ਕੀਤੇ ਜਾਣੇ ਹਨ। ਸ਼੍ਰੋਮਣੀ ਕਮੇਟੀ ਦੇ ਯਾਤਰਾ ਵਿਭਾਗ ਦੇ ਇੰਚਾਰਜ ਰਾਜਿੰਦਰ ਸਿੰਘ ਰੂਬੀ ਨੇ ਦੱਸਿਆ ਕਿ ਲਗਭਗ ਦੋ ਸੌ ਸ਼ਰਧਾਲੂਆਂ ਨੂੰ ਭੇਜਣ ਦੀ ਯੋਜਨਾ ਸੀ ਤੇ ਕਮੇਟੀ ਨੇ 150 ਤੋਂ ਵੱਧ ਸ਼ਰਧਾਲੂਆਂ ਦੇ ਪਾਸਪੋਰਟ, ਵੀਜ਼ੇ ਲਈ ਪਾਕਿ ਸਫ਼ਾਰਤਖਾਨੇ ਕੋਲ ਭੇਜੇ ਹਨ। ਸ਼੍ਰੋਮਣੀ ਕਮੇਟੀ ਤੋਂ ਇਲਾਵਾ ਇਸ ਸ਼ਹੀਦੀ ਸਾਕੇ ਦੀ ਸ਼ਤਾਬਦੀ ਵਿਚ ਸ਼ਾਮਲ ਹੋਣ ਲਈ ਦਿੱਲੀ ਕਮੇਟੀ ਅਤੇ ਦਿੱਲੀ ਅਕਾਲੀ ਦਲ ਤੇ ਪਰਮਜੀਤ ਸਿੰਘ ਸਰਨਾ ਵੱਲੋਂ ਵੀ ਸ਼ਰਧਾਲੂਆਂ ਦੇ ਜਥੇ ਭੇਜੇ ਜਾ ਰਹੇ ਹਨ ਜਦਕਿ ਕੁਝ ਹੋਰ ਸਿੱਖ ਜਥੇਬੰਦੀਆਂ ਵੱਲੋਂ ਵੀ ਸ਼ਰਧਾਲੂਆਂ ਦੇ ਪਾਸਪੋਰਟ ਪਾਕਿਸਤਾਨੀ ਸਫ਼ਾਰਤਖਾਨੇ ਨੂੰ ਭੇਜੇ ਗਏ ਹਨ।

# ਯੂ.ਜੀ.ਸੀ. ਨੈੱਟ ਪ੍ਰੀਖਿਆ 'ਚ ਸਿੱਖ ਕੁੜੀ ਦਾ ਕੜਾ ਲੁਹਾਉਣ 'ਤੇ ਵਿਵਾਦ

**ਜ਼ੀਰਕਪੁਰ:** ਵਕੌਲੀ ਖੇਤਰ ਦੇ ਡੀ.ਪੀ.ਐਸ. ਵਰਲਡ ਸਕੂਲ ਵਿਚ ਯੂ.ਜੀ.ਸੀ. ਨੈੱਟ ਦੀ ਪ੍ਰੀਖਿਆ ਦੌਰਾਨ ਉਸ ਸਮੇਂ ਮਾਹੌਲ ਤਣਾਅਪੂਰਨ ਹੋ ਗਿਆ, ਜਦੋਂ ਪ੍ਰਬੰਧਕਾਂ ਵੱਲੋਂ ਇਕ ਸਿੱਖ ਕੁੜੀ ਨੂੰ ਕੜਾ ਉਤਾਰ ਕੇ ਪ੍ਰੀਖਿਆ ਦੇਣ ਲਈ ਕਿਹਾ ਗਿਆ। ਕੁੜੀ ਦੇ ਮਾਪਿਆਂ ਵੱਲੋਂ ਵਿਰੋਧ ਕਰਨ ਉਤੇ ਜਦੋਂ ਮਾਮਲਾ ਭਖਣ ਲੱਗਿਆ ਤਾਂ ਪ੍ਰਬੰਧਕਾਂ ਨੇ ਪ੍ਰੀਖਿਆ ਦੇਣ ਦੀ ਇਜਾਜ਼ਤ ਦਿੱਤੀ।

ਯੂ.ਜੀ.ਸੀ. ਨੈੱਟ ਦੀ ਪ੍ਰੀਖਿਆ ਉਕਤ ਸਕੂਲ ਵਿਚ ਲਈ ਜਾ ਰਹੀ ਸੀ। ਪ੍ਰਬੰਧਕਾਂ ਵੱਲੋਂ ਪ੍ਰੀਖਿਆ ਹਾਲ ਵਿਚ ਜਾਣ ਤੋਂ ਪਹਿਲਾਂ ਸਾਰੇ ਵਿਦਿਆਰਥੀਆਂ ਨੂੰ ਆਪਣੇ ਗਹਿਣੇ, ਬੈਲਟ ਤੇ ਕੜਾ ਉਤਾਰ ਕੇ ਅੰਦਰ ਜਾਣ ਦੀ ਹਦਾਇਤ ਕੀਤੀ ਗਈ। ਇਸ ਦੌਰਾਨ ਮਨਸਿਮਰਨ ਕੌਰ ਨਾਂ ਦੀ ਵਿਦਿਆਰਥਣ ਨੇ ਕੜਾ ਉਤਾਰਨ ਤੋਂ ਇਨਕਾਰ ਕਰ ਦਿੱਤਾ। ਉਸ ਦੇ ਨਾਲ ਆਏ ਉਸ ਦੇ ਪਿਤਾ ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਐਨ.ਜੀ.ਓ. ਲੁਧਿਆਣਾ ਦੇ ਡਾਇਰੈਕਟਰ ਤੇਜਿੰਦਰ ਸਿੰਘ ਨੇ ਇਸ ਦਾ ਵਿਰੋਧ ਕੀਤਾ। ਇਸੇ ਦੌਰਾਨ ਉਥੇ ਆਏ ਹੋਰ ਸਿੱਖ ਬੱਚਿਆਂ ਦੇ ਮਾਪੇ ਵੀ ਉਨ੍ਹਾਂ ਦੇ ਹੱਕ ਵਿਚ ਆ ਨਿੱਤਰੇ। ਇਸ ਮਗਰੋਂ ਲੜਕੀ ਨੂੰ ਪ੍ਰੀਖਿਆ ਸੈਂਟਰ ਵਿਚ ਦਾਖਲ ਹੋਣ ਦਿੱਤਾ ਗਿਆ ਪਰ ਪ੍ਰਬੰਧਕਾਂ ਨੇ ਇਸ ਮੌਕੇ ਇਕ ਅਰਜ਼ੀ ਦੇਣ ਲਈ ਕਿਹਾ ਕਿ ਜੇਕਰ ਉਸ ਦੀ ਪ੍ਰੀਖਿਆ ਰੱਦ ਹੁੰਦੀ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗੀ। ਲੜਕੀ ਦੇ ਪਿਤਾ ਤੇਜਿੰਦਰ ਸਿੰਘ ਨੇ ਕਿਹਾ ਕਿ ਇੰਟਰਨੈੱਟ 'ਤੇ ਕੋਈ ਵੀ ਅਜਿਹੀ ਹਦਾਇਤ ਨਹੀਂ ਹੈ। ਉਹ ਇਸ ਦੀ ਸ਼ਿਕਾਇਤ ਐਸ.ਜੀ.ਪੀ.ਸੀ. ਤੇ ਹੋਰ ਸਬੰਧਤ ਸੰਸਥਾਵਾਂ ਨੂੰ ਕਰਨਗੇ।

# ਵੱਖਰੀ ਕਮੇਟੀ: ਜਥੇਦਾਰ ਵੱਲੋਂ ਸਿੱਖ ਬੁੱਧੀਜੀਵੀਆਂ ਦੀ ਉਚ ਤਾਕਤੀ ਕਮੇਟੀ ਬਣਾਉਣ ਦੇ ਹੁਕਮ

**ਅੰਮ੍ਰਿਤਸਰ:** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਮਾਮਲੇ ਸਬੰਧੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਇਸ ਸਬੰਧੀ ਪੰਥਕ ਇਕੱਠ ਬੁਲਾਉਣ ਤੋਂ ਪਹਿਲਾਂ ਉਹ ਸਿੱਖ ਵਕੀਲਾਂ ਤੇ ਸਿੱਖ ਬੁੱਧੀਜੀਵੀਆਂ ਦੀ ਇਕ ਉੱਚ ਤਾਕਤੀ ਕਮੇਟੀ ਬਣਾਵੇ, ਜਿਸ ਕੋਲੋਂ ਸ਼੍ਰੋਮਣੀ ਕਮੇਟੀ ਦੀ ਮਜ਼ਬੂਤੀ ਲਈ ਕਾਨੂੰਨੀ, ਧਾਰਮਿਕ ਅਤੇ ਰਾਜਸੀ ਪੱਖ ਤੋਂ ਸਲਾਹ ਲਈ ਜਾਵੇ।

ਸੁਪਰੀਮ ਕੋਰਟ ਵੱਲੋਂ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਲਈ ਐਕਟ ਨੂੰ ਮਾਨਤਾ ਦਿੱਤੇ ਜਾਣ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ ਤੇ ਫੈਸਲੇ ਖਿਲਾਫ ਨਜ਼ਰਸਾਨੀ ਪਟੀਸ਼ਨ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਸਬੰਧੀ 30 ਸਤੰਬਰ ਨੂੰ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਮੀਟਿੰਗ ਵਿਚ ਮਤਾ ਪਾ ਕੇ ਅਪੀਲ ਕੀਤੀ ਗਈ ਸੀ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਕੌਮ ਦੀ ਅਗਵਾਈ ਕਰਨ ਤੇ ਸਮੁੱਚੀ ਕੌਮ ਉਨ੍ਹਾਂ ਦੀ ਅਗਵਾਈ ਹੇਠ ਇਸ ਫੈਸਲੇ ਖਿਲਾਫ ਸੰਘਰਸ਼ ਲੜੇ। ਉਨ੍ਹਾਂ ਨੂੰ ਇਸ ਸਬੰਧੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਸੱਦ ਕੇ ਮਾਮਲਾ ਵਿਚਾਰਨ ਤੇ ਦੇਸ਼ ਵਿਦੇਸ਼ ਦੇ ਸਿੱਖਾਂ ਦਾ ਪੰਥਕ ਇਕੱਠ ਸੱਦਣ ਦੀ ਅਪੀਲ ਵੀ ਕੀਤੀ ਗਈ ਸੀ।



ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਅਪੀਲ ਦੇ ਆਧਾਰ 'ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਇਕ ਪੱਤਰ 'ਚ ਆਖਿਆ ਕਿ ਉਹ ਇਸ ਮਾਮਲੇ ਵਿਚ ਪੰਥਕ ਇਕੱਠ ਸੱਦਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਸਿੱਖ ਵਕੀਲਾਂ ਅਤੇ ਸਿੱਖ ਬੁੱਧੀਜੀਵੀਆਂ ਦੀ ਇਕ ਉੱਚ ਤਾਕਤੀ ਕਮੇਟੀ ਬਣਾਵੇ। ਜਿਸ ਕਮੇਟੀ ਵਿਚ ਵਿਚਾਰ ਕੀਤਾ ਜਾਵੇ ਕਿ ਸ਼੍ਰੋਮਣੀ ਕਮੇਟੀ ਦੀ ਮਜ਼ਬੂਤੀ ਲਈ ਕਾਨੂੰਨੀ, ਧਾਰਮਿਕ ਤੇ ਰਾਜਸੀ ਤੌਰ 'ਤੇ ਕੀ ਕੁਝ ਕੀਤਾ ਜਾ ਸਕਦਾ ਹੈ। ਇਸ ਮਾਮਲੇ ਵਿਚ ਉਚ ਤਾਕਤੀ ਕਮੇਟੀ ਕੋਲੋਂ ਸੁਝਾਅ ਲਏ ਜਾਣ ਜਿਸ ਮਗਰੋਂ ਉਨ੍ਹਾਂ ਸੁਝਾਵਾਂ 'ਤੇ ਅਮਲ ਕਰਨ ਵਾਸਤੇ ਪੰਥਕ ਇਕੱਠ ਸੱਦ ਕੇ ਪੰਥ ਦੀਆਂ ਨਾਮਵਰ ਸੰਪਰਦਾਵਾਂ ਤੇ ਜਥੇਬੰਦੀਆਂ ਕੋਲੋਂ ਪ੍ਰਵਾਨਗੀ ਲਈ ਜਾ ਸਕੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਕਾਨੂੰਨ ਦੀ ਆੜ ਲੈ ਕੇ ਸ਼੍ਰੋਮਣੀ ਕਮੇਟੀ ਦੀ ਅਖੰਡਤਾ ਨੂੰ ਭੰਗ ਕਰਨ ਦੇ ਕੀਤੇ ਜਾ ਰਹੇ ਯਤਨ ਨਿੰਦਣਯੋਗ ਹਨ।

ਇਸ ਮਾਮਲੇ ਨੂੰ ਲੈ ਕੇ ਹਰਿਆਣਾ ਤੇ ਪੰਜਾਬ ਦੇ ਸਿੱਖ ਪਹਿਲਾਂ ਹੀ ਆਪਸ ਵਿੱਚ ਵੰਡੇ ਗਏ ਹਨ। ਹਰਿਆਣਾ ਵਿਚਲੇ ਕੁਝ ਸਿੱਖ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਸਵਾਗਤ ਕਰ ਰਹੇ ਹਨ ਜਦੋਂ ਕਿ ਕੁਝ ਸਿੱਖ ਸ਼੍ਰੋਮਣੀ ਕਮੇਟੀ ਦੇ ਨਾਲ ਹਨ। ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਹਰਿਆਣਾ ਦੇ ਕੁਝ ਸਿੱਖਾਂ ਵਿਚ ਇਸ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਨੂੰ ਲੈ ਕੇ ਆਪਸੀ ਖਾਨਾਜੰਗੀ ਵੀ ਚੱਲ ਰਹੀ ਹੈ।

## ਭਾਜਪਾ ਆਗੂ ਨੇ ਸਿੱਖ ਕੈਦੀਆਂ ਦੀ ਰਿਹਾਈ ਮੰਗੀ

**ਨਵੀਂ ਦਿੱਲੀ:** ਭਾਜਪਾ ਦੇ ਕੌਮੀ ਤਰਜਮਾਨ ਆਰ.ਪੀ. ਸਿੰਘ ਨੇ ਸਜ਼ਾ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਮੰਗੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਤਿਵਾਦ ਦੇ ਕਈ ਕੇਸਾਂ ਵਿਚ ਸਿੱਖ ਕੈਦੀ ਆਪਣੀ ਸਜ਼ਾ ਪੂਰੀ ਕਰਨ ਦੇ ਬਾਵਜੂਦ ਜੇਲ੍ਹਾਂ ਵਿਚ ਹਨ। ਇਕ ਟਵੀਟ ਵਿਚ ਭਾਜਪਾ ਦੇ ਬੁਲਾਰੇ ਨੇ ਕਿਹਾ ਕਿ, 'ਅਤਿਵਾਦ ਦੌਰਾਨ ਦਰਜ ਹੋਏ ਕਈ ਕੇਸਾਂ ਵਿਚ ਸਿੱਖ ਕੈਦੀ ਸਜ਼ਾ ਪੂਰੀ ਕਰਨ ਦੇ ਬਾਵਜੂਦ ਜੇਲ੍ਹਾਂ ਵਿਚ ਹਨ। ਉਨ੍ਹਾਂ ਦੀ ਉਮਰ ਹੋ ਚੁੱਕੀ ਹੈ ਤੇ ਸਮਾਜ ਨੂੰ ਉਨ੍ਹਾਂ ਤੋਂ ਕੋਈ ਖ਼ਤਰਾ ਨਹੀਂ ਹੈ, ਬਲਕਿ ਉਨ੍ਹਾਂ ਨੂੰ ਆਪਣੀਆਂ ਲੋੜਾਂ ਲਈ ਪਰਿਵਾਰ ਦੀ ਮਦਦ ਦੀ ਲੋੜ ਹੈ। ਮੈਂ ਸਾਰੀਆਂ ਰਾਜ ਸਰਕਾਰਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਅਜਿਹੇ ਕੇਸਾਂ ਨੂੰ ਹਮਦਰਦੀ ਨਾਲ ਵਿਚਾਰਨ।'

## ਬੰਦੀ-ਛੋੜ ਮੋਮਬੱਤੀ ਮਾਰਚ 21 ਨੂੰ

**ਅੰਮ੍ਰਿਤਸਰ:** ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨਸ਼ੀਲ ਮਨੁੱਖੀ ਅਧਿਕਾਰ ਸੰਗਠਨ ਵੱਲੋਂ 21 ਅਕਤੂਬਰ ਨੂੰ ਅੰਮ੍ਰਿਤਸਰ ਵਿਚ ਸੂਬਾ ਪੱਧਰੀ ਬੰਦੀ-ਛੋੜ ਮੋਮਬੱਤੀ ਮਾਰਚ ਸ੍ਰੀ ਦਰਬਾਰ ਸਾਹਿਬ ਤੱਕ ਕੱਢਿਆ ਜਾਵੇਗਾ। ਇਸ ਸਬੰਧੀ ਮਨੁੱਖੀ ਅਧਿਕਾਰ ਸੰਗਠਨ ਦੇ ਸੂਬਾਈ ਪ੍ਰਧਾਨ ਬੀਬੀ ਜਸਵਿੰਦਰ ਕੌਰ ਸੋਹਲ ਨੇ ਦੱਸਿਆ ਕਿ ਭਰਾਵਾਂ ਦੇ ਢਾਬੇ ਵਾਲੇ ਚੌਕ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਕੱਢੇ ਜਾ ਰਹੇ ਮੋਮਬੱਤੀ ਮਾਰਚ ਵਿਚ ਬੰਦੀ ਸਿੰਘਾਂ ਦੇ ਪਰਿਵਾਰਕ ਮੈਂਬਰ, ਸਹਿਯੋਗੀ ਸੰਸਥਾਵਾਂ ਤੇ ਬੁੱਧੀਜੀਵੀ ਸ਼ਾਮਲ ਹੋਣਗੇ ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਬੰਦੀ ਸਿੰਘਾਂ ਦੀ ਜਲਦ ਰਿਹਾਈ ਲਈ ਅਰਦਾਸ ਕਰਕੇ ਸਮਾਪਤੀ ਹੋਵੇਗੀ।

# ਮਾਸਟਰ ਕਰਤਾਰ ਸਿੰਘ 'ਰੋਡੇ' ਦਾ ਪਲੇਠਾ ਕਾਵਿ- ਸੰਗ੍ਰਹਿ 'ਏਕਾ ਦੂਆ' ਲੋਕ ਅਰਪਣ

**ਹੇਵਰਡ:** ਬੀਤੇ ਦਿਨੀਂ ਸਰੀ ਕੈਨੇਡਾ ਵਿਖੇ ਮਾਸਟਰ ਕਰਤਾਰ ਸਿੰਘ 'ਰੋਡੇ' ਦਾ ਪਲੇਠਾ ਕਾਵਿ-ਸੰਗ੍ਰਹਿ 'ਏਕਾ ਦੂਆ' ਉਨ੍ਹਾਂ ਦੇ ਪਰਿਵਾਰ ਵਲੋਂ ਬੜੇ ਚਾਅ ਅਤੇ ਹੁਲਾਸ ਨਾਲ ਇਕ ਸਾਹਿਤਕ ਮਿਲਣੀ ਦੌਰਾਨ ਲੋਕ ਅਰਪਣ ਕੀਤਾ ਗਿਆ। ਇਸ ਸਾਹਿਤਕ ਮਿਲਣੀ ਵਿਚ ਹਰਿੰਦਰ ਕੌਰ ਸੋਹੀ ਨੇ ਮੰਚ ਦਾ ਕਾਰਜਭਾਰ ਸੰਭਾਲਦਿਆਂ ਪ੍ਰਧਾਨਗੀ ਮੰਡਲ ਵਿਚ ਨਾਵਲਕਾਰ ਜਰਨੈਲ ਸਿੰਘ ਸੇਖਾ, ਡਾ. ਸਾਧੂ ਸਿੰਘ, ਅਜਮੇਰ ਰੋਡੇ ਅਤੇ ਮਾਸਟਰ ਕਰਤਾਰ ਸਿੰਘ 'ਰੋਡੇ' ਨੂੰ ਸੁਸ਼ੋਭਿਤ ਕੀਤਾ। ਇਸ ਉਪਰੰਤ ਪੁਸਤਕ ਦੀ ਜਾਣ-ਪਛਾਣ ਕਰਵਾਉਂਦਿਆਂ ਹਰਿੰਦਰ ਕੌਰ ਸੋਹੀ ਨੇ ਕਿਹਾ, "ਪਿੰਡ 'ਰੋਡੇ' ਤੋਂ ਲੈ ਕੇ 'ਕੈਨੇਡਾ' ਤੱਕ ਦੇ ਅਨੁਭਵ ਵਾਲੀ ਇਹ ਕਵਿਤਾ ਵੱਖ-ਵੱਖ ਵਿਸ਼ਿਆਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ ਤੇ ਅੱਜ ਦੇ ਸੰਚਾਲਨ ਲਈ ਮੈਂ ਸਿਰਫ਼ 'ਏਕਾ ਦੂਆ' ਪੁਸਤਕ ਵਿਚਲੇ ਸ਼ਿਅਰ ਹੀ ਬੋਲਾਂਗੀ।'















ਪ੍ਰੋ. ਹਰਿੰਦਰਜੀਤ ਸਿੰਘ ਸੰਧੂ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਆਪਣੇ ਪਿਤਾ ਜੀ ਦੀ ਪੁਸਤਕ ਵਿਚੋਂ 'ਸੱਚੋ-ਸੱਚ' ਕਵਿਤਾ ਹਾਜ਼ਰ ਸਰੋਤਿਆਂ ਨਾਲ ਸਾਂਝੀ ਕੀਤੀ। ਮੇਜਰ ਸਿੰਘ ਰੰਧਾਵਾ (ਡਾ.) ਨੇ ਪੁਸਤਕ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਸ ਸੰਗ੍ਰਹਿ ਦੀ ਬਹੁਤੀ ਕਵਿਤਾ ਮਾਸਟਰ ਜੀ ਨੇ ਉਮਰ ਦੇ 67ਵੇਂ ਵਰ੍ਹੇ ਵਿਚ ਕੈਨੇਡਾ ਪਰਵਾਸ ਧਾਰਨ ਕਰਨ ਤੋਂ ਬਾਅਦ ਲਿਖੀ ਹੈ। ਇਸ ਕਵਿਤਾ ਵਿਚ ਵਿਭਿੰਨ ਪ੍ਰਕਾਰ ਦੇ ਵਿਸ਼ੇ ਛੂਹੇ ਗਏ ਹਨ ਜਿਨ੍ਹਾਂ ਵਿਚ ਅਜੋਕੇ ਪੰਜਾਬ ਦੀ ਰਹਿਤਲ 'ਚ ਪਸਰੇ ਰਾਜਨੀਤਕ, ਸਮਾਜਿਕ, ਧਾਰਮਿਕ ਦੰਭ ਦੇ ਪ੍ਰਗਟਾਵੇ, ਮਾਨਵੀ ਰਿਸ਼ਤਿਆਂ ਉੱਪਰ ਉਨ੍ਹਾਂ ਦੇ ਦੂਰ-ਪ੍ਰਭਾਵ ਅਤੇ ਕੈਨੇਡਾ ਵਿਚ ਪੰਜਾਬੀ ਪਰਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਹਨ। ਲਾਜ ਨੀਲਮ ਸੈਣੀ ਨੇ ਕਿਹਾ ਕਿ ਮਾਸਟਰ ਜੀ ਨੇ ਜ਼ਿੰਦਗੀ ਦੀਆਂ ਨੱਬੇ ਬਹਾਰਾਂ ਮਾਣ ਕੇ ਇਹ ਪੁਸਤਕ ਪ੍ਰਕਾਸ਼ਿਤ ਕਰਵਾਈ ਹੈ। ਉਹ 91ਵੇਂ ਵਰ੍ਹੇ ਵਿਚ ਪਰਵੇਸ਼ ਕਰ ਗਏ ਹਨ ਅਤੇ ਆਪਣੇ ਸਾਦੇ ਜੀਵਨ ਅਤੇ ਉੱਚੇ-ਸੁੱਚੇ ਵਿਚਾਰਾਂ ਕਾਰਨ ਅਜੇ ਤੱਕ ਪੂਰੇ ਸੰਤੁਲਨ ਵਿਚ ਹਨ।

ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਵਲੋਂ ਪ੍ਰਕਾਸ਼ਿਤ ਇਸ ਪੁਸਤਕ ਵਿਚ ਅੱਠ ਰੁਬਾਈਆਂ ਅਤੇ ਅਠੱਤੀ ਕਵਿਤਾਵਾਂ ਅਤੇ ਗੀਤ ਦਰਜ ਹਨ। ਇਸ ਸੰਗ੍ਰਹਿ ਦੀ ਕਵਿਤਾ ਸੱਚੇ-ਸੁੱਚੇ ਅਹਿਸਾਸਾਂ ਦੀ ਕਵਿਤਾ ਹੈ, ਜੋ ਮਾਨਵੀ ਕਦਰਾਂ-ਕੀਮਤਾਂ 'ਤੇ ਪਹਿਰਾ ਦਿੰਦੀ ਹੈ ਅਤੇ ਸਮਾਜਿਕ ਬੁਰਾਈਆਂ ਦੀ ਨਿੰਦਾ ਕਰਦਿਆਂ ਇੱਕ ਨਰੋਏ ਸਮਾਜ ਦੇ ਨਿਰਮਾਣ ਦੀ ਉਸਾਰੀ ਕਰਨਾ ਚਾਹੁੰਦੀ ਹੈ। ਸਰਲ ਭਾਸ਼ਾ ਵਿਚ ਲਿਖੀ ਗਈ ਪੁਸਤਕ ਵਿਚਲੇ ਗੀਤ ਲੋਕ ਗੀਤ ਦਾ ਝਉਲਾ ਵੀ ਪਾਉਂਦੇ ਹਨ ਅਤੇ ਲੋਕਗੀਤ ਬਣਨ ਦੀ ਸਮਰੱਥਾ ਵੀ ਰੱਖਦੇਹਨ:

ਜੰਮ-ਜੰਮ ਆਵੀਂ ਪੇਕੇ ਭੈਣੇਂ, ਜਿਉਂਦਾ ਰਹੇ ਤੇਰਾ ਵੀਰ ਕੁੜੇ।
ਰਹਿੰਦੀ ਦੁਨੀਆਂ ਤੀਕਰ ਰਹਿਸੀ, ਪਿੰਡ ਵਿਚ ਤੇਰਾ ਸੀਰ ਕੁੜੇ।

ਸਤਵੰਤ ਸਿੰਘ ਦੀਪਕ ਨੇ ਕਿਹਾ ਕਿ 'ਏਕਾ ਦੂਆ' ਪੁਸਤਕ ਜ਼ਿੰਦਗੀ ਦਾ ਸੱਚ ਹੈ ਅਤੇ ਮੇਰੇ ਅਧਿਆਪਕ ਦੀ ਇਹ ਪੁਸਤਕ 'ਗਾਗਰ ਵਿਚ ਸਾਗਰ' ਭਰਨ ਦੇ ਸਮਾਨ ਹੈ। ਡਾ. ਪ੍ਰਿਤਪਾਲ ਸਿੰਘ ਸੋਹੀ ਨੇ ਪੁਸਤਕ ਦੀ ਭਰਵੀਂ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮਾਸਟਰ ਜੀ ਨੇ ਨੱਬੇ ਸਾਲ ਦਾ ਲੰਮਾ ਪੈਂਡਾ ਤੈਅ ਕਰਦੇ ਹੋਏ ਇਹ ਪੁਸਤਕ ਲਿਖੀ ਹੈ। ਉਨ੍ਹਾਂ ਨੇ ਅੰਗਰੇਜ਼ਾਂ ਦਾ ਸਮਾਂ ਵੀ ਦੇਖਿਆ ਅਤੇ ਖਾੜਕੂ ਲਹਿਰ ਨੂੰ ਵੀ ਹੰਢਾਇਆ। ਇਸ ਲਈ ਇਹ ਪੁਸਤਕ ਜ਼ਿੰਦਗੀ ਦਾ ਸੱਚ ਹੈ। ਅਜਮੇਰ ਰੋਡੇ ਨੇ ਕਵਿਤਾ ਦੇ ਭਾਵੁਕ ਅਰਥਾਂ ਦਾ ਮਹੱਤਵ ਸਮਝਾਉਂਦੇ ਹੋਏ ਕਿਹਾ ਕਿ ਇਹ ਕਵਿਤਾ ਅਣਭੋਲ ਅਨੁਭਵ ਵਿਚੋਂ ਉਪਜੀ ਮਹਿਸੂਸ ਹੁੰਦੀ ਹੈ। ਡਾ. ਸਾਧੂ ਸਿੰਘ ਨੇ ਕਿਹਾ ਕਿ ਇਹ ਪੁਸਤਕ ਕਵੀ ਨੇ ਸਵ. ਚਾਚੇ ਭਾਨ ਸਿੰਘ ਨੂੰ ਸਮਰਪਿਤ ਕੀਤੀ ਹੈ। ਇਹ ਉਹ ਚਾਚਾ ਹੈ ਜੋ ਭਤੀਜੇ ਦੀ ਉਂਗਲ ਨੂੰ ਘਿਸਣ ਤੋਂ ਬਚਾਉਣ ਲਈ ਕਲਮ ਦੀ ਥਾਂ ਕਾਲੋ ਰੀਠੇ 'ਚ ਅੱਧ ਤਾਈਂ ਗਲੀ ਕੱਢ ਕੇ ਉਸ ਵਿਚ ਬਾਂਸ ਦੀ ਪਤਲੀ ਜਿਹੀ ਡੰਡੀ ਪਾ ਕੇ ਧਰਤੀ 'ਤੇ ਵਿਛੀ ਸੁਆਹ ਉੱਤੇ ਪੈਂਤੀ ਅਤੇ ਮੁਹਾਰਨੀ ਲਿਖਣ ਦਾ ਅਭਿਆਸ ਕਰਾਉਂਦਾ ਸੀ। ਉਸ ਚਾਚੇ ਦੀ ਰੂਹ ਅੱਜ ਵਧਾਈ ਦੀ ਪਾਤਰ ਹੈ।

ਉਨ੍ਹਾਂ ਹੋਰ ਕਿਹਾ ਕਿ ਕੁਝ ਕਵਿਤਾਵਾਂ ਵਿਚ ਉਰਦੂ ਭਾਸ਼ਾ ਦੇ ਝਲਕਾਰੇ ਕਵਿਤਾ ਨੂੰ ਚਾਰ ਚੰਨ ਲਾਉਂਦੇ ਹਨ। ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਮਾਸਟਰ ਜੀ ਨੇ ਜੋ ਹੰਢਾਇਆ ਉਸਨੂੰ ਕਮਲਬੰਦ ਕਰ ਕੇ 'ਏਕਾ ਦੂਆ' ਦਾ ਨਾਮ ਦਿੱਤਾ ਹੈ। ਇਸ ਪੁਸਤਕ ਵਿਚ ਪੁਰਾਤਨ ਪਿੰਡਾਂ ਦੀ ਝਲਕ, ਮਨੋਰੰਜਨ ਅਤੇ ਸਿੱਖਿਆ ਦੇ ਨਾਲ-ਨਾਲ ਗੰਧਲੀ ਰਾਜਨੀਤੀ ਤੋਂ ਪਰਦਾ ਚੁੱਕਦੀਆਂ ਕਵਿਤਾਵਾਂ ਵੀ ਹਨ। ਸਾਰੀ ਕਵਿਤਾ ਛੰਦ-ਬੱਧ ਹੈ। ਇਸ ਲਈ




ਇਹ ਪਾਠਕ ਨੂੰ ਆਪਣੇ ਨਾਲ ਤੋਰਨ ਵਿਚ ਸਫ਼ਲ ਹੈ। ਇਸ ਤੋਂ ਇਲਾਵਾ ਡਾ. ਪ੍ਰਿਤਪਾਲ ਸਿੰਘ ਗਿੱਲ, ਅੰਗਰੇਜ਼ ਬਰਾੜ, ਦਰਸ਼ਨ ਸੰਘਾ ਅਤੇ ਜਿੰਨੀ ਸਿਮਸ ਆਦਿ ਨੇ ਵੀ ਪੁਸਤਕ ਵਿਚਾਰ ਚਰਚਾ ਵਿਚ ਹਿੱਸਾ ਲਿਆ।

ਮਾਸਟਰ ਕਰਤਾਰ ਸਿੰਘ 'ਰੋਡੇ' ਨੇ ਆਪਣੇ ਜੀਵਨ ਅਤੇ ਸਾਹਿਤਕ ਸਫ਼ਰ ਦੀ ਗੱਲ ਕਰਦਿਆਂ ਆਪਣੇ ਫਰੀਡਮ ਫਾਈਟਰ ਸਵ. ਚਾਚਾ ਭਾਨ ਸਿੰਘ ਜੀ ਨੂੰ ਯਾਦ ਕੀਤਾ ਜਿਨ੍ਹਾਂ ਲੱਕੜੀ ਦੀ ਸੁਆਹ ਕੱਪੜ ਛਾਣ ਕਰ ਕੇ ਧਰਤੀ 'ਤੇ ਵਿਛਾ ਕੇ ਉਨ੍ਹਾਂ ਨੂੰ 'ੳ' ਲਿਖਣਾ ਸਿਖਾਇਆ ਅਤੇ ਹੱਥ ਵਿਚ ਕਲਮ ਫੜਾਈ। ਉਨ੍ਹਾਂ ਦੱਸਿਆ ਕਿ ਉਹ ਜੇ.ਬੀ.ਟੀ ਤੋਂ ਬਾਅਦ ਬੀ.ਐੱਡ ਕਰ ਕੇ ਮਾਸਟਰ ਕੇਡਰ ਵਿਚ ਆ ਗਏ। ਪਹਿਲੀ ਰਚਨਾ 'ਏਕਾ ਦੂਆ' ਬਾਲ ਰਸਾਲੇ 'ਪੰਖੜੀਆਂ' ਵਿਚ ਛਪੀ। ਇਸ ਤੋਂ ਬਾਅਦ ਵਿਰਲਾ ਟਾਵਾਂ ਲਿਖਿਆ ਤੇ 1997 ਵਿਚ ਕੈਨੇਡਾ ਆ ਕੇ ਕਾਵਿ-ਸਿਰਜਣਾ ਦਾ ਕੰਮ ਨਿੱਠ ਕੇ ਕੀਤਾ। ਇਸ ਉਪਰੰਤ ਨਾਮੀ ਸਾਹਿਤਕਾਰਾਂ ਅਤੇ ਬੁੱਧੀਜੀਵੀਆਂ ਦੇਭਰਵੇਂ ਇਕੱਠ ਵਿਚ ਪੁਸਤਕ ਲੋਕ ਅਰਪਣ ਕੀਤੀ ਗਈ। ਸਮਾਗਮ ਦੇ ਅੰਤ ਵਿਚ ਪੋਤੇ ਹਰਮਨ ਸਿੰਘ ਸੰਧੂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਪੋਤੀ ਸ਼ੈਰੀ ਸੰਧੂ ਨੇ ਕਿਹਾ ਕਿ ਇਹ ਪੁਸਤਕ ਪਰਿਵਾਰ ਲਈ ਇੱਕ ਤਿਜੋਰੀ ਅਤੇ ਆਉਣ ਵਾਲੀ ਪੀੜ੍ਹੀ ਲਈ ਅਨਮੋਲ ਤੋਹਫ਼ਾ ਹੈ। ਉਨ੍ਹਾਂ ਨੂੰ ਆਪਣੇ ਦਾਦਾ ਜੀ ਉੱਪਰ ਬਹੁਤ ਮਾਣ ਹੈ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਸੁਖਵਿੰਦਰ ਕੌਰ ਸੰਧੂ (ਨੂੰਹ), ਸਪਨਾ, ਭੁਪਿੰਦਰ ਸਿੰਘ ਬਰਾੜ, ਗੁਰਤੇਜ ਗਿੱਲ ਅਤੇ ਸੁਖਵੀਰ ਕੌਰ ਗਿੱਲ ਨੇ ਪ੍ਰਬੰਧਕੀ ਕਾਰਜਾਂ ਵਿਚ ਵਧ-ਚੜ੍ਹ ਕੇ ਸਹਿਯੋਗ ਦਿੱਤਾ। ਗੁਰਦੀਪ ਭੁੱਲਰ ਨੇ ਸਾਊਂਡ ਸਿਸਟਮ ਦੀ ਜ਼ਿੰਮੇਵਾਰੀ ਨਿਭਾਈ। ਹੋਰਨਾਂ ਤੋਂ ਇਲਾਵਾ ਪ੍ਰਸਿੱਧ ਲੇਖਕ ਅਤੇ ਫਰੀਡਮ ਫਾਈਟਰ ਅਜੀਤ ਸੈਣੀ ਦੀ ਧੀ ਨਰਿੰਦਰ ਸੈਣੀ, ਜਵਾਈ ਯੋਗੀ ਸੈਣੀ, ਮੋਹਨ ਗਿੱਲ, ਸ਼ਰਨਜੀਤ ਕੌਰ ਸੰਧੂ, ਰਾਜ ਬਰਾੜ, ਪਰਮਿੰਦਰ ਕੌਰ ਸਵੈਚ, ਸਤੀਸ਼ ਗੁਲਾਟੀ (ਚੇਤਨਾ ਪ੍ਰਕਾਸ਼ਨ) ਅਤੇ ਅਮਰੀਕਾ ਤੋਂ ਪ੍ਰੋ. ਸੁਖਦੇਵ ਸਿੰਘ ਅਤੇ ਬਲਜਿੰਦਰ ਸਿੰਘ ਆਦਿ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।

*-ਰਿਪੋਰਟ: ਲਾਜ ਨੀਲਮ ਸੈਣੀ*
**ਫੋਨ: 510-502-0551**

# ਗ਼ਜ਼ਲ ਮੰਚ ਸਰੀ ਵਲੋਂ ਬਲਦੇਵ ਸੀਹਰਾ ਦਾ ਗ਼ਜ਼ਲ ਸੰਗ੍ਰਹਿ 'ਖਾਲੀ ਬੇੜੀਆਂ' ਰਿਲੀਜ਼

**ਸਰੀ:** ਗ਼ਜ਼ਲ ਮੰਚ ਸਰੀ ਵਲੋਂ ਮੰਚ ਦੇ ਮਾਣਮੱਤੇ ਸ਼ਾਇਰ ਬਲਦੇਵ ਸੀਹਰਾ ਦਾ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਖਾਲੀ ਬੇੜੀਆਂ' ਇਕ ਸੰਖੇਪ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ। ਬਲਦੇਵ ਸੀਹਰਾ ਨੂੰ ਨਵੀਂ ਪੁਸਤਕ ਲਈ ਮੁਬਾਰਕਬਾਦ ਦਿੰਦਿਆਂ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਕਿਹਾ ਕਿ ਬਲਦੇਵ ਸੀਹਰਾ ਦੀ ਸ਼ਾਇਰੀ ਵਿਚ ਦੁਸ਼ਵਾਰੀਆਂ ਦੇ ਵਿਚਾਲਦੀ ਇਕਰਸਤਾ ਦਿਖਾਈ ਦਿੰਦਾ ਹੈ ਜੋ ਪਾਠਕ ਨੂੰ ਉਦਾਸੀਆਂ ਤੋਂ ਪਾਰ ਲੈ ਜਾਂਦਾ ਹੈ। ਕੁਦਰਤ, ਸਮਾਜ ਅਤੇ ਵਿਅਕਤੀ ਦੀ ਬਾਹਰੀ ਅਤੇ ਅੰਦਰੂਨੀ ਕਸ਼ਮਕਸ਼ ਨੂੰ ਉਸ ਦੀ ਤੀਜੀ ਅੱਖ ਸਿਰਫ਼ ਵੇਖਦੀ ਪਛਾਣਦੀ ਹੀ ਨਹੀਂ ਸਗੋਂ ਇਹਨੂੰ ਹੰਢਣਸਾਰ ਬਣਾਉਣ ਦੀ ਵਿਧੀ ਵੱਲ ਵੀ ਇਸ਼ਾਰਾ ਕਰਦੀ ਹੈ।

ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਨੇ ਕਿਹਾ ਕਿ ਬਲਦੇਵ ਸੀਹਰਾ ਅਗਾਂਹਵਧੂ ਤੇ ਸਾਰਥਿਕ ਵਿਚਾਰਾਂ ਵਾਲਾ ਸ਼ਾਇਰ ਹੈ। ਉਹ ਜ਼ਿੰਦਗੀ ਦੀਆਂ ਵਿਸੰਗਤੀਆਂ, ਵਿਪਰੀਤੀਆਂ ਤੇ ਸਮਾਜਿਕ ਅਸੰਤੁਲਨ ਦੇ ਕਾਰਨਾਂ ਨੂੰ ਭਲੀਭਾਂਤ ਸਮਝਦਾ ਹੈ। ਉਹ ਨਿਰੰਤਰ ਸੰਘਰਸ਼ ਵਿਚ ਯਕੀਨ ਰੱਖਦਾ ਹੈ। ਅਨੇਕਾਂ ਮੁਸ਼ਕਲਾਂ, ਮਜਬੂਰੀਆਂ, ਮਾਯੂਸੀਆਂ ਦੇ ਬਾਵਜੂਦ ਉਹ ਸਿਦਕ, ਸਿਰੜ, ਸੱਚ ਦਾ ਦਾਮਨ ਹੱਥੋਂ ਨਹੀਂ ਜਾਣ ਦਿੰਦਾ, ਉਸਦਾ ਦ੍ਰਿਸ਼ਟੀਕੋਣ ਆਸ਼ਾਵਾਦੀ ਹੈ, ਕਿੰਨੀਆਂ ਵੀ ਮਜਬੂਰੀਆਂ, ਰੁਕਾਵਟਾਂ, ਮੁਸ਼ਕਲਾਂ, ਦੁਸ਼ਵਾਰੀਆਂ ਹੋਣ ਉਹ ਨਿਰਾਸ਼ ਨਹੀਂ ਹੁੰਦਾ।




ਉਸਤਾਦ ਸ਼ਾਇਰ ਗੁਰਦਿਆਲ ਰੌਸ਼ਨ ਨੇ ਕਿਹਾ ਕਿ ਗ਼ਜ਼ਲ ਵਿਚ ਸਾਦਗੀ, ਸਰਲਤਾ ਤੇ ਲੋਕ ਬੋਲੀ ਦੀ ਵਰਤੋਂ ਦਾ ਮਹੱਤਵਪੂਰਨ ਸਥਾਨ ਹੈ ਤੇ ਸੀਹਰਾ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਉਹ ਨਾ ਤਾਂ ਕਾਫ਼ੀਆ ਪੈਮਾਈ ਵਿਚ ਵਿਸ਼ਵਾਸ ਰੱਖਦਾ ਹੈ ਨਾ ਹੀ ਆਪਣੇ ਸ਼ਿਅਰਾਂ ਨੂੰ ਏਨਾ ਮੁਸ਼ਕਿਲ ਰੂਪ ਦਿੰਦਾ ਹੈ ਕਿ ਉਹ ਪਾਠਕ ਦਾ ਇਮਤਿਹਾਨ ਲੈਣ ਦੀ ਹੱਦ ਤਕ ਪਹੁੰਚ ਜਾਵੇ। ਉਹ ਗ਼ਜ਼ਲ ਦੇ ਨਿਯਮਾਂ ਦਾ ਪਾਲਣ ਕਰਨ ਵਾਲਾ ਗ਼ਜ਼ਲਕਾਰ ਹੈ। ਉਹ ਗ਼ਜ਼ਲ, ਸ਼ਬਦ ਦੇ ਉਚਾਰਣ ਤੇ ਬਹਿਰਾਂ ਬਾਰੇ ਹਮੇਸ਼ਾਂ ਸੁਚੇਤ ਰਹਿੰਦਾ ਹੈ।

ਸ਼ਾਇਰ ਰਾਜਵੰਤ ਰਾਜ ਦਾ ਕਹਿਣਾ ਸੀ ਕਿ ਬਲਦੇਵ ਸੀਹਰਾ ਦੀ ਸ਼ਾਇਰੀ ਦੇ ਧੁਰ ਅੰਦਰ ਵਿਗੋਚੇ ਦਾ ਅਹਿਸਾਸ ਲੁਕਿਆ ਹੋਇਆ ਹੈ ਜੋ ਕਈ ਰੂਪ ਧਾਰ ਕੇ ਸ਼ਿਅਰਾਂ ਵਿਚ ਪਰਗਟ ਹੁੰਦਾ ਹੈ। ਮੁਹੱਬਤ ਉਸਦੀ ਸ਼ਾਇਰੀ ਦੀ ਨੀਂਹ ਹੈ। ਇਸੇ ਉੱਤੇ ਹੀ ਉਸਦੀ ਸਾਰੀ ਸ਼ਾਇਰੀ ਖੜ੍ਹੀ ਹੈ।

ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਹਰਦਮ ਮਾਨ, ਦਵਿੰਦਰ ਗੌਤਮ, ਜਰਨੈਲ ਸਿੰਘ ਆਰਟਿਸਟ ਅਤੇ ਪ੍ਰੀਤ ਮਨਪ੍ਰੀਤ ਨੇ ਵੀ ਇਸ ਗ਼ਜ਼ਲ ਸੰਗ੍ਰਹਿ ਲਈ ਬਲਦੇਵ ਸੀਹਰਾ ਨੂੰ ਵਧਾਈ ਦਿੱਤੀ। ਅੰਤ ਵਿਚ ਬਲਦੇਵ ਸੀਹਰਾ ਨੇ ਸਭਨਾਂ ਦਾ ਧੰਨਵਾਦ ਕੀਤਾ।

# ਪੱਕਾ ਮੋਰਚਾ: ਭਗਵੰਤ ਦੀ ਕੋਠੀ ਅੱਗੇ ਦਿੱਲੀ ਬਾਰਡਰ ਵਾਲੇ ਹਾਲਾਤ ਬਣਨ ਲੱਗੇ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ੀ ਕਲੋਨੀ ਦੇ ਗੇਟ ਅੱਗੇ ਕਰੀਬ ਤਿੰਨ ਕਿਲੋਮੀਟਰ ਤੱਕ ਸ਼ਹਿਰ ਦੀ ਸੰਗਰੂਰ-ਪਟਿਆਲਾ ਬਾਈਪਾਸ ਸੜਕ ਦਾ ਆਲਾ-ਦੁਆਲਾ ਦਿੱਲੀ ਦੇ ਟਿਕਰੀ ਤੇ ਸਿੰਘੂ ਬਾਰਡਰ ਵਾਂਗ ਕਿਸਾਨ ਅੰਦੋਲਨ ਦਾ ਰੂਪ ਧਾਰ ਚੁੱਕਿਆ ਹੈ।

ਭਾਕਿਯੂ ਏਕਤਾ ਉਗਰਾਹਾਂ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਅਣਮਿੱਥੇ ਸਮੇਂ ਲਈ ਚੱਲ ਰਹੇ ਪੱਕਾ ਮੋਰਚੇ ਵਿਚ ਦਿੱਲੀ ਕਿਸਾਨ ਅੰਦੋਲਨ ਰੌਣਕਾਂ ਲੱਗਣੀਆਂ ਸ਼ੁਰੂ ਹੋ ਗਈਆਂ ਹਨ। ਇਸ ਧਰਨੇ ਵਿਚ ਵੀ ਦਿੱਲੀ ਵਾਂਗ ਸੜਕ ਕਿਨਾਰੇ ਕਿਸਾਨਾਂ ਦੀਆਂ ਟਰਾਲੀਆਂ ਖੜ੍ਹੀਆਂ ਹਨ, ਜਿਨ੍ਹਾਂ ਨੂੰ ਉਨ੍ਹਾਂ ਰੈਣ ਬਸੇਰੇ ਬਣਾਇਆ ਹੋਇਆ ਹੈ।



ਇਥੇ ਲੰਗਰ ਵਰਤਾਏ ਜਾ ਰਹੇ ਹਨ ਤੇ ਲੋਕ ਵੱਡੀ ਗਿਣਤੀ ਵਿਚ ਸ਼ਿਰਕਤ ਕਰ ਰਹੇ ਹਨ। ਉਗਰਾਹਾਂ ਨੇ ਕਿਹਾ ਕਿ ਸਰਕਾਰਾਂ ਵੱਲੋਂ ਅੰਨਦਾਤੇ ਨੂੰ ਆਪਣੀਆਂ ਮੰਗਾਂ ਮਨਵਾਉਣ ਲਈ ਸੜਕਾਂ ਉਪਰ ਰੁਲਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਕਾਰਪੋਰੇਟ ਪੱਖੀ ਨੀਤੀਆਂ ਬਣਾ ਕੇ ਕਿਸਾਨੀ ਨੂੰ ਤਬਾਹ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਕਿਸਾਨ ਆਗੂਆਂ ਨੇ ਕਿਹਾ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਖਿਲਾਫ਼ ਕਾਰਵਾਈ ਲਈ ਨਿੱਤ ਨਵੇਂ ਫਰਮਾਨ ਜਾਰੀ ਕੀਤਾ ਜਾ ਰਹੇ ਹਨ ਪਰ ਖੇਤਾਂ ਦੇ ਪੁੱਤ ਸਰਕਾਰੀ ਧਮਕੀਆਂ ਤੋਂ ਡਰਨ ਵਾਲੇ ਨਹੀਂ।

ਭਾਕਿਯੂ ਏਕਤਾ ਉਗਰਾਹਾਂ ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨਾਂ ਤੇ ਬੀਬੀਆਂ ਦੇ ਠਾਠਾਂ ਮਾਰਦੇ ਇਕੱਠ ਨੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦਿਆਂ ਹਾਕਮਾਂ ਨੂੰ ਹਲੂਣਿਆ। ਭਾਕਿਯੂ ਏਕਤਾ ਉਗਰਾਹਾਂ ਦੇ ਸੂਬਾਈ ਆਗੂਆਂ ਨੇ ਪੰਜਾਬ ਸਰਕਾਰ ਦੇ ਬੁਲਾਰਿਆਂ ਵੱਲੋਂ ਬਿਨਾ ਵਜ੍ਹਾ ਪੱਕਾ ਮੋਰਚਾ ਲਗਾਉਣ ਸਬੰਧੀ ਦਿੱਤੇ ਬਿਆਨਾਂ ਦੀ ਸਖਤ ਨਿਖੇਧੀ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਆਦਿਵਾਸੀਆਂ ਦੇ ਉਜਾੜੇ ਅਤੇ ਜਬਰ ਦੇ ਵਿਰੋਧ ਵਿਚ ਲੰਬੇ ਸਮੇਂ ਤੋਂ ਸ਼ਾਂਤਮਈ ਸੰਘਰਸ਼ ਕਰ ਰਹੇ ਉਘੇ ਗਾਂਧੀਵਾਦੀ ਆਗੂ ਤੇ ਕੌਮੀ ਪੱਧਰ 'ਤੇ ਬੁੱਧੀਜੀਵੀ ਹਿਮਾਂਸ਼ੂ ਕੁਮਾਰ ਨੇ ਕੇਂਦਰ ਤੇ ਪੰਜਾਬ ਦੇ ਹਾਕਮਾਂ ਨੂੰ ਸਾਮਰਾਜੀ ਕਾਰਪੋਰੇਟਾਂ ਦੇ ਝੋਲੀ ਚੁੱਕ ਦੱਸਦਿਆਂ ਕਿਸਾਨ-ਮਜ਼ਦੂਰਾਂ ਦੇ ਸੰਘਰਸ਼ ਦੀ ਹਮਾਇਤ ਕੀਤੀ ਅਤੇ ਹਾਕਮਾਂ ਦੀਆਂ ਦਮਨਕਾਰੀ ਨੀਤੀਆਂ ਖ਼ਿਲਾਫ਼ ਇਕਜੁੱਟ ਹੋ ਕੇ ਲਾਮਬੰਦ ਹੋਣ ਦਾ ਸੱਦਾ ਦਿੱਤਾ। ਯੂਨੀਅਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਰੀਸ ਨਾਲ ਮਾਲਵਿੰਦਰ ਸਿੰਘ ਕੰਗ ਅਤੇ ਹਰਜੋਤ ਸਿੰਘ ਬੈਂਸ ਵਰਗੇ ਆਗੂ ਵੀ ਕਿਸਾਨਾਂ ਵੱਲੋਂ ਬਿਨਾਂ ਕਾਰਨ ਮੋਰਚਾ ਲਾਉਣ ਦੇ ਗੁਮਰਾਹਕੁੰਨ ਪ੍ਰਚਾਰ ਕਰ ਰਹੇ ਹਨ।

## ਬੇਮੌਸਮੇ ਮੀਂਹ: ਕਿਸਾਨਾਂ ਨੂੰ ਮਿਲੇਗੀ ਰਾਹਤ

**ਨਵੀਂ ਦਿੱਲੀ:** ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਕਿ ਬੇਮੌਸਮੇ ਮੀਂਹ ਕਾਰਨ ਫਸਲਾਂ ਦਾ ਕਾਫੀ ਨੁਕਸਾਨ ਹੋਇਆ ਹੈ ਅਤੇ ਕੇਂਦਰ ਸਰਕਾਰ ਇਸ ਨੁਕਸਾਨ ਦਾ ਮੁਲਾਂਕਣ ਕਰਨ ਲਈ ਰਾਜਾਂ ਤੋਂ ਜਾਣਕਾਰੀ ਦੀ ਉਡੀਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨੁਕਸਾਨ ਦਾ ਮੁਲਾਂਕਣ ਕਰਨ ਤੋਂ ਬਾਅਦ ਕੇਂਦਰੀ ਆਫਤ ਰਾਹਤ ਫੰਡ 'ਚੋਂ ਹੋਰ ਰਾਸ਼ੀ ਜਾਰੀ ਕੀਤੀ ਜਾਵੇਗੀ। ਤੋਮਰ ਨੇ ਕਿਹਾ, "ਬੇਮੌਸਮੇ ਮੀਂਹ ਕਾਰਨ ਯਕੀਨੀ ਤੌਰ 'ਤੇ ਫਸਲਾਂ ਦਾ ਨੁਕਸਾਨ ਹੋਇਆ ਹੈ। ਸਰਵੇਖਣ ਚੱਲ ਰਿਹਾ ਹੈ ਅਤੇ ਨੁਕਸਾਨ ਦਾ ਮੁਲਾਂਕਣ ਕਰਨ ਲਈ ਅਸੀਂ ਰਾਜਾਂ ਤੋਂ ਜਾਣਕਾਰੀ ਦੀ ਉਡੀਕ ਕਰ ਰਹੇ ਹਾਂ।"

## ਮੰਡੀਆਂ ਤੋੜਨ ਦੇ ਨਵੇਂ ਢੰਗ ਲੱਭ ਰਿਹੈ ਕੇਂਦਰ: ਰਾਜੇਵਾਲ

**ਸਮਰਾਲਾ:** ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਆਖਿਆ ਕੇਂਦਰ ਸਰਕਾਰ ਵੱਲੋਂ ਭਾਵੇਂ ਖੇਤੀ ਕਾਨੂੰਨ ਵਾਪਸ ਲੈ ਲਏ ਗਏ ਹਨ, ਪਰ ਉਸ ਦਾ ਮਨ ਸਾਫ ਨਹੀਂ ਹੈ। ਕੇਂਦਰ ਸਰਕਾਰ ਮੰਡੀਆਂ ਤੋੜ ਕੇ ਕਿਸਾਨਾਂ ਨੂੰ ਅਡਾਨੀਆਂ ਦੇ ਵੱਸ ਕਰਨ ਦੇ ਨਵੇਂ ਢੰਗ ਤਰੀਕੇ ਲੱਭ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਖੇਤੀ ਜਿਣਸਾਂ ਦੀ ਖਰੀਦ ਕਰਨ ਲਈ ਕੇਂਦਰ ਨੂੰ 3 ਫੀਸਦ ਪੇਂਡੂ ਵਿਕਾਸ ਫੰਡ, ਤਿੰਨ ਫੀਸਦ ਮਾਰਕੀਟ ਫੀਸ ਤੇ ਢਾਈ ਫੀਸਦ ਆੜ੍ਹਤ ਦੇਣੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਕ ਪੱਤਰ ਜਾਰੀ ਕਰਨ ਦੀ ਤਿਆਰੀ ਵਿਚ ਹੈ, ਜਿਸ ਵਿਚ ਉਕਤ ਖਰਚੇ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਜਾਣਗੇ। ਸ੍ਰੀ ਰਾਜੇਵਾਲ ਨੇ ਕਿਹਾ ਕਿ ਨਵੇਂ ਤਿਆਰ ਹੋ ਰਹੇ ਫਾਰਮੂਲੇ ਅਨੁਸਾਰ ਕੇਂਦਰ ਕੁੱਲ 2 ਫੀਸਦ ਖਰਚਾ ਹੀ ਦੇਵੇਗੀ।

# ਭਗਵੰਤ ਮਾਨ ਸਰਕਾਰ ਨੇ ਸੱਤ ਮਹੀਨੇ ਪੂਰੇ ਹੋਣ ਉਤੇ ਗਿਣਵਾਈਆਂ ਪ੍ਰਾਪਤੀਆਂ




**ਚੰਡੀਗੜ੍ਹ:** ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਸੂਬੇ ਦੀ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦੇ ਸੱਤ ਮਹੀਨਿਆਂ ਦੇ ਕਾਰਜਕਾਲ ਦਾ ਰਿਪੋਰਟ ਕਾਰਡ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸੱਤ ਮਹੀਨਿਆਂ ਵਿਚ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਵਾਧੂ ਕੰਮ ਕੀਤੇ ਹਨ ਤੇ 220 ਸਿਆਸਤਦਾਨਾਂ ਅਤੇ ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿੱਚ ਡੱਕ ਦਿੱਤਾ ਹੈ।

ਸ੍ਰੀ ਅਰੋੜਾ ਨੇ ਕਿਹਾ ਕਿ 'ਆਪ' ਸਰਕਾਰ ਨੇ ਪੰਜਾਬ ਦੀ ਗੁਆਚੀ ਸ਼ਾਨ ਨੂੰ ਵਾਪਸ ਲਿਆਉਣ ਲਈ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਹੋਈ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ 8,736 ਕੱਚੇ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰ ਦਿੱਤੀਆਂ ਹਨ ਅਤੇ ਬਾਕੀ ਰਹਿੰਦੇ 28 ਹਜ਼ਾਰ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਦੇ ਨਾਲ ਹੀ ਪੁਲਿਸ ਵਿਭਾਗ ਵਿਚ 2500 ਅਸਾਮੀਆਂ ਭਰ ਦਿੱਤੀਆਂ ਹਨ ਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਖਾਲੀ ਪਈਆਂ 26,000 ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਆਰੰਭ ਦਿੱਤੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਗੈਂਗਸਟਰਾਂ ਖਿਲਾਫ ਟਾਸਕ ਫੋਰਸ ਦਾ ਗਠਨ ਕਰ ਕੇ ਹੁਣ ਤੱਕ ਕਈ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਲੋਕਾਂ ਦੀ ਸਹੂਲਤ ਲਈ 100 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜਦੋਂਕਿ ਰਾਜ ਵਿਚ 16 ਨਵੇਂ ਮੈਡੀਕਲ ਕਾਲਜਾਂ ਦਾ ਐਲਾਨ ਕੀਤਾ ਗਿਆ ਹੈ। ਸ੍ਰੀ ਅਰੋੜਾ ਨੇ ਦੱਸਿਆ ਕਿ ਸੂਬਾ ਸਰਕਾਰ ਨੇ 7,275 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਐਮ.ਐਸ.ਪੀ. 'ਤੇ ਮੂੰਗੀ ਦੀ ਖਰੀਦ ਕਰ ਕੇ ਕਿਸਾਨਾਂ ਨੂੰ ਤੀਜੀ ਫਸਲ ਬੀਜਣ ਲਈ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਟਿਊਬਵੈੱਲਾਂ 'ਤੇ ਲੋਡ ਵਧਾਉਣ ਦਾ ਖਰਚਾ ਵੀ ਘੱਟ ਕੀਤਾ ਤੇ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਲਈ ਝੋਨੇ ਦੀ ਸਿੱਧੀ ਬਿਜਾਈ 'ਤੇ 1500 ਰੁਪਏ ਪ੍ਰਤੀ ਏਕੜ ਸਬਸਿਡੀ ਦਿੱਤੀ ਹੈ। ਸਰਕਾਰ ਵੱਲੋਂ ਗੰਨੇ ਦਾ ਭਾਅ 20 ਰੁਪਏ ਪ੍ਰਤੀ ਕੁਇੰਟਲ ਵਧਾ ਕੇ 360 ਰੁਪਏ ਤੋਂ 380 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਸੂਬੇ ਵਿਚ ਹਰ ਵਰਗ ਨੂੰ 600 ਯੂਨਿਟ ਪ੍ਰਤੀ ਬਿੱਲ ਬਿਜਲੀ ਮੁਫਤ ਦੇ ਰਹੀ ਹੈ ਤੇ ਲੋਕਾਂ ਦੇ ਬਕਾਇਆ ਬਿੱਲ ਵੀ ਮੁਆਫ ਕਰ ਦਿੱਤੇ ਹਨ।

## ਆਮ ਆਦਮੀ ਕਲੀਨਿਕਾਂ 'ਤੇ ਮਰੀਜ਼ਾਂ ਦੀ ਗਿਣਤੀ ਤਿੰਨ ਲੱਖ ਤੋਂ ਪਾਰ

**ਚੰਡੀਗੜ੍ਹ:** ਪੰਜਾਬ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਪੰਜਾਬ ਵਿਚ ਸ਼ੁਰੂ ਕੀਤੇ ਗਏ ਆਮ ਆਦਮੀ ਕਲੀਨਿਕਾਂ ਵਿਚ ਦੋ ਮਹੀਨਿਆਂ ਦੌਰਾਨ ਤਿੰਨ ਲੱਖ ਤੋਂ ਵੱਧ ਮਰੀਜ਼ਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ 100 ਆਮ ਆਦਮੀ ਕਲੀਨਿਕਾਂ 'ਚ ਰੋਜ਼ਾਨਾ ਸੱਤ ਹਜ਼ਾਰ ਤੋਂ ਵੱਧ ਆਮ ਲੋਕ ਸਿਹਤ ਸਹੂਲਤਾਂ ਦਾ ਲਾਭ ਲੈ ਰਹੇ ਹਨ। ਇਹ ਕਲੀਨਿਕ ਮਰੀਜ਼ਾਂ, ਵਿਸ਼ੇਸ਼ ਤੌਰ 'ਤੇ ਓ.ਪੀ.ਡੀ. ਸੇਵਾਵਾਂ ਦੀਆਂ ਲੋੜਾਂ ਵਾਲੇ ਮਰੀਜ਼ਾਂ ਲਈ ਵਰਦਾਨ ਸਾਬਤ ਹੋਏ ਹਨ।

# ਨਵ-ਨਿਯੁਕਤ ਅਧਿਆਪਕ ਫਰੰਟ ਵੱਲੋਂ ਮੁੱਖ ਮੰਤਰੀ ਦੇ ਸ਼ਹਿਰ ਵਿਚ ਮੁਜ਼ਾਹਰਾ

**ਸੰਗਰੂਰ:** ਨਵ-ਨਿਯੁਕਤ ਅਧਿਆਪਕ ਫਰੰਟ ਪੰਜਾਬ, 3704 ਅਤੇ 2392 ਅਧਿਆਪਕ ਯੂਨੀਅਨਾਂ ਵੱਲੋਂ ਸਾਂਝੇ ਰੂਪ ਵਿਚ ਬਿਨਾਂ ਸ਼ਰਤ ਬਦਲੀਆਂ ਕਰਵਾਉਣ ਤੇ ਕੇਂਦਰ ਦੇ ਪੇਅ ਸਕੇਲ ਰੱਦ ਕਰ ਕੇ ਪੰਜਾਬ ਦੇ ਸਕੇਲ ਲਾਗੂ ਕਰਵਾਉਣ ਲਈ ਮੁੱਖ ਮੰਤਰੀ ਦੇ ਸ਼ਹਿਰ ਵਿਚ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਨਾਨਕਿਆਣਾ ਚੌਕ ਵਿਚ ਆਵਾਜਾਈ ਠੱਪ ਕਰ ਕੇ ਰੋਸ ਧਰਨਾ ਦਿੱਤਾ ਗਿਆ। ਪ੍ਰਦਰਸ਼ਨਕਾਰੀ ਅਧਿਆਪਕ ਪਟਿਆਲਾ ਰੋਡ 'ਤੇ ਸਥਿਤ ਮਿਲਕ ਪਲਾਂਟ ਨੇੜੇ ਇਕੱਠੇ ਹੋਏ, ਜਿਥੋਂ ਰੋਸ ਮਾਰਚ ਕਰਦੇ ਹੋਏ ਉਹ ਸ਼ਹਿਰ ਦੇ ਨਾਨਕਿਆਣਾ ਚੌਕ ਪੁੱਜੇ ਤੇ ਆਵਾਜਾਈ ਠੱਪ ਕਰ ਕੇ ਰੋਸ ਧਰਨਾ ਦਿੱਤਾ। ਇਸ ਦੌਰਾਨ ਸੰਬੋਧਨ ਕਰਦਿਆਂ ਨਵ-ਨਿਯੁਕਤ ਅਧਿਆਪਕ ਫਰੰਟ ਦੇ ਆਗੂ ਗੁਰਪ੍ਰੀਤ ਸਿੰਘ ਨਾਭਾ ਨੇ ਦੋਸ਼ ਲਾਇਆ ਕਿ ਸਿੱਖਿਆ ਵਿਭਾਗ ਵੱਲੋਂ ਸਾਲ 2018 ਤੋਂ ਬਾਅਦ ਭਰਤੀ ਹੋਏ ਮਾਸਟਰ ਕੇਡਰ ਤੇ ਲੈਕਚਰਾਰਾਂ ਦੇ ਜੱਦੀ ਜ਼ਿਲ੍ਹਿਆਂ ਵਿਚ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਉਨ੍ਹਾਂ ਦੀ ਤਾਇਨਾਤੀ ਸਰਹੱਦੀ ਜ਼ਿਲ੍ਹਿਆਂ ਵਿਚ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਕਰ ਕੇ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ। 3704 ਅਧਿਆਪਕ ਯੂਨੀਅਨ ਦੇ ਆਗੂ ਹਰਜਿੰਦਰ ਫਾਜ਼ਿਲਕਾ ਨੇ ਪੰਜਾਬ ਸਰਕਾਰ ਵੱਲੋਂ ਜੁਲਾਈ 2020 ਤੋਂ ਬਾਅਦ ਭਰਤੀ ਕੀਤੇ ਅਧਿਆਪਕਾਂ ਉਤੇ ਪੰਜਾਬ ਸਰਕਾਰ ਦੇ ਛੇਵੇਂ ਤਨਖਾਹ ਕਮਿਸ਼ਨ ਅਨੁਸਾਰ ਪੇਅ ਸਕੇਲ ਲਾਗੂ ਕਰਨ ਦੀ ਥਾਂ ਕੇਂਦਰ ਸਰਕਾਰ ਦੇ ਪੇਅ ਸਕੇਲ ਥੋਪਣ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਇਸ ਨੂੰ ਤੁਰੰਤ ਰੱਦ ਕਰ ਕੇ ਪੰਜਾਬ ਸਰਕਾਰ ਦਾ ਪੇਅ ਕਮਿਸ਼ਨ ਲਾਗੂ ਕੀਤਾ ਜਾਵੇ।

2392 ਅਧਿਆਪਕ ਯੂਨੀਅਨ ਦੇ ਆਗੂ ਯੁੱਧਜੀਤ ਸਿੰਘ ਸਿੰਘ ਨੇ ਕਿਹਾ ਕਿ ਸਰਹੱਦੀ ਖੇਤਰਾਂ ਵਿਚ ਤਾਇਨਾਤ ਅਧਿਆਪਕਾਂ ਦੀ ਬਦਲੀ ਬਿਨਾਂ ਕਿਸੇ ਸ਼ਰਤ ਤੋਂ ਉਨ੍ਹਾਂ ਦੇ ਜੱਦੀ ਜ਼ਿਲ੍ਹਿਆਂ ਵਿਚ ਕੀਤੀ ਜਾਵੇ।

# ਕੈਨੇਡਾ ਪੀ.ਆਰ.: ਵਿਆਹ ਬਾਰੇ ਇਸ਼ਤਿਹਾਰ ਛਪਵਾਉਣ ਵਾਲੇ ਪਿਓ-ਪੁੱਤ ਕਾਬੂ

**ਬਠਿੰਡਾ:** ਲੜਕੀਆਂ ਦਾ ਸੁੰਦਰਤਾ ਮੁਕਾਬਲਾ ਕਰਵਾਉਣ ਤੇ ਜੇਤੂ ਲੜਕੀ ਨੂੰ ਕੈਨੇਡਾ ਦੇ ਪੀਆਰ ਲੜਕੇ ਨਾਲ ਵਿਆਹ ਕਰਵਾਉਣ ਦੀ ਪੇਸ਼ਕਸ਼ ਕਰਨ ਦੇ ਦੋਸ਼ ਹੇਠ ਸਥਾਨਕ ਪੁਲਿਸ ਨੇ ਉਕਤ ਇਸ਼ਤਿਹਾਰ ਛਪਵਾਉਣ ਵਾਲੇ ਮੁਲਜ਼ਮ ਪਿਓ-ਪੁੱਤਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਜਾਣਕਾਰੀ ਅਨੁਸਾਰ ਪਿਛਲੇ ਦਿਨੀਂ ਸ਼ਹਿਰ ਦੀਆਂ ਪ੍ਰਮੁੱਖ ਜਨਤਕ ਥਾਵਾਂ 'ਤੇ ਵੱਡ ਆਕਾਰੀ ਪੋਸਟਰ ਲਗਾਏ ਗਏ ਸਨ, ਜਿਨ੍ਹਾਂ ਵਿਚ 23 ਅਕਤੂਬਰ ਨੂੰ ਸਥਾਨਕ ਹੋਟਲ 'ਸਵੀਟ ਮਿਲਣ' ਵਿਚ 'ਜਨਰਲ ਵਰਗ ਦੀਆਂ ਸੁੰਦਰ ਲੜਕੀਆਂ ਦਾ ਮੁਕਾਬਲਾ' ਕਰਵਾਉਣ ਦੀ ਸੂਚਨਾ ਦਿੱਤੀ ਗਈ ਸੀ। ਇਸ ਇਸ਼ਤਿਹਾਰ ਵਿਚ ਪੇਸ਼ਕਸ਼ ਕੀਤੀ ਗਈ ਸੀ ਕਿ ਜੇਤੂ ਲੜਕੀ ਨੂੰ ਕੈਨੇਡਾ 'ਚ ਪੱਕੇ ਤੌਰ 'ਤੇ ਵਸਦੇ ਜਨਰਲ ਵਰਗ ਦੇ ਲੜਕੇ ਨਾਲ ਵਿਆਹਿਆ ਜਾਵੇਗਾ। ਇਸ ਪੋਸਟਰ ਦਾ ਵਿਆਪਕ ਪੱਧਰ 'ਤੇ ਸਮਾਜ ਦੇ ਵੱਖ-ਵੱਖ ਵਰਗਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ।




ਪੁਲਿਸ ਨੇ ਥਾਣਾ ਕੋਤਵਾਲੀ 'ਚ ਇਸ ਮਾਮਲੇ 'ਚ ਸ਼ਹਿਰ ਦੀ ਮੁਲਤਾਨੀ ਰੋਡ 'ਤੇ ਵਸਨੀਕ ਸੁਰਿੰਦਰ ਸਿੰਘ ਤੇ ਉਸ ਦੇ ਪਿਤਾ ਰਾਮ ਦਿਆਲ ਸਿੰਘ ਖ਼ਿਲਾਫ਼ ਕੇਸ ਦਰਜ ਕਰਕੇ ਦੋਵਾਂ ਨੂੰ ਹਿਰਾਸਤ ਵਿਚ ਲੈ ਲਿਆ। ਜਾਣਕਾਰੀ ਅਨੁਸਾਰ ਹੋਟਲ ਦੇ ਮਾਲਕ ਵੱਲੋਂ ਪੁਲਿਸ ਕੋਲ ਕੀਤੀ ਗਈ ਸ਼ਿਕਾਇਤ ਮਗਰੋਂ ਇਹ ਕਾਰਵਾਈ ਹੋਈ ਹੈ। ਹੋਟਲ ਦੇ ਮਾਲਕ ਸ੍ਰੀ ਗਰੋਵਰ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਤੋਂ ਪਤਾ ਲੱਗਿਆ ਸੀ ਕਿ ਉਨ੍ਹਾਂ ਦੇ ਹੋਟਲ ਵਿਚ ਲੜਕੀਆਂ ਦੇ ਸੁੰਦਰਤਾ ਮੁਕਾਬਲੇ ਬਾਰੇ ਪੋਸਟਰ ਲੱਗੇ ਹੋਏ ਹਨ, ਜਦਕਿ ਉਕਤ ਕਿਸੇ ਵੀ ਤਰ੍ਹਾਂ ਦੇ ਪ੍ਰੋਗਰਾਮ ਸਬੰਧੀ ਉਸ ਦੇ ਹੋਟਲ ਵਿਚ ਕਿਸੇ ਵੱਲੋਂ ਕੋਈ ਬੁਕਿੰਗ ਨਹੀਂ ਕਰਵਾਈ ਗਈ ਸੀ। ਪੋਸਟਰ ਦੇਖਣ ਮਗਰੋਂ ਉਨ੍ਹਾਂ ਪੁਲਿਸ ਕੋਲ ਇਸ ਦੀ ਸ਼ਿਕਾਇਤ ਦਿੱਤੀ। ਸ਼ਿਕਾਇਤ 'ਚ ਸ਼ਰਾਰਤੀਆਂ ਵੱਲੋਂ ਹੋਟਲ ਨੂੰ ਬਦਨਾਮ ਕਰਨ ਲਈ ਅਜਿਹਾ ਕੀਤੇ ਜਾਣ ਬਾਰੇ ਖ਼ਦਸ਼ਾ ਪ੍ਰਗਟਾਇਆ ਗਿਆ। ਪੁਲਿਸ ਨੇ ਕਿਹਾ ਕਿ ਮਾਮਲੇ ਦੀ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਕੈਨੇਡਾ ਸਥਿਤ ਐਨ.ਆਰ.ਆਈ. ਦੇ ਰਿਸ਼ਤੇਦਾਰ ਹਨ, ਜੋ ਉਸ ਦੇ ਵਿਆਹ ਲਈ ਢੁਕਵੀਂ ਲੜਕੀ ਦੀ ਤਲਾਸ਼ ਕਰ ਰਹੇ ਸਨ।

## ਮੋਗਾ ਦੀ ਅਦਾਲਤ ਨੇ ਵਿੱਤ ਮੰਤਰੀ ਚੀਮਾ ਨੂੰ ਸੰਮਨ ਭੇਜਿਆ

**ਨਿਹਾਲ ਸਿੰਘ ਵਾਲਾ:** ਮੋਗਾ ਦੀ ਅਦਾਲਤ ਨੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਸੰਮਨ ਜਾਰੀ ਕਰ ਕੇ 15 ਨਵੰਬਰ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਇਹ ਸੰਮਨ ਸਾਬਕਾ ਵਿਧਾਇਕ ਹਰਜੋਤ ਸਿੰਘ ਕਮਲ ਦੀ ਸ਼ਿਕਾਇਤ ਤੋਂ ਬਾਅਦ ਭੇਜੇ ਗਏ ਹਨ, ਜਿਸ ਵਿਚ ਹਰਪਾਲ ਚੀਮਾ ਖਿਲਾਫ ਅਪਰਾਧਿਕ ਸ਼ਿਕਾਇਤ ਰਾਹੀਂ ਕਿਹਾ ਗਿਆ ਸੀ ਕਿ ਚੀਮਾ ਨੇ ਉਨ੍ਹਾਂ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਾਬਕਾ ਵਿਧਾਇਕ ਹਰਜੋਤ ਕਮਲ ਨੇ ਇਥੇ ਆਖਿਆ ਕਿ ਦੋ ਸਾਲ ਪਹਿਲਾਂ ਚੀਮਾ ਨੇ ਪ੍ਰੈੱਸ ਕਾਨਫਰੰਸ ਕਰਦੇ ਹੋਏ ਉਨ੍ਹਾਂ ਉਪਰ ਕਰੋੜਾਂ ਰੁਪਏ ਇਕੱਠੇ ਕਰਨ ਦੇ ਦੋਸ਼ ਲਗਾਏ ਸਨ ਤੇ ਇਹ ਵੀ ਦੋਸ਼ ਲਗਾਇਆ ਸੀ ਕਿ ਉਸ ਨੇ ਮਿਲੀਭੁਗਤ ਕਰ ਕੇ ਖੇਤੀਬਾੜੀ ਵਾਲੀ ਜ਼ਮੀਨ ਨੂੰ ਵਪਾਰਕ ਜ਼ਮੀਨ 'ਚ ਤਬਦੀਲ ਕੀਤਾ ਹੈ।

# ਪੰਜਾਬ ਵਿਚ ਪਾਣੀਆਂ ਦੇ ਮੁੱਦੇ ਉਤੇ ਇਕ ਵਾਰ ਫਿਰ ਭਖੀ ਸਿਆਸਤ

**ਚੰਡੀਗੜ੍ਹ:** ਸਤਲੁਜ ਯਮੁਨਾ ਲਿੰਕ ਨਹਿਰ (ਐਸ.ਵਾਈ.ਐਲ.) ਦੇ ਮੁੱਦੇ 'ਤੇ ਦੋਹਾਂ ਰਾਜਾਂ ਦੇ ਮੁੱਖ ਮੰਤਰੀਆਂ ਭਗਵੰਤ ਮਾਨ ਅਤੇ ਮਨੋਹਰ ਲਾਲ ਖੱਟਰ ਦਰਮਿਆਨ ਹੋਈ ਮੀਟਿੰਗ ਬੇਸਿੱਟਾ ਰਹੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਰਿਆਣਾ ਨੂੰ ਆਪਣਾ ਛੋਟਾ ਭਰਾ ਦੱਸਿਆ ਪਰ ਐਸ.ਵਾਈ.ਐਲ. ਤੇ ਹਾਂਸੀ ਬੁਟਾਨਾ ਨਹਿਰ ਦੇ ਮਾਮਲੇ 'ਤੇ ਹਰਿਆਣਾ ਦੇ ਦਾਅਵੇ ਅਤੇ ਦਲੀਲਾਂ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਕਿ ਜਦੋਂ ਸੂਬੇ ਕੋਲ ਵਾਧੂ ਪਾਣੀ ਹੀ ਨਹੀਂ ਹੈ ਤਾਂ ਨਹਿਰ ਦੀ ਉਸਾਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਉਧਰ, ਇਸ ਮੀਟਿੰਗ ਪਿੱਛੋਂ ਪੰਜਾਬ ਵਿਚ ਸਿਆਸਤ ਮੁੜ ਭਖ ਗਈ ਹੈ। 'ਆਪ' ਸਰਕਾਰ ਦੇ ਵਜ਼ੀਰਾਂ ਤੇ ਨੇਤਾਵਾਂ ਨੇ ਪੰਜਾਬ ਤੇ ਹਰਿਆਣਾ 'ਚ ਹੋਈ ਸਾਂਝੀ ਬੈਠਕ ਵਿਚ ਜਿਥੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰੱਖੇ ਪੱਖ ਦੀ ਸ਼ਲਾਘਾ ਕੀਤੀ, ਉਥੇ ਹੀ ਵਿਰੋਧੀ ਧਿਰ ਵੱਲੋਂ ਮੁੱਖ ਮੰਤਰੀ ਨੂੰ ਨਿਸ਼ਾਨੇ 'ਤੇ ਲਿਆ ਗਿਆ। ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੀਟਿੰਗ ਵਿਚ ਪੰਜਾਬ ਦੇ ਪਾਣੀਆਂ ਦੇ ਹੱਕ 'ਚ ਡਟ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਪੁੱਤਰ ਹੋਣ ਦਾ ਫ਼ਰਜ਼ ਨਿਭਾਇਆ ਹੈ। ਪੰਜਾਬ ਦੇ ਹਿੱਤ ਭਗਵੰਤ ਮਾਨ ਦੀ ਅਗਵਾਈ ਵਿਚ ਪੂਰੀ ਤਰ੍ਹਾਂ ਸੁਰੱਖਿਅਤ ਹਨ।

ਸ੍ਰੀ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਪਾਣੀਆਂ ਦੀ ਰਾਖੀ ਵਿਚ ਲਏ ਗਏ ਸਟੈਂਡ ਨਾਲ ਵਿਰੋਧੀਆਂ ਦੇ ਮੂੰਹ ਬੰਦ ਹੋ ਗਏ ਹਨ। ਇਸੇ ਦੌਰਾਨ 'ਆਪ' ਦੇ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਾਂਗਰਸ ਪਾਰਟੀ ਨੂੰ ਐਸ.ਵਾਈ.ਐਲ. ਵਿਵਾਦ ਦੀ ਪਿਤਾਮਾ ਕਰਾਰ ਦਿੱਤਾ ਤੇ ਕਿਹਾ ਕਿ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ ਸੀ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 1978 ਵਿਚ ਐਸ.ਵਾਈ.ਐਲ. ਲਈ ਜ਼ਮੀਨ ਗ੍ਰਹਿਣ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਅਤੇ ਹਰਿਆਣਾ ਦੀ ਦੇਵੀ ਲਾਲ ਸਰਕਾਰ ਨੂੰ ਤਿੰਨ ਕਰੋੜ ਦੀ ਕਿਸ਼ਤ ਜਾਰੀ ਕੀਤੀ ਸੀ। ਇਸੇ ਤਰ੍ਹਾਂ ਅਮਰਿੰਦਰ ਸਿੰਘ ਖ਼ੁਦ 1982 ਵਿਚ ਐਸ.ਵਾਈ.ਐਲ. ਨਹਿਰ ਦੀ ਖ਼ੁਦਾਈ ਲਈ ਚਾਂਦੀ ਦੀ ਕਹੀ ਲੈ ਕੇ ਆਏ ਸਨ। ਦੂਸਰੇ ਪਾਸੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਧਾਨ ਮੰਤਰੀ ਤੱਕ ਪਹੁੰਚ ਕੀਤੇ ਜਾਣ ਦਾ ਮਤਲਬ ਆਪਣੇ ਅਧਿਕਾਰ ਕਿਸੇ ਹੋਰ ਨੂੰ ਸੌਂਪਣ ਦੇ ਬਰਾਬਰ ਹੈ।

ਸ੍ਰੀ ਵੜਿੰਗ ਨੇ ਕਿਹਾ ਕਿ ਮਾਨ ਦਾ ਪੱਖ ਸਿੱਧਾ ਅਤੇ ਸਪੱਸ਼ਟ ਹੋਣਾ ਚਾਹੀਦਾ ਸੀ ਕਿ ਪੰਜਾਬ ਵਿਚ ਦੇਣ ਲਈ ਵਾਧੂ ਪਾਣੀ ਨਹੀਂ ਹੈ। ਵੜਿੰਗ ਨੇ ਇਹ ਵੀ ਕਿਹਾ ਕਿ ਕਾਂਗਰਸ ਸਰਕਾਰ ਨੇ ਹੀ 2004 ਵਿਚ ਪਾਣੀਆਂ ਦੀ ਵੰਡ ਦੇ ਸਮਝੌਤੇ ਰੱਦ ਕੀਤੇ ਸਨ। ਇਸੇ ਦੌਰਾਨ 'ਆਪ' ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਉਕਤ ਤਿੰਨੇ ਧਿਰਾਂ ਨੇ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਐਸ.ਵਾਈ.ਐਲ. ਮਾਮਲੇ ਨੂੰ ਲਟਕਾ ਕੇ ਪੰਜਾਬ ਨਾਲ ਧ੍ਰੋਹ ਕਮਾਇਆ ਹੈ। ਕਾਂਗਰਸ ਪਾਰਟੀ ਨੂੰ ਐਸ.ਵਾਈ.ਐਲ. ਵਿਵਾਦ ਪੈਦਾ ਕਰਨ ਵਾਲੀ ਦੱਸਦਿਆਂ ਉਨ੍ਹਾਂ ਕਿਹਾ ਕਿ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਪੰਜਾਬ ਦੇ ਪਾਣੀਆਂ 'ਤੇ ਸਭ ਤੋਂ ਪਹਿਲਾਂ ਡਾਕਾ ਮਾਰਿਆ। ਉਨ੍ਹਾਂ ਕਾਂਗਰਸ ਨੂੰ ਸਵਾਲ ਕੀਤਾ ਕਿ 2004 ਵਿਚ ਹਰਿਆਣਾ, ਪੰਜਾਬ ਤੇ ਕੇਂਦਰ, ਤਿੰਨੇ ਥਾਵਾਂ 'ਤੇ ਕਾਂਗਰਸ ਪਾਰਟੀ ਦੀ ਸਰਕਾਰ ਸੀ, ਫਿਰ ਵੀ ਕਾਂਗਰਸ ਨੇ ਇਸ ਮਸਲੇ ਦਾ ਹੱਲ ਕਿਉਂ ਨਹੀਂ ਕੀਤਾ ਗਿਆ? ਕੰਗ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਤੇ ਇਸ ਮਾਮਲੇ ਨੂੰ ਅੱਗੇ ਵਧਾਉਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਬਾਦਲ ਸਰਕਾਰ ਨੇ 1978 ਵਿਚ ਐਸ.ਵਾਈ.ਐਲ. ਲਈ ਜਮੀਨ ਐਕੁਆਇਰ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਤੇ ਮਗਰੋਂ ਹਰਿਆਣਾ ਦੀ ਦੇਵੀ ਲਾਲ ਸਰਕਾਰ ਨੂੰ ਐਸ.ਵਾਈ.ਐਲ. ਲਈ ਤਿੰਨ ਕਰੋੜ ਰੁਪਏ ਦੀ ਕਿਸ਼ਤ ਜਾਰੀ ਕਰਨ ਲਈ ਪੱਤਰ ਵੀ ਲਿਖਿਆ। ਇਸ ਮੌਕੇ ਕੈਪਟਨ ਤੇ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਸ੍ਰੀ ਕੰਗ ਨੇ ਕਿਹਾ ਕਿ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ 1982 'ਚ ਖੁਦ ਐਸ.ਵਾਈ.ਐਲ. ਨਹਿਰ ਦੀ ਖੁਦਾਈ ਲਈ ਚਾਂਦੀ ਦੀ ਕਹੀ ਲੈ ਕੇ ਆਏ ਸਨ। ਉਨ੍ਹਾਂ ਕਿਹਾ ਕਿ ਜੇਕਰ ਹਰਿਆਣਾ ਨੂੰ ਯਮੁਨਾ ਦਾ ਪਾਣੀ ਮਿਲ ਰਿਹਾ ਹੈ ਤਾਂ ਪੰਜਾਬ ਨੂੰ ਕਿਉਂ ਨਹੀਂ ਮਿਲ ਰਿਹਾ?



## ਦਰਿਆਈ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੱਕ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਪ੍ਰਵਾਨਿਤ ਰਿਪੇਰੀਅਨ ਸਿਧਾਂਤਾਂ ਮੁਤਾਬਕ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਇਕਲੌਤਾ ਹੱਕ ਸਿਰਫ ਪੰਜਾਬ ਦਾ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੇ ਹਰਿਆਣਾ ਦੇ ਹਮਰੁਤਬਾ ਨਾਲ ਗੱਲਬਾਤ ਵਿਚ ਐਸ.ਵਾਈ.ਐਲ. 'ਤੇ ਚਰਚਾ ਕਰਨ ਅਤੇ ਹਰਿਆਣਾ ਨੂੰ ਬਰਾਬਰ ਦਾ ਹਿੱਸਾ ਦੇਣ ਦੀ ਗੱਲ ਕਰਨ ਦੀ ਥਾਂ ਇਸ ਗੱਲ 'ਤੇ ਜੋਰ ਦੇਣਾ ਚਾਹੀਦਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਭਗਵੰਤ ਮਾਨ ਪਾਣੀ ਦੀ ਉਪਲਬਧਤਾ ਚੈੱਕ ਕਰਨ ਵਾਸਤੇ ਹਰਿਆਣਾ ਵੱਲੋਂ ਗੱਲਬਾਤ ਕਰਨ ਲਈ ਵਿਛਾਏ ਜਾਲ ਵਿਚ ਫਸ ਗਏ।

## ਪਾਣੀਆਂ ਬਾਰੇ ਭਗਵੰਤ ਮਾਨ ਦਾ ਰੁਖ ਕਮਜ਼ੋਰ ਰਿਹੈ: ਬਾਜਵਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮਾਨ ਸਰਕਾਰ ਦਾ ਦਰਿਆਈ ਪਾਣੀਆਂ ਬਾਰੇ ਰੁਖ ਨਾ ਸਿਰਫ ਕਮਜ਼ੋਰ ਸੀ ਬਲਕਿ ਇਸ ਵਿਚ ਸਪਸ਼ਟਤਾ ਅਤੇ ਦ੍ਰਿੜ੍ਹਤਾ ਦੀ ਘਾਟ ਵੀ ਸੀ। ਸ੍ਰੀ ਬਾਜਵਾ ਨੇ ਕਿਹਾ ਕਿ ਭਗਵੰਤ ਮਾਨ ਨੇ ਦਰਿਆਈ ਪਾਣੀ ਰਾਜ ਦਾ ਵਿਸ਼ਾ ਹੋਣ ਦੀ ਗੱਲ ਵੀ ਨਹੀਂ ਉਠਾਈ ਬਲਕਿ ਮਨੋਹਰ ਲਾਲ ਖੱਟਰ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਜਾਣ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਕੋਲ ਪਾਣੀਆਂ ਦੀ ਵੰਡ ਬਾਰੇ ਫੈਸਲਾ ਲੈਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਭਗਵੰਤ ਮਾਨ ਹਰਿਆਣੇ ਦਾ ਮਸਲਾ ਹੱਲ ਕਰਨ ਲਈ ਕਾਹਲੇ ਹਨ।

## ਐਸ.ਵਾਈ.ਐਲ. ਸਾਡੇ ਲਈ ਜਿਊਣ-ਮਰਨ ਦਾ ਸਵਾਲ: ਖੱਟਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਇਸ ਮੁੱਦੇ 'ਤੇ ਪੰਜਾਬ ਨਾਲ ਕੋਈ ਸਹਿਮਤੀ ਨਹੀਂ ਬਣੀ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਐਸ.ਵਾਈ.ਐਲ. ਦੀ ਉਸਾਰੀ ਲਈ ਕਿਹਾ ਹੈ ਪਰ ਪੰਜਾਬ ਸਹਿਮਤ ਨਹੀਂ ਹੈ। ਉਨ੍ਹਾਂ ਕਿਹਾ ਕਿ ਐਸ.ਵਾਈ.ਐਲ. ਦੀ ਉਸਾਰੀ ਉਨ੍ਹਾਂ ਲਈ ਜਿਊਣ-ਮਰਨ ਦਾ ਸਵਾਲ ਹੈ। ਹੁਣ ਮੁੱਖ ਮੰਤਰੀ ਇਸ ਮਸਲੇ ਨੂੰ ਲੈ ਕੇ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਨਾਲ ਗੱਲ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਪਾਣੀ ਲਈ ਪਹਿਲਾਂ ਵੀ ਟ੍ਰਿਬਿਊਨਲ ਬਣਾਇਆ ਗਿਆ ਸੀ। ਉਸ ਤੋਂ ਬਾਅਦ 3 ਜੱਜਾਂ ਦਾ ਨਵਾਂ ਟ੍ਰਿਬਿਊਨਲ ਬਣਾਇਆ ਗਿਆ। ਟ੍ਰਿਬਿਊਨਲ ਦੇ ਫੈਸਲੇ ਅਨੁਸਾਰ ਐਸ.ਵਾਈ.ਐਲ. ਨਹਿਰ ਦੀ ਉਸਾਰੀ ਜਰੂਰੀ ਹੈ।

# ਧਰਮ ਪਰਿਵਰਤਨ ਖਿਲਾਫ ਕਾਨੂੰਨ ਬਣਾਉਣ ਦੀ ਮੰਗ ਉਠੀ

**ਅੰਮ੍ਰਿਤਸਰ:** ਗਲੋਬਲ ਸਿੱਖ ਕੌਂਸਲ ਨੇ ਪੰਜਾਬ ਵਿਚ ਜਬਰੀ, ਭਰਮਾਉਣ, ਲੁਭਾਉਣ ਤੇ ਧੋਖੇਬਾਜ਼ੀ ਨਾਲ ਅਨੈਤਿਕ ਧਰਮ ਪਰਿਵਰਤਨ ਨੂੰ ਅਪਰਾਧਿਕ ਗਤੀਵਿਧੀ ਕਰਾਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਪੰਜਾਬ ਵਿਧਾਨ ਸਭਾ ਵਿਚ ਕਾਨੂੰਨ ਬਣਾਉਣ ਤੇ ਪੰਜਾਬ ਵਿਚ ਸੂਬੇ ਦੇ ਵਸਨੀਕਾਂ ਲਈ ਨੌਕਰੀਆਂ ਰਾਖਵੀਆਂ ਕਰਨਾ ਯਕੀਨੀ ਬਣਾਉਣ ਲਈ ਕਾਨੂੰਨ ਪਾਸ ਕਰਨ ਸਣੇ ਘੱਟੋ-ਘੱਟ 10 ਸਾਲਾਂ ਤੋਂ ਵਸਨੀਕ ਹੋਣ ਦੀ ਸ਼ਰਤ ਲਾਉਣ ਲਈ ਵੀ ਕਾਨੂੰਨ ਬਣਾਉਣ ਦੀ ਅਪੀਲ ਕੀਤੀ ਹੈ। ਵਿਸ਼ਵ ਭਰ ਦੀਆਂ ਕੌਮੀ ਪੱਧਰ ਦੀਆਂ ਸਿੱਖ ਜਥੇਬੰਦੀਆਂ ਦੀ ਕਨਫੈਡਰੇਸ਼ਨ ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ). ਦੀ ਇਥੇ ਸਮਾਪਤ ਹੋਈ ਆਪਣੀ ਤਿੰਨ ਰੋਜ਼ਾ ਕਾਨਫਰੰਸ ਤੇ ਸਾਲਾਨਾ ਜਨਰਲ ਮੀਟਿੰਗ ਵਿਚ ਸਰਬਸੰਮਤੀ ਨਾਲ ਪਾਸ ਕੀਤੇ ਗਏ ਮਤਿਆਂ ਵਿਚ ਇਹ ਮੰਗ ਕੀਤੀ ਗਈ। ਇਸ ਕੌਮਾਂਤਰੀ ਕਾਨਫਰੰਸ ਦਾ ਵਿਸ਼ਾ '21ਵੀਂ ਸਦੀ ਵਿਚ ਸਿੱਖੀ' ਸੀ। ਇਸ ਦੌਰਾਨ ਜੀ.ਐਸ.ਸੀ. ਦੇ 14 ਦੇਸਾਂ ਦੇ ਮੈਂਬਰਾਂ ਨੇ ਆਪਣੀਆਂ ਵਡਮੁੱਲੀਆਂ ਰਿਪੋਰਟਾਂ ਪੇਸ਼ ਕੀਤੀਆਂ। ਇਸ ਕਾਨਫਰੰਸ ਦਾ ਉਦਘਾਟਨ ਬਰਤਾਨੀਆ ਤੋਂ ਜੀ.ਐਸ.ਸੀ. ਦੀ ਪ੍ਰਧਾਨ ਡਾ. ਕੰਵਲਜੀਤ ਕੌਰ ਨੇ ਕੀਤਾ, ਜਿਸ ਵਿਚ ਡੈਲੀਗੇਟਾਂ ਤੋਂ ਇਲਾਵਾ ਪ੍ਰਸਿੱਧ ਸਿੱਖ ਸ਼ਖ਼ਸੀਅਤਾਂ ਨੇ ਆਨਲਾਈਨ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਡਾ. ਕੰਵਲਜੀਤ ਕੌਰ ਨੇ ਦੱਸਿਆ ਕਿ ਇਸ ਕਾਨਫਰੰਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਰੋਸਾ ਦਿਵਾਇਆ ਹੈ ਕਿ ਉਹ ਜੀ.ਐਸ.ਸੀ. ਪ੍ਰਧਾਨ ਵੱਲੋਂ ਉਠਾਏ ਗਏ ਮੁੱਦਿਆਂ ਨੂੰ ਨਿੱਜੀ ਤੌਰ 'ਤੇ ਵਿਚਾਰਨਗੇ ਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਚਾਰਾਜੋਈ ਕਰਨਗੇ।



## ਕੌਮੀ ਖੇਡਾਂ ਵਿਚ ਪੰਜਾਬ ਨੇ 76 ਤਗਮੇ ਜਿੱਤੇ

**ਚੰਡੀਗੜ੍ਹ:** ਗੁਜਰਾਤ ਵਿਚ ਸਮਾਪਤ ਹੋਈਆਂ 36ਵੀਆਂ ਕੌਮੀ ਖੇਡਾਂ ਦੇ ਆਖਰੀ ਦਿਨ ਪੰਜਾਬ ਨੇ ਮੁੱਕੇਬਾਜ਼ੀ ਵਿਚ ਇੱਕ ਸੋਨ ਤਗਮਾ, ਦੋ ਚਾਂਦੀ ਤੇ ਤਿੰਨ ਕਾਂਸੀ ਦੇ ਤਗਮੇ ਜਿੱਤੇ ਹਨ। ਪੰਜਾਬ ਨੇ ਕੌਮੀ ਖੇਡਾਂ ਵਿਚ 19 ਸੋਨੇ, 32 ਚਾਂਦੀ ਤੇ 25 ਕਾਂਸੀ ਦੇ ਤਗਮਿਆਂ ਸਮੇਤ ਕੁੱਲ 76 ਤਗਮੇ ਜਿੱਤੇ ਹਨ। ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਫੈਸਲੇ ਤਹਿਤ ਜਲਦ ਹੀ ਕੌਮੀ ਤਗਮਾ ਜੇਤੂ ਪੰਜਾਬੀ ਖਿਡਾਰੀਆਂ ਨੂੰ ਨਗਦ ਪੁਰਸਕਾਰ ਨਾਲ ਸਨਮਾਨਿਆ ਜਾਵੇਗਾ।

# ਭਰੋਸਗੀ ਮਤ: ਵਿਧਾਇਕਾਂ ਦੀ ਗਿਣਤੀ ਦੀ ਗਲਤੀ ਸੁਧਾਰੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਇਜਲਾਸ ਦੀ ਆਖਰੀ ਬੈਠਕ ਮੌਕੇ ਵਿਸ਼ਵਾਸ ਮਤੇ ਉਤੇ ਹੋਈ ਵੋਟਿੰਗ ਦੌਰਾਨ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਤੇ ਬਸਪਾ ਵਿਧਾਇਕ ਡਾ. ਨਛੱਤਰਪਾਲ ਦੀ ਵੋਟ ਨੂੰ ਵੀ ਸਰਕਾਰੀ ਪੱਖ ਵਿਚ ਗਿਣਨ ਸਬੰਧੀ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਪਣੀ ਗਲਤੀ ਮੰਨ ਲਈ ਹੈ। ਵਿਧਾਨ ਸਭਾ ਦੀ 3 ਅਕਤੂਬਰ ਦੀ ਆਖਰੀ ਬੈਠਕ ਦੌਰਾਨ ਹੋਈ ਇਸ ਵੋਟਿੰਗ ਮੌਕੇ ਸਪੀਕਰ ਨੇ ਸਰਕਾਰੀ ਪੱਖ ਵਿਚ 93 ਵੋਟਾਂ ਪੈਣ ਦਾ ਐਲਾਨ ਕੀਤਾ ਸੀ, ਜਦੋਂਕਿ ਸਦਨ ਵਿਚ ਹੁਕਮਰਾਨ 'ਆਪ' ਦੇ 91 ਮੈਂਬਰ ਤੇ ਅਕਾਲੀ ਦਲ ਤੇ ਬਸਪਾ ਦਾ ਇਕ-ਇਕ ਮੈਂਬਰ ਹਾਜਰ ਸੀ। ਅਕਾਲੀ ਮੈਂਬਰ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਮਤੇ ਉਤੇ ਬੋਲਦਿਆਂ ਸਪਸ਼ਟ ਕਿਹਾ ਗਿਆ ਕਿ ਉਹ ਵਿਸ਼ਵਾਸ ਮਤੇ ਦੇ ਵਿਰੁੱਧ ਹਨ। ਡਾ. ਨਛੱਤਰਪਾਲ ਨੇ ਵੀ ਮਤੇ ਦੇ ਹੱਕ ਵਿਚ ਹੱਥ ਖੜ੍ਹਾ ਨਹੀਂ ਕੀਤਾ ਸੀ। ਇਨ੍ਹਾਂ ਦੋਵਾਂ ਵਿਧਾਇਕਾਂ ਵੱਲੋਂ ਮਤਾ ਪਾਸ ਹੋਣ ਤੋਂ ਤੁਰਤ ਬਾਅਦ ਸਪੀਕਰ ਵੱਲੋਂ ਇਨ੍ਹਾਂ ਦੀਆਂ ਵੋਟਾਂ ਸਰਕਾਰੀ ਪੱਖ ਵਿਚ ਗਿਣਨ ਦਾ ਵਿਰੋਧ ਵੀ ਕੀਤਾ ਗਿਆ ਅਤੇ ਬਾਅਦ ਵਿਚ ਸਪੀਕਰ ਨੂੰ ਇਸ ਸਬੰਧੀ ਰਿਕਾਰਡ ਸੋਧਣ ਬਾਰੇ ਵੀ ਲਿਖਿਆ ਗਿਆ।



ਦਿਲਚਸਪ ਗੱਲ ਇਹ ਹੈ ਕਿ ਸਪੀਕਰ ਸੰਧਵਾਂ ਵੱਲੋਂ ਆਪਣੀ ਗਲਤੀ ਤੇ ਵਿਧਾਨ ਸਭਾ ਦਾ ਰਿਕਾਰਡ ਸੋਧਣ ਸਬੰਧੀ ਫੈਸਲਾ 13 ਅਕਤੂਬਰ ਨੂੰ ਲੈਣ ਤੋਂ ਬਾਅਦ ਹੁਣ ਵਿਧਾਨ ਸਭਾ ਸਕੱਤਰੇਤ ਵੱਲੋਂ ਰਿਕਾਰਡ ਵਿਚ ਸੋਧ ਸਬੰਧੀ ਬਕਾਇਦਾ ਹੁਕਮ ਵੀ ਜਾਰੀ ਕਰ ਦਿੱਤੇ ਗਏ ਹਨ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 3 ਅਕਤੂਬਰ ਦੇ ਇਜਲਾਸ ਤੋਂ ਤੁਰਤ ਬਾਅਦ ਵਿਧਾਨ ਸਭਾ ਵਿਚ ਪਾਰਟੀ ਦੀਆਂ ਵੋਟਾਂ 91 ਤੋਂ ਵਧ ਕੇ 93 ਹੋਣ ਉਤੇ ਖੁਸ਼ੀ ਦੇ ਇਜ਼ਹਾਰ ਸਬੰਧੀ ਬਿਆਨ ਵੀ ਜਾਰੀ ਕੀਤਾ ਸੀ, ਪਰ ਕਾਨੂੰਨੀ ਮਾਹਿਰਾਂ ਨੇ ਬਾਅਦ ਵਿਚ ਸਪੀਕਰ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਉਨ੍ਹਾਂ ਨੂੰ ਆਪਣੇ ਫੈਸਲੇ ਸਬੰਧੀ ਸੁਧਾਈ ਕਰਨੀ ਪਵੇਗੀ, ਕਿਉਂਕਿ ਇਹ ਮਾਮਲਾ ਅਦਾਲਤ ਪੁੱਜਣ ਉਤੇ ਸਰਕਾਰ ਲਈ ਵੱਡੀਆਂ ਮੁਸ਼ਕਲਾਂ ਪੈਦਾ ਕਰ ਸਕਦਾ ਹੈ।

# ਡਿਫਾਲਟਰ ਠੇਕੇਦਾਰਾਂ ਉਤੇ ਮਾਨ ਸਰਕਾਰ ਵੀ ਮਿਹਰਬਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਸ਼ਰਾਬ ਕਾਰੋਬਾਰ ਦੇ ਡਿਫਾਲਟਰ ਠੇਕੇਦਾਰਾਂ ਵੱਲ ਖੜ੍ਹੇ ਕਰੋੜਾਂ ਰੁਪਏ ਦੇ ਬਕਾਏ ਬਾਰੇ ਚੁੱਪ ਧਾਰੀ ਹੋਈ ਹੈ। ਜਾਣਕਾਰੀ ਅਨੁਸਾਰ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਨਿਸ਼ਾਨੇ 'ਤੇ ਆਏ ਦੀਪ ਮਲਹੋਤਰਾ ਦੇ ਪਰਿਵਾਰ ਦੀ ਹਿੱਸੇਦਾਰੀ ਵਾਲੀ 'ਸਟਾਰ ਵਾਈਨ' ਵੀ ਪੰਜ ਸਾਲਾਂ ਤੋਂ ਡਿਫਾਲਟਰ ਹੈ।

ਸਟਾਰ ਵਾਈਨ ਕੋਲ 2016-17 ਦੌਰਾਨ ਸੁਨਾਮ ਗਰੁੱਪ ਤਹਿਤ ਸ਼ਰਾਬ ਦਾ ਕਾਰੋਬਾਰ ਸੀ ਤੇ ਇਸ ਕੰਪਨੀ ਵੱਲ 16.35 ਕਰੋੜ ਰੁਪਏ ਦਾ ਬਕਾਇਆ ਖੜ੍ਹਾ ਹੈ। ਦੀਪ ਮਲਹੋਤਰਾ ਦਾ ਲੜਕਾ ਗੌਰਵ ਮਲਹੋਤਰਾ ਇਸ ਕੰਪਨੀ ਵਿਚ ਹਿੱਸੇਦਾਰ ਹੈ। ਸੂਤਰਾਂ ਅਨੁਸਾਰ ਨਵੀਂ ਸਰਕਾਰ ਨੇ ਹਾਲੇ ਤੱਕ ਕਿਸੇ ਵੀ ਸ਼ਰਾਬ ਕੰਪਨੀ ਤੋਂ ਵਸੂਲੀ ਨਹੀਂ ਕੀਤੀ ਹੈ। ਕਈ ਸਾਲਾਂ ਤੋਂ ਸ਼ਰਾਬ ਦੇ ਠੇਕੇਦਾਰਾਂ ਵੱਲ ਕਰੀਬ 300 ਕਰੋੜ ਤੋਂ ਉੱਪਰ ਦੀ ਰਾਸ਼ੀ ਬਕਾਇਆ ਖੜ੍ਹੀ ਹੈ।

ਸੂਚਨਾ ਦੇ ਅਧਿਕਾਰ ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਡੋਡਾ ਪਰਿਵਾਰ ਦੀ ਗਗਨ ਵਾਈਨ ਵੱਲ ਬਠਿੰਡਾ ਜ਼ਿਲ੍ਹੇ ਵਿਚ 23.83 ਕਰੋੜ ਰੁਪਏ ਬਕਾਇਆ ਖੜ੍ਹਾ ਹੈ। ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਨੇੜਲਾ ਸਾਥੀ ਵੀ ਇਸ ਮਾਮਲੇ ਵਿਚ ਕਰੋੜਾਂ ਰੁਪਏ ਦਾ ਡਿਫਾਲਟਰ ਹੈ, ਜਿਸ 'ਤੇ 2017 ਦੀਆਂ ਚੋਣਾਂ ਵੇਲੇ ਬਾਹਰਲੇ ਸੂਬਿਆਂ 'ਚੋਂ ਸ਼ਰਾਬ ਲਿਆਉਣ ਦੇ ਦੋਸ਼ ਹੇਠ ਕੇਸ ਵੀ ਦਰਜ ਹੋਇਆ ਸੀ। ਕੈਪਟਨ ਸਰਕਾਰ ਵੇਲੇ ਇਨ੍ਹਾਂ ਸ਼ਰਾਬ ਠੇਕੇਦਾਰਾਂ ਦੇ ਮਾਲ ਰਿਕਾਰਡ ਵਿਚ ਰੈੱਡ ਐਂਟਰੀ ਪਾ ਦਿੱਤੀ ਗਈ ਸੀ। ਇਨ੍ਹਾਂ ਠੇਕੇਦਾਰਾਂ ਖ਼ਿਲਾਫ਼ ਪੰਜਾਬ ਲੈਂਡ ਰੈਵੇਨਿਊ ਐਕਟ 1887 ਤਹਿਤ ਕਾਰਵਾਈ ਸ਼ੁਰੂ ਕੀਤੀ ਹੋਈ ਹੈ, ਪਰ ਇਸ ਸਬੰਧੀ ਹਾਲੇ ਬਹੁਤੀ ਸਫਲਤਾ ਹੱਥ ਨਹੀਂ ਲੱਗੀ ਹੈ।



ਨਾਮੀ ਸ਼ਰਾਬ ਦੇ ਕਾਰੋਬਾਰੀ ਸਿੰਗਲਾ ਪਰਿਵਾਰ ਦੀ ਰਾਇਲ ਵਾਈਨ ਵੱਲ ਵੀ 21.16 ਕਰੋੜ ਰੁਪਏ ਦਾ ਬਕਾਇਆ ਖੜ੍ਹਾ ਹੈ। ਸਿੰਗਲਾ ਪਰਿਵਾਰ ਕੋਲ 2016-17 ਵਿਚ ਸੰਗਰੂਰ ਗਰੁੱਪ ਦੇ ਠੇਕੇ ਸਨ। ਇਸੇ ਤਰ੍ਹਾਂ ਚੱਢਾ ਪਰਿਵਾਰ ਵੱਲ ਵੀ ਕਰੋੜਾਂ ਦੇ ਬਕਾਏ ਖੜ੍ਹੇ ਹਨ। ਸੂਤਰ ਆਖਦੇ ਹਨ ਕਿ ਵੱਡੇ ਘਰਾਣੇ ਹੋਣ ਕਰਕੇ 'ਆਪ' ਸਰਕਾਰ ਵੀ ਇਨ੍ਹਾਂ ਨੂੰ ਹੱਥ ਪਾਉਣ ਤੋਂ ਗੁਰੇਜ਼ ਕਰ ਰਹੀ ਹੈ। ਉਪਰੋਂ ਇਸ ਵੇਲੇ ਦਿੱਲੀ ਸਰਕਾਰ ਦੀ ਨਵੀਂ ਆਬਕਾਰੀ ਨੀਤੀ 'ਚ ਕਥਿਤ ਬੇਨਿਯਮੀਆਂ ਨੂੰ ਲੈ ਕੇ ਪਹਿਲਾਂ ਹੀ ਸੀ.ਬੀ.ਆਈ. ਤੇ ਈਡੀ ਕਾਫੀ ਸਰਗਰਮ ਹੈ, ਜਿਸ ਵੱਲੋਂ ਪੰਜਾਬ ਵਿਚ ਵੀ ਛਾਪੇ ਮਾਰੇ ਜਾ ਚੁੱਕੇ ਹਨ। ਜੇ ਅੰਕੜਿਆਂ 'ਤੇ ਨਿਗਾਹ ਮਾਰੀਏ ਤਾਂ ਡਿਫਾਲਟਰਾਂ 'ਚ ਬਠਿੰਡਾ ਜ਼ਿਲ੍ਹੇ ਦਾ ਨਾਮ ਸਿਖਰ 'ਤੇ ਹੈ, ਜਿਥੋਂ ਦੇ ਠੇਕੇਦਾਰਾਂ ਵੱਲ 68.05 ਕਰੋੜ ਰੁਪਏ ਬਕਾਇਆ ਹਨ, ਜਦਕਿ ਸੰਗਰੂਰ ਦੇ ਡਿਫਾਲਟਰ ਠੇਕੇਦਾਰਾਂ ਵੱਲ 39.48 ਕਰੋੜ, ਮੋਗਾ ਵਿਚ 21.82, ਮਾਨਸਾ 'ਚ 15.28, ਬਰਨਾਲਾ 'ਚ 19.33 ਅਤੇ ਮੁਕਤਸਰ 'ਚ 7.49 ਕਰੋੜ ਰੁਪਏ ਦਾ ਬਕਾਇਆ ਹੈ।

## ਸਿੱਖ ਕਤਲੇਆਮ ਮਾਮਲੇ 'ਚ ਕੇਂਦਰ ਤੇ ਹਰਿਆਣਾ ਸਰਕਾਰ ਨੂੰ ਨੋਟਿਸ

**ਜਲੰਧਰ:** ਗੁੜਗਾਓਂ ਤੇ ਪਟਨੌਦੀ ਵਿਚ 47 ਸਿੱਖਾਂ ਦੇ ਕਤਲੇਆਮ ਮਾਮਲੇ ਵਿਚ ਹਾਈਕੋਰਟ ਨੇ ਸੁਣਵਾਈ ਕਰਦਿਆਂ ਕੇਂਦਰ ਤੇ ਹਰਿਆਣਾ ਦੀ ਸਰਕਾਰ ਸਮੇਤ ਗੁੜਗਾਓਂ ਦੇ ਡੀ.ਸੀ. ਅਤੇ 9 ਹੋਰਨਾਂ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 7 ਫਰਵਰੀ 2023 ਨੂੰ ਤੈਅ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹੋਂਦ ਚਿੱਲੜ ਸਿੱਖ ਇਨਸਾਫ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ 2 ਨਵੰਬਰ 1984 ਨੂੰ ਗੁੜਗਾਓਂ ਪਟਨੌਦੀ ਹਰਿਆਣਾ ਵਿਖੇ ਭੀੜ ਨੇ 297 ਘਰਾਂ ਨੂੰ ਅੱਗ ਲਗਾ ਕਿ ਸਾੜ ਦਿੱਤਾ ਸੀ ਅਤੇ 47 ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ, ਜਿਸ ਸਬੰਧੀ ਹੋਂਦ ਚਿੱਲੜ ਸਿੱਖ ਇਨਸਾਫ ਕਮੇਟੀ ਵੱਲੋਂ ਪੀੜਤ ਸੰਤੋਖ ਸਿੰਘ ਸਾਹਨੀ ਅਤੇ ਸੀਨੀਅਰ ਵਕੀਲ ਗਗਨਦੀਪ ਸਿੰਘ ਬੱਲ ਰਾਹੀਂ ਪਟੀਸ਼ਨਾਂ ਪਾਈਆਂ ਗਈਆਂ ਸਨ। ਘੋਲੀਆ ਨੇ ਕਿਹਾ ਕਿ ਉਹ ਪੀੜਤਾਂ ਨੂੰ ਇਨਸਾਫ ਤੇ ਨਿਆਂ ਦਿਵਾਉਣ ਲਈ ਕਾਨੂੰਨੀ ਪ੍ਰਕਿਰਿਆ ਰਾਹੀਂ ਆਪਣਾ ਸੰਘਰਸ਼ ਨਿਰੰਤਰ ਜਾਰੀ ਰੱਖਣਗੇ, ਭਾਵੇਂ ਉਨ੍ਹਾਂ ਨੂੰ ਸੁਪਰੀਮ ਕੋਰਟ ਵੀ ਜਾਣਾ ਪਵੇ।

ਪੰਜਾਬ ਟਾਈਮਜ਼

ਸਨਿਚਰਵਾਰ, 22 ਅਕਤੂਬਰ 2022

# ਪੰਜਾਬ ਵਿਚ ਸਿਆਸੀ ਕਰਵਟ

ਪੰਜਾਬ ਦੀ ਸਿਆਸਤ ਕਰਵਟ ਬਦਲ ਰਹੀ ਹੈ। ਸੂਬੇ ਅੰਦਰ ਰਾਜਪਾਲ ਦੀ ਸਰਗਰਮੀ ਕੁਝ ਨਵੇਂ ਸੰਕੇਤ ਦੇ ਰਹੀ ਹੈ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ ਦੇ ਉਪ ਕੁਲਪਤੀ ਡਾ. ਸਤਬੀਰ ਸਿੰਘ ਗੋਸਲ ਨੂੰ ਹਟਾਉਣ ਦੇ ਹੁਕਮ ਜਾਰੀ ਕੀਤੇ ਹਨ। ਪੰਜਾਬ ਸਰਕਾਰ ਨੇ ਇਹ ਨਿਯੁਕਤੀ 19 ਅਗਸਤ ਨੂੰ ਕੀਤੀ ਸੀ। ਰਾਜਪਾਲ ਇਸ ਤੋਂ ਪਹਿਲਾਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈੱਲਥ ਸਾਇੰਸਜ਼ ਦੇ ਨਵ-ਨਿਯੁਕਤ ਉਪ ਕੁਲਪਤੀ ਡਾ. ਗੁਰਪ੍ਰੀਤ ਸਿੰਘ ਵਾਂਦਰ ਦੀ ਫਾਈਲ ਵਾਪਸ ਮੋੜ ਚੁੱਕੇ ਹਨ। ਰਾਜਪਾਲ ਨੇ ਮੁੱਖ ਮੰਤਰੀ ਨੂੰ ਲਿਖੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਪੰਜਾਬ ਖੇਤੀ ਯੂਨੀਵਰਸਿਟੀ ਦੇ ਉਪ ਕੁਲਪਤੀ ਦੀ ਨਿਯੁਕਤੀ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਦੇ ਨੇਮਾਂ ਦੀ ਉਲੰਘਣਾ ਕਰ ਕੇ ਅਤੇ ਉਨ੍ਹਾਂ ਦੀ ਪ੍ਰਵਾਨਗੀ ਤੋਂ ਬਿਨਾ ਕੀਤੀ ਗਈ ਹੈ। ਰਾਜਪਾਲ ਨੇ ਮੁੱਖ ਮੰਤਰੀ ਨੂੰ ਕਿਹਾ ਹੈ ਕਿ ਉਪ ਕੁਲਪਤੀ ਡਾ. ਸਤਬੀਰ ਸਿੰਘ ਗੋਸਲ ਨੂੰ ਹਟਾ ਕੇ ਅਹੁਦੇ ਦਾ ਚਾਰਜ ਨਵੀਂ ਨਿਯੁਕਤੀ ਹੋਣ ਤੱਕ ਖੇਤੀ ਵਿਭਾਗ ਦੇ ਪ੍ਰਬੰਧਕੀ ਸਕੱਤਰ ਨੂੰ ਸੌਂਪਿਆ ਜਾਵੇ। ਰਾਜਪਾਲ ਨੇ ਪਹਿਲਾਂ 22 ਸਤੰਬਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਏ ਜਾਣ 'ਤੇ ਵੀ ਉਂਗਲ ਚੁੱਕੀ ਸੀ। ਰਾਜਪਾਲ ਨੇ ਰਾਸ਼ਟਰਪਤੀ ਦੇ ਚੰਡੀਗੜ੍ਹ ਦੌਰੇ ਸਮੇਂ ਮੁੱਖ ਮੰਤਰੀ ਦੀ ਗ਼ੈਰਹਾਜ਼ਰੀ ਨੂੰ ਲੈ ਕੇ ਵੀ ਨੁਕਤਾਚੀਨੀ ਕੀਤੀ ਸੀ। ਪਾਰਲੀਮੈਂਟ ਵਿਚ ਪਾਸ 'ਦਿ ਹਰਿਆਣਾ ਐਂਡ ਪੰਜਾਬ ਐਗਰੀਕਲਚਰ ਯੂਨੀਵਰਸਿਟੀਜ਼ ਐਕਟ-1970' ਤਹਿਤ ਪੰਜਾਬ ਖੇਤੀ ਯੂਨੀਵਰਸਿਟੀ ਖੁਦਮੁਖਤਾਰ ਸੰਸਥਾ ਹੈ। ਯੂਨੀਵਰਸਿਟੀ ਦੇ ਬੋਰਡ ਆਫ ਮੈਨੇਜਮੈਂਟ ਕੋਲ ਐਕਟ ਦੀ ਧਾਰਾ 14 (ਜੇ) ਤਹਿਤ ਉਪ ਕੁਲਪਤੀ ਨੂੰ ਨਿਯੁਕਤ ਕਰਨ ਦੀ ਤਾਕਤ ਹੈ। ਐਕਟ ਦੀ ਧਾਰਾ 15 ਅਧੀਨ ਉਪ ਕੁਲਪਤੀ ਨੂੰ ਬੋਰਡ ਵੱਲੋਂ ਸਰਬਸੰਮਤੀ ਨਾਲ ਚੁਣਿਆ ਜਾਣਾ ਹੁੰਦਾ ਹੈ। ਬੋਰਡ ਦੀ ਮੀਟਿੰਗ ਵਿਚ ਜੇ ਕੋਈ ਇੱਕ ਮੈਂਬਰ ਵੀ ਨਿਯੁਕਤੀ ਬਾਰੇ ਵਿਰੋਧ ਦਰਜ ਕਰਾਉਂਦਾ ਹੈ ਤਾਂ ਇਹ ਮਾਮਲਾ ਚਾਂਸਲਰ ਕੋਲ ਚਲਾ ਜਾਂਦਾ ਹੈ। ਡਾ. ਗੋਸਲ ਦੀ ਨਿਯੁਕਤੀ ਬਾਰੇ ਬੋਰਡ ਮੀਟਿੰਗ ਵਿਚ ਕਿਸੇ ਨੇ ਵਿਰੋਧ ਦਰਜ ਨਹੀਂ ਕਰਾਇਆ ਸੀ। ਉਂਝ, ਇਹ ਤਰਕ ਵੀ ਦਿੱਤਾ ਜਾ ਰਿਹਾ ਹੈ ਕਿ ਇਸ ਨਿਯੁਕਤੀ ਲਈ ਚਾਂਸਲਰ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੁੰਦੀ ਹੈ।

ਅਸਲ ਵਿਚ ਹੁਣ ਮਸਲਾ ਨਿਯੁਕਤੀ ਲਈ ਬਣੇ ਨੇਮਾਂ ਦੀ ਥਾਂ ਸਿਆਸਤ ਦਾ ਬਣ ਗਿਆ ਹੈ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਪੰਜਾਬ ਦੀ ਸਿਆਸਤ ਵਿਚ ਆਪਣੀ ਭਰਵੀਂ ਸ਼ਮੂਲੀਅਤ ਲਈ ਚਿਰਾਂ ਤੋਂ ਹੱਥ-ਪੈਰ ਮਾਰ ਰਹੀ ਹੈ। ਜਦੋਂ ਇਸ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਸੀ, ਉਸ ਵਕਤ ਵੀ ਪੰਜਾਬ ਇਕਾਈ ਦਾ ਇਕ ਹਿੱਸਾ ਇਸ ਵਿਚਾਰ ਦਾ ਸੀ ਕਿ ਪਾਰਟੀ ਨੂੰ ਸ਼੍ਰੋਮਣੀ ਅਕਾਲੀ ਦਲ ਨਾਲੋਂ ਤੋੜ-ਵਿਛੋੜਾ ਕਰ ਕੇ ਆਪਣੇ ਬਲਬੂਤੇ ਚੋਣਾਂ ਲੜਨੀਆਂ ਚਾਹੀਦੀਆਂ ਹਨ। ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਕਮਾਨ ਦਾ ਇਕ ਧੜਾ ਵੀ ਇਸ ਵਿਚਾਰ ਦਾ ਹਾਮੀ ਸੀ ਕਿ ਪਾਰਟੀ ਨੂੰ ਪੰਜਾਬ ਵਿਚ ਵੱਡੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਜਦੋਂ ਤੋਂ ਪਾਰਟੀ ਦਾ ਅਕਾਲੀ ਦਲ ਨਾਲੋਂ ਗੱਠਜੋੜ ਟੁੱਟਿਆ ਹੈ, ਪਾਰਟੀ ਪੰਜਾਬ ਵਿਚ ਆਪਣਾ ਆਧਾਰ ਵਧਾਉਣ ਲਈ ਵੱਖ-ਵੱਖ ਪੈਂਤੜੇ ਮੱਲ ਰਹੀ ਹੈ। ਇਨ੍ਹਾਂ ਵਿਚੋਂ ਇਕ ਪੈਂਤੜਾ ਵੱਖ-ਵੱਖ ਪਾਰਟੀਆਂ ਦੇ ਲੀਡਰਾਂ ਨੂੰ ਪਾਰਟੀ ਵਿਚ ਸ਼ਾਮਿਲ ਕਰਨਾ ਵੀ ਹੈ। ਇਸ ਤੋਂ ਇਲਾਵਾ ਹੋਰ ਸੂਬਿਆਂ ਵਾਲੀ ਇਹ ਨੀਤੀ ਵੀ ਅਪਨਾਈ ਜਾ ਰਹੀ ਹੈ ਕਿ ਕੇਂਦਰੀ ਏਜੰਸੀਆਂ ਰਾਹੀਂ ਸਬੰਧਿਤ ਪਾਰਟੀਆਂ ਅਤੇ ਲੀਡਰਾਂ ਉਤੇ ਦਬਾਅ ਪਾਇਆ ਜਾਵੇ। ਇਸ ਪ੍ਰਸੰਗ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਅਤੇ ਸੀ.ਬੀ.ਆਈ. ਛਾਪਿਆਂ ਦੀ ਚਰਚਾ ਅਕਸਰ ਮੀਡੀਆ ਵਿਚ ਚੱਲਦੀ ਰਹੀ ਹੈ। ਭਾਰਤੀ ਜਨਤਾ ਪਾਰਟੀ ਇਹ ਸਾਰਾ ਤਾਣਾ-ਬਾਣਾ 2024 ਵਾਲੀਆਂ ਲੋਕ ਸਭਾ ਚੋਣਾਂ ਲਈ ਬੁਣ ਰਹੀ ਹੈ।

ਅਜਿਹੀਆਂ ਸਿਆਸੀ ਤਿਕੜਮਾਂ ਦੇ ਨਾਲ-ਨਾਲ ਇਹ ਪਾਰਟੀ ਧਰੁਵੀਕਰਨ ਦੀ ਨੀਤੀ ਨੂੰ ਮੁੱਖ ਹਥਿਆਰ ਵਜੋਂ ਵਰਤਦੀ ਹੈ। ਪੰਜਾਬ ਵਿਚ ਵੀ ਇਹ ਇਸੇ ਨੀਤੀ ਨੂੰ ਲਾਗੂ ਕਰਨ ਲਈ ਪੱਬਾਂ ਭਾਰ ਹੈ। ਕੁਝ ਸਿਆਸੀ ਵਿਸ਼ਲੇਸ਼ਕ 'ਵਾਰਿਸ ਪੰਜਾਬ ਦੇ' ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਦੀ ਦੁਬਈ ਤੋਂ ਆਮਦ ਨੂੰ ਇਸ ਵਰਤਾਰੇ ਨਾਲ ਜੋੜ ਕੇ ਦੇਖ ਰਹੇ ਹਨ। ਸਿਆਸੀ ਵਿਸ਼ਲੇਸ਼ਕ ਸਿੱਖ ਸਟੇਟ ਦੀ ਮੰਗ ਨੂੰ ਤਾਂ ਸਾਧਾਰਨ ਤਰੀਕੇ ਨਾਲ ਲੈ ਰਹੇ ਹਨ ਪਰ ਸੂਬੇ ਵਿਚ ਸਿੱਖਾਂ ਦੇ ਇਸਾਈਆਂ ਨਾਲ ਖੜ੍ਹੇ ਕੀਤੇ ਜਾ ਰਹੇ ਟਕਰਾਅ ਨੂੰ ਸਿੱਖ ਸਟੇਟ ਤੋਂ ਵੱਖਰੇ ਕੋਣ ਤੋਂ ਵਿਚਾਰਿਆ ਜਾ ਰਿਹਾ ਹੈ। ਇਹ ਵਰਤਾਰਾ ਅਸਲ ਵਿਚ ਭਾਰਤੀ ਜਨਤਾ ਪਾਰਟੀ ਦੀ ਧਰੁਵੀਕਰਨ ਵਾਲੀ ਸਿਆਸਤ ਦੇ ਐਨ ਫਿੱਟ ਬੈਠਦਾ ਹੈ। ਇਨ੍ਹਾਂ ਵਿਸ਼ਲੇਸ਼ਕਾਂ ਅਨੁਸਾਰ, ਇਸਾਈਆਂ ਨਾਲ ਟਕਰਾਅ ਵਾਲੀ ਨੀਤੀ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਉਸ ਨੀਤੀ ਦੇ ਅਨੁਕੂਲ ਹੈ ਜਿਸ ਤਹਿਤ ਇਹ ਘੱਟ ਗਿਣਤੀਆਂ ਉਤੇ ਹਮਲੇ ਕਰਦੀਆਂ ਹਨ। ਇਸ ਕਰ ਕੇ ਹੀ ਹੁਣ ਅੰਮ੍ਰਿਤਪਾਲ ਸਿੰਘ ਦੀ ਸਰਗਰਮੀ 'ਤੇ ਸਵਾਲ ਉਠਾਏ ਜਾ ਰਹੇ ਹਨ। ਕੁਝ ਵੀ ਹੋਵੇ, ਇਸ ਵਕਤ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਕੇਂਦਰੀ ਲੀਡਰਸ਼ਿਪ ਪੰਜਾਬ ਤੋਂ ਬੜੀ ਔਖੀ ਹੈ। ਇਹ ਅਜੇ ਤੱਕ ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਨੂੰ ਮਨੋਂ ਭੁਲਾ ਨਹੀਂ ਸਕੀ ਹੈ। ਇਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਮਜ਼ਬੂਤ ਲੀਡਰ ਦਾ ਅਜਿਹਾ ਬਿੰਬ ਬਣਾਇਆ ਹੋਇਆ ਸੀ ਜੋ ਕੋਈ ਵੀ ਫੈਸਲਾ ਕਰ ਕੇ ਵਾਪਸ ਨਹੀਂ ਲੈਂਦਾ ਪਰ ਕਿਸਾਨ ਅੰਦੋਲਨ ਨੇ ਇਸ ਮਜ਼ਬੂਤੀ ਨੂੰ ਤਕੜੀ ਸੱਟ ਮਾਰੀ ਸੀ ਅਤੇ ਮਿਸਾਲ ਪੈਦਾ ਕਰ ਦਿੱਤੀ ਸੀ ਕਿ ਇਕਜੁੱਟ ਹੋ ਕੇ ਅਤੇ ਖਾਸ ਰਣਨੀਤੀ ਬਣਾ ਕੇ ਮਜ਼ਬੂਤ ਤੋਂ ਮਜ਼ਬੂਤ ਸਰਕਾਰ ਦੀਆਂ ਵੀ ਗੋਡਣੀਆਂ ਲੁਆਈਆਂ ਜਾ ਸਕਦੀਆਂ ਹਨ। ਜ਼ਾਹਿਰ ਹੈ ਕਿ ਪੰਜਾਬ ਦੀ ਸਿਆਸਤ ਇਸ ਵਕਤ ਸਿਆਸੀ ਖਲਾਅ ਦੀ ਮਾਰ ਝੱਲ ਰਹੀ ਹੈ। ਸੰਭਵ ਹੈ ਕਿ ਆਉਣ ਵਾਲੇ ਦਿਨਾਂ ਵਿਚ ਪੰਜਾਬ ਦੇ ਸਿਆਸੀ ਖੇਤਰ ਵਿਚ ਹੋਰ ਸਿਆਸੀ ਸਫਬੰਦੀਆਂ ਉਭਰਨ। ਹੁਣ ਦੇਖਣਾ ਇਹ ਹੈ ਕਿ ਇਨ੍ਹਾਂ ਸਫਬੰਦੀਆਂ ਦੀ ਧਾਰ, ਮਿਸਾਲੀ ਕਿਸਾਨ ਅੰਦੋਲਨ ਵਾਂਗ ਮੋਦੀ ਸਰਕਾਰ ਅਤੇ ਇਸ ਦੇ ਕਾਰਪੋਰੇਟ ਲਾਣੇ ਵਿਰੁੱਧ ਬਣਦੀ ਹੈ ਜਾਂ ਇਹ ਅੰਮ੍ਰਿਤਪਾਲ ਸਿੰਘ ਵਾਂਗ ਆਸੇ-ਪਾਸੇ ਤੇਗ ਲਹਿਰਾ ਕੇ ਭਾਰਤੀ ਜਨਤਾ ਪਾਰਟੀ ਨੂੰ ਸਾਹ ਦਿਵਾਉਂਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮੋੜ ਵਕਤ ਦਾ ਕਿੰਝ ਤੇ ਕਿਵੇਂ ਮੁੜਿਆ!

ਮੋਹ-ਮੁਹੱਬਤਾਂ ਰੱਖੀਆਂ ਤਾਕ ਉਤੇ, ਦੇਖੋ ਉੱਠੀਆਂ ਨਫਰਤੀ ਨ੍ਹੇਰੀਆਂ ਜੀ।
ਅਸੀਂ ਲੰਘਿਆ ਵਕਤ ਭੁਲਾ ਛੱਡਿਆ, ਜਦੋਂ ਉੱਡੀਆਂ ਸਨ ਰਾਖ ਦੀਆਂ ਢੇਰੀਆਂ ਜੀ।
ਕੇਹਾ ਰਾਜ ਕਮਾਉਣ ਲਈ ਤੇਗ ਉੱਠੀ, ਗੱਲਾਂ ਕਰਦੇ ਜੋ ਜ਼ਹਿਰ ਫਰੇਰੀਆਂ ਜੀ।
ਯਾਦਾਂ ਤੁਰ ਗਿਆਂ ਦੀਆਂ ਆਉਣ ਲੱਗੀਆਂ, ਜਿਹੜੀਆਂ ਵਿਚ ਚੌਰਾਹੇ ਘੇਰੀਆਂ ਜੀ।
ਵੱਸੇ ਨਗਰ ਖੇੜਾ ਕਰਨ ਦੁਆ ਲੋਕੀ, ਘਰ-ਘਰ ਹੀ ਇਹੋ ਫਿਕਰ ਤੁਰਿਆ।
ਕੋਈ ਨਵੀਂ ਕਹਾਣੀ ਹੀ ਪੈਣ ਲੱਗੀ, ਮੋੜ ਵਕਤ ਦਾ ਕਿੰਝ ਤੇ ਕਿਵੇਂ ਮੁੜਿਆ!

# ਹਿਜਾਬ ਦੇ ਮੁੱਦੇ 'ਤੇ ਸਿਆਸਤ ਕਰ ਰਹੀ ਸਰਕਾਰ

**ਆਰ.ਐੱਸ.ਐੱਸ.-ਭਾਜਪਾ ਹਿਜਾਬ ਦੇ ਮੁੱਦੇ ਉੱਪਰ ਘਿਨਾਉਣੀ ਸਿਆਸਤ ਕਰ ਰਹੀ ਹੈ। ਇਹ ਭਗਵੇਂ ਤਰਕਸ਼ ਵਿਚ ਫਿਰਕੂ ਪਾਲਾਬੰਦੀ ਦਾ ਹਥਿਆਰ ਹੈ। ਵਿਦਿਅਕ ਸੰਸਥਾਵਾਂ ਵਿਚ ਇਕਸਾਰ ਵਰਦੀ ਨੂੰ ਬਹਾਨਾ ਬਣਾ ਕੇ ਸੰਘੀ ਮੁਸਲਿਮ ਭਾਈਚਾਰੇ ਨੂੰ ਰੂੜੀਵਾਦੀ ਸਾਬਤ ਕਰ ਕੇ ਜ਼ਲੀਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਨਵਕਿਰਨ ਸਿੰਘ ਪੱਤੀ ਨੇ ਇਸ ਲੇਖ ਵਿਚ ਇਸ ਮਸਲੇ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ।**

ਕਰਨਾਟਕ ਤੋਂ ਇਰਾਨ ਤੱਕ ਹਿਜਾਬ ਦਾ ਮਸਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜਿੱਥੇ ਇਰਾਨ ਦੀਆਂ ਔਰਤਾਂ ਹਿਜਾਬ ਪਹਿਨਣ ਦੇ ਜਬਰੀ ਥੋਪੇ ਫਰਮਾਨ ਖਿਲਾਫ ਜੱਦੋ-ਜਹਿਦ ਕਰ ਰਹੀਆਂ ਹਨ, ਉੱਥੇ ਭਾਰਤ ਵਿਚ ਹਿਜਾਬ ਨਾ ਪਹਿਨਣ ਦੇ ਹੁਕਮਾਂ ਖਿਲਾਫ ਕਾਨੂੰਨੀ ਪੈਰਵਾਈ ਕੀਤੀ ਜਾ ਰਹੀ ਹੈ। ਭਾਵੇਂ ਭਾਰਤ ਅਤੇ ਇਰਾਨ ਵਿਚ ਚਰਚਾ ਦਾ ਸੰਦਰਭ ਬਿਲਕੁੱਲ ਵੱਖਰਾ ਹੈ ਪਰ ਇੱਕ ਗੱਲ ਸਾਂਝੀ ਹੈ ਕਿ ਔਰਤ ਨੇ ਕੀ ਪਹਿਨਣਾ ਹੈ, ਇਹ ਹਕੂਮਤ ਦੀ ਬਜਾਇ ਔਰਤ ਤੈਅ ਕਰੇ। ਉਸ ਦੀ ਇੱਛਾ ਅਨੁਸਾਰ ਪਹਿਨਣ ਦੀ ਆਜ਼ਾਦੀ ਨਾ ਇਰਾਨ ਦੀ ਹਕੂਮਤ ਦੇ ਰਹੀ ਹੈ ਤੇ ਨਾ ਹੀ ਭਾਰਤ ਵਿਚ ਦਿੱਤੀ ਜਾ ਰਹੀ ਹੈ।

ਭਾਰਤ ਵਿਚ ਪਹਿਲਾਂ ਵੀ ਗਾਹੇ-ਵਗਾਹੇ ਹਿਜਾਬ ਦੇ ਮਸਲੇ 'ਤੇ ਚਰਚਾ ਛਿੜਦੀ ਰਹੀ ਹੈ ਪਰ ਤਾਜ਼ਾ ਚਰਚਾ ਦੀ ਜੜ੍ਹ ਪਿਛਲੇ ਸਾਲ ਕਰਨਾਟਕ ਦੇ ਉਡੁਪੀ ਜ਼ਿਲ੍ਹੇ ਵਿਚ ਇੱਕ ਕਾਲਜ ਦੇ ਪ੍ਰਬੰਧਕਾਂ ਵੱਲੋਂ ਮੁਸਲਮਾਨ ਕੁੜੀਆਂ ਨੂੰ ਕਾਲਜ ਵਿਚ ਹਿਜਾਬ ਨਾ ਪਹਿਨਣ ਦੇ ਨਿਰਦੇਸ਼



ਦੇਣ ਬਾਅਦ ਛਿੜੀ ਸੀ ਕਿਉਂਕਿ ਭਾਜਪਾ ਵਿਧਾਇਕ ਦੀ ਅਗਵਾਈ ਵਾਲੀ ਕਮੇਟੀ ਨੇ ਵਿੱਦਿਅਕ ਸੰਸਥਾਵਾਂ ਵਿਚ ਸਿਰਫ ਤਹਿਸ਼ੁਦਾ 'ਵਰਦੀ' ਹੀ ਪਹਿਨਣ ਦੇ

ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਨਿਰਦੇਸ਼ ਦਿੱਤੇ ਸਨ। ਕੁਝ ਮਹੀਨੇ ਬਾਅਦ ਕਰਨਾਟਕ ਦੇ ਮੁੱਖ ਮੰਤਰੀ ਨੇ ਵੀ ਵਿਦਿਆਰਥੀਆਂ ਨੂੰ ਕਾਲਜ ਪ੍ਰਬੰਧਕਾਂ ਵੱਲੋਂ ਤੈਅ 'ਵਰਦੀ' ਪਹਿਨਣਾ ਲਾਜ਼ਮੀ ਕੀਤਾ ਗਿਆ ਸੀ।

ਜਦ ਸਦੀਆਂ ਤੋਂ ਚੱਲੀ ਆ ਰਹੀ ਆਪਣੀ ਰਵਾਇਤ ਅਨੁਸਾਰ ਕੁਝ ਕੁੜੀਆਂ ਨੇ ਹਿਜਾਬ ਪਾ ਕੇ ਕਾਲਜ ਕੈਂਪਸ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਰੋਕਣ 'ਤੇ ਕਰਨਾਟਕ ਦੇ ਕਈ ਜ਼ਿਲ੍ਹਿਆਂ ਵਿਚ ਮੁਸਲਿਮ ਵਿਦਿਆਰਥੀਆਂ ਨੇ ਰੋਸ ਪ੍ਰਦਰਸ਼ਨ ਕੀਤੇ। ਇਸੇ ਸਮੇਂ ਕੁਝ ਹਿੰਦੂ ਪੱਖੀ ਸੰਗਠਨਾਂ ਨਾਲ ਜੁੜੇ ਵਿਦਿਆਰਥੀਆਂ ਨੇ ਵੀ ਮੁਜ਼ਾਹਰੇ ਕੀਤੇ। ਕੁਝ ਅਜਿਹੀਆਂ ਵੀਡੀਓ ਵੀ ਵਾਇਰਲ ਹੋਈਆਂ ਜਿਨ੍ਹਾਂ ਵਿਚ ਭਗਵੇਂ ਪਟਕੇ ਪਹਿਨੇ ਵਿਦਿਆਰਥੀਆਂ ਨੇ ਹਿਜਾਬ ਪਹਿਨਣ ਵਾਲੀਆਂ ਮੁਸਲਮਾਨ ਕੁੜੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਕਰਨਾਟਕ ਦੇ ਮਾਂਡਿਆ ਜ਼ਿਲ੍ਹੇ ਦੀ ਇੱਕ ਵੀਡੀਓ ਵਿਚ ਤਾਂ ਹਿਜਾਬ ਪਹਿਨ ਕੇ ਕਾਲਜ ਵਿਚ ਦਾਖਲ ਹੋ ਰਹੀ ਵਿਦਿਆਰਥਣ ਦਾ ਭਗਵੇਂ ਪਟਕੇ ਵਾਲੇ ਮੁੰਡਿਆਂ ਦੀ ਭੀੜ ਪਿੱਛਾ ਕਰਦੇ ਹੋਏ 'ਜੈ ਸ਼੍ਰੀ ਰਾਮ' ਦੇ ਨਾਅਰੇ ਲਗਾਉਂਦੀ ਨਜ਼ਰ ਆਉਂਦੀ ਹੈ ਜਿਸ ਦੇ ਜਵਾਬ ਵਿਚ ਸਬੰਧਿਤ ਵਿਦਿਆਰਥਣ 'ਅੱਲ੍ਹਾ ਹੂ ਅਕਬਰ' ਕਹਿੰਦੀ ਨਜ਼ਰ ਆਉਂਦੀ ਹੈ।

ਹਿਜਾਬ ਦਾ ਮਸਲਾ ਅਦਾਲਤ ਪਹੁੰਚਿਆ ਤਾਂ ਇਸ ਮਸਲੇ 'ਤੇ ਸੁਣਵਾਈ ਕਰਦਿਆਂ ਕਰਨਾਟਕ ਹਾਈ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ਕਰਨਾਟਕ ਸਰਕਾਰ ਦੀ ਅਗਵਾਈ ਵਿਚ ਕਾਲਜ ਪ੍ਰਬੰਧਕ ਕਮੇਟੀਆਂ ਵੱਲੋਂ ਲਾਈ 'ਵਰਦੀ' ਦੇ ਹੁਕਮ ਨੂੰ ਬਰਕਰਾਰ ਰੱਖਿਆ। ਵੈਸੇ ਪੰਜਾਬ ਸਮੇਤ ਅਨੇਕਾਂ ਸੂਬੇ ਹਨ ਜਿੱਥੇ ਸਿਰਫ ਸਕੂਲਾਂ ਵਿਚ ਤਾਂ ਵਰਦੀ ਹੈ ਪਰ ਕਾਲਜਾਂ ਵਿਚ ਕੋਈ ਤੈਅ ਵਰਦੀ ਨਹੀਂ ਹੈ। ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਤੇ ਸੁਪਰੀਮ ਕੋਰਟ ਵਿਚ ਸੁਣਵਾਈ ਦੌਰਾਨ ਕਰਨਾਟਕ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਤੱਥਾਂ ਨੂੰ ਦਰਕਿਨਾਰ ਕਰਦਿਆਂ ਵਿਦਿਆਰਥਣਾਂ ਦੇ ਹਿਜਾਬ ਪਹਿਨ ਕੇ ਕਾਲਜਾਂ ਵਿਚ ਆਉਣ ਦੇ ਮਾਮਲੇ ਨੂੰ ਇਸਲਾਮਿਕ ਸੰਗਠਨ ਪਾਪੂਲਰ ਫਰੰਟ ਆਫ ਇੰਡੀਆ (ਪੀ.ਐਫ.ਆਈ.) ਨਾਲ ਜੋੜ ਦਿੱਤਾ। ਤੁਸ਼ਾਰ ਮਹਿਤਾ ਵੱਲੋਂ ਪੀ.ਐਫ.ਆਈ. ਨਾਲ ਮਾਮਲਾ ਜੋੜਨ ਦਾ ਮਸਲੇ 'ਤੇ ਸਵਾਲ ਉੱਠਣਾ ਸੁਭਾਵਿਕ ਹੈ ਕਿਉਂਕਿ ਇਸ ਤਰ੍ਹਾਂ ਦੇ ਇਲਜ਼ਾਮ ਲਾਉਣ ਦੇ ਕੁੱਝ ਮਹੀਨੇ ਬਾਅਦ ਹੀ ਕੇਂਦਰ ਸਰਕਾਰ ਨੇ ਸਤੰਬਰ 2022 ਵਿਚ ਪੀ.ਐਫ.ਆਈ. 'ਤੇ ਪਾਬੰਦੀ ਮੜ੍ਹਦਿਆਂ ਇਸ ਦੇ ਆਗੂਆਂ ਦੀ ਫੜੋ-ਫੜਾਈ ਸ਼ੁਰੂ ਕੀਤੀ।

ਸੁਣਵਾਈ ਦੌਰਾਨ ਸੁਪਰੀਮ ਕੋਰਟ ਵੀ ਕਰਨਾਟਕ ਦੀਆਂ ਮੁਸਲਿਮ ਵਿਦਿਆਰਥਣਾਂ ਦੇ ਹਿਜਾਬ ਪਹਿਨਣ ਜਾਂ ਨਾ ਪਹਿਨਣ ਦੇ ਮਸਲੇ 'ਤੇ ਕਿਸੇ ਫੈਸਲੇ 'ਤੇ ਨਹੀਂ ਪਹੁੰਚ ਸਕੀ ਕਿਉਂਕਿ




ਇਸ ਕੇਸ ਦੀ ਸੁਣਵਾਈ ਕਰ ਰਹੇ ਜਸਟਿਸ ਹੇਮੰਤ ਗੁਪਤਾ ਅਤੇ ਜਸਟਿਸ ਸੁਧਾਂਸ਼ੂ ਧੂਲੀਆ ਵਿਚੋਂ ਜਸਟਿਸ ਗੁਪਤਾ ਨੇ ਕਰਨਾਟਕ ਹਾਈ ਕੋਰਟ ਦੇ ਫ਼ੈਸਲੇ ਨੂੰ ਸਹੀ ਠਹਿਰਾਇਆ ਜਦਕਿ ਜਸਟਿਸ ਧੂਲੀਆ ਨੇ ਇਸ ਪਾਬੰਦੀ ਦੇ ਮੁਸਲਿਮ ਵਿਦਿਆਰਥਣਾਂ ਦੀ ਪੜ੍ਹਾਈ 'ਤੇ ਪੈਣ ਵਾਲੇ ਪ੍ਰਭਾਵ ਬਾਰੇ ਚਾਨਣਾ ਪਾਉਂਦਿਆਂ ਇਸ ਨੂੰ ਰੱਦ ਕੀਤਾ ਹੈ। ਉਨ੍ਹਾਂ ਦੀ ਇਸ ਦਲੀਲ ਵਿਚ ਦਮ ਹੈ ਕਿ ਜੇ ਹਿਜਾਬ 'ਤੇ ਪਾਬੰਦੀ ਕਾਰਨ ਮੁਸਲਿਮ ਸਮਾਜ/ਮਾਪੇ ਆਪਣੀਆਂ ਬੱਚੀਆਂ ਨੂੰ ਸਕੂਲ/ਕਾਲਜ ਭੇਜਣ ਤੋਂ ਮਨ੍ਹਾ ਕਰਦੇ ਹਨ ਤਾਂ ਇਹ ਵਿਦਿਆਰਥਣਾਂ ਦੇ ਹਿੱਤਾਂ ਦੇ ਵਿਰੁੱਧ ਭੁਗਤੇਗਾ। ਹੁਣ ਇਸ ਮਾਮਲੇ 'ਤੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੁਬਾਰਾ ਤਿੰਨ ਜਾਂ ਪੰਜ ਜੱਜਾਂ ਵਾਲਾ ਬੈਂਚ ਬਣਾ ਕੇ ਮੁੜ ਸੁਣਵਾਈ ਸ਼ੁਰੂ ਕਰਵਾਉਣਗੇ।

ਇਹ ਸੱਚ ਹੈ ਕਿ ਸੰਸਾਰ ਦੀਆਂ ਬਹੁ-ਗਿਣਤੀ ਮੁਸਲਿਮ ਔਰਤਾਂ ਹਿਜਾਬ ਨਹੀਂ ਪਹਿਨਦੀਆਂ ਜਿਸ ਵਿਚ ਤਜ਼ਾਕਿਸਤਾਨ, ਕਜ਼ਾਕਿਸਤਾਨ ਵਰਗੇ ਇਸਲਾਮਿਕ ਮੁਲਕ ਵੀ ਸ਼ਾਮਲ ਹਨ ਜਦਕਿ ਅਨੇਕਾਂ ਇਸਲਾਮਿਕ ਦੇਸ਼ਾਂ ਵਿਚ ਹਿਜਾਬ ਪਹਿਨਣ 'ਤੇ ਪਾਬੰਦੀ ਵੀ ਨਹੀਂ ਹੈ ਤੇ ਜੇ ਕੋਈ ਹਿਜਾਬ ਪਹਿਨਣਾ ਚਾਹੁੰਦਾ ਹੈ ਤਾਂ ਰੋਕ ਵੀ ਕੋਈ ਨਹੀਂ ਹੈ। ਸਭ ਤੋਂ ਅਹਿਮ ਮੁੱਦਾ ਇਹ ਹੈ ਕਿ ਸਰਕਾਰ ਜਾਂ ਕਾਲਜ ਪ੍ਰਬੰਧਕਾਂ ਦਾ ਹਿਜਾਬ ਦੇ ਮਸਲੇ 'ਤੇ ਫੈਸਲਾ ਲੈਣ ਦਾ ਮੰਤਵ ਕੀ ਹੈ। ਕੀ ਸਰਕਾਰ ਇੱਕਸਾਰ ਵਿਦਿਅਕ ਪ੍ਰਣਾਲੀ ਲਾਗੂ ਕਰਨ ਜਾ ਰਹੀ ਹੈ? ਕੀ ਸਰਕਾਰ ਵਿਦਿਆਰਥੀਆਂ ਵਿਚ ਵਿਗਿਆਨਕ ਚੇਤਨਤਾ ਪੈਦਾ ਕਰਨ ਜਾ ਰਹੀ? ਕੀ ਕਰਨਾਟਕ ਸਰਕਾਰ ਵਿਦਿਆਰਥੀਆਂ ਨੂੰ ਹਰ ਮਸਲੇ 'ਤੇ ਤਰਕ ਨਾਲ ਸੋਚਣ ਲਈ ਪ੍ਰੇਰ ਰਹੀ ਹੈ? ਗਹੁ ਨਾਲ ਤੱਕਿਆ ਪਤਾ ਲੱਗਦਾ ਹੈ ਕਿ ਸਰਕਾਰ ਅਜਿਹਾ ਕੁਝ ਨਹੀਂ ਕਰ ਰਹੀ ਬਲਕਿ ਭਾਜਪਾ ਸਰਕਾਰ ਤਾਂ ਵਿਦਿਆਰਥੀਆਂ ਦੇ ਸਿਲੇਬਸ ਵਿਚ ਮਿਥਿਹਾਸ ਨੂੰ ਵੱਧ ਤੋਂ ਵੱਧ ਸ਼ਾਮਲ ਕਰ ਰਹੀ ਹੈ। ਭਾਜਪਾ ਸਰਕਾਰਾਂ ਤਾਂ ਵਿਦਿਆਰਥੀਆਂ ਨੂੰ ਖਾਸ ਕਿਸਮ ਦਾ ਸਾਹਿਤ ਪੜ੍ਹਾਉਣ ਦੀ ਇੱਛਾ ਰੱਖਦੀ ਹੈ ਜਿਸ ਦਾ ਮੰਤਵ ਹੀ ਵਿਦਿਆਰਥੀਆਂ ਨੂੰ ਮਿਥਿਹਾਸ ਪੜ੍ਹਾ ਕੇ ਬੇਲੋੜੀਆਂ ਰਵਾਇਤਾਂ ਦੇ ਗੇੜ ਵਿਚ ਘਮਾਉਣਾ ਹੈ।

ਜਿਸ ਦੇਸ਼ ਵਿਚ ਮੁੱਖ ਮੰਤਰੀ ਤੱਕ ਦੇ ਆਗੂ ਗਊ ਦਾ ਮੂਤ ਪੀਣ ਦੀਆਂ ਸਲਾਹਾਂ ਦਿੰਦੇ ਹਨ, ਕੇਂਦਰੀ ਮੰਤਰੀ ਤੱਕ ਬੇਬੁਨਿਆਦ ਬਿਆਨ ਦਿੰਦੇ ਹਨ, ਉੱਥੇ ਫਿਰ ਸਿਰਫ ਇੱਕ ਧਰਮ ਦੇ ਵਿਦਿਆਰਥੀਆਂ ਨੂੰ ਹੀ ਨਿਸ਼ਾਨਾ ਬਨਾਉਣਾ ਰਾਜਨੀਤੀ ਤੋਂ ਪ੍ਰੇਰਿਤ ਕਿਹਾ ਜਾ ਸਕਦਾ ਹੈ।

ਇਹ ਔਰਤਾਂ ਦੀ ਆਜ਼ਾਦੀ ਦਾ ਮਸਲਾ ਹੈ, ਔਰਤ ਨੇ ਹਿਜਾਬ ਪਹਿਨਣਾ ਹੈ ਜਾਂ ਨਹੀਂ ਪਹਿਨਣਾ ਹੈ, ਇਹ ਔਰਤ ਤੈਅ ਕਰੇ ਨਾ ਕਿ ਸਰਕਾਰ ਪਰ ਕੋਈ ਦੋਸਤ/ਸੱਜਣ ਇਹ ਵੀ ਦਲੀਲ ਦੇ ਸਕਦਾ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਤੈਅ ਨਹੀਂ ਕਰਦੀਆਂ ਹੁੰਦੀਆਂ ਬਲਕਿ ਮਰਦ ਪ੍ਰਧਾਨ ਸੋਚ ਭਾਰੂ ਹੁੰਦੀ ਹੈ ਤੇ ਔਰਤਾਂ ਵੱਲੋਂ ਹਿਜਾਬ ਪਹਿਨਣਾ ਮਰਦ ਪ੍ਰਧਾਨ ਸੋਚ ਦਾ ਨਤੀਜਾ ਹੈ ਪਰ ਉਹਨਾਂ ਦੋਸਤਾਂ ਨੂੰ ਸਮਝਣਾ ਚਾਹੀਦਾ ਹੈ ਕਿ ਜਦ ਸਰਪੰਚ ਔਰਤ ਬਣਦੀ ਹੈ ਤਾਂ ਆਮ ਤੌਰ 'ਤੇ ਸਰਪੰਚੀ ਮਰਦ ਕਰਦਾ ਹੈ, ਕੀ ਫਿਰ ਅਸੀ ਔਰਤਾਂ ਨੂੰ ਸਰਪੰਚੀ ਦੇਣੀ ਬੰਦ ਕਰ ਦਿੱਤੀ। ਸੋ, ਇਸ ਤਰ੍ਹਾਂ ਦੀ ਚੇਤਨਾ ਵਿਕਸਤ ਕਰਨ ਲਈ ਸਮਾਂ ਚਾਹੀਦਾ ਹੁੰਦਾ ਹੈ ਤੇ ਸਮੇਂ ਨਾਲ ਚੇਤਨਾ ਵਿਕਸਤ ਕਰ ਕੇ ਲੋਕਾਂ ਦੀ ਸਹਿਮਤੀ ਨਾਲ ਚੀਜ਼ਾਂ ਅੱਗੇ ਵਧਦੀਆਂ ਹਨ ਨਾ ਕਿ ਕੋਈ ਚੀਜ਼ ਥੋਪੀ ਜਾਣੀ ਚਾਹੀਦੀ ਹੈ।

ਦੂਜੇ ਪਾਸੇ ਇਰਾਨ ਦੀ ਅਖੌਤੀ ਮੌਰੈਲਿਟੀ ਪੁਲਿਸ ਨੇ ਹਿਰਾਸਤ ਵਿਚ ਲਏ ਜਾਣ ਤੋਂ ਬਾਅਦ 22 ਸਾਲਾ ਮਹਿਸਾ ਅਮੀਨੀ 'ਤੇ ਤਸ਼ੱਦਦ ਕਰਦਿਆਂ ਇਸ ਕਰ ਕੇ ਹੱਤਿਆ ਕਰ ਦਿੱਤੀ ਕਿਉਂਕਿ ਉਸ ਨੇ ਇਰਾਨ ਦੇ ਸਖਤ ਨਿਯਮਾਂ ਤਹਿਤ ਹਿਜਾਬ ਨਹੀਂ ਪਹਿਨਿਆ ਹੋਇਆ ਸੀ। ਇਸ ਕਤਲ ਬਾਅਦ ਇਰਾਨ ਦੀਆਂ ਯੂਨੀਵਰਸਿਟੀਆਂ/ਕਾਲਜਾਂ ਦੀਆਂ ਹਜ਼ਾਰਾਂ ਵਿਦਿਆਰਥਣਾਂ ਇਸ ਹਕੂਮਤੀ ਜਬਰ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਸੜਕਾਂ 'ਤੇ ਉਤਰ ਆਈਆ ਤੇ ਅੱਜ ਤੱਕ ਵਿਰੋਧ ਪ੍ਰਦਰਸ਼ਨ ਜਾਰੀ ਹਨ।

ਪਿਛਲੇ ਚਾਰ ਦਹਾਕਿਆਂ ਤੋਂ ਮੌਲਵੀਆਂ ਦੇ ਸ਼ਾਸਨ ਵਾਲਾ ਇਰਾਨ ਉਹ ਦੇਸ਼ ਹੈ ਜੋ ਸੀਮਤ ਸਾਧਨਾਂ ਨਾਲ ਵੀ ਦੁਨੀਆ ਦੀ ਸਭ ਤੋਂ ਵੱਡੀ ਤਾਕਤ ਕਹਾਉਂਦੇ ਅਮਰੀਕਾ ਨਾਲ ਆਢਾ ਲਾਈ ਬੈਠਾ ਹੈ। ਜਬਰੀ ਹਿਜਾਬ ਥੋਪਣਾ ਗਲਤ ਹੈ ਪਰ ਉਸ ਦੇਸ਼ ਵਿਚ ਔਰਤਾਂ ਦੀ ਸਿੱਖਿਆ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਇਰਾਨ ਦੀ ਤਾਨਾਸ਼ਾਹ ਹਕੂਮਤ ਖਿਲਾਫ ਔਰਤਾਂ ਦਾ ਆਪਣੀ ਆਜ਼ਾਦੀ ਲਈ ਇਸ ਤਰ੍ਹਾਂ ਬੇਖੌਫ ਹੋ ਕੇ ਸੜਕਾਂ 'ਤੇ ਆਉਣਾ ਉਹਨਾਂ ਦੀ ਚੇਤਨਾ ਦਾ ਸਿੱਟਾ ਹੈ। ਸਰਕਾਰਾਂ ਦਾ ਕੰਮ ਹੈ ਕਿ ਉਹ ਕੁੜੀਆਂ ਨੂੰ ਵਿੱਦਿਆ ਮੁਹੱਈਆ ਕਰਨ; ਇਹ ਕੁੜੀਆਂ 'ਤੇ ਛੱਡਣ ਕਿ ਉਹਨਾਂ ਕੀ ਪਹਿਨਣਾ ਹੈ ਜਾਂ ਕੀ ਨਹੀਂ ਪਹਿਨਣਾ ਹੈ। ਜੇ ਇਰਾਨ ਵਾਂਗ ਕੁੜੀਆਂ ਪੜ੍ਹਨਗੀਆਂ ਤਾਂ ਉਹ ਖੁਦ ਇਰਾਨ ਦੀਆਂ ਔਰਤਾਂ ਵਾਂਗ ਹਿਜਾਬ ਪਹਿਨਣ ਖਿਲਾਫ ਨਿੱਤਰਨਗੀਆਂ।

ਭਾਰਤ ਵਿਚ ਵੱਖ-ਵੱਖ ਧਰਮਾਂ, ਕੌਮੀਅਤਾਂ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਦਾ ਆਪੋ-ਆਪਣਾ ਸੱਭਿਆਚਾਰ, ਰਹਿਣ-ਸਹਿਣ ਤੇ ਪ੍ਰੰਪਰਾਵਾਂ ਹਨ। ਭਾਰਤ ਵਿਚ ਪਿਛਲੇ ਸਮੇਂ ਤੋਂ ਧਾਰਮਿਕ ਘੱਟ-ਗਿਣਤੀਆਂ ਸਬੰਧੀ ਫੈਸਲੇ ਕਰਨ ਸਮੇਂ ਉਹਨਾਂ ਦੀ ਰਾਇ ਨਹੀਂ ਲਈ ਜਾ ਰਹੀ ਹੈ। ਸਾਡੀ ਸਰਕਾਰ ਨੇ ਤੀਹਰਾ ਤਲਾਕ ਕਾਨੂੰਨ ਪਾਸ ਕਰਨ ਸਮੇਂ ਵੀ ਮੁਸਲਿਮ ਸਮਾਜ ਦੇ ਵੱਡੇ ਹਿੱਸੇ ਦੀ ਰਾਇ ਲੈਣੀ ਮੁਨਾਸਿਫ ਨਹੀਂ ਸਮਝੀ ਤੇ ਹੁਣ ਹਿਜਾਬ ਦੇ ਮਸਲੇ 'ਤੇ ਵੀ ਮੁਸਲਿਮ ਸਮਾਜ ਦੀ ਰਾਇ ਨਹੀਂ ਲਈ ਜਾ ਰਹੀ ਹੈ।

ਦਰਅਸਲ, ਆਰ.ਐੱਸ.ਐੱਸ.-ਭਾਜਪਾ ਹਿਜਾਬ ਦੇ ਮੁੱਦੇ ਉੱਪਰ ਘਿਨਾਉਣੀ ਸਿਆਸਤ ਕਰ ਰਹੀ ਹੈ। ਇਹ ਭਗਵੇਂ ਤਰਕਸ਼ ਵਿਚ ਫਿਰਕੂ ਪਾਲਾਬੰਦੀ ਦਾ ਹਥਿਆਰ ਹੈ। ਵਿਦਿਅਕ ਸੰਸਥਾਵਾਂ ਵਿਚ ਇਕਸਾਰ ਵਰਦੀ ਨੂੰ ਬਹਾਨਾ ਬਣਾ ਕੇ ਸੰਘੀ ਮੁਸਲਿਮ ਭਾਈਚਾਰੇ ਨੂੰ ਰੂੜੀਵਾਦੀ ਸਾਬਤ ਕਰ ਕੇ ਜ਼ਲੀਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਘਿਨਾਉਣੀ ਫੁੱਟਪਾਊ ਚਾਲ ਵਿਰੁੱਧ ਵਿਆਪਕ ਲੋਕ ਰਾਇ ਖੜ੍ਹੀ ਕਰਨ ਦੀ ਜ਼ਰੂਰਤ ਹੈ।

# ਪ੍ਰੋ. ਸਾਈਬਾਬਾ ਦੀ ਰਿਹਾਈ 'ਤੇ ਰੋਕ; ਸੁਪਰੀਮ ਕੋਰਟ ਦਾ ਪੱਖਪਾਤ ਜੱਗ ਜ਼ਾਹਿਰ

'ਜਿੱਥੋਂ ਤੱਕ ਦਹਿਸ਼ਤਵਾਦੀ ਜਾਂ ਮਾਓਵਾਦੀ ਸਰਗਰਮੀਆਂ ਦਾ ਸਵਾਲ ਹੈ, ਦਿਮਾਗ ਜ਼ਿਆਦਾ ਖ਼ਤਰਨਾਕ ਹੁੰਦਾ ਹੈ। ਪ੍ਰਤੱਖ ਸ਼ਮੂਲੀਅਤ ਲਾਜ਼ਮੀ ਨਹੀਂ ਹੈ।' ਇਹ ਸ਼ਬਦ ਜਸਟਿਸ ਐੱਮ.ਆਰ. ਸ਼ਾਹ ਨੇ 15 ਅਕਤੂਬਰ ਨੂੰ ਪ੍ਰੋਫੈਸਰ ਸਾਈਬਾਬਾ ਦੇ ਕੇਸ ਵਿਚ ਹਾਈਕੋਰਟ ਦੇ ਆਦੇਸ਼ ਨੂੰ ਰੱਦ ਕਰਦਿਆਂ ਕਹੇ। ਹਾਈਕੋਰਟ ਦਾ ਇਹ ਆਦੇਸ਼ ਮਹਾਰਾਸ਼ਟਰ ਸਰਕਾਰ ਲਈ ਵੱਡੀ ਪਛਾੜ ਸੀ ਕਿਉਂਕਿ ਸੰਘ ਬ੍ਰਿਗੇਡ ਨਹੀਂ ਚਾਹੁੰਦਾ ਕਿ ਕਥਿਤ ਵਿਕਾਸ 'ਚ ਰੁਕਾਵਟ ਬਣਨ ਦੇ ਝੂਠੇ ਆਧਾਰ 'ਤੇ ਸਾਢੇ ਪੰਜ ਸਾਲ ਤੋਂ ਜੇਲ੍ਹ ਵਿਚ ਸੜ ਰਿਹਾ ਪ੍ਰੋਫੈਸਰ ਅਤੇ ਲੋਕ ਹੱਕਾਂ ਦੇ ਹੋਰ ਕਾਰਕੁਨ ਰਿਹਾਅ ਹੋ ਜਾਣ।

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਭਾਰਤੀ ਹੁਕਮਰਾਨ ਜਮਾਤ ਵੱਲੋਂ ਲਾਗੂ ਕੀਤੇ ਜਾ ਰਹੇ 'ਵਿਕਾਸ' ਮਾਡਲ ਬਾਰੇ ਜਾਗਰੂਕ ਹਿੱਸੇ ਅਵਾਮ ਨੂੰ ਲਗਾਤਾਰ ਸੁਚੇਤ ਕਰ ਰਹੇ ਹਨ ਕਿ ਇਹ ਵਿਆਪਕ ਤਬਾਹੀ, ਉਜਾੜੇ ਅਤੇ ਕਿਰਤੀਆਂ ਦੀ ਨਸਲਕੁਸ਼ੀ ਦਾ ਦੂਜਾ ਨਾਂ ਹੈ। 'ਦਿਮਾਗ ਜ਼ਿਆਦਾ ਖ਼ਤਰਨਾਕ' 'ਵਿਕਾਸ ਵਿਰੋਧੀ', 'ਵਿਕਾਸ 'ਚ ਰੁਕਾਵਟ' ਦਰਅਸਲ ਆਲਮੀ ਅਤੇ ਦੇਸੀ ਕਾਰਪੋਰੇਟਾਂ ਦੇ ਦਲਾਲ ਹੁਕਮਰਾਨਾਂ ਦੀ ਬੋਲੀ ਹੈ ਜਿਸ ਨੂੰ ਬੋਲਣ 'ਚ ਭਾਰਤ ਦੇ ਜੱਜਾਂ ਨੂੰ ਵੀ ਗੁਰੇਜ਼ ਨਹੀਂ ਹੈ। ਇਹ ਕੁਤਰਕ ਇਸੇ ਕੇਸ 'ਚ ਮਾਰਚ 2017 'ਚ ਗੜ੍ਹਚਿਰੌਲੀ ਸੈਸ਼ਨਜ਼ ਅਦਾਲਤ ਦੇ ਜੱਜ ਨੇ ਪ੍ਰੋਫੈਸਰ ਸਾਈਬਾਬਾ ਅਤੇ ਪੰਜ ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਆਪਣੇ ਫ਼ੈਸਲੇ 'ਚ ਦਿੱਤਾ ਸੀ। ਜੱਜ ਨੇ ਆਪਣੇ ਫ਼ੈਸਲੇ 'ਚ ਸੂਰਜਗੜ੍ਹ ਪ੍ਰੋਜੈਕਟ ਦਾ ਵਾਰ-ਵਾਰ ਜ਼ਿਕਰ ਕੀਤਾ ਸੀ ਜੋ ਆਦਿਵਾਸੀਆਂ ਨੂੰ ਜੰਗਲਾਂ 'ਚੋਂ ਉਜਾੜ ਕੇ ਅਤੇ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾ ਕੇ ਲਗਾਇਆ ਗਿਆ। ਹੁਣ ਉਹੀ ਗੱਲ ਸ਼ਬਦਾਂ ਦੇ ਫ਼ਰਕ ਨਾਲ ਸੁਪਰੀਮ ਕੋਰਟ ਨੇ ਦੁਹਰਾਈ ਹੈ। ਨਾ ਭਾਰਤੀ ਹੁਕਮਰਾਨਾਂ ਨੂੰ ਲੋਕ ਹਿਤਾਂ ਦੀ ਗੱਲ ਕਰਨ ਵਾਲੇ ਰੋਸ਼ਨ-ਖ਼ਿਆਲ ਬੁੱਧੀਜੀਵੀ ਪਸੰਦ ਹਨ ਨਾ ਅਦਾਲਤਾਂ ਦੇ ਜੱਜਾਂ ਨੂੰ। ਕਾਇਰ ਫਾਸ਼ੀਵਾਦੀ ਸਭ ਤੋਂ ਜ਼ਿਆਦਾ ਬੌਧਿਕਤਾ ਤੋਂ ਭੈਅਭੀਤ ਰਹਿੰਦੇ ਹਨ। ਉਨ੍ਹਾਂ ਨੂੰ ਤਾਂ ਥੋਥੇ ਦਿਮਾਗਾਂ ਵਾਲੇ ਅੰਨ੍ਹੇ ਰਾਸ਼ਟਰ-ਭਗਤ ਦਰਕਾਰ ਹਨ।

ਅਦਾਲਤੀ ਫ਼ੈਸਲਿਆਂ ਵਿਰੁੱਧ ਭਾਰਤੀ ਹੁਕਮਰਾਨਾਂ ਵੱਲੋਂ ਉਚੇਰੀ ਅਦਾਲਤ 'ਚ ਅਪੀਲ ਹਮੇਸ਼ਾ ਚੁਣਵੀਂ ਅਤੇ ਇਕਤਰਫ਼ਾ ਰਹੀ ਹੈ। ਚਾਹੇ ਬਾਬਰੀ ਮਸਜਿਦ ਢਾਹੁਣ ਵਾਲੇ ਭਗਵੇਂ ਮੁਜਰਿਮਾਂ ਨੂੰ ਬਰੀ ਕਰਨ ਦਾ ਕੇਸ ਸੀ ਜਾਂ ਸਮਝੌਤਾ ਐਕਸਪ੍ਰੈੱਸ ਬੰਬ ਕਾਂਡ ਵਿਚ ਅਸੀਮਾਨੰਦ ਅਤੇ ਹੋਰ ਹਿੰਦੂਤਵੀ ਦਹਿਸ਼ਤਗਰਦਾਂ ਨੂੰ ਬਰੀ ਕੀਤੇ ਜਾਣ ਦਾ ਕੇਸ ਜਾਂ ਇਸ ਤਰ੍ਹਾਂ ਦੇ ਹੋਰ ਕੇਸ, ਹਿੰਦੂਤਵ ਬ੍ਰਿਗੇਡ ਦੀ ਸਰਕਾਰ ਨੇ ਅਦਾਲਤ ਦੇ ਫ਼ੈਸਲੇ ਵਿਰੁੱਧ ਅਪੀਲ ਕਰਨ ਤੋਂ ਸਪਸ਼ਟ ਨਾਂਹ ਕਰ ਦਿੱਤੀ ਸੀ ਕਿਉਂਕਿ ਉਹ ਹੁਕਮਰਾਨ ਧਿਰ ਦੇ ਆਪਣੇ ਦਹਿਸ਼ਤੀ ਗੈਂਗ ਸਨ ਪਰ ਲੋਕ ਹੱਕਾਂ ਦੇ ਪਹਿਰੇਦਾਰਾਂ ਦੀ ਰਿਹਾਈ ਦੇ ਆਦੇਸ਼ ਨੂੰ ਚੁਣੌਤੀ ਦੇਣ ਲਈ ਕੁਝ ਘੰਟੇ ਬਾਅਦ ਹੀ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਮਹਾਰਾਸ਼ਟਰ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਜਾ ਪਹੁੰਚਿਆ ਅਤੇ ਰਿਹਾਈ ਰੋਕਣ ਦੀ ਅਪੀਲ ਦਾਇਰ ਕਰ ਦਿੱਤੀ। ਪ੍ਰੋਫੈਸਰ ਸਾਈਬਾਬਾ ਅਤੇ ਚਾਰ ਹੋਰ ਕਾਰਕੁਨਾਂ ਦੀ ਰਿਹਾਈ ਦਾ ਕੇਸ ਐਮਰਜੈਂਸੀ ਕੇਸ ਨਹੀਂ ਸੀ ਪਰ ਇਸ ਦੇ ਬਾਵਜੂਦ ਹਕੂਮਤ ਨੇ ਸੁਪਰੀਮ ਕੋਰਟ ਉੱਪਰ ਦਬਾਓ ਪਾ ਕੇ ਇਸ ਨੂੰ ਐਮਰਜੈਂਸੀ ਸੁਣਵਾਈ ਦੀ ਸੂਚੀ ਵਿਚ ਸ਼ਾਮਿਲ ਕਰਵਾ ਲਿਆ। ਪਹਿਲਾਂ ਤਾਂ ਸੀਨੀਅਰ ਜਸਟਿਸ ਵਾਈ.ਵੀ. ਚੰਦਰਚੂੜ ਨੇ ਬਰੀ ਕਰਨ ਦੇ ਆਦੇਸ਼ ਨੂੰ ਰੋਕਣ ਤੋਂ ਨਾਂਹ ਕਰ ਦਿੱਤੀ ਪਰ ਬਾਅਦ 'ਚ ਭਗਵੀਂ ਹਕੂਮਤ ਦੇ ਦਬਾਓ ਅੱਗੇ ਝੁਕਦਿਆਂ ਸੁਪਰੀਮ ਕੋਰਟ ਨੇ ਅਗਲੇ ਹੀ ਦਿਨ ਵਿਸ਼ੇਸ਼ ਸੁਣਵਾਈ ਕਰ ਕੇ ਆਦੇਸ਼ ਨੂੰ ਉਲਟਾਉਣ ਲਈ 'ਵਿਸ਼ੇਸ਼ ਬੈਂਚ' ਬਣਾ ਦਿੱਤਾ ਜਦਕਿ ਇਹ ਰੈਗੂਲਰ ਬੈਂਚ ਵੱਲੋਂ ਸੁਣਵਾਈ ਕੀਤੇ ਜਾਣ ਦਾ ਕੇਸ ਸੀ। ਬੈਂਚ ਦੇ ਫ਼ੈਸਲੇ ਨੇ ਸਾਬਤ ਕਰ ਦਿੱਤਾ ਕਿ ਇਹ ਜ਼ਾਹਰਾ ਤੌਰ 'ਤੇ ਹਕੂਮਤ ਦੀ ਇੱਛਾ ਅਨੁਸਾਰ ਸੁਣਾਇਆ ਰਾਜਨੀਤਕ ਫ਼ੈਸਲਾ ਹੈ। ਸੁਪਰੀਮ ਕੋਰਟ ਵੱਲੋਂ ਪਹਿਲੀ ਸੁਣਵਾਈ 'ਚ ਹੀ ਹਾਈਕੋਰਟ ਦੇ ਫ਼ੈਸਲੇ ਉੱਪਰ ਰੋਕ ਲਾਉਣਾ ਅਸਾਧਾਰਨ ਅਦਾਲਤੀ ਸਰਗਰਮੀ ਹੈ। ਕਾਨੂੰਨੀ ਮਾਹਿਰ ਸੁਪਰੀਮ ਕੋਰਟ ਦੀ ਇਸ ਕਾਹਲ ਤੋਂ ਹੈਰਾਨ ਪ੍ਰੇਸ਼ਾਨ ਹਨ। ਜਿੱਥੋਂ ਤੱਕ ਜਸਟਿਸ ਸ਼ਾਹ ਦਾ ਸਵਾਲ ਹੈ, ਸੁਪਰੀਮ ਕੋਰਟ ਦੇ ਰੋਸਟਰ ਅਨੁਸਾਰ ਉਸ ਨੂੰ ਫ਼ੌਜਦਾਰੀ ਕੇਸ ਅਲਾਟ ਨਹੀਂ ਕੀਤੇ ਜਾਂਦੇ। ਲਿਹਾਜ਼ਾ ਇਸ ਬੈਂਚ ਵਿਚ ਜਸਟਿਸ ਸ਼ਾਹ ਸ਼ਾਮਿਲ ਕਰਨਾ ਅਤੇ ਉਸ ਵੱਲੋਂ ਸੁਣਵਾਈ ਇਸ ਪੱਖੋਂ ਵੀ ਸਵਾਲਾਂ ਦੇ ਘੇਰੇ 'ਚ ਹੈ।

ਬੰਬਈ ਹਾਈਕੋਰਟ ਦੇ ਬੈਂਚ ਨੇ ਪ੍ਰੋਫੈਸਰ ਸਾਈਬਾਬਾ ਅਤੇ ਪੰਜ ਹੋਰਾਂ ਨੂੰ ਮਾਓਵਾਦੀ ਪਾਰਟੀ ਨਾਲ ਸਬੰਧ ਦੇ ਕੇਸ ਵਿਚ ਬਰੀ ਕਰਦਿਆਂ ਉਨ੍ਹਾਂ ਨੂੰ ਤੁਰੰਤ ਰਿਹਾਅ ਕਰਨ ਦਾ ਆਦੇਸ਼ ਦਿੱਤਾ ਸੀ। ਮਹਾਰਾਸ਼ਟਰ ਸਰਕਾਰ ਇਸ ਆਦੇਸ਼ ਨੂੰ ਰੱਦ ਕਰਾਉਣ ਲਈ ਤੁਰੰਤ ਹਰਕਤ 'ਚ ਆ ਗਈ। ਇਸ ਅਪੀਲ 'ਤੇ ਸੁਪਰੀਮ ਕੋਰਟ ਨੇ ਸ਼ਨੀਵਾਰ ਨੂੰ ਛੁੱਟੀ ਵਾਲੇ ਦਿਨ ਵਿਸ਼ੇਸ਼ ਸੁਣਵਾਈ ਕੀਤੀ ਅਤੇ ਪ੍ਰੋਫੈਸਰ ਸਾਈਬਾਬਾ ਤੇ ਉਨ੍ਹਾਂ ਦੇ ਸਾਥੀ ਹੋਰ ਚਾਰ ਕੈਦੀਆਂ ਦੀ ਰਿਹਾਈ ਉੱਪਰ ਇਹ ਕਹਿ ਕੇ ਰੋਕ ਲਗਾ ਦਿੱਤੀ ਕਿ 'ਇਸ ਵਿਚ ਸ਼ਾਮਿਲ ਜੁਰਮ ਬਹੁਤ ਗੰਭੀਰ ਸੁਭਾਅ ਦੇ ਹਨ ਅਤੇ ਮੁਲਜ਼ਮਾਂ ਨੂੰ ਸਬੂਤਾਂ ਦੀ ਵਿਸਤਾਰਤ ਸਮੀਖਿਆ ਤੋਂ ਬਾਦ ਹੀ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਸ ਤਰ੍ਹਾਂ, ਜੇ



ਹਾਈਕੋਰਟ ਮੈਰਿਟ ਦੇ ਆਧਾਰ 'ਤੇ ਫ਼ੈਸਲਾ ਸੁਣਾਉਂਦਾ ਤਾਂ ਉਚਿਤ ਹੁੰਦਾ। ਸਮਾਜ ਦੇ ਹਿਤ, ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਵਿਰੁੱਧ ਜੁਰਮ ਬਹੁਤ ਗੰਭੀਰ ਹੈ।' ਸੁਪਰੀਮ ਕੋਰਟ ਦੇ ਬੈਂਚ ਦੀ ਦਲੀਲ ਹੈ ਕਿ ਹਾਈਕੋਰਟ ਨੇ ਕੇਸ ਦੇ ਮੈਰਿਟ ਉੱਪਰ ਵਿਚਾਰ ਨਹੀਂ ਕੀਤਾ ਹੈ। ਹਾਈਕੋਰਟ ਨੇ ਮੁਲਜ਼ਮਾਂ ਨੂੰ ਮਹਿਜ਼ ਇਸ ਆਧਾਰ 'ਤੇ ਬਰੀ ਕਰ ਦਿੱਤਾ ਕਿ ਇਸ ਕੇਸ ਵਿਚ ਯੂ.ਏ.ਪੀ.ਏ. ਲਗਾਉਣ ਲਈ ਉਚਿਤ ਮਨਜ਼ੂਰੀ ਨਹੀਂ ਲਈ ਗਈ ਸੀ। ਯੂ.ਏ.ਪੀ.ਏ. ਲਗਾਉਣ ਲਈ ਗ੍ਰਿਫ਼ਤਾਰੀ ਤੋਂ ਪੰਦਰਾਂ ਦਿਨ ਦੇ ਅੰਦਰ ਮਨਜ਼ੂਰੀ ਲੈਣੀ ਜ਼ਰੂਰੀ ਹੈ ਪਰ ਪ੍ਰੋਫੈਸਰ ਸਾਈਬਾਬਾ ਦੇ ਕੇਸ 'ਚ ਮੁਕੱਦਮਾ ਸ਼ੁਰੂ ਹੋਣ ਤੋਂ ਬਾਅਦ ਮਨਜ਼ੂਰੀ ਲਈ ਗਈ। ਸਮੱਗਰੀ ਸਬੰਧਿਤ ਅਥਾਰਟੀ ਸਾਹਮਣੇ ਪੇਸ਼ ਕੀਤੀ ਗਈ ਅਤੇ ਉਸੇ ਦਿਨ ਮਨਜ਼ੂਰੀ ਦੇ ਦਿੱਤੀ ਗਈ ਸੀ। ਬਾਕੀ ਪੰਜਾਂ ਦੇ ਮਾਮਲੇ 'ਚ ਕਥਿਤ 'ਸੁਤੰਤਰ ਰਿਪੋਰਟ' ਨੇ ਬਿਨਾ ਕੋਈ ਵਾਜਬ ਕਾਰਨ ਦੱਸੇ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇਣ ਦੀ ਸਿਫ਼ਾਰਸ਼ ਕੀਤੀ ਸੀ। ਇਸੇ ਗ਼ੈਰ-ਕਾਨੂੰਨੀ ਪਹਿਲੂ ਦਾ ਨੋਟਿਸ ਲੈਂਦਿਆਂ ਬੰਬਈ ਹਾਈਕੋਰਟ ਨੇ ਆਪਣੇ ਹਾਲੀਆ ਆਦੇਸ਼ 'ਚ ਕਿਹਾ ਕਿ ਯੂ.ਏ.ਪੀ.ਏ. ਲਗਾਉਣ ਲਈ ਉਚਿਤ ਮਨਜ਼ੂਰੀ ਨਹੀਂ ਲਈ ਗਈ ਸੀ। ਹਾਈਕੋਰਟ ਨੇ ਇੱਥੋਂ ਤੱਕ ਕਿਹਾ ਕਿ 'ਕੌਮੀ ਸੁਰੱਖਿਆ ਨੂੰ ਕਥਿਤ ਖ਼ਤਰੇ' ਦੀ ਵੇਦੀ ਉੱਪਰ ਪ੍ਰਤੀਕਿਰਿਆਤਕ ਸੁਰੱਖਿਆ ਉਪਾਵਾਂ ਦੀ ਬਲੀ ਨਹੀਂ ਦਿੱਤੀ ਜਾ ਸਕਦੀ।

ਹਾਈਕੋਰਟ ਦੇ ਬੈਂਚ ਵੱਲੋਂ ਇਹ ਆਦੇਸ਼ ਉਚਿਤ ਮਨਜ਼ੂਰੀ ਨਾ ਲੈਣ ਦੇ ਤਕਨੀਕੀ ਆਧਾਰ 'ਤੇ ਦਿੱਤਾ ਗਿਆ ਹੈ ਪਰ ਹਾਈਕੋਰਟ ਨੇ ਇਹ ਵੀ ਸਪਸ਼ਟ ਕਿਹਾ ਹੈ ਕਿ ਇਹ ਮੁਕੱਦਮਾ ਸ਼ੁਰੂ ਤੋਂ ਹੀ ਖ਼ਾਮੀਆਂ ਵਾਲਾ ਸੀ। ਦਰਅਸਲ, ਇਹ ਖ਼ਾਮੀਆਂ ਨਹੀਂ ਸਨ ਸਗੋਂ ਜਾਣ ਬੁੱਝ ਕੇ ਕੀਤੀ ਘੋਰ ਉਲੰਘਣਾ ਸੀ। ਕੇਸ ਪੂਰੀ ਤਰ੍ਹਾਂ ਝੂਠਾ ਹੋਣ ਕਾਰਨ ਇਸ ਵਿਚ ਚੋਰ-ਮੋਰੀਆਂ ਦਾ ਹੋਣਾ ਤੈਅ ਸੀ।

90% ਅਪਾਹਜ ਪ੍ਰੋਫੈਸਰ ਸਾਈਬਾਬਾ ਅਤੇ ਉਸ ਦੇ ਨਾਲ ਹੋਰ ਕਾਰਕੁੰਨਾਂ ਨੂੰ ਜੇਲ੍ਹ 'ਚ ਤੁੰਨਣ ਦੀ ਵਜ੍ਹਾ ਕਿਸੇ ਤੋਂ ਗੁੱਝੀ ਨਹੀਂ ਹੈ। ਓਪਰੇਸ਼ਨ ਗ੍ਰੀਨ ਹੰਟ ਦਾ ਵਿਰੋਧ ਕਰਨ ਵਾਲੇ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਨ, ਤਸੀਹੇ ਦੇਣ ਅਤੇ ਜੇਲ੍ਹਾਂ ਵਿਚ ਸਾੜਨ ਦੀ ਸੂਚੀ ਬਹੁਤ ਲੰਮੀ ਹੈ। ਪੱਤਰਕਾਰ ਪ੍ਰਸ਼ਾਂਤ ਰਾਹੀ, ਸਭਿਆਚਾਰਕ ਕਾਰਕੁਨ ਹੇਮ ਮਿਸ਼ਰਾ ਵੀ ਇਸੇ ਕਾਫ਼ਲੇ ਦਾ ਹਿੱਸਾ ਰਹੇ ਹਨ ਅਤੇ ਲੋਕ ਹੱਕਾਂ ਲਈ ਧੜੱਲੇ ਨਾਲ ਆਵਾਜ਼ ਉਠਾਉਣ ਵਾਲੇ ਬੌਧਿਕ ਕਾਮੇ ਹਨ। ਆਦਿਵਾਸੀ ਨੌਜਵਾਨ ਮਰਹੂਮ ਪਾਂਡੂ ਨਰੋਟੇ, ਮਹੇਸ਼ ਟਿਰਕੀ ਅਤੇ ਵਿਜੇ ਟਿਰਕੀ ਆਦਿਵਾਸੀ ਸੰਘਰਸ਼ ਦਾ ਹਿੱਸਾ ਰਹੇ ਹਨ। ਉਨ੍ਹਾਂ ਨੂੰ 'ਓਪਰੇਸ਼ਨ ਗ੍ਰੀਨ ਹੰਟ' ਦੇ ਨਾਂ ਹੇਠ ਭਾਰਤੀ ਹੁਕਮਰਾਨਾਂ ਵੱਲੋਂ ਆਪਣੇ ਹੀ ਲੋਕਾਂ ਵਿਰੁੱਧ ਵਿੱਢੀ ਜੰਗ ਵਿਰੁੱਧ ਆਵਾਜ਼ ਉਠਾਉਣ ਕਰਕੇ ਝੂਠੇ ਕੇਸ 'ਚ ਫਸਾਇਆ ਗਿਆ। ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ ਯੂ.ਏ.ਪੀ.ਏ. ਲਗਾਏ ਜਾਣ ਤੋਂ ਹੀ ਹਕੂਮਤ ਦੀ ਮਨਸ਼ਾ ਸਪਸ਼ਟ ਹੋ ਗਈ ਸੀ ਕਿ ਹੁਕਮਰਾਨ ਆਦਿਵਾਸੀਆਂ ਦੀ ਨਸਲਕੁਸ਼ੀ ਦਾ ਵਿਰੋਧ ਕਰਨ ਵਾਲਿਆਂ ਦੀ ਜ਼ਬਾਨਬੰਦੀ ਕਰਨ 'ਤੇ ਤੁਲੇ ਹੋਏ ਹਨ। ਪ੍ਰੋਫੈਸਰ ਸਾਈਬਾਬਾ ਸਮੇਤ ਲੋਕਪੱਖੀ ਬੁੱਧੀਜੀਵੀਆਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਵੱਲੋਂ ਉਠਾਈ ਆਵਾਜ਼ ਕਾਰਨ ਭਾਰਤੀ ਹੁਕਮਰਾਨਾਂ ਨੂੰ ਬੇਸ਼ਰਮੀਂ ਨਾਲ ਮੁੱਕਰਨਾ ਪਿਆ ਸੀ ਕਿ ਭਾਰਤੀ ਰਾਜ ਵੱਲੋਂ ਮਾਓਵਾਦੀ ਜ਼ੋਰ ਵਾਲੇ ਇਲਾਕਿਆਂ ਵਿਚ ਕੋਈ 'ਓਪਰੇਸ਼ਨ ਗ੍ਰੀਨ ਹੰਟ' ਚਲਾਇਆ ਹੀ ਨਹੀਂ ਜਾ ਰਿਹਾ। ਦਰਅਸਲ, ਐਲਾਨੀਆ ਓਪਰੇਸ਼ਨ ਦੀ ਥਾਂ ਅਣਐਲਾਨੇ ਰੂਪ 'ਚ ਆਦਿਵਾਸੀ ਲੋਕਾਂ ਦੇ ਜੁਝਾਰੂ ਟਾਕਰੇ ਨੂੰ ਕੁਚਲਣ ਲਈ ਫ਼ੌਜ ਦੀ ਮੱਦਦ ਨਾਲ ਨੀਮ-ਫ਼ੌਜੀ ਲਸ਼ਕਰਾਂ ਅਤੇ ਪੁਲਿਸ ਦੀ ਮੁਹਿੰਮ ਨੇ ਲੈ ਲਈ ਜੋ ਲਗਾਤਾਰ ਚੱਲ ਰਹੀ ਹੈ। ਜੰਗਲਾਂ-ਪਹਾੜਾਂ ਦੇ ਕੁਦਰਤੀ ਵਸੀਲਿਆਂ ਦੀ ਧਾੜਵੀ ਲੁੱਟਮਾਰ ਨੂੰ ਅੰਜਾਮ ਦੇਣ ਲਈ ਇਸ ਨੇ 'ਓਪਰੇਸ਼ਨ ਸਮਾਧਾਨ-ਪ੍ਰਹਾਰ' ਦੇ ਨਾਮ ਹੇਠ ਹੋਰ ਵੀ ਵਹਿਸ਼ੀ ਰੂਪ ਅਖ਼ਤਿਆਰ ਕੀਤਾ ਹੋਇਆ ਹੈ। ਯੂ.ਏ.ਪੀ.ਏ. ਲੋਕ ਹੱਕਾਂ ਦੇ ਪਹਿਰੇਦਾਰਾਂ ਨੂੰ ਅਣਮਿੱਥੇ ਸਮੇਂ ਲਈ ਜੇਲਾਂ ਵਿਚ ਸਾੜਨ ਦਾ ਹਥਿਆਰ ਹੈ ਤਾਂ ਜੋ ਉਹ ਜ਼ਮਾਨਤ ਨਾ ਲੈ ਸਕਣ ਅਤੇ ਉਨ੍ਹਾਂ ਨੂੰ ਬਿਨਾ ਇਲਾਜ ਜੇਲ੍ਹਾਂ 'ਚ ਮਾਰਿਆ ਜਾ ਸਕੇ। ਪ੍ਰੋਫੈਸਰ ਸਾਈਬਾਬਾ ਦੇ ਸਹਿ-ਮੁਲਜ਼ਮ ਆਦਿਵਾਸੀ ਨੌਜਵਾਨ ਪਾਂਡੂ ਨਰੋਟੇ ਅਤੇ ਭੀਮਾ-ਕੋਰੇਗਾਓਂ ਕੇਸ ਵਿਚ ਗ੍ਰਿਫ਼ਤਾਰ ਕੀਤੇ ਸਟੇਨ ਸਵਾਮੀ ਦਾ ਜੇਲ੍ਹ ਵਿਚ ਇਸੇ ਤਰ੍ਹਾਂ ਬਿਨਾ ਇਲਾਜ ਸੰਸਥਾਈ ਕਤਲ ਕੀਤਾ ਗਿਆ। ਪ੍ਰੋ. ਸਾਈਬਾਬਾ, ਐਡਵੋਕੇਟ ਸੁਰਿੰਦਰ ਗਾਡਲਿੰਗ, ਪ੍ਰੋਫੈਸਰ ਵਰਨੋਨ, ਅਰੁਣ ਫ਼ਰੇਰਾ ਨੂੰ ਅੰਤਮ ਸਵਾਸ ਲੈ ਰਹੇ ਆਪਣੇ ਮਾਪਿਆਂ ਨੂੰ ਮਿਲਣ ਲਈ ਪੈਰੋਲ ਉੱਪਰ ਜ਼ਮਾਨਤ ਵੀ ਨਹੀਂ ਦਿੱਤੀ ਗਈ ਜੋ ਸਜ਼ਾਯਾਫ਼ਤਾ ਕੈਦੀਆਂ ਦਾ ਮੁੱਢਲਾ ਮਨੁੱਖੀ ਹੱਕ ਹੈ।

ਭਾਰਤੀ ਅਦਾਲਤੀ ਪ੍ਰਣਾਲੀ ਤੋਂ ਨਿਆਂ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਬਾਬਰੀ ਮਸਜਿਦ, ਧਾਰਾ 370 ਦੇ ਖ਼ਾਤਮੇ, ਗੁਜਰਾਤ 'ਚ ਮੁਸਲਮਾਨਾਂ ਦੀ ਨਸਲਕੁਸ਼ੀ ਦੇ ਬਿਲਕੀਸ ਬਾਨੋ ਵਰਗੇ ਕੇਸਾਂ, 1984 'ਚ ਸਿੱਖਾਂ ਦੀ ਨਸਲਕੁਸ਼ੀ, ਕਸ਼ਮੀਰ ਵਿਚ ਰਾਜਕੀ ਦਹਿਸ਼ਤਵਾਦ, ਆਦਿਵਾਸੀਆਂ ਦੀ ਨਸਲਕੁਸ਼ੀ ਦੇ ਦਰਜਨਾਂ ਕੇਸਾਂ 'ਚ ਸੁਪਰੀਮ ਕੋਰਟ ਦੇ ਬੈਂਚਾਂ ਦਾ ਰਵੱਈਆ ਸਪਸ਼ਟ ਤੌਰ 'ਤੇ ਹੁਕਮਰਾਨ ਧਿਰ ਪੱਖੀ ਅਤੇ ਮਜ਼ਲੂਮਾਂ ਵਿਰੋਧੀ ਰਿਹਾ ਹੈ। ਇਸ ਦਾ ਭਾਵ ਇਹ ਵੀ ਨਹੀਂ ਕਿ ਕਾਨੂੰਨੀ ਚਾਰਾਜੋਈ ਬੇਮਾਇਨੇ ਹੈ। ਝੂਠੇ ਕੇਸਾਂ ਦੀ ਕਾਨੂੰਨੀ ਪੈਰਵੀ ਇਸ ਕਰਕੇ ਮਹੱਤਵਪੂਰਨ ਹੈ ਕਿ ਇਸ ਨਾਲ ਆਮ ਲੋਕਾਂ ਨੂੰ ਅਦਾਲਤੀ ਪ੍ਰਣਾਲੀ ਦੀ ਢੌਂਗੀ ਨਿਰਪੱਖਤਾ ਅਤੇ ਝੂਠੀ ਸੁਤੰਤਰਤਾ ਦੀ ਹਕੀਕਤ ਨੂੰ ਸਮਝਣ ਦਾ ਮੌਕਾ ਮਿਲਦਾ ਹੈ। ਵਿਆਪਕ ਲੋਕ ਰਾਇ ਹੀ ਫਾਸ਼ੀਵਾਦੀ ਹਕੂਮਤ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਅਦਾਲਤੀ ਪ੍ਰਣਾਲੀ ਦੇ ਨਿਆਂਸ਼ਾਸਤਰ ਵਿਰੋਧੀ ਅਮਲ ਅਤੇ ਮਨਮਾਨੀਆਂ ਨੂੰ ਠੱਲ੍ਹ ਪਾ ਸਕਦੀ ਹੈ।

# ਜੱਜ ਸਾਹਿਬ, ਤੁਸੀਂ ਅਨਿਆਂ ਨਾਲ ਖੜ੍ਹੇ ਹੋ

## ਹਿਮਾਂਸ਼ੂ ਕੁਮਾਰ ਦੀ ਜੱਜਾਂ ਨੂੰ ਖੁੱਲ੍ਹੀ ਚਿੱਠੀ

***ਸਮਾਜਿਕ ਕਾਰਕੁਨ ਹਿਮਾਂਸ਼ੂ ਕੁਮਾਰ ਨੇ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਜੀ.ਐਨ. ਸਾਈਬਾਬਾ ਨੂੰ ਬਰੀ ਕਰਨ ਦੇ ਬੰਬਈ ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵੱਲੋਂ ਰੱਦ ਕਰਨ ਤੋਂ ਬਾਅਦ ਜੱਜਾਂ ਨੂੰ ਖੁੱਲ੍ਹੀ ਚਿੱਠੀ ਲਿਖੀ ਹੈ। ਇਸ ਵਿਚ ਹਿਮਾਂਸ਼ੂ ਕੁਮਾਰ ਨੇ ਇਸ ਦੌਰ ਵਿਚ ਨਿਆਂਪਾਲਿਕਾ ਵੱਲੋਂ ਆਪਣੀ ਭੂਮਿਕਾ ਤੋਂ ਪਿੱਛੇ ਹਟਣ ਦੀਆਂ ਤਮਾਮ ਮਿਸਾਲਾਂ ਉਨ੍ਹਾਂ ਉੱਪਰ ਸ਼ਰੇਆਮ ਅਨਿਆਂ ਕਰਨ ਦਾ ਦੋਸ਼ ਲਗਾਇਆ ਹੈ। ਉਸ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਉਹ ਇਸ ਕਾਰਵਾਈ ਲਈ ਹੱਤਕ ਦਾ ਦੋਸ਼ੀ ਹੈ ਅਤੇ ਚਾਹੁੰਦਾ ਹੈ ਕਿ ਉਸ ਨੂੰ ਜੇਲ੍ਹ ਦੀ ਸਜ਼ਾ ਦਿੱਤੀ ਜਾਵੇ। ਉਸ ਦੀ ਪੂਰੀ ਚਿੱਠੀ ਦਾ ਪੰਜਾਬੀ ਰੂਪ ਪੇਸ਼ ਹੈ। ਇਹ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਜੱਜ ਸਾਹਿਬ, ਮੈਂ ਤੁਹਾਨੂੰ ਇਹ ਖੁੱਲ੍ਹੀ ਚਿੱਠੀ ਇਸ ਲਈ ਲਿਖ ਰਿਹਾ ਹਾਂ ਕਿਉਂਕਿ ਮੈਂ ਚਾਹੁੰਦਾ ਹਾਂ ਕਿ ਮੁਲਕ ਦੇ ਲੋਕ ਵੀ ਇਸ ਚਿੱਠੀ ਨੂੰ ਪੜ੍ਹਨ।

ਮੇਰੇ ਮਾਤਾ-ਪਿਤਾ ਅਤੇ ਤਾਊ ਜੀ ਇਸ ਮੁਲਕ ਦੀ ਆਜ਼ਾਦੀ ਲਈ ਲੜੇ ਸਨ, ਜਿਵੇਂ ਉਨ੍ਹਾਂ ਦੀ ਪੀੜ੍ਹੀ ਦੇ ਲੱਖਾਂ ਲੋਕ ਲੜੇ ਸਨ। ਉਨ੍ਹਾਂ ਸਾਰਿਆਂ ਦਾ ਸੁਪਨਾ ਸੀ ਅਜਿਹਾ ਭਾਰਤ ਬਣਾਉਣਾ ਜਿਸ ਵਿਚ ਕਿਸੇ ਨਾਲ ਅਨਿਆਂ ਨਹੀਂ ਹੋਵੇਗਾ, ਸਾਰਿਆਂ ਨਾਲ ਨਿਆਂ ਹੋਵੇਗਾ (ਪਰ) ਸਾਡੀ ਪੀੜ੍ਹੀ ਨੇ ਸਾਡੇ ਪੁਰਖਿਆਂ ਦੇ ਨਿਆਂਪੂਰਨ ਭਾਰਤ ਦੇ ਸੁਪਨਿਆਂ ਦੀਆਂ ਧੱਜੀਆਂ ਉਡਦੀਆਂ ਦੇਖੀਆਂ ਹਨ। ਇਸ ਮੁਲਕ ਦੀਆਂ ਸਰਕਾਰਾਂ ਬਿਨਾ ਕਿਸੇ ਕਾਰਵਾਈ ਦੇ ਮੁਸਲਮਾਨਾਂ ਦੇ ਘਰਾਂ ਉੱਪਰ ਬੁਲਡੋਜ਼ਰ ਚਲਾ ਦਿੰਦੀਆਂ ਹਨ ਪਰ ਕੋਈ ਵੀ ਅਦਾਲਤ ਆਪਣੀ ਹੱਤਕ ਮਹਿਸੂਸ ਨਹੀਂ ਕਰਦੀ ਕਿ ਸਰਕਾਰ ਅਦਾਲਤ ਦੇ ਫ਼ੈਸਲੇ ਤੋਂ ਬਿਨਾ ਕਿਸੇ ਨੂੰ ਸਜ਼ਾ ਨਹੀਂ ਦੇ ਸਕਦੀ।

ਜੇ ਸਰਕਾਰਾਂ ਅਜਿਹਾ ਕਰ ਰਹੀਆਂ ਹਨ ਤਾਂ ਇਹ ਅਦਾਲਤ ਦਾ ਅਪਮਾਨ ਹੈ ਪਰ ਤੁਹਾਨੂੰ ਬੁਰਾ ਨਹੀਂ ਲੱਗਦਾ। ਇਸ ਮੁਲਕ ਵਿਚ ਜੱਜ ਲੋਇਆ ਦਾ ਕਤਲ ਇਕ ਗੁੰਡਾ ਭਾਜਪਾ ਆਗੂ ਅਤੇ ਮੰਤਰੀ ਕਰ ਦਿੰਦਾ ਹੈ ਪਰ ਕਿਸੇ ਜੱਜ ਨੂੰ ਗੁੱਸਾ ਨਹੀਂ ਆਉਂਦਾ ਕਿ ਇਕ ਜੱਜ ਨੂੰ ਮਾਰਨ ਤੋਂ ਬਾਅਦ ਉਹ ਗੁੰਡਾ ਜੇਲ੍ਹ ਜਾਣ ਤੋਂ ਕਿਵੇਂ ਬਚ ਗਿਆ? ਪਰ ਉਸ ਜੱਜ ਦੇ ਕਤਲ ਦੇ ਸਬੂਤ ਮਿਟਾਉਣ ਗੁੰਡੇ ਮੰਤਰੀ ਨਾਲ ਜੱਜ ਹੀ ਜਾਂਦਾ ਹੈ ਅਤੇ ਬਾਅਦ ਵਿਚ ਇਨਾਮ ਵਜੋਂ ਉੱਚ ਅਦਾਲਤ ਵਿਚ ਤਰੱਕੀ ਪਾ ਕੇ ਜੱਜ ਬਣ ਜਾਂਦਾ ਹੈ।

ਆਦਿਵਾਸੀ ਖੇਤਰਾਂ ਵਿਚ ਸੁਰੱਖਿਆ ਬਲਾਂ ਵੱਲੋਂ ਆਦਿਵਾਸੀ ਔਰਤਾਂ ਨਾਲ ਲਗਾਤਾਰ ਬਲਾਤਕਾਰ ਕੀਤੇ ਜਾ ਰਹੇ ਹਨ ਪਰ ਅਦਾਲਤਾਂ ਪੂਰੀ ਬੇਸ਼ਰਮੀ ਨਾਲ ਉਨ੍ਹਾਂ ਔਰਤਾਂ ਦੀਆਂ ਸ਼ਿਕਾਇਤਾਂ ਨੂੰ ਚੁੱਕ ਕੇ ਕੂੜੇਦਾਨ ਵਿਚ ਸੁੱਟ ਰਹੀਆਂ ਹਨ। ਤੁਹਾਡੀ ਹਮਾਇਤ ਨਾਲ ਬਲਾਤਕਾਰੀ ਮੁੱਛਾਂ ਨੂੰ ਵੱਟ ਦੇ ਕੇ ਹੋਰ ਔਰਤਾਂ ਨਾਲ ਬਲਾਤਕਾਰ ਕਰ ਰਹੇ ਹਨ। ਮੈਂ ਆਦਿਵਾਸੀ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਦੇ ਕਤਲਾਂ ਦੇ 519 ਕੇਸ ਅਦਾਲਤ ਨੂੰ ਸੌਂਪੇ ਪਰ ਅਫ਼ਸੋਸ, ਤੁਸੀਂ ਕਿਸੇ ਵੀ ਕੇਸ ਵਿਚ ਨਿਆਂ ਨਹੀਂ ਦਿੱਤਾ।

ਇਸ ਮੁਲਕ ਦੇ ਲੋਕਾਂ ਦੀ ਸੇਵਾ ਕਰਨ ਵਾਲੇ ਬਿਹਤਰੀਨ ਬੁੱਧੀ ਵਾਲੇ ਦੇਸ਼ ਪ੍ਰੇਮੀ ਸਮਾਜ ਸੇਵਕਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਹੈ। ਭੀਮਾ ਕੋਰੇਗਾਓਂ ਕੇਸ ਵਿਚ ਸਾਢੇ ਚਾਰ ਸਾਲ ਬਾਅਦ ਵੀ ਸਰਕਾਰ ਚਾਰਜਸੀਟ ਦਾਖ਼ਲ ਨਹੀਂ ਕਰ ਸਕੀ ਹੈ। ਕਰੇਗੀ ਵੀ ਕਿਵੇਂ ਕਿ ਕੇਸ ਪੂਰੀ ਤਰ੍ਹਾਂ ਫਰਜ਼ੀ ਹੈ ਪਰ ਤੁਸੀਂ ਇਨ੍ਹਾਂ ਬਜ਼ੁਰਗ ਸਮਾਜ ਕਾਰਕੁਨਾਂ ਨੂੰ ਜ਼ਮਾਨਤ ਨਹੀਂ ਦੇ ਰਹੇ।




*ਸਮਾਜਿਕ ਕਾਰਕੁਨ ਹਿਮਾਂਸ਼ੂ ਕੁਮਾਰ।*

ਜੀ.ਐਨ. ਸਾਈ ਬਾਬਾ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਵਾਲੇ ਕੇਸ ਦੇ ਫ਼ੈਸਲੇ 'ਚ ਜੱਜ ਨੇ ਲਿਖਿਆ ਸੀ ਕਿ ਉਨ੍ਹਾਂ ਦਾ ਜੁਰਮ ਇਹ ਹੈ ਕਿ ਇਨ੍ਹਾਂ ਲੋਕਾਂ ਕਾਰਨ ਭਾਰਤ ਦਾ ਵਿਕਾਸ ਰੁਕਦਾ ਹੈ, ਇਸ ਲਈ ਮੈਂ ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੰਦਾ ਹਾਂ। ਤੇ ਵਿਕਾਸ ਦਾ ਮਤਲਬ ਅਸੀਂ ਸਾਰੇ ਜਾਣਦੇ ਹਾਂ ਕਿ ਆਦਿਵਾਸੀਆਂ ਦੇ ਜੰਗਲ ਪੂੰਜੀਪਤੀਆਂ ਦੇ ਹਵਾਲੇ ਕਰਨਾ ਹੀ ਤੁਹਾਡੀ ਨਜ਼ਰ ਵਿਚ ਵਿਕਾਸ ਹੈ।

ਥਾਣੇ ਅੰਦਰ ਸੋਨੀ ਸੋਰੀ ਦੇ ਗੁਪਤ ਅੰਗਾਂ 'ਚ ਪੱਥਰ ਭਰੇ ਦਿੱਤੇ ਗਏ। ਮੈਡੀਕਲ ਕਾਲਜ ਨੇ ਉਸ ਦੇ ਸਰੀਰ 'ਚੋਂ ਕੱਢੇ ਪੱਥਰ ਤੁਹਾਡੇ ਮੇਜ਼ 'ਤੇ ਰੱਖ ਦਿੱਤੇ ਪਰ ਤੁਸੀਂ ਗਿਆਰਾਂ ਸਾਲਾਂ ਬਾਅਦ ਨਿਆਂ ਨੂੰ ਠੁੱਡਾ ਮਾਰ ਕੇ ਉਨ੍ਹਾਂ ਦੀ ਪਟੀਸ਼ਨ ਹੀ ਰੱਦ ਕਰ ਦਿੱਤੀ।

ਤੁਸੀਂ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਅਤੇ ਉਸ ਦੀ ਧੀ ਦੇ ਕਾਤਲਾਂ ਨੂੰ ਰਿਹਾਅ ਕਰਨ ਦੇ ਗੁਜਰਾਤ ਸਰਕਾਰ ਦੇ ਅਣਮਨੁੱਖੀ ਫ਼ੈਸਲੇ ਨੂੰ ਜਾਇਜ਼ ਦੱਸਿਆ। ਮੁਆਫ਼ ਕਰਨਾ, ਤੁਸੀਂ ਅਦਾਲਤ ਨੂੰ ਨਿਆਂ ਦੀ ਨਹੀਂ, ਅਨਿਆਂ ਕਰਨ ਦੀ ਜਗ੍ਹਾ ਬਣਾ ਦਿੱਤਾ ਹੈ।

ਕਰੋੜਾਂ ਲੋਕ ਇਸ ਭਰੋਸੇ 'ਤੇ ਰਾਸ਼ਟਰ ਵਜੋਂ ਇਕੱਠੇ ਰਹਿਣ ਦਾ ਫ਼ੈਸਲਾ ਕਰਦੇ ਹਨ ਕਿ ਉਨ੍ਹਾਂ ਨਾਲ ਕੋਈ ਨਿਆਂ ਨਹੀਂ ਕੀਤਾ ਜਾਵੇਗਾ ਪਰ ਤੁਸੀਂ ਉਨ੍ਹਾਂ ਦਾ ਸਾਥ ਦੇ ਰਹੇ ਹੋ ਜੋ ਹਰ ਰੋਜ਼ ਅਨਿਆਂ ਕਰਦੇ ਹਨ ਅਤੇ ਨਿਆਂ ਮੰਗਣ ਵਾਲਿਆਂ ਨੂੰ ਹੀ ਮੁਜਰਿਮ ਕਰਾਰ ਦੇ ਰਹੇ ਹੋ। ਜੱਜ ਸਾਹਿਬ, ਤੁਸੀਂ ਅਦਾਲਤ ਦੀ ਤੌਹੀਨ ਕਰ ਰਹੇ ਹੋ। ਮੁਆਫ਼ ਕਰਨਾ, ਤੁਸੀਂ ਬਹੁਤ ਕਮਜ਼ੋਰ ਅਤੇ ਡਰੇ ਹੋਏ ਹੋ; ਹਾਲਾਂਕਿ ਤੁਹਾਨੂੰ ਸਰਕਾਰ ਤੋਂ ਡਰਨ ਦੀ ਕੋਈ ਲੋੜ ਨਹੀਂ ਹੈ, ਸੰਵਿਧਾਨ ਨੇ ਤੁਹਾਨੂੰ ਸਰਕਾਰ ਤੋਂ ਆਜ਼ਾਦ ਰੱਖਿਆ ਹੈ।


ਤੁਹਾਨੂੰ ਦੇਖ ਕੇ ਉਸ ਕੁੱਤੇ ਦੀ ਯਾਦ ਆਉਂਦੀ ਹੈ ਜਿਸ ਦੇ ਸਾਹਮਣੇ ਕੋਈ ਡੰਡਾ ਲੈ ਕੇ ਖੜ੍ਹਾ ਹੈ ਅਤੇ ਕੁੱਤੇ ਨੇ ਡਰ ਕੇ ਆਪਣੀ ਪੂਛ ਆਪਣੀਆਂ ਪਿਛਲੀਆਂ ਲੱਤਾਂ 'ਚ ਦਿੱਤੀ ਹੋਈ ਹੈ। ਅਸੀਂ ਚਾਹੁੰਦੇ ਹਾਂ, ਤੁਸੀਂ ਦੁਬਾਰਾ ਕੁੱਤੇ ਤੋਂ ਇਨਸਾਨ ਬਣ ਜਾਓ। ਤੁਸੀਂ ਸਿਰਫ਼ ਇਨਸਾਫ ਦਾ ਹੀ ਕਤਲ ਨਹੀਂ ਕਰ ਰਹੇ ਹੋ; ਤੁਸੀਂ ਤਾਂ ਮਨੁੱਖਤਾ, ਲੋਕਤੰਤਰ, ਕਾਨੂੰਨ, ਸੰਵਿਧਾਨ ਸਾਰਿਆਂ ਦੇ ਕਤਲ ਲਈ ਜ਼ਿੰਮੇਵਾਰ ਹੋ।

ਮੈਂ ਇਹ ਚਿੱਠੀ ਤੁਹਾਡੀ ਤੌਹੀਨ ਕਰਨ ਲਈ ਲਿਖੀ ਹੈ ਕਿਉਂਕਿ ਮੈਂ ਜਨਤਾ ਨਾਲ ਅਨਿਆਂ ਕਰਨ ਵਾਲਿਆਂ ਦਾ ਸਨਮਾਨ ਨਹੀਂ ਕਰ ਸਕਦਾ। ਕਿਰਪਾ ਕਰਕੇ ਮੈਨੂੰ ਤੁਹਾਡੀ ਬੇਇੱਜ਼ਤੀ ਲਈ ਕੈਦ ਕਰਨ ਦਾ ਹੁਕਮ ਦਿਓ ਜਿੱਥੇ ਮੈਨੂੰ ਉਸੇ ਤਰ੍ਹਾਂ ਮਾਰਿਆ ਜਾ ਸਕੇ ਜਿਵੇਂ ਫਾਦਰ ਸਟੇਨ ਸਵਾਮੀ ਅਤੇ ਪਾਂਡੂ ਨਰੋਟੇ ਨੂੰ ਤੁਹਾਡੀ ਮਦਦ ਨਾਲ ਕਤਲ ਕੀਤਾ ਗਿਆ। ਮੈਂ ਚਾਹੁੰਦਾ ਹਾਂ ਕਿ ਆਉਣ ਵਾਲੇ ਬੱਚੇ ਘੱਟੋ-ਘੱਟ ਮੈਨੂੰ ਅਜਿਹੇ ਇਨਸਾਨ ਵਜੋਂ ਯਾਦ ਕਰਨ ਜੋ ਅਨਿਆਂ ਵਿਰੁੱਧ ਬੋਲਿਆ ਅਤੇ ਇਨਸਾਨ ਹੋਣ ਦਾ ਫਰਜ਼ ਨਿਭਾਇਆ ਅਤੇ ਮਾਰਿਆ ਗਿਆ।

ਭਾਰਤ ਦਾ ਨਿਰਪੱਖ ਨਾਗਰਿਕ
ਹਿਮਾਂਸ਼ੂ ਕੁਮਾਰ।
16 ਅਕਤੂਬਰ, 2022

# ਪਾਣੀਆਂ ਦੇ ਮੁੱਦੇ ਉੱਤੇ ਪਿਛਲੀਆਂ ਭੁੱਲਾਂ ਸੁਧਾਰਨ ਦਾ ਮੌਕਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਵਿਚੋਂ ਕੱਢ ਕੇ ਵੱਖਰਾ ਰਾਜ ਹਰਿਆਣਾ ਸਾਲ 1966 ਵਿਚ ਬਣਾਇਆ ਗਿਆ ਸੀ ਤੇ ਉਸ ਵੇਲੇ ਤੋਂ ਇਨ੍ਹਾਂ ਦੋਵਾਂ ਰਾਜਾਂ ਵਿਚ ਦਰਿਆਈ ਪਾਣੀਆਂ ਦੇ ਮੁੱਦੇ ਤੋਂ ਖਿੱਚੋਤਾਣ ਚੱਲੀ ਰਹੀ ਹੈ। ਬੀਤਿਆ ਚੌਦਾਂ ਅਕਤੂਬਰ ਇਸ ਮਾਮਲੇ ਵਿਚ ਇਕ ਨਵੇਂ ਮੋੜ ਦਾ ਪ੍ਰਤੀਕ ਬਣ ਗਿਆ, ਜਿਸ ਦਿਨ ਪੰਜਾਬ ਤੇ ਹਰਿਆਣੇ ਦੇ ਮੁੱਖ ਮੰਤਰੀਆਂ ਵਿਚਾਲੇ ਬੈਠਕ ਹੋਈ ਤੇ ਇਹ ਬੈਠਕ ਆਮ ਨਾ ਰਹਿ ਕੇ ਖਾਸ ਹੋ ਗਈ। ਪਿਛਲੇ ਸਮੇਂ ਵਿਚ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਅਧਿਕਾਰੀਆਂ ਵਿਚਾਲੇ ਜਿੰਨੀਆਂ ਵੀ ਬੈਠਕਾਂ ਹੋਈਆਂ ਸਨ, ਉਨ੍ਹਾਂ ਦੌਰਾਨ ਅੰਦਰ ਕੀ ਹੁੰਦਾ ਰਿਹਾ, ਬੁੱਕਲ ਵਿਚ ਗੁੜ ਦੀ ਰੋੜੀ ਭੰਨਣ ਵਾਂਗ ਗੁਪਤ ਜਿਹਾ ਹੁੰਦਾ ਸੀ ਤੇ ਸਾਰੇ ਵੇਰਵੇ ਬਾਹਰ ਨਹੀਂ ਸੀ ਆਉਂਦੇ। ਇਸ ਵਾਰ ਦੀ ਮੀਟਿੰਗ ਮਗਰੋਂ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਨੇ ਖੜ੍ਹੇ ਪੈਰ ਮੀਡੀਆ ਕੋਲ ਸਾਰੇ ਵੇਰਵੇ ਏਦਾਂ ਪੇਸ਼ ਕਰ ਦਿੱਤੇ, ਜਿਵੇਂ ਅੰਦਰ ਕੀਤੀ ਗਈ ਗੱਲਬਾਤ ਦੇ ਜੋਤਰੇ ਦੀ ਦੋਹਰ ਪਾ ਰਹੇ ਹੋਣ। ਕਿਸੇ ਹੋਰ ਦੇ ਲਈ ਅੰਦਾਜ਼ੇ ਲਾਉਣ ਦਾ ਕੰਮ ਹੀ ਨਹੀਂ ਸੀ ਛੱਡਿਆ। ਪੰਜਾਬ ਦੇ ਪਿਛਲੇ ਸਭ ਮੁੱਖ ਮੰਤਰੀ ਏਦਾਂ ਦੀਆਂ ਮੀਟਿੰਗਾਂ ਵਿਚ ਜਿਸ ਢੰਗ ਨਾਲ ਮੁੱਦਾ ਪੇਸ਼ ਕਰਦੇ ਰਹੇ ਸਨ, ਉਹ ਸਭ ਪਿੱਛੇ ਰਹਿ ਗਿਆ ਤੇ ਨਵੇਂ ਮੁੱਖ ਮੰਤਰੀ ਨੇ ਪੰਜਾਬ ਦਾ ਪੱਖ ਇਸ ਤਰ੍ਹਾਂ ਪੇਸ਼ ਕੀਤਾ, ਜਿੱਦਾਂ ਕਦੇ ਹੋਇਆ ਹੀ ਨਹੀਂ ਸੀ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਸਾਰਾ ਜ਼ੋਰ ਇਸ ਗੱਲ ਉੱਤੇ ਰਿਹਾ ਕਿ ਸੁਪਰੀਮ ਕੋਰਟ ਵੱਲੋਂ ਨਹਿਰ ਬਣਾਉਣ ਨੂੰ ਕਿਹਾ ਜਾ ਚੁੱਕਾ ਹੋਣ ਕਾਰਨ ਪਾਣੀ ਦੀ ਵੰਡ ਦਾ ਮੁੱਦਾ ਪਿੱਛੋਂ ਵਿਚਾਰ ਲਿਆ ਜਾਵੇਗਾ, ਨਹਿਰ ਵਾਲਾ ਮੁੱਦਾ ਪਹਿਲਾਂ ਸਿਰੇ ਲਾ ਲਿਆ ਜਾਵੇ। ਪੰਜਾਬ ਦੇ ਮੁੱਖ ਮੰਤਰੀ ਦੀ ਸਿੱਧੀ ਦਲੀਲ ਇਹੋ ਸੀ ਕਿ ਨਹਿਰ ਤਦੇ ਬਣਾਈਏ, ਜੇ ਪਾਣੀ ਵਗਣਾ ਹੋਵੇ, ਪੰਜਾਬ ਕੋਲ ਜਦੋਂ ਵਾਧੂ ਪਾਣੀ ਹੀ ਨਹੀਂ ਤਾਂ ਨਹਿਰ ਬਣਾਉਣ ਦੀ ਲੋੜ ਨਹੀਂ ਰਹਿੰਦੀ। ਇਹ ਗੱਲ ਨਵੀਂ ਨਹੀਂ ਸੀ, ਪੰਜਾਬ ਦੇ ਪਿਛਲੇ ਮੁੱਖ ਮੰਤਰੀਆਂ ਨੇ ਵੀ ਕਈ ਵਾਰੀ ਕਹੀ ਹੋਈ ਸੀ। ਸਮੱਸਿਆ ਦੇ ਮੁੱਢਲੇ ਸਾਲਾਂ ਵਿਚ ਉਹ ਨਹੀਂ ਸਨ ਕਹਿੰਦੇ, ਸੁਪਰੀਮ ਕੋਰਟ ਦੇ ਫੈਸਲੇ ਦੀਆਂ ਸੱਟਾਂ ਖਾਣ ਪਿੱਛੋਂ ਕਹਿਣ ਲੱਗੇ ਸਨ। ਪੰਜਾਬ ਦੇ ਅਜੋਕੇ ਮੁੱਖ ਮੰਤਰੀ ਨੇ ਇਹ ਗੱਲ ਕਹਿਣ ਵੇਲੇ ਮਸਲੇ ਦੀ ਜੜ੍ਹ ਪੰਜਾਬ ਤੋਂ ਵੱਖਰਾ ਹਰਿਆਣਾ ਬਣਾਉਣ ਨਾਲ ਜਾ ਜੋੜੀ ਤੇ ਫਿਰ ਉਹ ਗੱਲਾਂ ਛੇੜ ਦਿੱਤੀਆਂ, ਜਿਨ੍ਹਾਂ ਦੀ ਮੀਡੀਆ ਵਿਚ ਵੀ ਇਸ ਤੋਂ ਪਹਿਲਾਂ ਕਦੇ ਚਰਚਾ ਨਹੀਂ ਸੀ ਹੋਈ।

ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੀ ਗੱਲ ਇਹ ਕਹਿ ਦਿੱਤੀ ਕਿ ਜਦੋਂ ਪੰਜਾਬ ਤੇ ਹਰਿਆਣਾ ਵਿਚਾਲੇ ਪਾਣੀ ਦੀ ਵੰਡ ਕੀਤੀ ਜਾਣ ਲੱਗੀ ਸੀ, ਓਦੋਂ ਸਾਂਝੇ ਪੰਜਾਬ ਦੇ ਸਾਰੇ ਦਰਿਆਵਾਂ ਦਾ ਪਾਣੀ ਗਿਣਿਆ ਜਾਣਾ ਚਾਹੀਦਾ ਸੀ, ਪਰ ਸਾਡੇ ਵਾਲੇ ਪਾਸੇ ਦੇ ਸਤਲੁਜ, ਬਿਆਸ ਅਤੇ ਰਾਵੀ ਗਿਣ ਕੇ ਯਮੁਨਾ ਗਿਣਿਆ ਹੀ ਨਹੀਂ ਗਿਆ। ਅਸਲ ਵਿਚ ਯਮੁਨਾ ਦਰਿਆ ਓਦੋਂ ਸਾਂਝੇ ਪੰਜਾਬ ਵਿਚ ਵਗਦਾ ਸੀ, ਜਿਹੜਾ ਅੱਜ ਵੀ ਸਾਂਝੇ ਪੰਜਾਬ ਤੋਂ ਕੱਟ ਕੇ ਵੱਖਰੇ ਬਣਾਏ ਹਰਿਆਣਾ ਵਿਚ ਵਗਦਾ ਹੈ, ਇਸ ਕਰਕੇ ਰਾਇਪੇਰੀਅਨ ਕਾਨੂੰਨ ਹੇਠ ਓਦੋਂ ਯਮੁਨਾ ਦਾ ਪਾਣੀ ਸਾਂਝੇ ਪਾਣੀਆਂ ਵਿਚ ਗਿਣ ਲਿਆ ਜਾਣਾ ਚਾਹੀਦਾ ਸੀ, ਪਰ ਗਿਣਿਆ ਨਹੀਂ ਸੀ ਗਿਆ। ਇਹ ਪੰਜਾਬ ਨਾਲ ਉਸ ਵੇਲੇ ਕੀਤੀ ਗਈ ਪਹਿਲੀ ਜ਼ਿਆਦਤੀ ਸੀ। ਉਸ ਦੇ ਬਾਅਦ ਐਮਰਜੈਂਸੀ ਦੌਰਾਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਾਣੀਆਂ ਬਾਰੇ ਜਿਹੜਾ ਹੁਕਮ ਦੇ ਦਿੱਤਾ ਅਤੇ ਪੰਜਾਬ ਦੇ ਓਦੋਂ ਦੇ ਕਾਂਗਰਸੀ ਰਾਜ-ਕਰਤਿਆਂ ਨੇ ਮੰਨ ਲਿਆ, ਉਹ ਇਸ ਰਾਜ ਨਾਲ ਦੂਸਰੀ ਜ਼ਿਆਦਤੀ ਸੀ। ਫਿਰ ਪੰਜਾਬ ਦੇ ਨਾਲ ਤੀਸਰੀ ਜ਼ਿਆਦਤੀ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੱਲੋਂ ਪਾਣੀ ਦੇਣ ਲਈ ਸਤਲੁਜ ਯਮੁਨਾ ਨਹਿਰ ਬਣਾਉਣ ਲਈ ਹਰਿਆਣੇ ਤੋਂ ਆਇਆ ਇੱਕ ਕਰੋੜ ਰੁਪਏ ਦਾ ਚੈੱਕ ਪ੍ਰਵਾਨ ਕਰਨ ਦੀ ਗਲਤੀ ਨੇ ਕਰਵਾਈ। ਉਸ ਪਿੱਛੋਂ ਅਕਾਲੀ ਦਲ ਤੇ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਹੀ ਨਹਿਰ ਬਣਾਉਣ ਲਈ ਹਰਿਆਣੇ ਨੂੰ ਇਹ ਚਿੱਠੀ ਲਿਖ ਦਿੱਤੀ ਕਿ ਇੱਕ ਕਰੋੜ ਥੋੜ੍ਹਾ ਹੈ, ਤਿੰਨ ਕਰੋੜ ਰੁਪਏ ਭੇਜੇ ਜਾਣ ਅਤੇ ਅੱਗੋਂ ਹਰਿਆਣੇ ਵੱਲੋਂ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਦੀ ਸਰਕਾਰ ਨੇ ਇੱਕ ਕਰੋੜ ਰੁਪਏ ਹੋਰ ਭੇਜ ਦਿੱਤੇ ਸਨ। ਉਸ ਵਕਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਇਸ ਦਾ ਵਿਰੋਧ ਕਰ ਦਿੱਤਾ ਤਾਂ ਪੰਜਾਬ ਸਰਕਾਰ ਨੇ ਇਸ ਮੁੱਦੇ ਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਵਿਚ ਅਰਜ਼ੀ ਜਾ ਦਿੱਤੀ, ਵਰਨਾ ਗੱਲ ਦੱਬੀ ਰਹਿਣੀ ਸੀ। ਪੰਜਾਬ ਦੇ ਉਸ ਵੇਲੇ ਦੇ ਇਨ੍ਹਾਂ ਦੋ ਮੁੱਖ ਮੰਤਰੀਆਂ ਦੇ ਇਨ੍ਹਾਂ ਕਦਮਾਂ ਦੀ ਸਜ਼ਾ ਪੰਜਾਬ ਅਜੇ ਤੱਕ ਭੁਗਤ ਰਿਹਾ ਹੈ। ਕਾਂਗਰਸ ਤੇ ਅਕਾਲੀ ਦਲ ਦੇ ਜਿਹੜੇ ਆਗੂ ਅੱਜ ਰਾਇਪੇਰੀਅਨ ਕਾਨੂੰਨ ਅਨੁਸਾਰ ਮਸਲਾ ਹੱਲ ਕਰਨ ਦੀ ਦੁਹਾਈ ਪਾਉਂਦੇ ਹਨ, ਜੇ ਉਸ ਵਕਤ ਉਨ੍ਹਾਂ ਨੇ ਯਮੁਨਾ ਦਰਿਆ ਨੂੰ ਇਸ ਕਾਨੂੰਨ ਨਾਲ ਜੋੜਿਆ ਹੁੰਦਾ ਤਾਂ ਸਮੱਸਿਆ ਏਨੀ ਗੰਭੀਰ ਨਹੀਂ ਸੀ ਹੋਣੀ।

ਅਗਲੀ ਗੱਲ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਚੁੱਕੀ ਕਿ ਪੰਜਾਬ ਦੇ ਘੱਗਰ ਅਤੇ ਕਈ ਹੋਰ ਛੋਟੇ ਵੱਡੇ ਪਾਣੀ ਦੇ ਸਰੋਤ ਹਰਿਆਣੇ ਤੇ ਪੰਜਾਬ ਦੋਵਾਂ ਵਿਚੋਂ ਵਗਦੇ ਹਨ। ਉਨ੍ਹਾਂ ਦਾ ਪਾਣੀ ਵੀ ਤੇ ਹਰਿਆਣਾ ਤੋਂ ਲੰਘਦੇ ਕੁਝ ਹੋਰ ਸਰੋਤਾਂ ਦਾ ਪਾਣੀ ਵੀ ਹਰਿਆਣੇ ਨੂੰ ਮਿਲਣ ਨਾਲ ਉਸ ਕੋਲ ਪਹਿਲਾਂ ਹੀ ਪੰਜਾਬ ਤੋਂ ਵੱਧ ਪਾਣੀ ਹੈ, ਉਸ ਦਾ ਖੇਤੀ ਵਾਲਾ ਰਕਬਾ ਘੱਟ ਅਤੇ ਪਾਣੀ ਵੱਧ ਹੋਣ ਦੇ ਉਲਟ ਪੰਜਾਬ ਕੋਲ ਪਾਣੀ ਘੱਟ ਅਤੇ ਖੇਤੀ ਰਕਬਾ ਵੱਧ ਹੋਣ ਕਾਰਨ ਪੰਜਾਬ ਆਪਣਾ ਬੁੱਤਾ ਹੀ ਸਾਰਨ ਜੋਗਾ ਨਹੀਂ, ਹਰਿਆਣੇ ਜਾਂ ਕਿਸੇ ਹੋਰ ਨੂੰ ਪਾਣੀ ਕਿੱਥੋਂ ਦੇ ਸਕਦਾ ਹੈ? ਉਸ ਨੇ ਹਰਿਆਣੇ ਅਤੇ ਕੇਂਦਰ ਸਰਕਾਰ ਲਈ ਇਹ ਮੁੱਦਾ ਖੜ੍ਹਾ ਕਰ ਦਿੱਤਾ ਕਿ ਨਿਯਮਾਂ ਮੁਤਾਬਕ ਪਾਣੀ ਦੇ ਸਰੋਤਾਂ ਦੀ ਮਿਣਤੀ ਹਰ ਪੰਝੀ ਸਾਲਾਂ ਪਿੱਛੋਂ ਕੀਤੀ ਜਾਣੀ ਚਾਹੀਦੀ ਹੈ, ਪਰ ਪੰਜਾਬ ਅਤੇ ਹਰਿਆਣੇ ਵਿਚ ਪਾਣੀਆਂ ਦੀ ਤਾਜ਼ਾ ਮਿਣਤੀ ਦਾ ਵਿਚਾਰ ਕੀਤੇ ਬਿਨਾਂ ਇੰਦਰਾ ਗਾਂਧੀ ਵੱਲੋਂ ਦਿੱਤਾ ਸਾਲ 1981 ਦਾ ਇਕਤਾਲੀ ਸਾਲ ਪੁਰਾਣਾ ਐਵਾਰਡ ਹੀ ਠੋਸਿਆ ਜਾ ਰਿਹਾ ਹੈ। ਓਦੋਂ ਪੰਜਾਬ ਦੇ ਖੂਹਾਂ ਵਿਚ ਅੱਠ ਫੁੱਟ ਉੱਤੇ ਪਾਣੀ ਹੁੰਦਾ ਸੀ, ਟਿਊਬਵੈੱਲ ਮਸਾਂ ਦਸ-ਵੀਹ ਫੁੱਟੇ ਡੂੰਘੇ ਲਾਉਣੇ ਕਾਫੀ ਸਨ ਅਤੇ ਅੱਜ ਢਾਈ ਸੌ ਫੁੱਟ ਹੇਠਾਂ ਜਾ ਕੇ ਪਾਣੀ ਨਿਕਲਦਾ ਹੈ। ਦਰਿਆਵਾਂ ਵਿਚ ਵੀ ਪਾਣੀ ਦਾ ਵਹਿਣ ਉਸ ਵੇਲੇ ਜਿੰਨਾ ਨਹੀਂ ਰਿਹਾ ਤੇ ਜਦੋਂ ਪਾਣੀ ਦੇ ਸਰੋਤ ਸੁੱਕਦੇ ਜਾਂਦੇ ਹਨ ਤਾਂ ਕੁਝ ਨਵੇਂ ਸਰੋਤ ਲੱਭਣ ਦੀ ਲੋੜ ਹੈ, ਪੁਰਾਣਾ ਫਾਰਮੂਲਾ ਵਰਤਣ ਨਾਲ ਤਾਂ ਪੰਜਾਬ ਮਾਰੂਥਲ ਬਣ ਜਾਵੇਗਾ, ਇਸ ਪੰਜਾਬ-ਮਾਰੂ ਸੋਚ ਨੂੰ ਪ੍ਰਵਾਨ ਹੀ ਨਹੀਂ ਕੀਤਾ ਜਾ ਸਕਦਾ।



ਮੁੱਖ ਮੰਤਰੀ ਭਗਵੰਤ ਮਾਨ ਨੇ ਮੀਡੀਆ ਕੋਲ ਇਹ ਵੀ ਕਿਹਾ ਕਿ ਪੰਜਾਬ ਵਿਚ ਵੜਨ ਤੋਂ ਪਹਿਲਾਂ ਘੱਗਰ ਦਰਿਆ ਉੱਪਰ ਹਰਿਆਣਾ ਸਰਕਾਰ ਨੇ ਕੌਸ਼ੱਲਿਆ ਡੈਮ ਬਣਾਇਆ ਸੀ ਤਾਂ ਪੰਜਾਬ ਨੂੰ ਪੁੱਛਿਆ ਜਾਂ ਦੱਸਿਆ ਤੱਕ ਨਹੀਂ ਸੀ, ਪਰ ਪੰਜਾਬ ਵਿਚ ਵਗਦੇ ਦਰਿਆਵਾਂ ਉੱਤੇ ਡੈਮ ਬਣਾਇਆ ਜਾਵੇ ਤਾਂ ਹਰਿਆਣਾ ਇਤਰਾਜ਼ ਕਰਦਾ ਹੈ। ਪਿਛਲੇ ਸਮਿਆਂ ਵਿਚ ਪੰਜਾਬ ਦੀਆਂ ਸਰਕਾਰਾਂ ਆਪਣੇ ਇਲਾਕੇ ਵਿਚ ਡੈਮ ਬਣਾਉਣ ਵੇਲੇ ਵੀ ਹਰਿਆਣਾ ਕੋਲੋਂ ਨੋ-ਆਬਜੈਕਸ਼ਨ ਮੰਗਦੀਆਂ ਰਹੀਆਂ ਹਨ, ਪਰ ਹਿਮਾਚਲ ਪ੍ਰਦੇਸ਼ ਨੇ ਪੰਜਾਬ ਵੱਲ ਆਉਂਦੇ ਦਰਿਆਵਾਂ ਉੱਤੇ ਡੈਮ ਬਣਾਏ ਤਾਂ ਪੰਜਾਬ ਸਰਕਾਰ ਕੋਲੋਂ ਕਦੇ ਨੋ-ਆਬਜੈਕਸ਼ਨ ਮੰਗਿਆ ਹੀ ਨਹੀਂ ਸੀ ਤੇ ਪੰਜਾਬ ਨੇ ਵੀ ਕਦੀ ਇਤਰਾਜ਼ ਨਹੀਂ ਸੀ ਕੀਤਾ। ਸਿੱਟਾ ਇਹ ਨਿਕਲਿਆ ਕਿ ਜਦੋਂ ਪੰਜਾਬ ਨੂੰ ਪਾਣੀ ਦੀ ਲੋੜ ਹੁੰਦੀ ਹੈ ਤਾਂ ਪਾਣੀ ਉਨ੍ਹਾਂ ਡੈਮਾਂ ਵਿਚ ਰੋਕਿਆ ਹੁੰਦਾ ਹੈ ਅਤੇ ਬਰਸਾਤਾਂ ਦੌਰਾਨ ਜਦੋਂ ਪੰਜਾਬ ਨੂੰ ਪਾਣੀ ਦੀ ਮਾਰ ਪੈਂਦੀ ਹੈ, ਓਦੋਂ ਉਨ੍ਹਾਂ ਉਤਲੇ ਡੈਮਾਂ ਦਾ ਪਾਣੀ ਛੱਡ ਦੇਣ ਨਾਲ ਭਾਖੜਾ ਡੈਮ ਦੇ ਦਰ ਖੋਲ੍ਹਣੇ ਪੈ ਜਾਂਦੇ ਹਨ ਤੇ ਪੰਜਾਬ ਵਿਚ ਹੜ੍ਹਾਂ ਦਾ ਖਤਰਾ ਵਧ ਜਾਂਦਾ ਹੈ। ਇਹ ਮਸਲਾ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਨੇ ਕਦੀ ਕਿਸੇ ਪੱਧਰ ਉੱਤੇ ਓਨੇ ਜ਼ੋਰ ਨਾਲ ਚੁੱਕਿਆ ਹੀ ਨਹੀਂ, ਜਿੱਦਾਂ ਚੁੱਕਿਆ ਜਾਣਾ ਚਾਹੀਦਾ ਸੀ।

ਆਖਰੀ ਗੱਲ ਇਹ ਕਿ ਪਿਛਲੇ ਵੀਹ ਸਾਲਾਂ ਤੋਂ ਇੱਕ ਗੱਲ ਉੱਤੇ ਇਨ੍ਹਾਂ ਸਤਰਾਂ ਦਾ ਲੇਖਕ ਵੀ ਤੇ ਪ੍ਰਸਿੱਧ ਵਕੀਲ ਐੱਚ ਐੱਸ ਫੂਲਕਾ ਵੀ ਜ਼ੋਰ ਦੇਂਦੇ ਰਹੇ ਸਨ, ਪਰ ਕਿਸੇ ਨੇ ਵਿਚਾਰੀ ਤੱਕ ਨਹੀਂ ਸੀ। ਸਾਡੀ ਰਾਏ ਸੀ ਕਿ ਅੜਿੱਕੇ ਵਾਲੀ 'ਐੱਸ ਵਾਈ ਐੱਲ' (ਸਤਲੁਜ-ਯਮੁਨਾ ਲਿੰਕ) ਨਹਿਰ ਨੂੰ ਛੱਡ ਕੇ ਦੂਸਰੀ 'ਐੱਸ ਵਾਈ ਐੱਲ' (ਸ਼ਾਰਦਾ-ਯਮੁਨਾ ਲਿੰਕ) ਨਹਿਰ ਬਣਾ ਲੈਣ ਨਾਲ ਸਾਰਾ ਮਸਲਾ ਹੱਲ ਹੋ ਸਕਦਾ ਹੈ। ਜਦੋਂ ਇੰਦਰਾ ਗਾਂਧੀ ਨੇ ਪੰਜਾਬ ਦੇ ਪਾਣੀ ਹਰਿਆਣਾ ਨੂੰ ਦੇਣ ਦਾ ਹੁਕਮ ਦਾਗਿਆ ਸੀ, ਉਨ੍ਹਾਂ ਦਿਨਾਂ ਵਿਚ ਓਸੇ ਪ੍ਰਧਾਨ ਮੰਤਰੀ ਨੇ ਭਾਰਤ ਦੇ ਕੁਝ ਦਰਿਆ ਜੋੜਨ ਦੇ ਲਈ ਇੱਕ ਸਰਵੇ ਵੀ ਕਰਾਇਆ ਸੀ, ਜਿਸ ਵਿਚ ਹਿਮਾਲੀਅਨ ਕੰਪੋਨੈਂਟ ਵਿਚ ਵਿਚਾਰੇ ਗਏ ਚੌਦਾਂ ਪ੍ਰਾਜੈਕਟਾਂ ਵਿਚ ਇਹ ਸ਼ਾਰਦਾ-ਯਮੁਨਾ ਪ੍ਰਾਜੈਕਟ ਪੰਜਵਾਂ ਸੀ। ਉਸ ਵੇਲੇ ਦੀ ਬਣਾਈ ਹੋਈ ਰਿਪੋਰਟ ਅਟਲ ਬਿਹਾਰੀ ਦੀ ਸਰਕਾਰ ਦੇ ਸਮੇਂ ਵਿਚਾਰਨ ਦੇ ਬਾਅਦ ਪਾਸ ਕਰ ਦਿੱਤੀ ਗਈ ਅਤੇ ਉਸ ਵਿਚੋਂ ਕਈ ਪ੍ਰਾਜੈਕਟਾਂ ਉੱਤੇ ਕੰਮ ਵੀ ਹੋ ਚੁੱਕਾ ਹੈ, ਪਰ ਸ਼ਾਰਦਾ-ਯਮੁਨਾ ਲਿੰਕ ਬਾਰੇ ਕਦੀ ਕਿਸੇ ਗੱਲ ਹੀ ਨਹੀਂ ਛੇੜੀ। ਸ਼ਾਰਦਾ-ਯਮੁਨਾ ਪ੍ਰਾਜੈਕਟ ਹੇਠ ਨੇਪਾਲ ਤੋਂ ਆਉਂਦੀ ਮਹਾਕਾਲੀ ਨਦੀ, ਜਿਸ ਨੂੰ ਭਾਰਤ ਵਿਚ ਸ਼ਾਰਦਾ ਨਦੀ ਵਜੋਂ ਜਾਣਿਆ ਜਾਂਦਾ ਹੈ, ਦਾ ਪਾਣੀ ਲਿਆ ਕੇ ਉਸ ਵਿਚ ਰਾਮ-ਗੰਗਾ, ਅੱਪਰ ਗੰਗਾ ਅਤੇ ਯਮੁਨਾ ਦੇ ਸਬ-ਬੇਸਿਨ ਦਾ ਪਾਣੀ ਜੋੜ ਕੇ ਇੱਕ ਨਹਿਰ ਬਣਾਉਣੀ ਤੇ ਸਾਰਾ ਪਾਣੀ ਯਮੁਨਾ ਦਰਿਆ ਵਿਚ ਪਾਇਆ ਜਾਣਾ ਸੀ। ਇਸ ਦੀ ਵਰਤੋਂ ਪਹਿਲਾਂ ਉੱਤਰ ਪ੍ਰਦੇਸ਼ ਵਿਚੋਂ ਸ਼ੁਰੂ ਹੋਣੀ ਅਤੇ ਯਮੁਨਾ ਵਿਚ ਪੈਣ ਮਗਰੋਂ ਹਰਿਆਣਾ, ਦਿੱਲੀ, ਰਾਜਸਥਾਨ ਤੇ ਗੁਜਰਾਤ ਤੱਕ ਕਰਨੀ ਸੋਚੀ ਗਈ ਸੀ। ਜਿਹੜਾ ਪ੍ਰਾਜੈਕਟ ਕਾਂਗਰਸ ਦੀ ਆਗੂ ਇੰਦਰਾ ਗਾਂਧੀ ਨੇ ਤਿਆਰ ਕਰਵਾਇਆ ਤੇ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨੇ ਪਾਸ ਕੀਤਾ ਸੀ, ਉਸ ਨੂੰ ਨਾ ਕਾਂਗਰਸੀਆਂ ਨੇ ਕਦੀ ਗੌਲਿਆ ਤੇ ਨਾ ਭਾਜਪਾ ਜਾਂ ਉਨ੍ਹਾਂ ਦੇ ਸਾਥੀ ਰਹੇ ਅਕਾਲੀਆਂ ਨੇ ਵਿਚਾਰਨ ਦੀ ਲੋੜ ਸਮਝੀ। ਉਹ ਮੁੱਦਾ ਇਸ ਵਾਰੀ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੀ ਵਾਰੀ ਉਠਾਇਆ ਅਤੇ ਕਿਹਾ ਕਿ ਪੰਜਾਬ ਤੋਂ ਪਾਣੀ ਮੰਗਣ ਦੀ ਥਾਂ ਉਸ ਪ੍ਰਾਜੈਕਟ ਉੱਤੇ ਜ਼ੋਰ ਦੇਣਾ ਸ਼ੁਰੂ ਕਰੋ, ਤੁਹਾਨੂੰ ਪਾਣੀ ਮਿਲ ਜਾਵੇਗਾ ਅਤੇ ਪੰਜਾਬ ਨਾਲ ਰੇੜਕਾ ਵੀ ਖਤਮ ਹੋ ਜਾਵੇਗਾ। ਵਿਰੋਧੀ ਧਿਰਾਂ ਦੇ ਜਿਹੜੇ ਲੀਡਰ ਅੱਜ ਰਾਇਪੇਰੀਅਨ ਸਿਧਾਂਤ ਦੀ ਗੱਲ ਕਰ ਰਹੇ ਹਨ, ਉਨ੍ਹਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਇਸ ਪ੍ਰਾਜੈਕਟ ਦੀ ਫਾਈਲ ਉਨ੍ਹਾਂ ਨੇ ਕਿਉਂ ਠੱਪ ਕਰੀ ਰੱਖੀ ਸੀ!

ਅਸਲ ਗੱਲ ਇਹ ਹੈ ਕਿ ਪੰਜਾਬ ਇਸ ਵੇਲੇ ਸੁਪਰੀਮ ਕੋਰਟ ਦੇ ਫੈਸਲਿਆਂ ਦੀਆਂ ਸੱਟਾਂ ਨਾਲ ਦੁਖੀ ਹੈ ਅਤੇ ਇਸ ਦਾ ਕਾਰਨ ਇਹ ਹੈ ਕਿ ਪੰਜਾਬ ਦੀ ਕਿਸੇ ਸਰਕਾਰ ਨੇ ਪੰਜਾਬ ਦਾ ਕੇਸ ਹੀ ਠੀਕ ਤਰ੍ਹਾਂ ਪੇਸ਼ ਨਹੀਂ ਸੀ ਕੀਤਾ। ਹਰਿਆਣਾ ਰਾਜ ਬਣਾਏ ਜਾਣ ਸਮੇਂ ਰਾਇਪੇਰੀਅਨ ਸਿਧਾਂਤ ਅਨੁਸਾਰ ਯਮੁਨਾ ਦਰਿਆ ਸਾਂਝੇ ਪੰਜਾਬ ਦਾ ਹਿੱਸਾ ਹੋਣ ਕਾਰਨ ਪਾਣੀਆਂ ਬਾਰੇ ਵੰਡ ਵਿਚ ਉਸ ਨੂੰ ਗਿਣਿਆ ਨਹੀਂ ਗਿਆ ਤਾਂ ਇਹ ਸੁਪਰੀਮ ਕੋਰਟ ਨੂੰ ਦੱਸਿਆ ਜਾਣਾ ਸੀ। ਇਹ ਮੁੱਦਾ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਅੱਗੇ ਠੀਕ ਤਰ੍ਹਾਂ ਪੇਸ਼ ਕੀਤਾ ਜਾਂਦਾ ਤਾਂ ਸੁਪਰੀਮ ਕੋਰਟ ਇਸ ਪੱਖ ਨੂੰ ਕਦੀ ਵੀ ਵਿਚਾਰਨ ਬਿਨਾਂ ਅਣਗੌਲਿਆ ਨਹੀਂ ਸੀ ਕਰ ਸਕਦੀ। ਸ਼ੁਕਰ ਹੈ ਕਿ ਪਹਿਲੀ ਵਾਰੀ ਪੰਜਾਬ ਦਾ ਪੱਖ ਕਿਸੇ ਨੇ ਠੀਕ ਤਰ੍ਹਾਂ ਪੇਸ਼ ਕੀਤਾ ਹੈ, ਪਰ ਏਨਾ ਕਰਨਾ ਕਾਫੀ ਨਹੀਂ, ਅੱਗੋਂ ਇਹ ਕੇਸ ਏਸੇ ਪ੍ਰਸੰਗ ਵਿਚ ਸੁਪਰੀਮ ਕੋਰਟ ਵਿਚ ਰੱਖਣਾ ਅਤੇ ਬੀਤੇ ਸਮੇਂ ਵਿਚ ਹੋਏ ਫੈਸਲਿਆਂ ਦੇ ਪੁਨਰ-ਵਿਚਾਰ ਦੀ ਅਪੀਲ ਕੀਤੀ ਜਾਣੀ ਚਾਹੀਦੀ ਹੈ। ਉਸ ਅਪੀਲ ਵਿਚ ਯਮੁਨਾ ਦੇ ਪਾਣੀਆਂ ਦੀ ਗੱਲ ਇਕੱਲੀ ਨਹੀਂ, ਇਹ ਸਵਾਲ ਵੀ ਉਠਾਇਆ ਜਾਣਾ ਚਾਹੀਦਾ ਹੈ ਕਿ ਜਦੋਂ ਵਾਜਪਾਈ ਸਰਕਾਰ ਦੇ ਪਾਸ ਕੀਤੇ ਪ੍ਰਾਜੈਕਟਾਂ ਵਿਚੋਂ ਅੱਧੇ ਤੋਂ ਵੱਧ ਅਮਲ ਵਿਚ ਲਾਗੂ ਕਰ ਦਿੱਤੇ ਗਏ ਸਨ ਤਾਂ ਇਹ ਹੀ ਪ੍ਰਾਜੈਕਟ ਠੰਢੇ ਬਸਤੇ ਵਿਚ ਪਾ ਕੇ ਲੁਕਾਇਆ ਕਿਉਂ ਗਿਆ ਸੀ? ਇਹੀ ਨਹੀਂ, ਸੁਪਰੀਮ ਕੋਰਟ ਨੂੰ ਇਹ ਵੀ ਅਰਜ਼ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬ ਦੇ ਪਾਣੀਆਂ ਦੇ ਸਰੋਤਾਂ ਦੀ ਨਵੇਂ ਸਿਰਿਉਂ ਮਿਣਤੀ ਕਰਾਉਣ ਤੋਂ ਪਹਿਲਾਂ ਕੋਈ ਫਤਵਾ ਨਾ ਦਿੱਤਾ ਜਾਵੇ ਤੇ ਇਸ ਵਾਰੀ ਇਹ ਕੇਸ ਦਿਲੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਉਸ ਤਰ੍ਹਾਂ ਰਸਮੀ ਕਾਰਵਾਈ ਨਹੀਂ ਹੋਣੀ ਚਾਹੀਦੀ, ਜਿਵੇਂ ਪਹਿਲਾਂ ਹਰ ਵਾਰ ਹੁੰਦੀ ਰਹੀ ਹੈ। ਪਿਛਲੀਆਂ ਭੁੱਲਾਂ ਸੁਧਾਰਨ ਦਾ ਮੌਕਾ ਇਹੀ ਜਾਪਦਾ ਹੈ, ਜੇ ਸੁਧਾਰ ਲਈਆਂ ਜਾਣ ਤਾਂ...!

---

## ਕਾਵਿ ਕਿਆਰੀ

### ਦਿਵਾਲੀ ਦਾ ਗੀਤ

ਨੇੜੇ ਆ ਗਿਆ
ਦਿਵਾਲੀ ਦਾ ਤਿਉਹਾਰ ਜੀ,
ਲੈ ਕੇ ਖੁਸ਼ੀਆਂ ਦੇਖੋ ਬੇਸ਼ੁਮਾਰ ਜੀ।

ਚੱਲੋ ਰਲ਼ ਕੇ ਬਾਜ਼ਾਰ ਚੱਲੀਏ
ਰੀਝਾਂ ਦਿਲ ਦੀਆਂ ਕਰ ਲਈਏ ਪੂਰੀਆਂ,
ਪਿੱਛੋਂ ਨਾ ਪਛਤਾਈਏ ਬੱਲੀਏ।

ਲਿਆਉਣੇ ਦੀਵੇ ਮੋਮਬੱਤੀਆਂ ਹਜ਼ਾਰ ਜੀ,
ਮਿਲੇ ਰੋਜ਼ਗਾਰ ਤਾਈਂ ਘੁਮਿਆਰ ਜੀ।

ਪਟਾਕਿਆਂ ਤੋਂ ਪਾਸਾ ਵੱਟੀਏ
ਆਪਾਂ ਕਰੀਏ ਨਾ ਵਾਤਾਵਰਨ ਗੰਧਲਾ,
ਜੱਗ ਤੋਂ ਵਡਿਆਈ ਖੱਟੀਏ
ਬੜੇ ਚਾਵਾਂ ਨਾਲ਼ ਦਿਵਾਲੀ ਨੇ ਉਡੀਕਦੇ,
ਬੈਠੇ ਸੜਕ ਕਿਨਾਰੇ ਧੁੱਪ ਸੇਕਦੇ।

ਲਈਏ ਵਿਰਸੇ ਦੀ ਸਾਰ ਮਿੱਤਰੋ
ਮੁੱਲ ਕਿਰਤਾਂ ਦਾ ਪਾਈਏ ਮਿਲ ਸਾਰੇ,
ਹੋਵੇ ਗਰੀਬ ਦਾ ਉਧਾਰ ਮਿੱਤਰੋ
ਲਿਆਉਣੇ ਨਵੇਂ ਲੀੜੇ
ਆਇਆ ਸਿਆਲ ਜੀ,
ਰੱਖੀਏ ਅੱਗ ਤੋਂ ਵੀ ਆਪਾਂ ਸੰਭਾਲ ਜੀ।

ਨਾਲ਼ੇ ਮਠਿਆਈਆਂ ਵੰਡੀਏ
ਭੁੱਲ ਜਾਈਏ ਊਚ ਨੀਚ ਜਾਤ ਪਾਤ ਨੂੰ,
ਫਿਰਕਾਪ੍ਰਸਤੀ ਰਲ਼ ਭੰਡੀਏ।

*-ਸੇਵਾ ਸਿੰਘ 'ਨੂਰਪੁਰੀ'*

---

### ਉੱਨੀ ਇੱਕੀ ਦਾ ਫ਼ਰਕ

ਉੱਨੀ ਇੱਕੀ ਦੇ ਫ਼ਰਕ ਨੂੰ ਬੰਦਿਓ
ਨਾ ਛੋਟਾ ਪਹਿਛਾਣੋ।
ਇਸ ਫ਼ਰਕ 'ਤੇ ਚਾੜ੍ਹ ਧਰਤੀਆਂ
ਲਾਹ ਸਕਦੇ ਅਸਮਾਨੋਂ।

ਅੱਸੀ ਮਿਲੀਅਨ ਵਰ੍ਹੇ ਲੱਗ ਗਏ
ਚੂਹਿਓਂ ਬੰਦਾ ਬਣਦੇ,
ਤਾਹੀਓਂ ਤਰਕ ਵਿਗਿਆਨ ਯੁੱਗ ਜੀਵੋ
ਗਿਆਨ ਧਿਆਨ ਨਿਮਾਣੋ।

ਉੱਨੀ ਇੱਕੀ ਦਾ ਫਰਕ ਦੋਹਾਂ ਦੇ
ਡੀ. ਐੱਨ. ਏ. ਵਿਚ ਹੁੰਦਾ,
ਏਸ ਫ਼ਰਕ 'ਤੇ ਚੂਹੇ ਦੀ ਥਾਂ
ਜੂਨ ਮਨੁੱਖੀ ਮਾਣੋ!

ਚੂਹੇ, ਸ਼ੀਂਹ ਤੇ ਭੇਡਾਂ ਹੋ ਰਹੇ
ਐ ਆਦਮ ਦੇ ਜਾਇਓ,
ਉੱਨੀ ਇੱਕੀ ਦੇ ਫਰਕ ਛਾਣਨੇ
ਮਾਨਵਤਾ ਨੂੰ ਛਾਣੋ।

ਵਿਗਿਆਨਕ ਨਿਯਮਾਂ ਦੀ ਕਲਮ ਸੰਗ
ਜੋ ਕੁਦਰਤ ਨੇ ਲਿਖਿਆ,
ਉੱਨੀ ਇੱਕੀ ਦੇ ਫਰਕ 'ਚ ਪਸਰੇ
ਮਹਾਂ-ਕਾਵਿ ਨੂੰ ਜਾਣੋ।

*-ਡਾ. ਸੁਖਪਾਲ ਸੰਘੇੜਾ*

---

### ਯਾਦਾਂ

ਸੀਨੇ ਦੇ ਵਿਚ ਯਾਦਾਂ ਧੜਕਣ
ਪਿੰਡ ਦੀ ਨਹਿਰ ਦੀਆਂ
ਅੱਜ ਵੀ ਗਲੀਆਂ ਚੇਤੇ ਆਵਣ
ਤੇਰੇ ਸ਼ਹਿਰ ਦੀਆਂ।

ਜਦ ਵੀ ਕਿਧਰੇ ਪੰਨੇ ਫੋਲ ਕੇ
ਬੈਠਾਂ ਜ਼ਿੰਦਗੀ ਦੇ,
ਹਰ ਪੰਨੇ ਵਿਚੋਂ ਸੂਲ਼ਾਂ ਚੁੱਬੀਆਂ
ਤੇਰੇ ਕਹਿਰ ਦੀਆਂ।

ਤੇਰੇ ਲਈ ਹੱਥ ਜੋੜ ਦੁਆਵਾਂ
ਕਰਿਆ ਕਰਦਾ ਸੀ,
ਤੂੰ ਹੱਥਾਂ 'ਤੇ ਰੱਖ ਗਈਂ ਕਾਹਤੋਂ
ਪੁੜੀਆਂ ਜ਼ਹਿਰ ਦੀਆਂ।

ਅੱਜਕੱਲ੍ਹ ਸੁਣਿਆ ਅੰਬਰਾਂ ਉੱਤੇ
ਉੱਡਦੀ ਫਿਰਦੀ ਏਂ,
ਦੇਖੀਂ ਝੱਲੀਏ ਹਵਾ ਦੇ ਵਿਚ ਨਹੀਂ
ਚੀਜ਼ਾਂ ਠਹਿਰ ਦੀਆਂ।

ਹਾਏ ਭੁੱਲ ਭੁਲੇਖੇ ਯਾਦ ਤੈਨੂੰ
ਕਦੀ ਆਊ ਝਿੰਗੜਾਂ ਦੀ,
ਕੰਢੇ ਵੱਲ ਨੂੰ ਭੱਜਦੀਆਂ ਨੇ
ਜਿਵੇਂ ਛੱਲਾਂ ਲਹਿਰ ਦੀਆਂ।

ਬਿਨਾ ਤੇਰੇ ਨਹੀਂ ਮਰ ਚੱਲਾ
ਕਿਤੇ 'ਦੀਪ' ਨਿਮਾਣਾ ਨੀ,
ਯਾਦਾਂ ਦੇ ਨਾਲ ਜੀਅ ਲਊਗਾ
ਜੋ ਅੱਠੋ ਪਹਿਰ ਦੀਆਂ।

*-ਕੁਲ 'ਦੀਪ' ਗਿੱਲ ਝਿੰਗੜਾਂਵਾਲਾ*
*ਫੋਨ: 416-409-3811*

---

### ਤੂੰ ਤੇ ਮੈਂ

ਤੂੰ ਹੀ ਤੂੰ, ਮੈਂ ਮੈਂ ਹੀ ਆਂ
ਮੈਂ ਜੋ ਕਰਦਾ, ਮੈਂ ਪਾਉਂਦਾ ਹਾਂ
ਮੈਂ ਜੋ ਪਾਉਂਦਾ, ਓਹੀ ਗਵਾਉਂਦਾ ਹਾਂ।

ਮੈਨੂੰ ਪਤਾ ਮੈਂ ਮੈਂ ਹਾਂ ਤੂੰ ਤੂੰ ਹੈਂ
ਮੈਂ ਆਪਣੇ ਅੰਦਰੋਂ ਮੈਂ ਨੂੰ ਕਿਵੇਂ ਮਾਰਾਂ?

ਜੇ ਮੇਰੇ ਅੰਦਰੋਂ ਮੈਂ ਮਰ ਗਈ
ਮੈਂ ਤੂੰ ਬਣ ਜਾਣਾ
ਜੇਕਰ ਮੈਂ ਤੂੰ ਬਣ ਗਿਆ
ਫਿਰ ਮੈਨੂੰ ਲੋਕ ਰੱਬ ਮੰਨਣਗੇ।

ਫਿਰ ਦੁਨੀਆ ਦੀਆਂ ਨਜ਼ਰਾਂ ਵਿੱਚ
ਮੈਂ ਸਿਰਫ਼ ਮੈਂ ਹੀ ਹੋਵਾਂਗਾ
ਚੱਲ ਦਸ! ਕੋਈ ਰਾਹ ਕੋਈ ਦਰਗਾਹ
ਜਿੱਥੇ ਮੈਂ ਰੱਬਾ 'ਤੂੰ ਹੀ ਤੂੰ' ਆਖਦਾ ਫਿਰਾਂ।

**-ਨਵਨੀਤ ਸਿੰਘ ਭੁੰਬਲੀ**

## ਪੁਰਖਿਆਂ ਦੇ ਦੇਸ਼ (2)

# ਬਾਬਾ ਬੁੱਲ੍ਹੇ ਸ਼ਾਹ ਦੀ ਦਰਗਾਹੇ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।*

ਪਿਆਰਾ ਅਸ਼ਰਫ਼ ਸੁਹੇਲ ਬਹੁਤ ਹੀ ਸੰਜੀਦਾ, ਸਿਆਣਾ, ਸੁਹਿਰਦ ਅਤੇ ਸਮਰਪਿਤ ਵਿਅਕਤੀ। ਹਰ ਕੰਮ ਨੂੰ ਯੋਜਨਾਬੱਧ ਤਰੀਕੇ ਨਾਲ ਵਿਉਂਤਣਾ ਅਤੇ ਨੇਪਰੇ ਚਾੜ੍ਹਨਾ, ਉਸਦਾ ਸੁਭਾਅ। ਸਮੇਂ ਦਾ ਸਦਉਪਯੋਗ ਕੋਈ ਉਸ ਕੋਲੋਂ ਸਿੱਖੇ। ਪਿਛਲੇ 27 ਸਾਲ ਤੋਂ ਬੱਚਿਆਂ ਦਾ 'ਪੰਖੇਰੂ' ਮੈਗਜ਼ੀਨ ਕੱਢ ਰਿਹਾ ਜਿਸ ਵਿਚ ਦੋਹਾਂ ਪੰਜਾਬਾਂ ਦੇ ਬਾਲ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਬੱਚਿਆਂ ਨੂੰ ਪੰਜਾਬੀ ਅਦਬ ਅਤੇ ਸਭਿਆਚਾਰ ਨਾਲ ਬਾਵਾਸਤਾ ਰੱਖਣ ਲਈ ਆਪਣਾ ਯੋਗਦਾਨ ਪਾ ਰਹੇ। ਸਾਡਾ ਪੰਜ ਕੁ ਦਿਨਾਂ ਪੂਰਾ ਪ੍ਰੋਗਰਾਮ ਉਹ ਪਹਿਲਾਂ ਹੀ ਬਣਾਈ ਬੈਠਾ ਸੀ ਜਿਸ ਲਈ ਉਸਨੇ ਆਪਣੇ ਸਹਿਕਰਮੀ ਅਤੇ ਬਹੁਤ ਹੀ ਨਫ਼ੀਸ ਨੌਜਵਾਨ ਮੁਹੰਮਦ ਇਰਫ਼ਾਨ ਨੂੰ ਪਹਿਲਾਂ ਤੋਂ ਹੀ ਤਿਆਰ ਕੀਤਾ ਹੋਇਆ ਸੀ।

ਪਹਿਲੇ ਹੀ ਦਿਨ ਲਾਹੌਰ ਪਹੁੰਚ ਕੇ ਬਾਅਦ ਦੁਪਹਿਰ, ਅਸੀਂ ਕਸੂਰ ਵਿਖੇ ਬਾਬਾ ਬੁੱਲ੍ਹੇ ਸ਼ਾਹ ਦੀ ਦਰਗਾਹ 'ਤੇ ਸਿਜਦਾ ਕਰਨ ਅਤੇ ਰਸਤੇ ਵਿਚ ਪੰਜਾਬੀ ਦੇ ਸਮਰੱਥ ਲੇਖਕ ਅਤੇ ਮੋਹਵੰਤੇ ਇਕਬਾਲ ਕੈਸਰ ਹੁਰਾਂ ਦਾ ਪੰਜਾਬੀ ਖੋਜਗੜ੍ਹ ਦੇਖਣ ਲਈ ਤੁਰ ਪਏ। ਨਿੱਕੀਆਂ-ਨਿੱਕੀਆਂ ਗੱਲਾਂ ਅਤੇ ਆਲੇ-ਦੁਆਲੇ ਦੇ ਵਾਤਾਵਰਨ ਵਿਚ ਪਤਾ ਹੀ ਨਹੀਂ ਸੀ ਲੱਗਦਾ ਕਿ ਅਸੀਂ ਕਸੂਰ ਨੂੰ ਜਾ ਰਹੇ ਹਾਂ ਜਾਂ ਕਪੂਰਥਲੇ ਨੂੰ। ਇਹੀ ਸੜਕ ਅੱਗੇ ਫਿਰੋਜ਼ਪੁਰ ਨੂੰ ਜਾਂਦੀ ਹੁੰਦੀ ਸੀ। ਆਪਣੇ ਵਰਗੇ ਲੋਕ, ਉਹੀ ਟਰੈਫਿਕ, ਸੜਕਾਂ ਅਤੇ ਚੌਗਿਰਦਾ। ਲਲਿਆਣੀ ਦੇ ਕੋਲ ਵਿਕਲੋਤਰੇ ਜਹੇ ਹੈ ਇਕਬਾਲ ਕੈਸਰ ਜੀ ਦਾ ਪੰਜਾਬੀ ਖੋਜਗੜ੍ਹ। ਪੰਜਾਬੀ ਰਹਿਤਲ ਦੇ ਖੋਜਾਰਥੀਆਂ ਲਈ ਨਿਵੇਕਲਾ ਅਤੇ ਉਮਦਾ ਸਥਾਨ। ਪੰਜਾਬੀ ਸਭਿਆਚਾਰ, ਸਾਹਿਤ, ਸੰਗੀਤ ਅਤੇ ਮਨੋਰੰਜਨ ਦਾ ਸਮੁੱਚਾ ਇਤਿਹਾਸ ਤਸਵੀਰਾਂ ਦੀ ਜ਼ੁਬਾਨੀ ਕੰਧਾਂ 'ਤੇ ਬਿਰਾਜਮਾਨ। ਇਸਦੀ ਤਾਮੀਰਦਾਰੀ ਵਿਚ ਪੰਜਾਬੀ ਸਭਿਆਚਾਰ ਦਾ ਮੁਹਾਂਦਰਾ। ਪੰਜਾਬੀ ਅਦਬ, ਇਸਦੇ ਸਰੋਕਾਰਾਂ ਅਤੇ ਪਾਕਿਸਤਾਨ ਵਿਚ ਵੱਸਦੇ ਪੰਜਾਬੀ ਪਿਆਰਿਆਂ ਵਲੋਂ ਇਸਦੀ ਸਲਾਮਤੀ ਲਈ ਕੀਤੇ ਜਾ ਰਹੇ ਉਪਰਾਲਿਆਂ ਅਤੇ ਇਕਬਾਲ ਕੈਸਰ ਵਲੋਂ ਆਰੰਭੇ ਜਾ ਰਹੇ ਹੋਰ ਪ੍ਰੋਜੈਕਟਾਂ ਬਾਰੇ ਗੱਲਾਂ-ਬਾਤਾਂ ਵਿਚ ਰੁੱਝਿਆਂ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਦੋ ਘੰਟੇ ਬੀਤ ਗਏ। ਇਕਬਾਲ ਕੈਸਰ ਹੋਰੀਂ ਪੰਜਾਬੀ ਅਦਬ ਨਾਲ ਪ੍ਰਣਾਏ ਅਜੇਹੇ ਸ਼ਖ਼ਸ ਨੇ ਜਿਨ੍ਹਾਂ ਨੇ ਆਪਣਾ ਸਮੁੱਚ ਹੀ ਪੰਜਾਬੀ ਅਦਬ ਨੂੰ ਅਰਪਿਤ ਕੀਤਾ ਹੋਇਆ ਹੈ। ਇਲਿਆਸ ਘੁੰਮਣ ਜੀ ਨਾਲ ਮਿਲ ਕੇ ਲਿਖੀ, ਪਾਕਿਸਤਾਨ ਵਿਚਲੇ ਸਿੱਖਾਂ ਦੇ ਗੁਰਦੁਆਰਿਆਂ ਬਾਰੇ ਅਨਮੋਲ ਪੁਸਤਕ 'ਤੇ ਜਿਥੇ ਇਕਬਾਲ ਕੈਸਰ ਹੋਰਾਂ ਨੂੰ ਨਾਜ਼ ਹੈ ਉਥੇ ਹੀ ਦੁਨੀਆਂ ਭਰ ਵਿਚ ਵੱਸਦੀ ਸਮੁੱਚੀ ਸਿੱਖ ਕੌਮ ਉਨ੍ਹਾਂ ਦੀ ਸਦਾ ਰਿਣੀ ਰਹੇਗੀ ਕਿ ਉਨ੍ਹਾਂ ਨੇ ਸਿੱਖਾਂ ਦੇ ਮੁਕੱਦਸ ਸਥਾਨਾਂ ਬਾਰੇ ਇੰਨੀ ਬਾਰੀਕਬੀਨੀ ਨਾਲ ਸਟੀਕ ਜਾਣਕਾਰੀ ਇਕੱਤਰ ਕਰਕੇ, ਤਸਵੀਰਾਂ ਸਮੇਤ ਤਿੰਨ ਭਾਸ਼ਾਵਾਂ (ਉਰਦੂ, ਪੰਜਾਬੀ ਅਤੇ ਅੰਗਰੇਜ਼ੀ) ਵਿਚ ਪ੍ਰਕਾਸ਼ਤ ਕਰਵਾਈ ਹੈ। ਇਹ ਰੈਫਰੈਂਸ ਕਿਤਾਬ ਹੈ ਅਤੇ ਹਰ ਪੰਜਾਬੀ ਕੋਲ ਜ਼ਰੂਰ ਹੋਣੀ ਚਾਹੀਦੀ ਹੈ।

ਪੰਜਾਬੀ ਖੋਜਗੜ੍ਹ ਦੀ ਸਮੁੱਚੀ ਆਬੋ-ਹਵਾ ਪੰਜਾਬੀ। ਬਾਬਾ ਨਾਨਕ ਦੀ ਯਾਦ ਵਿਚ ਬਾਗੀਚੀ। ਬਿਰਖ਼ਾਂ ਤੇ ਪੰਛੀਆਂ ਦੀ ਚਹਿਕਣੀ 'ਚ ਕਿਸੇ ਖੂਹ ਤੇ ਬੈਠਣ ਦਾ ਵਿਸਮਾਦ। ਬਚਪਨੇ ਦੀ ਨਿੱਘੀ ਜਿਹੀ ਯਾਦ। ਪੁਰਾਣੀਆਂ ਯਾਦਾਂ ਵਿਚ ਹੀ ਅੱਜ ਦੀ ਮਿਲਣੀ ਦੀ ਪਿਆਰੀ ਜਹੀ ਯਾਦ ਨੂੰ ਆਪਣੀ ਮਨ-ਬੁੱਕਲ ਵਿਚ ਸਾਂਭ, ਅਸਾਂ ਕਸੂਰ ਦੀ ਸੜਕ 'ਤੇ ਗੱਡੀ ਪਾ ਲਈ।

'ਕਸੂਰੀ ਮੇਥੀ' ਅਤੇ 'ਜੁੱਤੀ ਕਸੂਰੀ, ਪੈਰੀਂ ਨਾ ਪੂਰੀ' ਵਾਲਾ ਕਸੂਰ ਸ਼ਹਿਰ। ਇਸ ਦੀਆਂ ਭੀੜੀਆਂ ਗਲੀਆਂ ਬੀਂ ਰਾਹ ਬਣਾਉਂਦੀ ਸਾਡੀ ਕਾਰ। ਸ਼ਹਿਰ ਦੇ ਕੇਂਦਰ ਅਤੇ ਬਜ਼ਾਰ 'ਚ ਹੀ ਬਣੇ ਹੋਏ ਬਾਬਾ ਬੁੱਲ੍ਹੇ ਸ਼ਾਹ ਦਾ ਦਰਬਾਰ। ਖੁੱਲ੍ਹਾ ਵਿਹੜਾ। ਨਤਮਸਤਕ ਹੋਣ ਵਾਲੇ ਪ੍ਰੇਮੀਆਂ ਦੀ ਰੌਣਕ। ਵਿਹੜੇ ਵਿਚ ਕੱਵਾਲੀਆਂ ਦੀ ਸੰਗੀਤਕ ਛਹਿਬਰ। ਮਖ਼ਸੂਸੀ ਆਲਮ ਵਿਚ ਭਿੱਜੇ ਹੋਏ ਸ਼ਰਧਾਲੂ ਬੁੱਲ੍ਹੇ ਸ਼ਾਹ ਦੇ ਦਰਬਾਰ ਵਿਚ ਮੰਨਤਾਂ ਮੰਗਣ ਅਤੇ ਮੰਨਤਾਂ ਪੂਰੀਆਂ ਹੋਣ ਤੋਂ ਬਾਅਦ ਸਿਜਦਾ ਕਰਨ ਆਉਂਦੇ। ਮੰਗੀਆਂ ਮੁਰਾਦਾਂ ਦੇ ਪੂਰੀਆਂ ਹੋਣ ਦੀ ਆਸਥਾ, ਉਨ੍ਹਾਂ ਦੇ ਚਿਹਰਿਆਂ ਤੋਂ ਸਪੱਸ਼ਟ ਝਲਕਦੀ।

ਦਰਗਾਹ ਵਿਚ ਦਾਖਲ ਹੋਣ ਤੋਂ ਪਹਿਲਾਂ ਸ਼ੀਸ਼ੇ ਦੇ ਬਕਸੇ ਵਿਚ ਬੁੱਲ੍ਹੇ ਸ਼ਾਹ ਜੀ ਵਲੋਂ ਪਹਿਨੇ ਹੋਏ ਬਸਤਰ ਅਤੇ ਉਨ੍ਹਾਂ ਦਾ ਸਾਜ਼ ਕਿਸੇ ਆਸਮਈ ਰਮਜ਼ ਵਿਚ ਨਜ਼ਰ ਆਉਂਦੇ ਕਿ ਕਦੋਂ ਫਿਰ ਬਾਬਾ ਬੁੱਲ੍ਹੇ ਸ਼ਾਹ ਆਵੇਗਾ? ਮੋਹੀਆਂ ਤਾਰਾਂ ਨੂੰ ਛੇੜ, ਗੁੱਝੀਆਂ ਰਮਜ਼ਾਂ ਦੀਆਂ ਤਰਜ਼ਾਂ ਮੇਰੇ ਹਿੱਕ ਵਿਚ ਪੈਦਾ ਕਰੇਗਾ। ਫਿਰ ਵਿਸਮਾਦ ਵਿਚ ਰੰਗਿਆ ਬਾਬਾ ਕਸੂਰ ਦੀਆਂ ਬੀਹੀਆਂ ਅਤੇ ਬੂਹਿਆਂ ਨੂੰ ਆਪਣੇ ਰਮਜ਼ੀ ਬੋਲਾਂ ਤੇ ਰਹਿਬਰੀ ਦਸਤਕ ਨਾਲ ਨੂਰੋ-ਨੂਰ ਕਰੇਗਾ। ਹਰ ਦਰ ਤੇ ਘਰ ਨੂੰ ਨਿਆਮਤਾਂ ਸੰਗ ਵਰੇਗਾ। ਇਹ ਸਾਜ਼ ਉਨ੍ਹਾਂ ਦੇ ਅੰਗ-ਸੰਗ ਰਿਹਾ। ਇਹ ਸਾਜ਼ ਇਸ ਗੱਲ ਦਾ ਚਸ਼ਮਦੀਦ ਹੈ ਕਿ ਕਿਵੇਂ ਉਹ ਆਪਣੇ ਮੁਰਸ਼ਦ ਸਾਈਂ ਸ਼ਾਹ ਅਨਾਇਤ ਅਲੀ ਸਾਹਵੇਂ ਨੱਚਦਾ ਰਿਹਾ ਕਿਉਂਕਿ ਉਨ੍ਹਾਂ ਨੂੰ ਜਾਚ ਸੀ ਨੱਚ ਕੇ ਆਪਣੇ ਪੀਰ ਨੂੰ ਮਨਾਉਣ ਦੀ। ਸਾਈਂ ਦੀ ਸੰਗਤ ਮਾਣਦਿਆਂ ਉਸਦਾ ਅੰਦਰ ਨੱਚਦਾ ਅਤੇ ਇਹ ਅੰਦਰਲਾ ਨਾਚ ਹੀ ਜਦ ਬਾਹਰ ਨਿਕਲਦਾ ਤਾਂ ਉਸਦੇ ਪੈਰਾਂ ਵਿਚ ਤਾਲ ਅਤੇ ਬੰਨ੍ਹੇ ਹੋਏ ਘੁੰਗਰੂਆਂ ਵਿਚ ਨਾਦ ਪੈਦਾ ਹੁੰਦਾ ਸੀ। ਦਰਗਾਹ ਦੀ ਪ੍ਰਕਰਮਾ ਵਿਚ ਬੈਠੇ ਕੁਝ ਲੋਕ ਕੱਵਾਲੀਆਂ ਗਾ ਰਹੇ ਸਨ ਪਰ ਕਿਸਨੇ ਪੈਰਾਂ ਵਿਚ ਘੁੰਗਰੂ ਬੰਨ੍ਹ ਕੇ ਆਪਣੇ ਸਾਈਂ ਸ਼ਾਹ ਅਨਾਇਤ ਅਲੀ ਨੂੰ ਨੱਚ ਕੇ ਮਨਾਉਣਾ ਅਤੇ ਆਪਣਾ ਗਵਾ ਕੇ ਖ਼ੁਦ ਨੂੰ ਪਾਉਣਾ ਹੈ?

ਬਾਬਾ ਬੁੱਲ੍ਹੇ ਸ਼ਾਹ ਪਹੁੰਚਿਆ ਹੋਇਆ ਫ਼ਕੀਰ ਸੀ ਤਾਂ ਹੀ ਉਸਦਾ ਕਹਿਣਾ ਸੀ, "ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ, ਗੋਰ ਪਿਆ ਕੋਈ ਹੋਰ"। ਸਾਈਂ ਲੋਕ ਜਾਣਦੇ ਨੇ ਕਿ ਉਹ ਮਰ ਕੇ ਵੀ ਨਹੀਂ ਮਰਦੇ ਕਿਉਂਕਿ ਉਹ ਆਪਣੇ ਕਲਾਮ, ਕੀਰਤੀਆਂ ਅਤੇ ਕਰਮਯੋਗਤਾ ਰਾਹੀਂ ਸਮੇਂ ਦੇ ਹਰ ਗੇੜ ਵਿਚ ਹਾਜ਼ਰ-ਨਾਜ਼ਰ ਰਹਿੰਦੇ ਨੇ। ਬਕਸੇ ਵਿਚ ਬੰਦ ਇਹ ਸਾਜ਼ ਅਤੇ ਬਸਤਰ ਬਾਬਾ ਬੁੱਲ੍ਹੇ ਸ਼ਾਹ ਨੂੰ ਸਦਾ ਹਾਜ਼ਰ-ਨਾਜ਼ਰ ਸਮਝ, ਹੁਣ ਵੀ ਉਨ੍ਹਾਂ ਪਲਾਂ ਨੂੰ ਮੁੜ ਤੋਂ ਜੀਣ ਲਈ ਉਤਾਵਲੇ ਨੇ ਜਿਹੜੇ ਪਲ ਇਨ੍ਹਾਂ ਨੇ ਬਾਬਾ ਬੁੱਲ੍ਹੇ ਸ਼ਾਹ ਦੀ ਸੰਗਤ ਵਿਚ ਭਰਪੂਰਤਾ ਸੰਗ ਜੀਵੇ ਅਤੇ ਮਾਣੇ। ਇਨ੍ਹਾਂ ਬਸਤਰਾਂ ਵਿਚ ਬਾਬਾ ਬੁੱਲ੍ਹੇ ਸ਼ਾਹ ਦੇ ਪਿੰਡੇ ਦੀ ਮਹਿਕ, ਸਾਜ਼ ਵਿਚ ਉਨ੍ਹਾਂ ਦੇ ਪੋਟਿਆਂ ਦੀ ਛੋਹ, ਬਾਬਾ ਜੀ ਦੀ ਰੂਹ-ਰੇਜ਼ਤਾ ਤੇ ਰੂਹ-ਰੰਗਤਾ ਤਾਰੀ ਏ। ਇਨ੍ਹਾਂ ਵਿਚੋਂ ਹੀ ਤੁਸੀਂ ਬਾਬਾ ਬੁੱਲ੍ਹੇ ਸ਼ਾਹ ਦੇ ਸਾਖ਼ਸ਼ਾਤ ਦਰਸ਼ਨ ਕਰ ਸਕਦੇ ਹੋ।

ਬਾਬਾ ਬੁੱਲ੍ਹੇ ਸ਼ਾਹ ਦੇ ਦਰਬਾਰ ਵਿਚ ਨਤਮਸਤਕ ਹੋਏ ਤਾਂ ਦਰਗਾਹ ਦੇ ਮੌਲਵੀ ਅਤੇ ਹਾਜ਼ਰੀਨ ਨੇ ਸਾਡੀ ਖੁਸ਼-ਮਿਜ਼ਾਜ਼ੀ ਲਈ ਮੰਨਤਾਂ ਵੀ ਮੰਗੀਆਂ ਅਤੇ ਦੁਆਵਾਂ ਵੀ ਦਿੱਤੀਆਂ। ਅਸੀਂ ਬਾਬਾ ਬੁੱਲ੍ਹੇ ਸ਼ਾਹ ਕੋਲੋਂ ਦੁਆ ਮੰਗੀ ਕਿ ਦੁਨੀਆਂ ਭਰ ਵਿਚ ਵੱਸਦੇ ਪੰਜਾਬੀ ਸਦਾ ਖੁਸ਼ ਰਹਿਣ। ਉਹ ਪੰਜਾਬੀ ਅਤੇ ਇਸਦੇ ਸਭਿਆਚਾਰ ਨਾਲ ਮੋਹ ਪਾਲਦੇ ਰਹਿਣ। ਉਨ੍ਹਾਂ ਦੇ ਚੇਤਿਆਂ ਵਿਚੋਂ ਕਦੇ ਨਾ ਵਿਸਰਨ ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਬਾਬਾ ਫਰੀਦ, ਗੁਰੂ ਨਾਨਕ, ਸਾਈਂ ਮੀਆਂ ਮੀਰ, ਪੀਲੂ, ਵਾਰਸ ਸ਼ਾਹ, ਬਾਬਾ ਨਜ਼ਮੀ, ਸ਼ਿਵ ਬਟਾਲਵੀ, ਅੰਮ੍ਰਿਤਾ ਪ੍ਰੀਤਮ ਅਤੇ ਹੋਰ ਸਾਰੇ ਅਦੀਬ ਜਿਹੜੇ ਪੰਜਾਬੀ ਮਾਂ ਬੋਲੀ ਨੂੰ ਪ੍ਰਣਾਏ ਹੋਏ ਪੰਜਾਬੀ ਅਤੇ ਪੰਜਾਬੀਅਤ ਦਾ ਮਾਣ ਬਣੇ। ਇਸਦੀ ਬੁਲੰਦਗੀ ਦੀ ਅਰਦਾਸ ਅਤੇ ਅਜ਼ਾਨ ਹਨ। ਦਰਗਾਹਾਂ ਅਤੇ ਹੋਰ ਧਾਰਮਿਕ ਅਸਥਾਨ 'ਤੇ ਮੇਲੇ ਲੱਗਦੇ ਰਹਿਣ। ਰੂਹਦਾਰੀ ਨਾਲ ਜਿਊਣ ਵਾਲੇ ਪੰਜਾਬੀ ਆਪਣੀ ਦੀਦਾ-ਦਲੇਰੀ, ਦਰਿਆ-ਦਿਲੀ ਅਤੇ ਦਯਾ-ਭਾਵਨਾ ਨਾਲ ਦੁਨੀਆਂ ਦੇ ਹਰੇਕ ਬਸ਼ਿੰਦੇ ਦਾ ਮਨ ਮੋਹਦੇ ਰਹਿਣ ਅਤੇ ਪੰਜਾਬੀ ਦੀ ਅਲੰਬਰਦਾਰਤਾ ਨੂੰ ਚਾਰ ਚੰਨ ਲਾਉਂਦੇ ਰਹਿਣ।

ਬਾਬਾ ਬੁੱਲ੍ਹੇ ਸ਼ਾਹ ਦੇ ਦਰਬਾਰ ਵਿਚ ਇਕੱਲਾ ਹੀ ਪਗੜੀਧਾਰੀ ਸਰਦਾਰ ਸਾਂ। ਮੈਨੂੰ ਅਕੀਦਤ ਭੇਟ ਕਰਦਿਆਂ ਨੂੰ ਤੱਕ ਕੇ, ਬਹੁਤ ਸਾਰੇ ਲੋਕ ਇਕੱਤਰ ਹੋ ਗਏ। ਉਹ ਬਹੁਤ ਹੀ ਅਦਬ ਅਤੇ ਮੋਹਵੰਤੀਆਂ ਨਜ਼ਰਾਂ ਨਾਲ ਚਿਰ-ਵਿਛੁੰਨੇ ਆਪਣੇ ਸਰਦਾਰ ਭਰਾ ਦੇ ਦਰਸ਼ਨ ਕਰ ਕੇ ਖ਼ੁਸ਼ ਹੋ ਰਹੇ ਸਨ। ਦਰਅਸਲ ਪੰਜਾਬੀਆਂ ਲਈ ਸਾਰੇ ਪੀਰ/ ਫ਼ਕੀਰ ਸਾਂਝੇ ਨੇ। ਸਾਂਝੇ ਨੇ ਗੁਰੂ ਅਤੇ ਔਲੀਏ।





ਸਾਰੀਆਂ ਹੀ ਧਾਰਮਿਕ ਥਾਵਾਂ ਸਭ ਲਈ ਹੀ ਅਕੀਦਤਯੋਗ। ਪੂਰਨ ਸਤਿਕਾਰ, ਅਦਬ ਅਤੇ ਸ਼ਰਧਾ ਨਾਲ ਨਤਮਸਤਕ ਹੋਣਾ, ਸਾਰੇ ਪੰਜਾਬੀ ਆਪਣਾ ਧੰਨਭਾਗ ਸਮਝਦੇ।

ਦਰਬਾਰ ਤੋਂ ਬਾਹਰ ਆਏ ਤਾਂ ਲੋਕਲ ਟੀਵੀ ਚੈਨਲ ਵਾਲਾ ਇਕ ਸਖ਼ਸ਼ ਪੁੱਛਣ ਲੱਗਾ ਕਿ ਤੁਹਾਨੂੰ ਇਸ ਦਰਗਾਹ ਵਿਚ ਆ ਕੇ ਕਿਵੇਂ ਲੱਗਦਾ ਹੈ? ਤਾਂ ਮੈਂ ਕਿਹਾ ਕਿ ਮੈਂ ਆਪਣੇ ਹੀ ਸਾਈਂ ਦੇ ਦਰਬਾਰ ਆਇਆ ਹਾਂ। ਬਾਬਾ ਬੁੱਲ੍ਹੇ ਸ਼ਾਹ ਵਰਗੇ ਉਚ-ਦੁਮੇਲੜੇ ਫ਼ਕੀਰ ਦੀ ਦਰਗਾਹ 'ਤੇ ਆਉਣ ਨੂੰ ਧੰਨਭਾਗ ਸਮਝਦਾ ਹਾਂ। ਕਿਤਾਬਾਂ ਵਿਚ ਬੁੱਲ੍ਹੇ ਸ਼ਾਹ ਦਾ ਕਲਾਮ ਬਹੁਤ ਪੜ੍ਹਿਆ ਸੀ ਅਤੇ ਸੁਣਿਆ ਵੀ ਬਹੁਤ ਸੀ। ਪਰ ਉਨ੍ਹਾਂ ਦੇ ਦਰਬਾਰ ਵਿਚ ਆ ਕੇ ਰੂਹ ਸ਼ਰਸ਼ਾਰ ਹੋ ਗਈ ਹੈ। ਮੇਰੇ ਲਈ ਇਹ ਜ਼ਿਆਰਤ ਹੋਰ ਵੀ ਮਹੱਤਵਪੂਰਨ ਹੈ ਕਿਉਂਕਿ ਬਾਬਾ ਬੁੱਲ੍ਹੇ ਸ਼ਾਹ ਜੀ ਦੇ ਸਾਈਂ ਬਾਬਾ ਸ਼ਾਹ ਅਨਾਇਤ ਅਲੀ ਜੀ ਦੀ ਦਰਗਾਹ ਮੇਰੇ ਪਿੰਡ ਵਿਚ ਹੈ ਜੋ ਸਾਰੇ ਪਿੰਡ ਵਾਸੀਆਂ ਲਈ ਬਹੁਤ ਹੀ ਪੂਜਣ-ਯੋਗ ਜਗ੍ਹਾ ਹੈ। ਉਥੇ ਹਰ ਸਾਲ ਪੰਦਰਾਂ ਹਾੜ ਨੂੰ ਉਨ੍ਹਾਂ ਦੀ ਯਾਦ ਵਿਚ ਬਹੁਤ ਹੀ ਭਰਵਾਂ ਮੇਲਾ ਲੱਗਦਾ ਹੈ ਜਿਸ ਵਿਚ ਦੇਸ਼-ਵਿਦੇਸ਼ ਵਿਚ ਵੱਸਦੇ ਮੇਰੇ ਪਿੰਡ ਵਾਸੀਆਂ ਦਾ ਹਾਜ਼ਰੀ ਲਗਵਾਉਣਾ ਸੁਨਿਸ਼ਚਿਤ ਹੁੰਦਾ ਹੈ। ਮੈਂ ਤਾਂ ਪਾਕਿਸਤਾਨ ਆਉਣ ਵੇਲੇ ਹੀ ਸੋਚਿਆ ਸੀ ਉਨ੍ਹਾਂ ਮੁਕੱਦਸ ਜਗਾਵਾਂ 'ਤੇ ਜ਼ਰੂਰ ਜਾਣਾ ਹੈ ਜਿਨ੍ਹਾਂ ਦਾ ਮੇਰੇ ਪਿੰਡ ਨਾਲ ਕਿਸੇ ਨਾ ਕਿਸੇ ਕਿਸਮ ਦਾ ਕੋਈ ਸਬੰਧ ਜਾਂ ਵਾਸਤਾ ਏ। ਮੈਂ ਲਾਹੌਰ ਵਿਖੇ ਬਾਬਾ ਸ਼ਾਹ ਅਨਾਇਤ ਅਲੀ ਦੇ ਦਰਬਾਰ 'ਤੇ ਵੀ ਜ਼ਰੂਰ ਜਾਵਾਂਗਾ ਤਾਂ ਕਿ ਮੈਂ ਆਪਣੇ ਪਿੰਡ ਵਾਲਿਆਂ ਵਲੋਂ ਉਨ੍ਹਾਂ ਦੇ ਚਰਨਾਂ ਵਿਚ ਨਤਮਸਤਕ ਹੋ ਸਕਾਂ। ਐਂਕਰ ਦਾ ਮੁਹੱਬਤੀ ਅੰਦਾਜ਼ ਅਤੇ ਉਸਦੇ ਬੋਲਾਂ ਵਿਚ ਭਰੀ ਅਪਣੱਤ ਕਮਾਲ ਸੀ। ਅਮਰੀਕਾ ਤੋਂ ਆ ਕੇ ਬੁੱਲ੍ਹੇ ਸ਼ਾਹ ਦੇ ਦਰਬਾਰ ਵਿਚ ਮੇਰੀ ਭਰੀ ਹਾਜ਼ਰੀ ਬਾਰੇ ਉਹ ਆਪਣੇ ਦਰਸ਼ਕਾਂ ਨੂੰ ਬਾਰ-ਬਾਰ ਦੱਸ ਅਤੇ ਸਮਝਾ ਰਿਹਾ ਸੀ ਕਿ ਮਨ ਵਿਚ ਕਿਸੇ ਵੀ ਜਗ੍ਹਾ ਦੀ ਅਕੀਦਤ ਕਰਨ ਦੀ ਤਮੰਨਾ ਹੋਵੇ ਤਾਂ ਖ਼ੁਦਾ ਕੋਈ ਨਾ ਕੋਈ ਅਜਿਹਾ ਸਬੱਬ ਜ਼ਰੂਰ ਬਣਾ ਦਿੰਦਾ ਹੈ ਕਿ ਤੁਹਾਡੇ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ।

ਦਰਗਾਹ ਤੋਂ ਬਾਹਰ ਨਿਕਲ ਰਿਹਾ ਸਾਂ ਤਾਂ ਮੈਨੂੰ ਬਾਬਾ ਬੁੱਲ੍ਹੇ ਸ਼ਾਹ ਬਾਰੇ ਇਕ ਦੰਦ ਕਥਾ ਯਾਦ ਆਈ ਕਿ 'ਕੇਰਾਂ ਬਾਬਾ ਬੁੱਲ੍ਹੇ ਸ਼ਾਹ ਲਾਹੌਰ ਦੇ ਬਾਜ਼ਾਰ ਵਿਚ ਦੁੱਧ ਲੈਣ ਗਏ। ਦੇਖਿਆ ਕਿ ਇਕ ਨੌਜਵਾਨ ਗਵਾਲਣ ਤਖ਼ਤਪੋਸ਼ 'ਤੇ ਦੁੱਧ ਦੀਆਂ ਗਾਗਰਾਂ ਰੱਖੀ ਦੁੱਧ ਵੇਚ ਰਹੀ ਸੀ। ਉਹ ਪੈਸੇ ਗਿਣਦੀ ਅਤੇ ਗਾਹਕ ਦੇ ਭਾਂਡੇ ਵਿਚ ਦੁੱਧ ਪਾ ਦਿੰਦੀ। ਇੰਨੇ ਚਿਰ ਨੂੰ ਇਕ ਖ਼ੂਬਸੂਰਤ ਨੌਜਵਾਨ ਦੁੱਧ ਲੈਣ ਆਇਆ। ਗਵਾਲਣ ਨੇ ਬਿਨ-ਗਿਣਿਆਂ ਹੀ ਪੈਸੇ ਲੈ ਲਏ ਅਤੇ ਉਸ ਦਾ ਭਾਂਡਾ ਦੁੱਧ ਨਾਲ ਨੱਕੋ-ਨੱਕ ਭਰ ਦਿੱਤਾ। ਇਹ ਦੇਖ ਕੇ ਬਾਬਾ ਬੁੱਲ੍ਹੇ ਸ਼ਾਹ ਹੈਰਾਨ ਹੋਇਆ ਕਿ ਉਸ ਨੇ ਪੈਸੇ ਵੀ ਨਹੀਂ ਗਿਣੇ ਅਤੇ ਦੁੱਧ ਵੀ ਅਣਮਿਣਿਆਂ ਹੀ ਭਾਂਡੇ ਵਿਚ ਪਾ ਦਿੱਤਾ ਹੈ। ਬਾਬਾ ਬੁੱਲ੍ਹੇ ਸ਼ਾਹ ਨੇ ਸੁੰਦਰ ਗਵਾਲਣ ਨੂੰ ਪੁੱਛਿਆ ਕਿ ਤੂੰ ਇਸ ਨੌਜਵਾਨ ਦੇ ਪੈਸੇ ਵੀ ਨਹੀਂ ਗਿਣੇ ਅਤੇ ਦੁੱਧ ਵੀ ਅਣਮਿਣਿਆਂ ਹੀ ਦੇ ਦਿੱਤਾ ਹੈ? ਤਾਂ ਉਸ ਦਾ ਉੱਤਰ ਸੀ ਕਿ ਬਾਬਾ! ਪਿਆਰ-ਮੁਹੱਬਤ ਵਿਚ ਹਿਸਾਬ-ਕਿਤਾਬ ਨਹੀਂ ਹੁੰਦਾ। ਬਾਬਾ ਬੁੱਲ੍ਹੇ ਸ਼ਾਹ ਹੈਰਾਨੀ ਨਾਲ ਇਹ ਸੋਚਦਾ ਪਰਤ ਆਇਆ ਕਿ ਮੇਰੇ ਨਾਲੋਂ ਤਾਂ ਇਹ ਗਵਾਲਣ ਹੀ ਸਿਆਣੀ ਹੈ ਜਿਹੜੀ ਜਾਣਦੀ ਹੈ ਕਿ ਪਿਆਰਿਆਂ ਨਾਲ ਕਦੇ ਹਿਸਾਬ ਕਿਤਾਬ ਨਹੀਂ ਕਰੀਦਾ। ਮੈਂ ਤਾਂ ਐਵੇਂ ਹੀ ਆਪਣੇ ਸਾਈਂ ਨਾਲ ਹਿਸਾਬ-ਕਿਤਾਬ ਵਿਚ ਉਲਝਿਆ ਰਿਹਾ। ਖ਼ੁਦ ਨੂੰ ਆਪਣੇ ਪਿਆਰੇ ਅੱਗੇ ਅਰਪਿਤ ਕਰਨਾ ਹੀ ਸਭ ਤੋਂ ਵੱਡੀ ਭਗਤੀ ਅਤੇ ਖ਼ੁਦਾ ਨੂੰ ਪਾਉਣਾ ਹੁੰਦਾ ਹੈ।

ਇਨ੍ਹਾਂ ਸੋਚਾਂ ਵਿਚ ਗਵਾਚਿਆ ਹੀ ਮੈਂ ਬਾਹਰ ਨਿਕਲ ਕੇ ਬਾਜ਼ਾਰ ਵਿਚ ਆ ਗਿਆ ਤਾਂ ਇਕ ਨੌਜਵਾਨ ਔਰਤ ਸਾਡੇ ਵੱਲ ਅਹੁਲੀ। ਮੇਰੀ ਪਤਨੀ ਨੂੰ ਦੱਸਣ ਲੱਗੀ ਕਿ ਮੈਂ ਵਿਦੇਸ਼ ਤੋਂ ਆਈ ਹਾਂ। ਮੇਰੇ ਪੇਕੇ ਬਟਾਲੇ ਹਨ ਅਤੇ ਮੈਂ ਆਪਣੇ ਸਹੁਰਿਆਂ ਦੇ ਸ਼ਹਿਰ ਕਸੂਰ ਆਈ ਹਾਂ। ਚੰਗਾ ਲੱਗਾ ਉਸਨੂੰ ਮਿਲ ਕੇ। ਸੋਚਦੇ ਰਹੇ ਕਿ ਅਗਰ ਇਸ ਤਰ੍ਹਾਂ ਦੋਹਾਂ ਪੰਜਾਬਾਂ ਵਿਚ ਰਿਸ਼ਤੇਦਾਰੀਆਂ ਅਤੇ ਸਬੰਧ ਪੈਦਾ ਹੁੰਦੇ ਰਹਿਣ ਤਾਂ ਪੰਜਾਬੀਆਂ ਦੀ ਪੀਢੀ ਸਾਂਝ 'ਤੇ ਕੋਈ ਆਂਚ ਕਦੇ ਨਹੀਂ ਆਵੇਗੀ।

ਇਥੇ ਹੀ ਅਸ਼ਰਫ਼ ਸੁਹੇਲ ਹੋਰਾਂ ਦਾ ਮਿੱਤਰ ਅਤੇ ਬਾਲ ਲੇਖਕ ਅਕਬਰ ਆਪਣੇ ਦੋ ਪਿਆਰੇ ਬੱਚਿਆਂ ਨਾਲ ਮਿਲਣ ਲਈ ਆ ਗਿਆ। ਉਸਨੇ ਬਹੁਤ ਜ਼ੋਰ ਲਾਇਆ ਕਿ ਘਰ ਚੱਲੀਏ ਅਤੇ ਰਾਤ ਦਾ ਖਾਣ ਖਾ ਕੇ ਜਾਣਾ। ਪਰ ਅਸੀਂ ਉਸਦੀ ਮਨ-ਪਸੰਦ ਦੁਕਾਨ ਤੋਂ ਕਸੂਰ ਦੀ ਮਸ਼ਹੂਰ ਫਲੂਦਾ ਕੁਲਫ਼ੀ ਖਾਂਦਿਆਂ, ਉਸਦੇ ਨਿੱਕੇ ਬੱਚਿਆਂ ਦੀ ਸੰਗਤ ਵੀ ਮਾਣੀ। ਉਨ੍ਹਾਂ ਦੀਆਂ ਅਣਭੋਲ ਅਤੇ ਮਾਸੂਮ ਜਿਹੀਆਂ ਗੱਲਾਂ ਵਿਚੋਂ ਝਰਦੀ ਮਾਸੂਮੀਅਤ ਅਤੇ ਨਿਰਛਲਤਾ ਦਾ ਨਿੰਘਾ ਰੂਪ ਵੀ ਮਾਣਿਆ। ਬੱਚਿਆਂ ਦੀ ਇਹ ਕੇਹੀ ਪਾਕੀਜ਼ਗੀ ਹੁੰਦੀ ਕਿ ਹਰ ਵਿਅਕਤੀ ਬੱਚਾ ਬਣਨਾ ਲੋਚਦਾ ਕਿਉਂਕਿ ਜਦ ਵਿਅਕਤੀ ਵੱਡਾ ਹੁੰਦਾ ਤਾਂ ਦੁਨਿਆਵੀ ਕੂੜ-ਕਬਾੜ, ਕੁਫ਼ਰ, ਕਾਇਰਤਾ ਅਤੇ ਕਮੀਨਗੀ ਦੀਆਂ ਪਰਤਾਂ ਵਿਚ ਜਿਉਂਦਾ, ਖ਼ੁਦ ਤੋਂ ਬੇਮੁਖ ਹੋ ਜਾਂਦਾ। ਫਿਰ ਆਪਣੀ ਅਮਾਨਵਤਾ 'ਤੇ ਰੋਂਦਾ, ਮਾਯੂਸੀ ਅਤੇ ਉਦਾਸੀ ਦੇ ਆਲਮ ਵਿਚ ਜਿਊਣ ਜੋਗਾ ਹੀ ਰਹਿ ਜਾਂਦਾ ਹੈ। ਬੰਦੇ ਵਿਚ ਬਚਪਨਾ ਝਲਕਦਾ ਰਹੇ ਤਾਂ ਉਹ ਸਾਰੀ ਉਮਰ ਬਚਪਨੀ ਬੇਲਾਗਤਾ ਅਤੇ ਪਾਰਦਰਸ਼ਤਾ ਦਾ ਸਿਰਨਾਵਾਂ ਬਣਿਆ ਰਹਿੰਦਾ ਏ।

ਰੂਹ-ਰੱਜਤਾ ਵਿਚ ਲੀਨ ਹੋਏ ਬਾਹਰ ਨਿਕਲੇ ਤਾਂ ਰਾਤ ਉਤਰ ਆਈ ਸੀ। ਰੌਸ਼ਨੀਆਂ ਵਿਚ ਜਗਮਗਾਉਂਦੇ ਕਸੂਰ ਦੀ ਰੌਸ਼ਨੀ ਵਿਚ ਬਾਬਾ ਬੁੱਲ੍ਹੇ ਸ਼ਾਹ ਦੀ ਦਰਗਾਹ ਦੀ ਰੌਸ਼ਨੀ ਸਭ ਤੋਂ ਜ਼ਿਆਦਾ ਤੇਜ਼ ਅਤੇ ਦੂਰ-ਦੂਰ ਤੀਕ ਫੈਲ ਰਹੀ ਸੀ। ਇਸ ਰੌਸ਼ਨੀ ਵਿਚ ਰੰਗਿਆਂ ਨੇ, ਅਸੀਂ ਲਾਹੌਰ ਨੂੰ ਮੋੜੇ ਪਾ ਦਿੱਤੇ ਕਿਉਂਕਿ ਅਸ਼ਰਫ਼ ਸੁਹੇਲ ਹੁਰਾਂ ਦੀ ਬੇਗਮ ਦਾ ਫ਼ੋਨ ਵਾਰ-ਵਾਰ ਆ ਰਿਹਾ ਸੀ ਕਿ ਉਹ ਕਦੋਂ ਲਾਹੌਰ ਪਹੁੰਚ ਜਾਣਗੇ? ਲਾਹੌਰ ਜਿਸਨੂੰ ਰਾਤ ਵੇਲੇ ਰੌਸ਼ਨੀਆਂ ਨੇ ਆਪਣੀ ਲਪੇਟ ਵਿਚ ਲਿਆ ਹੋਇਆ ਸੀ ਕਿਉਂਕਿ ਲਾਹੌਰ ਵਰਗਾ ਸ਼ਹਿਰ ਰਾਤ ਨੂੰ ਕਦੋਂ ਸੌਂਦਾ ਏ?

# ਸਿੱਖ ਗੁਰਦੁਆਰਾ ਕਮੇਟੀ ਦਾ ਵਿਵਾਦ

ਹਰਿਆਣਾ ਵਿਧਾਨ ਸਭਾ ਨੇ 2014 ਵਿਚ ਹਰਿਆਣਾ ਲਈ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਬਿੱਲ-2014 ਨੂੰ ਮਨਜ਼ੂਰੀ ਦਿੱਤੀ ਸੀ। ਉਸ ਸਮੇਂ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਿਚ ਕਾਂਗਰਸ ਸਰਕਾਰ ਸੀ। ਹਰਿਆਣਾ ਦੇ ਸਿੱਖ ਆਗੂ ਲੰਮੇ ਸਮੇਂ ਤੋਂ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਕਰਦਿਆਂ ਜਗਦੀਸ਼ ਸਿੰਘ ਝੀਂਡਾ ਦੀ ਅਗਵਾਈ ਹੇਠ ਅਵਾਜ਼ ਉਠਾਉਂਦੇ ਆ ਰਹੇ ਸਨ। ਉਸ ਸਮੇਂ ਹਰਿਆਣਾ ਦੇ ਸਿੱਖਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਸਰਕਾਰ ਨੇ ਕੈਬਨਿਟ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਦੀ ਅਗਵਾਈ ਵਿਚ ਕਮੇਟੀ ਬਣਾਈ, ਜਿਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵੱਖ ਹਰਿਆਣਾ ਲਈ

ਨਰਿੰਦਰ ਸਿੰਘ ਢਿੱਲੋਂ
587 436 4032

ਗੁਰਦੁਆਰਾ ਕਮੇਟੀ ਬਣਾਉਣ ਦਾ ਸੁਝਾਅ ਦਿੱਤਾ ਸੀ। ਇਸ ਉਪਰੰਤ ਹਰਿਆਣਾ ਦੇ ਕੈਥਲ ਸ਼ਹਿਰ ਵਿਚ 6 ਜੁਲਾਈ 2014 ਨੂੰ ਸਿੱਖਾਂ ਦੀ ਮਹਾਂ ਸਭਾ ਸੱਦੀ ਗਈ ਜਿਸ ਵਿਚ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੀ ਹਾਜ਼ਰ ਹੋਏ। ਸਿੱਖਾਂ ਦੀ ਮੰਗ ਉੱਤੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਮਹਾਂ ਸਭਾ ਤੋਂ ਪੁੱਛਿਆ ਕਿ ਕੀ ਉਨ੍ਹਾਂ ਲਈ ਵੱਖਰੀ ਗੁਰਦੁਆਰਾ ਕਮੇਟੀ ਚਾਹੀਦੀ ਹੈ? ਤਾਂ ਲੋਕਾਂ ਨੇ ਦੋਵੇਂ-ਦੋਵੇਂ ਬਾਹਵਾਂ ਖੜ੍ਹੀਆਂ ਕਰ ਕੇ 'ਹਾਂ' ਵਿਚ ਜੁਆਬ ਦਿੱਤਾ ਅਤੇ ਖੁਸ਼ੀ ਵਿਚ ਖੂਬ ਜੈਕਾਰੇ ਛੱਡੇ। ਇਸ ਉਪਰੰਤ 11 ਜੁਲਾਈ 2014 ਨੂੰ ਹਰਿਆਣਾ ਵਿਧਾਨ ਸਭਾ ਵਿਚ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਐਕਟ, 2014 ਪਾਸ ਕਰ ਦਿੱਤਾ ਗਿਆ।

ਹਰਿਆਣਾ ਵਿਧਾਨ ਸਭਾ ਵਿਚ ਪਾਸ ਕੀਤੇ ਗਏ ਇਸ ਕਾਨੂੰਨ ਨੂੰ ਹਰਿਆਣਾ ਦੇ ਇੱਕ ਐੱਸ.ਜੀ.ਪੀ.ਸੀ. ਮੈਂਬਰ ਹਰਭਜਨ ਸਿੰਘ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੰਦਿਆਂ ਕਿਹਾ ਕਿ ਇਹ ਕਾਨੂੰਨ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 72 ਦੇ ਵਿਰੁੱਧ ਹੈ। ਇਸ ਕਰ ਕੇ ਇਹ ਗੈਰਕਾਨੂੰਨੀ ਅਤੇ ਗੈਰਸੰਵਿਧਾਨਕ ਵੀ ਹੈ। ਉਸ ਨੇ ਇਹ ਵੀ ਕਿਹਾ ਕਿ ਇਸ ਬਾਰੇ ਕੋਈ ਫ਼ੈਸਲਾ ਕੇਵਲ ਕੇਂਦਰ ਸਰਕਾਰ ਹੀ ਕਰ ਸਕਦੀ ਹੈ। ਸੁਪਰੀਮ ਕੋਰਟ ਨੇ ਸੁਣਵਾਈ ਤੋਂ ਬਾਅਦ 20 ਸਤੰਬਰ 2022 ਨੂੰ ਹਰਭਜਨ ਸਿੰਘ ਦੀ ਅਪੀਲ ਨੂੰ ਖਾਰਜ ਕਰਦਿਆਂ ਹਰਿਆਣਾ ਵਿਧਾਨ ਸਭਾ ਵੱਲੋਂ ਪਾਸ ਕੀਤੇ ਇਸ ਕਾਨੂੰਨ ਉੱਤੇ ਸਹੀ ਹੋਣ ਦੀ ਮੋਹਰ ਲਗਾ ਦਿੱਤੀ।

ਜਦ ਹਰਿਆਣਾ ਸਰਕਾਰ ਨੇ ਇਹ ਬਿੱਲ ਪਾਸ ਕੀਤਾ ਸੀ, ਉਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਕੁਝ ਹੋਰ ਅਕਾਲੀ ਲੀਡਰਾਂ ਨੇ ਬੜਾ ਵਾਵੇਲਾ ਕੀਤਾ ਸੀ। ਗਿਆਨੀ ਗੁਰਬਚਨ ਸਿੰਘ ਨੇ ਤਾਂ ਹਰਿਆਣੇ ਦੇ ਸਿੱਖ ਲੀਡਰਾਂ ਨੂੰ ਦੱਬੀ ਜ਼ੁਬਾਨ ਨਾਲ ਧਮਕੀਆਂ ਵੀ ਦਿੱਤੀਆਂ ਸਨ ਅਤੇ ਹਰਿਆਣਾ ਸਰਕਾਰ ਦੇ ਇਸ ਫ਼ੈਸਲੇ ਨੂੰ ਅਕਾਲ ਤਖ਼ਤ ਦੀ ਸਰਵਉੱਚਤਾ ਨੂੰ ਚੁਣੌਤੀ ਕਿਹਾ ਸੀ। ਬਾਅਦ ਵਿਚ ਹਰਿਆਣੇ ਦੇ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਸਮੇਤ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਦੋ ਸਿੱਖ ਆਗੂਆਂ ਜਗਦੀਸ਼ ਸਿੰਘ ਝੀਂਡਾ ਅਤੇ ਦੀਦਾਰ ਸਿੰਘ ਨਲਵੀ ਨੂੰ ਸਿੱਖ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਉਸ ਸਮੇਂ ਅਕਾਲ ਤਖ਼ਤ ਦੇ ਫੈਸਲੇ ਨੂੰ ਵੱਖ ਵੱਖ ਜਥੇਬੰਦੀਆਂ ਨੇ ਅਕਾਲੀ ਦਲ ਦੀ ਸਿਆਸਤ ਤੋਂ ਪ੍ਰੇਰਿਤ ਦੱਸਿਆ ਸੀ।

ਹੁਣ ਸੁਪਰੀਮ ਕੋਰਟ ਦਾ ਫ਼ੈਸਲਾ ਆਉਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਵਿਹਾਰ ਬਹੁਤ ਹੀ ਬੌਖਲਾਹਟ ਭਰਿਆ ਵੇਖਿਆ ਗਿਆ ਹੈ। ਫ਼ੈਸਲੇ ਨਾਲ ਸਹਿਮਤ ਨਾ ਹੋਣਾ ਇਕ ਵੱਖਰੀ ਗੱਲ ਹੈ ਅਤੇ ਇਸ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਪਟੀਸ਼ਨ ਪਾਈ ਜਾ ਸਕਦੀ ਹੈ ਅਤੇ ਫ਼ੈਸਲਾ ਆਉਣ ਤਕ ਬੇਲੋੜੀ ਬਿਆਨਬਾਜ਼ੀ ਨਹੀਂ ਕਰਨੀ ਚਾਹੀਦੀ, ਲੇਕਿਨ ਇਹ ਕਹਿਣਾ ਕਿ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ 2014 ਨੂੰ ਮਾਨਤਾ ਦੇ ਕੇ ਸਿੱਖ ਪੰਥ 'ਤੇ ਹਮਲਾ ਕੀਤਾ ਗਿਆ ਹੈ ਤੇ ਇਸ ਨਾਲ ਦੁਨੀਆਂ ਭਰ ਦੇ ਸਿੱਖਾਂ ਵਿਚ ਰੋਸ ਹੈ, ਇਹ ਬਿਆਨ ਅਸਲੋਂ ਹੀ ਹਾਸੋਹੀਣਾ ਹੈ। ਉਂਜ ਵੀ ਸੁਖਬੀਰ ਬਾਦਲ ਨੂੰ ਦੁਨੀਆਂ ਦੇ ਸਿੱਖਾਂ ਬਾਰੇ ਗੱਲ ਕਰਨ ਦਾ ਕੀ ਅਧਿਕਾਰ ਹੈ? ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਹਰਿਆਣੇ ਦੇ ਸਿੱਖਾਂ ਨੇ ਇਸ ਫ਼ੈਸਲੇ 'ਤੇ ਮਠਿਆਈਆਂ ਵੰਡ ਕੇ ਖੁਸ਼ੀਆਂ ਮਨਾਈਆਂ ਹਨ। ਮੀਡੀਆ ਵਿਚ ਆਈਆਂ ਖ਼ਬਰਾਂ ਮੁਤਾਬਕ



ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦੇ ਸਿੱਖ ਵੀ ਆਪੋ-ਆਪਣੇ ਰਾਜ ਵਿਚ ਵੱਖਰੀਆਂ ਗੁਰਦੁਆਰਾ ਕਮੇਟੀਆਂ ਬਣਾਉਣ ਦੀਆਂ ਆਪਣੀਆਂ ਸਰਕਾਰਾਂ ਤੋਂ ਮੰਗ ਕਰਨ ਲੱਗੇ ਹਨ। ਜਦ ਹਰਿਆਣਾ ਵਿਚ ਕੈਥਲ ਵਿਚ ਸਿੱਖ ਮਹਾਂ ਸਭਾ ਬੁਲਾਈ ਗਈ ਸੀ ਤਾਂ ਉਸ ਵਿਚ ਵੀ ਗੁਆਂਢੀ ਰਾਜਾਂ ਦੇ ਸਿੱਖ ਆਗੂ ਹਾਜ਼ਰ ਹੋਏ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪਹਿਲੀ ਕਤਾਰ ਦੇ ਨੇਤਾਵਾਂ ਤੋਂ ਇਲਾਵਾ ਪੰਜਾਬ ਵਿਚੋਂ ਵੀ ਸਿੱਖਾਂ ਵਿਚ ਕੋਈ ਰੋਸ ਨਹੀਂ ਵੇਖਿਆ ਗਿਆ। ਪੰਜਾਬ ਦੇ ਸਿੱਖ ਤਾਂ ਐਸ.ਜੀ.ਪੀ.ਸੀ. ਵਿਚ ਸ਼੍ਰੋਮਣੀ ਅਕਾਲੀ ਦਲ ਦੇ ਗਲਬੇ ਤੋਂ ਦੁਖੀ ਹਨ। ਮੀਡੀਆ ਵਿਚ ਇਹ ਵੀ ਚਰਚਾ ਰਹੀ ਹੈ ਕਿ ਜਦ ਸ਼੍ਰੋਮਣੀ ਅਕਾਲੀ ਦਲ ਦਾ ਭਾਜਪਾ ਨਾਲ ਗੱਠਜੋੜ ਸੀ ਤਾਂ ਉਸ ਸਮੇਂ ਇਨ੍ਹਾਂ ਨੇ ਇਹ ਕਾਨੂੰਨ ਰੱਦ ਕਰਾਉਣ ਦੀ ਭਾਜਪਾ ਮਗਰ ਪੈਰਵੀ ਕੀਤੀ ਸੀ ਲੇਕਿਨ ਭਾਜਪਾ ਨੇ ਇਹ ਮੰਗ ਨਜ਼ਰ ਅੰਦਾਜ਼ ਕਰ ਦਿੱਤੀ ਅਤੇ ਸ੍ਰੀ ਬਾਦਲ ਕੇਵਲ ਹਰਸਿਮਰਤ ਕੌਰ ਨੂੰ ਵਜ਼ੀਰ ਬਣਾਉਣ ਤਕ ਹੀ ਸੀਮਤ ਹੋ ਗਏ। ਜੇ ਪ੍ਰਕਾਸ਼ ਸਿੰਘ ਬਾਦਲ ਜਾਂ ਸੁਖਬੀਰ ਬਾਦਲ ਨੂੰ ਉਸ ਸਮੇਂ ਐਸ.ਜੀ.ਪੀ.ਸੀ. ਦੇ ਨਾਲੋਂ ਹਰਸਿਮਰਤ ਦੀ ਵਜ਼ੀਰੀ ਲੈਣਾ ਬਿਹਤਰ ਸੀ ਤਾਂ ਅੱਜ ਉਨ੍ਹਾਂ ਦੀ ਬੌਖਲਾਹਟ ਕਿਉਂ ਹੈ। ਸੁਖਬੀਰ ਬਾਦਲ ਜੋ ਭਾਜਪਾ ਦੀ ਭਾਈਵਾਲੀ ਕਰਕੇ ਕੇਂਦਰ ਵਿਚ ਵਜ਼ੀਰ ਰਹਿ ਚੁੱਕਿਆ ਹੈ, ਹੁਣ ਮੈਂਬਰ ਪਾਰਲੀਮੈਂਟ ਹੈ, ਪਹਿਲਾਂ ਲੰਮਾ ਸਮਾਂ ਪੰਜਾਬ ਦਾ ਗ੍ਰਹਿ ਮੰਤਰੀ ਰਹਿ ਚੁੱਕਿਆ ਹੈ ਉਸ ਵੱਲੋਂ ਸਰਵਉੱਚ ਅਦਾਲਤ ਦੇ ਫ਼ੈਸਲੇ 'ਤੇ ਘਟੀਆ ਕਿਸਮ ਦੀਆਂ ਟਿੱਪਣੀਆਂ ਕਰਨੀਆਂ ਵਾਜਬ ਨਹੀਂ ਹਨ। ਅਜੇ ਥੋੜ੍ਹਾ ਸਮਾਂ ਪਹਿਲਾਂ ਹੀ ਅਕਾਲੀ ਦਲ ਨੇ ਰਾਸ਼ਟਰਪਤੀ ਦੀ ਚੋਣ ਵਿਚ ਭਾਜਪਾ ਦੀ ਹਮਾਇਤ ਕੀਤੀ ਹੈ ਅਤੇ ਹੁਣ ਵੀ ਇਸ ਪਾਰਟੀ ਨਾਲ ਮੁੜ ਗੱਠਜੋੜ ਬਣਾਉਣ ਲਈ ਤਰਲੋਮੱਛੀ ਹੋ ਰਹੇ ਹਨ। ਸੁਖਬੀਰ ਬਾਦਲ ਨੂੰ ਹਰਿਆਣੇ ਦੇ ਸਿੱਖ ਆਗੂਆਂ ਨੂੰ ਭਾਜਪਾ ਦੀ ਹਮਾਇਤ ਦਾ ਮਿਹਣਾ ਮਾਰਨ ਤੋਂ ਪਹਿਲਾਂ ਆਪਣਾ ਪਿਛੋਕੜ ਵੇਖ ਲੈਣਾ ਚਾਹੀਦਾ ਹੈ। ਸੌ ਸਾਲ ਪੁਰਾਣੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਰਵਾਇਤਾਂ ਨੂੰ ਮਿੱਟੀ ਚ ਮਿਲਾਉਣ ਤੋਂ ਬਾਅਦ ਸੁਖਬੀਰ ਬਾਦਲ ਲੋਕਾਂ ਨੂੰ ਮੂਰਖ ਬਣਾਉਣ ਲਈ ਕਹਿ ਰਹੇ ਹਨ ਕਿ ਅਕਾਲੀ ਦਲ ਸੌ ਸਾਲ ਪੁਰਾਣੇ ਐਕਟ ਨਾਲ ਛੇੜਛਾੜ ਬਰਦਾਸ਼ਤ ਨਹੀਂ ਕਰੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਪਿੱਛੇ ਨਹੀਂ ਰਹੇ। ਉਨ੍ਹਾਂ ਨੇ ਵੀ ਹਮੇਸ਼ਾਂ ਵਾਂਗ ਐਸੀ ਹੀ ਬਿਆਨਬਾਜ਼ੀ ਕੀਤੀ ਹੈ ਜੋ ਉਨ੍ਹਾਂ ਦੇ ਰੁਤਬੇ ਦੇ ਬਰਾਬਰ ਨਹੀਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਸਰਵਉੱਚ ਅਦਾਲਤ ਦੇ ਫ਼ੈਸਲੇ ਨੂੰ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਦਖ਼ਲ ਕਹਿ ਰਹੇ ਹਨ। ਉਨ੍ਹਾਂ ਕਿਹਾ ਹੈ ਪਹਿਲਾਂ ਕਾਂਗਰਸ ਸਿੱਖ ਮਸਲਿਆਂ ਵਿਚ ਦਖ਼ਲ ਦਿੰਦੀ ਸੀ ਹੁਣ ਭਾਜਪਾ ਵੀ ਉਸੇ ਰਸਤੇ ਚੱਲ ਪਈ ਹੈ। ਉਨ੍ਹਾਂ ਇਹ ਵੀ ਧਮਕੀ ਦਿੱਤੀ ਹੈ ਕਿ ਜੇਕਰ ਧੱਕੇ ਨਾਲ ਗੁਰਦੁਆਰਿਆਂ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ, ਇਸ ਲਈ ਸਰਕਾਰ ਜ਼ਿੰਮੇਵਾਰ ਹੋਵੇਗੀ। ਸਰਵਉੱਚ ਅਦਾਲਤ ਦੇ ਫ਼ੈਸਲੇ ਅਧੀਨ ਗੁਰਦੁਆਰਿਆਂ ਨੂੰ ਹਰਿਆਣਾ ਕਮੇਟੀ ਦੇ ਹਵਾਲੇ ਕਰਨ ਨੂੰ ਉਹ ਧੱਕਾ ਕਹਿ ਰਹੇ ਹਨ। ਸ੍ਰੀ ਧਾਮੀ ਨੇ ਬੁਖਲਾਹਟ ਵਿਚ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਸੁਪਰੀਮ ਕੋਰਟ ਦਾ ਇਹ ਫੈਸਲਾ ਸਾਕਾ ਨੀਲਾ ਤਾਰਾ ਤੋਂ ਵੀ ਵੱਡਾ ਹਮਲਾ ਹੈ ਜੋ ਸਿੱਖ ਪੰਥ ਦੀ ਰੂਹ 'ਤੇ ਕੀਤਾ ਗਿਆ ਹੈ। ਅਜਿਹਾ ਅੰਗਰੇਜ਼ ਵੀ ਨਹੀਂ ਕਰ ਸਕੇ ਸਨ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਸੁਪਰੀਮ ਕੋਰਟ ਦਾ ਫ਼ੈਸਲਾ ਰੱਦ ਕਰਦੀ ਹੈ।

ਇਨ੍ਹਾਂ ਭੜਕਾਊ ਅਤੇ ਬੁਖਲਾਹਟ ਭਰੇ ਬਿਆਨਾਂ ਤੋਂ ਬਾਅਦ ਕੇਂਦਰੀ ਸਿੰਘ ਸਭਾ ਦਾ ਬਿਆਨ ਵੀ ਆਇਆ ਹੈ। ਇੱਕ ਮੀਟਿੰਗ ਵਿਚ ਪ੍ਰਮੁੱਖ ਹਸਤੀਆਂ ਨੇ ਪੰਜਾਬ ਲਈ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਕਰਦਿਆਂ ਹਰਿਆਣਾ ਕਮੇਟੀ ਲਈ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਹਰਿਆਣਾ ਦੀ ਵੱਖਰੀ ਕਮੇਟੀ ਪ੍ਰਕਾਸ਼ ਸਿੰਘ ਬਾਦਲ ਦੀ ਖ਼ੁਦਗਰਜ਼ੀ ਤੇ ਸਿਆਸੀ ਗਿਣਤੀਆਂ-ਮਿਣਤੀਆਂ ਦਾ ਹੀ ਸਿੱਟਾ ਹੈ। ਸ੍ਰੀ ਬਾਦਲ ਦੀ ਖ਼ੁਦਗਰਜ਼ੀ ਕਰਕੇ ਹੀ ਆਲ ਇੰਡੀਆ ਗੁਰਦੁਆਰਾ ਐਕਟ ਨਹੀਂ ਬਣ ਸਕਿਆ। ਕੇਂਦਰੀ ਸਿੰਘ ਸਭਾ ਦੇ ਆਗੂਆਂ ਨੇ ਪੰਜਾਬ ਲਈ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਕੀਤੀ ਹੈ ਤਾਂ ਜੋ ਉਸ ਕਮੇਟੀ ਦੀ ਚੋਣ ਵੀ ਪੰਜਾਬ ਸਰਕਾਰ ਸਮੇਂ ਸਿਰ ਕਰਵਾ ਸਕੇ।

ਅਸਲ ਵਿਚ ਹਰਿਆਣਾ ਕਮੇਟੀ ਬਣਨ ਦਾ ਮੁੱਢ ਵੀ ਪ੍ਰਕਾਸ਼ ਸਿੰਘ ਬਾਦਲ ਦੀ ਹਰਿਆਣੇ ਦੇ ਸਿੱਖਾਂ 'ਤੇ ਹਾਵੀ ਰਹਿਣ ਦੀ ਰਾਜਨੀਤੀ ਤੋਂ ਹੀ ਬੱਝਾ ਸੀ। ਸ੍ਰੀ ਜਗਦੀਸ਼ ਸਿੰਘ ਝੀਂਡਾ ਦੇ ਮੁਤਾਬਕ 1996 ਵਿਚ ਪੰਝੀ ਸਾਲਾਂ ਬਾਅਦ ਐਸ.ਜੀ.ਪੀ.ਸੀ .ਦੀਆਂ ਚੋਣਾਂ ਹੋਣੀਆਂ ਸਨ। ਇਨ੍ਹਾਂ ਚੋਣਾਂ ਵਿਚ ਉਹ ਕਰਨਾਲ ਹਲਕੇ ਤੋਂ ਉਮੀਦਵਾਰ ਸਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸ੍ਰੀ ਬਾਦਲ ਦੇ ਬਹੁਤ ਹੀ ਕਰੀਬੀ ਰਘੂਜੀਤ ਸਿੰਘ ਵਿਰਕ ਉਮੀਦਵਾਰ ਸਨ। ਸ੍ਰੀ ਝੀਂਡਾ ਨੇ ਕਿਹਾ ਹੈ ਕਿ ਉਹ ਜਿੱਤ ਰਹੇ ਸਨ ਜਿਸ ਕਰਕੇ ਦੇਵੀ ਲਾਲ ਦੀ ਮਦਦ ਨਾਲ ਵੱਡੀ ਪੱਧਰ ਤੇ ਹੇਰਾ-ਫੇਰੀ ਕੀਤੀ ਗਈ ਅਤੇ ਉਸ ਨੂੰ ਹਰਾਇਆ ਗਿਆ ਅਤੇ ਇਹ ਕਿਹਾ ਗਿਆ ਕਿ ਹਰਿਆਣੇ ਦੇ ਸਿੱਖਾਂ ਨੂੰ ਪ੍ਰਕਾਸ਼ ਸਿੰਘ ਬਾਦਲ ਦੀ ਅਧੀਨਗੀ ਮੰਨਣੀ ਪਵੇਗੀ। ਉਸ ਮੁਤਾਬਕ ਹਰਿਆਣੇ ਦੇ ਸਿੱਖਾਂ ਨੇ ਉਸ ਦਿਨ ਤੋਂ ਹੀ ਮਨ ਬਣਾ ਲਿਆ ਸੀ ਕਿ ਹਰਿਆਣਾ ਲਈ ਵੱਖਰੀ ਕਮੇਟੀ ਬਣਨੀ ਚਾਹੀਦੀ ਹੈ। ਉਦੋਂ ਤੋਂ ਹੀ ਜਗਦੀਸ਼ ਸਿੰਘ ਝੀਂਡਾ ਇਸ ਮੁਹਿੰਮ ਨੂੰ ਲੈ ਕੇ ਤੁਰੇ ਸਨ। ਹਰਿਆਣਾ ਦੇ ਸਿੱਖ ਆਗੂਆਂ ਦਾ ਦੋਸ਼ ਹੈ ਕਿ ਹਰਿਆਣਾ ਦੇ ਗੁਰਦੁਆਰਿਆਂ ਦੀ ਗੋਲਕ ਦੇ ਪੈਸੇ ਪੰਜਾਬ ਚਲੇ ਜਾਂਦੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣਾ ਵਿਚ ਨਾ ਕੋਈ ਸਕੂਲ, ਕਾਲਜ ਅਤੇ ਨਾ ਹਸਪਤਾਲ ਹੈ। ਸ਼੍ਰੋਮਣੀ ਕਮੇਟੀ ਵਿਚ ਨੌਕਰੀਆਂ ਲਈ ਹਰਿਆਣੇ ਦੇ ਨੌਜਵਾਨਾਂ ਨੂੰ ਕੋਈ ਪਹਿਲ ਨਹੀਂ, ਪੰਜਾਬ ਤੋਂ ਹੀ ਭਰਤੀ ਕੀਤੀ ਜਾਂਦੀ ਹੈ ਜੋ ਹਰਿਆਣਾ ਨਾਲ ਧੱਕਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਪਿਛਲੇ ਲੰਮੇ ਸਮੇਂ ਤੋਂ ਕਈ ਵਿਵਾਦਾਂ ਵਿਚ ਘਿਰੀ ਹੋਈ ਹੈ। ਸੰਨ 1984 ਵਿਚ ਦਰਬਾਰ ਸਾਹਿਬ ਕੰਪਲੈਕਸ ਨੂੰ ਅਸਲਾ ਖਾਨਾ ਬਣਨ ਦੇਣਾ ਅਤੇ ਉੱਥੇ ਗੈਰ ਸਮਾਜੀ ਕੰਮਾਂ ਬਾਰੇ ਚੁੱਪ ਵੱਟਣੀ ਜਿਸ ਦਾ ਸਿੱਟਾ ਬਾਅਦ ਵਿਚ ਅਪਰੇਸ਼ਨ ਨੀਲਾ ਤਾਰਾ ਅਤੇ ਬਲੈਕ ਥੰਡਰ ਨਿਕਲਿਆ, ਇਹ ਕਿਸ ਦੀ ਗ਼ੈਰ ਜ਼ਿੰਮੇਵਾਰੀ ਕਰਕੇ ਵਾਪਰਿਆ? ਇਸ ਬਾਰੇ ਉਦੋਂ ਤੋਂ ਲੈ ਕੇ ਹੁਣ ਤਕ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਚੁੱਪ ਹਨ ਜਦ ਕਿ ਲੋਕ ਇਨ੍ਹਾਂ ਦੋਹਾਂ ਨੂੰ ਦੋਸ਼ੀ ਕਰਾਰ ਦਿੰਦੇ ਹਨ। ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਵੱਲੋਂ ਇਹ ਸਵੀਕਾਰ ਕਰਨਾ ਕਿ ਇੰਦਰਾ ਗਾਂਧੀ ਦਰਬਾਰ ਸਾਹਿਬ ਤੇ ਹਮਲਾ ਨਹੀਂ ਸੀ ਕਰਨਾ ਚਾਹੁੰਦੀ, ਅਸੀਂ ਦਬਾਅ ਪਾ ਕੇ ਕਰਵਾਇਆ। ਇਸ ਤੋਂ ਬਾਅਦ ਵੀ ਅਕਾਲੀ ਦਲ ਨੇ ਭਾਜਪਾ ਦਾ ਲੜ ਕਿਉਂ ਫੜ ਛੱਡਿਆ ਅਤੇ ਹੁਣ ਵੀ ਉਨ੍ਹਾਂ ਦੇ ਨਾਲ ਸਮਝੌਤਾ ਕਰਨ ਨੂੰ ਤਿਆਰ ਬੈਠੇ ਹਨ। ਹੁਣ ਸਭ ਤੋਂ ਗੰਭੀਰ ਦੋਸ਼ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪ ਗਾਇਬ ਹਨ ਜਿਨ੍ਹਾਂ ਬਾਰੇ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੋਵੇਂ ਚੁੱਪ ਹਨ। ਅਪਰੇਸ਼ਨ ਨੀਲਾ ਤਾਰਾ ਸਮੇਂ ਜੋ ਸਮਾਨ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਮਿਲਟਰੀ ਲੈ ਗਈ ਸੀ ਉਸ ਨੂੰ ਵਾਪਸ ਕਰ ਦਿੱਤਾ ਗਿਆ ਸੀ ਜਿਸ ਦੀ ਪਹਿਲੀ ਕਿਸ਼ਤ 29 ਸਤੰਬਰ 1984 ਨੂੰ ਸ਼੍ਰੋਮਣੀ ਕਮੇਟੀ ਨੇ ਪ੍ਰਾਪਤ ਕਰ ਲਈ ਸੀ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਲੰਮਾਂ ਸਮਾਂ ਸੰਗਤ ਨੂੰ ਇਸ ਮੁੱਦੇ 'ਤੇ ਗੁੰਮਰਾਹ ਕਰਦੇ ਰਹੇ ਕਿ ਕੇਂਦਰ ਸਰਕਾਰ ਸਿੱਖਾਂ ਦੇ ਵਿਰੋਧੀ ਹੈ ਅਤੇ ਸਿੱਖਾਂ ਦਾ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਲਿਜਾਇਆ ਸਮਾਨ ਵਾਪਸ ਨਹੀਂ ਕਰ ਰਹੀ। 6 ਜੂਨ 2019 ਨੂੰ ਸੁਖਬੀਰ ਬਾਦਲ ਫਿਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਸਮਾਨ ਦੀ ਪ੍ਰਾਪਤੀ ਲਈ ਮਿਲਣ ਦਾ ਖੇਖਣ ਕਰਕੇ ਆਏ। ਗ੍ਰਹਿ ਮੰਤਰੀ ਵੱਲੋਂ ਇਸ ਸਮਾਨ ਦੀ ਲਿਸਟ ਮੰਗਣਤੇ ਸੁਖਬੀਰ ਬਾਦਲ ਕਪੜੇ ਝਾੜ ਕੇ ਵਾਪਸ ਆ ਗਏ। ਕੇਂਦਰ ਸਰਕਾਰ ਵੱਲੋਂ ਸਮਾਨ ਵਾਪਸੀ ਦੀਆਂ ਲਿਸਟਾਂ, ਰਸੀਦਾਂ ਅਤੇ ਪ੍ਰਾਪਤ ਕਰਤਾ ਦੇ ਨਾਂ ਜਨਤਕ ਕਰ ਦਿੱਤੇ ਗਏ। ਇਹ ਸਾਰਾ ਸਾਮਾਨ ਸ਼੍ਰੋਮਣੀ ਕਮੇਟੀ ਨੂੰ 28 ਦਸੰਬਰ 1990 ਤਕ ਸੱਤ ਕਿਸ਼ਤਾਂ ਵਿਚ ਮਿਲ ਚੁੱਕਾ ਸੀ, ਲੇਕਿਨ ਸਾਲ 2019 ਤੱਕ ਇਹ ਭੇਦ ਗੁਪਤ ਹੀ ਰੱਖਿਆ ਗਿਆ ਅਤੇ ਸਿੱਖ ਪੰਥ ਨੂੰ ਗੁੰਮਰਾਹ ਕੀਤਾ ਗਿਆ। ਪਿਛਲੇ ਸਮੇਂ ਵਿਚ ਸਰਾਵਾਂ ਦੀ ਉਸਾਰੀ, ਅਖੰਡ ਪਾਠਾਂ ਦੀ ਬੁਕਿੰਗ, ਸਰਾਵਾਂ ਵਿਚ ਕਮਰੇ ਅਲਾਟ ਕਰਨ, ਐਸ ਜੀ ਪੀ ਸੀ ਦੇ ਆਗੂਆਂ ਵੱਲੋਂ ਵਰਤਿਆ ਪੈਟ੍ਰੋਲ, ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾਂਦੇ ਸਕੂਲਾਂ, ਹਸਪਤਾਲਾਂ ਅਤੇ ਕਮੇਟੀ ਵਿਚ ਕਰਮਚਾਰੀਆਂ ਦੀਆਂ ਨਿਯੁਕਤੀਆਂ, ਲੰਗਰ, ਗੁਰਬਾਣੀ ਦਾ ਪ੍ਰਸਾਰਣ ਪੀਟੀਸੀ ਤੋਂ ਇਲਾਵਾ ਹੋਰ ਚੈਨਲਾਂ ਨੂੰ ਦੇਣ ਬਾਰੇ ਅਤੇ ਹੋਰ ਨਿੱਤ ਨਵੇਂ ਵਿਵਾਦ ਉੱਠਦੇ ਰਹੇ ਹਨ। ਇਨ੍ਹਾਂ ਸਾਰੇ ਵਿਵਾਦਾਂ ਬਾਰੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਨੇਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕਿਉਂ ਚੁੱਪ ਰਹੇ ਹਨ ਅਤੇ ਹੁਣ ਵੀ ਸੁਖਬੀਰ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਚੁੱਪ ਹਨ। ਕੀ ਇਹ ਵਿਵਾਦ ਸਿੱਖ ਪੰਥ ਦੀ ਰੂਹ 'ਤੇ ਹਮਲਾ ਨਹੀਂ ਹਨ? ਕੀ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੂੰ ਚੰਡੀਗੜ੍ਹ ਇੱਕ ਕੋਠੀ ਵਿਚ ਸੱਦ ਕੇ ਸਿਰਸਾ ਮੁਖੀ ਰਾਮ ਰਹੀਮ ਨੂੰ ਮੁਆਫ਼ ਕਰਨ ਲਈ ਹੁਕਮ ਕਰਨ ਨਾਲ ਸਿੱਖ ਪੰਥ ਦੀ 'ਰੂਹ' ਨੂੰ ਸੱਟ ਨਹੀਂ ਲੱਗੀ ਸੀ ਅਤੇ ਇਹ ਪੰਥ ਵਿਚ ਫੁੱਟ ਪਾਉਣ ਵਾਲਾ ਕਾਰਨਾਮਾ ਨਹੀਂ ਸੀ? ਮੀਡੀਆ ਵਿਚ ਇਹ ਵੀ ਖ਼ਬਰਾਂ ਛਪਦੀਆਂ ਰਹੀਆਂ ਹਨ ਕਿ ਕੁਝ ਪਵਿੱਤਰ ਗ੍ਰੰਥ ਵਿਦੇਸ਼ ਵਿਚ ਕਰੋੜਾਂ ਰੁਪਏ/ਪੌਂਡਾਂ ਵਿਚ ਵੇਚੇ ਗਏ ਸਨ। ਜਿਨ੍ਹਾਂ ਬਾਰੇ ਅੱਜ ਤਕ ਨਾ ਜਾਂਚ ਹੋਈ ਹੈ ਅਤੇ ਨਾ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਮੂੰਹ ਖੋਲ੍ਹਿਆ ਹੈ।

ਸ਼੍ਰੋਮਣੀ ਅਕਾਲੀ ਦਲ 'ਤੇ ਲਗਾਤਾਰ ਇਹ ਦੋਸ਼ ਲੱਗਦੇ ਰਹੇ ਹਨ ਤੇ ਹੁਣ ਵੀ ਲੱਗ ਰਹੇ ਹਨ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਕਾਰਜ ਸ਼ੈਲੀ ਵਿਚ ਦਖ਼ਲ ਦੇ ਕੇ ਅਤੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਰਾਜਨੀਤੀ ਲਈ ਵਰਤਦਿਆਂ, ਗੋਲਕ ਦਾ ਪੈਸਾ ਰਾਜਨੀਤੀ ਲਈ ਵਰਤ ਕੇ ਪੰਥ ਨੂੰ ਖੇਰੂੰ ਖੇਰੂੰ ਕਰਨ ਦਾ ਖ਼ੁਦ ਹੀ ਕੰਮ ਕੀਤਾ ਹੈ। ਅਕਾਲੀ ਭਾਜਪਾ ਸਰਕਾਰ ਸਮੇਂ ਜਦ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਅਤੇ ਸੁਖਬੀਰ ਸਿੰਘ ਬਾਦਲ ਗ੍ਰਹਿ ਮੰਤਰੀ ਸਨ, ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਫੌਰੀ ਤੌਰ ਤੇ ਨਾ ਫੜਨਾ, ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਗੋਲੀ ਕਾਂਡ ਵਾਪਰਨੇ ਕੀ ਇਸ ਦੀ ਜ਼ਿੰਮੇਵਾਰੀ ਅਕਾਲੀ ਭਾਜਪਾ ਸਰਕਾਰ 'ਤੇ ਨਹੀਂ ਸੀ? ਹਰਿਆਣਾ ਗੁਰਦੁਆਰਾ ਕਮੇਟੀ ਤੋਂ ਇਲਾਵਾ ਜੋ ਉਪਰੋਕਤ ਅਤੇ ਹੋਰ ਬਹੁਤ ਸਾਰੇ ਵਿਵਾਦਤ ਮੁੱਦੇ ਜਿਨ੍ਹਾਂ ਕਰਕੇ ਸ਼੍ਰੋਮਣੀ ਕਮੇਟੀ ਦੇ ਵੱਕਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਾਣ ਸਨਮਾਨ ਅਤੇ ਸਰਵਉੱਚਤਾ ਨੂੰ ਢਾਹ ਲੱਗੀ ਹੈ ਉਨ੍ਹਾਂ ਦਾ ਜ਼ਿੰਮੇਵਾਰ ਕੌਣ ਹੈ?

ਸਾਲ 2014 ਵਿਚ ਜਦੋਂ ਹਰਿਆਣਾ ਵਿਧਾਨ ਸਭਾ ਨੇ ਵੱਖਰੀ ਗੁਰਦੁਆਰਾ ਕਮੇਟੀ ਦਾ ਬਿੱਲ ਪਾਸ ਕੀਤਾ ਸੀ ਤਾਂ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਉਦੋਂ ਵੀ ਕਾਫ਼ੀ ਵਾਵੇਲਾ ਕੀਤਾ ਸੀ, ਜਿਸ ਤੋਂ ਬਾਅਦ ਕਈ ਕਾਨੂੰਨੀ ਮਾਹਿਰਾਂ ਨੇ ਟਿੱਪਣੀਆਂ ਕੀਤੀਆਂ ਸਨ। ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਸ. ਕੁਲਦੀਪ ਸਿੰਘ ਨੇ ਕਿਹਾ ਸੀ ਕਿ ਵੱਖਰੀ ਸਿੱਖ ਗੁਰਦੁਆਰਾ ਕਮੇਟੀ ਬਣਾਉਣਾ ਹਰਿਆਣਾ ਦਾ ਅਧਿਕਾਰ ਹੈ। ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 72 ਤਹਿਤ ਸੂਬੇ ਦੀ ਹੱਦ ਅੰਦਰ ਸਥਿਤ ਗੁਰਦੁਆਰਿਆਂ ਦੀ ਸਾਂਭ ਸੰਭਾਲ ਅਤੇ ਪ੍ਰਬੰਧ ਵਾਸਤੇ ਹਰਿਆਣਾ ਵਿਧਾਨ ਸਭਾ ਵੱਖਰੀ ਕਮੇਟੀ/ਬੋਰਡ ਬਣਾ ਸਕਦੀ ਹੈ। ਉਨ੍ਹਾਂ ਅਨੁਸਾਰ ਪਾਰਲੀਮੈਂਟ ਦੇ ਦਖ਼ਲ ਦੀ ਉਦੋਂ ਲੋੜ ਪੈਂਦੀ ਹੈ, ਜੇ ਰਾਜ ਦੀ ਹੱਦ ਤੋਂ ਬਾਹਰ ਜਾ ਕੇ ਪ੍ਰਬੰਧ ਲਈ ਕਾਨੂੰਨ ਬਣਾਉਣਾ ਹੋਵੇ।

ਉਨ੍ਹਾਂ ਅਨੁਸਾਰ ਹਰਿਆਣਾ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਛੱਡ ਕੇ ਕਰਮਵਾਰ ਕੁਰੁਕਸ਼ੇਤਰ ਯੂਨੀਵਰਸਿਟੀ ਅਤੇ ਖੇਤੀਬਾੜੀ ਯੂਨੀਵਰਸਿਟੀ ਹਿਸਾਰ ਬਣਾ ਲਈ ਸੀ, ਇਵੇਂ ਹੀ ਗੁਰਦੁਆਰਾ ਕਮੇਟੀ ਵੀ ਕਾਨੂੰਨੀ ਤੌਰ 'ਤੇ ਬਣਾਈ ਜਾ ਸਕਦੀ ਹੈ। ਸਾਬਕਾ ਐਡਵੋਕੇਟ ਜਨਰਲ ਅਤੇ ਪ੍ਰਸਿੱਧ ਕਾਨੂੰਨਦਾਨ ਸ. ਜੋਗਿੰਦਰ ਸਿੰਘ ਵਾਸੂ, ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਅਤੇ ਉੱਘੇ ਵਕੀਲ ਮਨਜੀਤ ਸਿੰਘ ਖਹਿਰਾ, ਇਕ ਹੋਰ ਸਾਬਕਾ ਐਡਵੋਕੇਟ ਜਨਰਲ ਗੁਰਚਰਨ ਸਿੰਘ, ਉੱਘੇ ਵਕੀਲ ਹਰਵਿੰਦਰ ਸਿੰਘ ਫੂਲਕਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੇ ਸਾਬਕਾ ਮੁਖੀ ਕਸ਼ਮੀਰ ਸਿੰਘ ਅਨੁਸਾਰ ਪੰਜਾਬ ਪੁਨਰਗਠਨ ਐਕਟ 1966 ਅਨੁਸਾਰ ਹਰਿਆਣਾ ਨੂੰ ਇਹ ਕਮੇਟੀ ਬਣਾਉਣ ਦਾ ਕਾਨੂੰਨੀ ਅਧਿਕਾਰ ਹੈ। ਸੁਪਰੀਮ ਕੋਰਟ ਦੇ ਮੌਜੂਦਾ ਫ਼ੈਸਲੇ ਨਾਲ ਇਹ ਟਿੱਪਣੀਆਂ ਸਹੀ ਸਾਬਤ ਹੋਈਆਂ ਹਨ।

ਅਸਲ ਵਿਚ ਜਿਨ੍ਹਾਂ ਮੁੱਦਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ, ਨਾ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਜਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦਿੱਤਾ ਹੈ ਅਤੇ ਨਾ ਹੀ ਇਨ੍ਹਾਂ ਤੋਂ ਉਮੀਦ ਕੀਤੀ ਜਾ ਸਕਦੀ ਹੈ। ਇਸੇ ਕਰਕੇ ਸਿੱਖ ਪੰਥ ਨੂੰ ਅਸਲ ਖ਼ਤਰਾ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਉਕਤ ਲੀਡਰਾਂ ਤੋਂ ਹੀ ਹੈ। ਅੱਜ ਦੁਨੀਆਂ ਭਰ ਵਿਚ ਮਨੁੱਖਤਾ ਨੂੰ ਵੀ ਗੰਭੀਰ ਖ਼ਤਰਾ ਦਰਪੇਸ਼ ਹੈ। ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ੇ, ਗੁੰਡਾਗਰਦੀ ਤੇ ਲੋਕਾਂ ਦੀ ਸੁਰੱਖਿਆ ਆਦਿ ਤੋਂ ਇਲਾਵਾ ਹੋਰ ਬਹੁਤ ਸਾਰੇ ਸਾਂਝੇ ਮੁੱਦੇ ਸਾਡਾ ਧਿਆਨ ਮੰਗਦੇ ਹਨ। ਦੁਨੀਆਂ ਭਰ ਵਿਚ ਵਾਤਾਵਰਨ ਦਾ ਮੁੱਦਾ ਅੱਜ ਇਕ ਬੜਾ ਵੱਡਾ ਚੈਲੰਜ ਹੈ।

(ਬਾਕੀ ਅਗਲੇ ਸਫੇ 'ਤੇ)

# ਬੁਰਕੇ ਵਾਲ਼ੇ ਲੁਟੇਰਿਆਂ ਦੀ ਬਾਤ ਪਾਉਂਦੀ ਗੁਰਚਰਨ ਸੱਗੂ ਦੀ ਪੁਸਤਕ 'ਵੇਖਿਆ ਸ਼ਹਿਰ ਬੰਬਈ'

ਸ਼ਿਵਚਰਨ ਜੱਗੀ ਕੁੱਸਾ
ਫੋਨ: 44 78533-17891

## ਪੁਸਤਕ ਚਰਚਾ




ਜਦੋਂ ਮੈਂ ਗੁਰਚਰਨ ਸੱਗੂ ਦੀ ਸਵੈ-ਜੀਵਨੀ 'ਵੇਖਿਆ ਸ਼ਹਿਰ ਬੰਬਈ' ਪੜ੍ਹਨ ਲੱਗਿਆ ਤਾਂ ਮੈਨੂੰ ਮਹਿਸੂਸ ਹੋਇਆ ਕਿ ਮੈਂ ਆਸਟਰੀਆ ਦੇ ਜੰਮਪਲ ਅਤੇ ਪਿੱਛੋਂ ਜਰਮਨੀ ਦੇ ਬਣੇ ਤਾਨਾਸ਼ਾਹ ਆਡੋਲਫ਼ ਹਿਟਲਰ ਦੀ ਸਵੈ-ਜੀਵਨੀ 'ਮੇਰੀ ਜੰਗ' ਪੜ੍ਹ ਰਿਹਾ ਹਾਂ। ਚਾਹੇ ਮੈਂ ਹਿਟਲਰ ਦੀਆਂ ਦਲੀਲਾਂ ਨਾਲ਼ ਅੱਸੀ ਪ੍ਰਤੀਸ਼ਤ ਸਹਿਮਤ ਨਹੀਂ, ਪਰ ਉਸ ਦੀਆਂ ਕੁਝ ਦਲੀਲਾਂ ਝੁਠਲਾਈਆਂ ਵੀ ਨਹੀਂ ਜਾ ਸਕਦੀਆਂ। ਓਸ਼ੋ ਰਜ਼ਨੀਸ਼ ਦੀਆਂ ਦਲੀਲਾਂ ਨਾਲ਼ ਵੀ ਮੇਰੀ ਬਹੁਤੀ ਸਹਿਮਤੀ ਨਹੀਂ ਰਹੀ। ਪਰ ਇਨ੍ਹਾਂ ਦੀ ਜੱਦੋ-ਜਹਿਦ ਨੂੰ ਕੋਈ ਅੱਖੋਂ-ਪਰੋਖੇ ਨਹੀਂ ਕਰ ਸਕਦਾ ਕਿ ਉਹ ਕਿੱਥੋਂ ਕਿੱਥੇ ਅੱਪੜੇ। ਕੋਈ ਵੀਰ ਕਿਸੇ ਭੁਲੇਖੇ ਜਾਂ ਗਲਤਫ਼ਹਿਮੀ ਦਾ ਸ਼ਿਕਾਰ ਨਾ ਹੋ ਜਾਵੇ, ਮੈਂ ਗੁਰਚਰਨ ਸੱਗੂ ਦੀ ਵਿਅਕਤੀਤਵ ਤੌਰ 'ਤੇ ਆਡੋਲਫ਼ ਹਿਟਲਰ ਜਾਂ ਓਸ਼ੋ ਰਜ਼ਨੀਸ਼ ਨਾਲ਼ ਤੁਲਨਾ ਨਹੀਂ ਕਰ ਰਿਹਾ, ਸਗੋਂ ਮੈਂ ਸਿਰਫ਼ ਰਚਨਾ ਦੀ ਸਮਾਨਤਾ ਦੀ ਗੱਲ ਕਰ ਰਿਹਾ ਹਾਂ।

ਹਾਸੇ ਅਤੇ ਹਾਦਸੇ ਦਾ ਨਾਂ ਹੀ ਜ਼ਿੰਦਗੀ ਹੈ। ਬੰਦਾ ਜਨਮ ਤੋਂ ਲੈ ਕੇ ਮਰਨ ਤੱਕ ਮੁਸ਼ਕਲਾਂ ਨਾਲ਼ ਛਿੱਤਰੋ-ਛਿੱਤਰੀ ਹੁੰਦਾ ਰਹਿੰਦਾ ਹੈ। ਮਿਹਨਤ ਅਤੇ ਜੱਦੋ-ਜਹਿਦ ਸਾਡੀ ਜ਼ਿੰਦਗੀ ਦੇ ਅਜੀਬ ਅਤੇ ਅਟੁੱਟ ਪਹਿਲੂ ਹਨ। ਤਾਂਤੀਆ ਤੋਪੇ ਅਤੇ ਵਿਲੀਅਮ ਟੈੱਲ ਕਿਸੇ ਹਥਿਆਰ ਕਰ ਕੇ ਮਸ਼ਹੂਰ ਨਹੀਂ ਸਨ, ਦੁਨੀਆ ਉਨ੍ਹਾਂ ਦੇ ਅਚੁੱਕ ਨਿਸ਼ਾਨੇ ਕਰ ਕੇ ਉਨ੍ਹਾਂ ਨੂੰ ਹੀਰੋ ਮੰਨਦੀ ਸੀ। ਹਰ ਬੰਦੇ ਅੱਗੇ ਵੀ ਕੋਈ ਨਾ ਕੋਈ ਨਿਸ਼ਾਨਾ ਹੁੰਦਾ ਹੈ, ਪਰ ਇਸ ਵਿਚੋਂ ਬਹੁਤ ਵਾਰ ਸਾਨੂੰ ਨਮੋਸ਼ੀ ਜਾਂ ਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਦੁੱਖ ਉਸ ਵੇਲ਼ੇ ਲੱਗਦਾ ਹੈ, ਜਦ ਸ਼ੇਰਾਂ ਦੀਆਂ 'ਮਾਰਾਂ' ਉਪਰ ਗਿੱਦੜ 'ਕਲੋਲਾਂ' ਕਰਦੇ ਹਨ ਅਤੇ ਦੋ ਬਿੱਲੀਆਂ ਸੰਨ੍ਹ ਬਾਂਦਰ ਜੱਜ ਬਣਿਆ ਬੈਠਾ ਹੁੰਦਾ ਹੈ, ਜਿਸ ਨੇ ਆਪਣੇ ਹਿਸਾਬ ਨਾਲ਼ 'ਨਿਆਂ' ਕਰਨਾ ਹੁੰਦਾ ਹੈ। ਕਿਤਾਬ ਪੜ੍ਹਦਿਆਂ ਠੀਕ ਉਹੀ ਹਾਲਤ ਬਹੁਤ ਵਾਰੀ ਮੈਨੂੰ ਗੁਰਚਰਨ ਸੱਗੂ ਦੀ ਲੱਗੀ। ਬੰਬਈ ਬੈਠੇ ਬਾਂਦਰ ਵਾਰ-ਵਾਰ ਉਸ ਦੀ ਰੋਟੀ ਨੂੰ 'ਬੁਰਕ' ਮਾਰਦੇ ਹਨ, ਪਰ ਸੱਗੂ ਬੇਵੱਸ ਹੋਇਆ ਉਨ੍ਹਾਂ ਵੱਲ ਤੱਕਦਾ ਰਹਿੰਦਾ ਹੈ, ਅਤੇ ਬਲੀ ਦਾ ਬੱਕਰਾ ਬਣਨ ਲਈ ਖ਼ੁਦ ਉਨ੍ਹਾਂ ਦੇ ਦਰਵਾਜੇ 'ਤੇ ਦਸਤਕਾਂ ਦਿੰਦਾ ਹੈ। ਇਹ ਉਸ ਦਾ ਸ਼ੌਕ ਨਹੀਂ, ਇੱਕ ਲਾਚਾਰੀ, ਬੇਵੱਸੀ ਅਤੇ ਮਜਬੂਰੀ ਹੈ! ਇਸ ਮਜਬੂਰੀ ਨੂੰ ਬੰਬਈ ਦੇ ਲੰਡੇ ਲੂੰਬੜ ਬੜੀ ਭਲੀ-ਭਾਂਤ ਸਮਝਦੇ ਹਨ ਅਤੇ ਬੜੀ ਹਸਰਤ, ਬੜੀ ਰੀਝ ਨਾਲ਼ 'ਹਲਾਲ' ਕਰਦੇ ਹਨ। ਇਹ ਦੁਖਾਂਤ ਇਕੱਲੇ ਸੱਗੂ ਦਾ ਹੀ ਨਹੀਂ, ਲੰਡਨ ਵਸਦੇ ਜੋਸ਼ੀ ਵਰਗੇ ਹੋਰ ਬਹੁਤ ਪ੍ਰੋਡਿਊਸਰਾਂ ਦਾ ਹਾਲ ਵੀ ਇਹੋ ਜਿਹਾ ਹੀ ਸੀ।

ਐੱਫ. ਡੀ. ਰੂਜ਼ਵੈੱਲਟ ਕਹਿੰਦਾ ਹੈ ਕਿ ਮਾਨਵੀ ਜੀਵਨ ਦੀਆਂ ਘਟਨਾਵਾਂ ਦਾ ਇੱਕ ਰਹੱਸ-ਪੂਰਨ ਗੇੜ ਹੈ। ਕੁਝ ਨਸਲਾਂ ਨੂੰ ਬਹੁਤ ਕੁਝ ਮਿਲ਼ ਜਾਂਦਾ ਹੈ, ਅਤੇ ਕੁਝ ਨਸਲਾਂ ਤੋਂ ਬਹੁਤ ਆਸ ਕੀਤੀ ਜਾਂਦੀ ਹੈ। ਬਰਟਰਾਂਡ ਰਸਲ ਦਾ ਇਸ ਤੋਂ ਵੱਖ ਕਥਨ ਹੈ ਕਿ ਇਹ ਬੌਧਿਕਤਾ ਹੀ ਹੈ, ਜੋ ਸਿਆਣਪ ਪ੍ਰਦਾਨ ਕਰਦੀ ਹੈ, ਸ਼ਾਇਦ ਇਸੇ ਕਾਰਨ ਮੈਂ ਭਾਵਨਾ ਨਾਲ਼ੋਂ ਬੁੱਧੀ ਦੀ ਵਧੇਰੇ ਕਦਰ ਕਰਦਾ ਹਾਂ। ਪਰ ਜੋ ਖ਼ੂਨ ਸਫ਼ੈਦ ਹੋਣ ਦੀ ਗੱਲ ਹੈ, ਉਹ ਸਿਰਫ਼ ਸਾਡੇ ਹੀ ਬਜ਼ੁਰਗਾਂ ਨੇ ਕਹੀ ਹੈ। ਖ਼ੂਨ ਸਫ਼ੈਦ ਹੁੰਦਾ ਤਾਂ ਮੈਂ ਖ਼ੁਦ ਵੀ ਬਹੁਤ ਵਾਰ ਅੱਖੀਂ ਦੇਖਿਆ ਅਤੇ ਹੱਡੀਂ ਹੰਢਾਇਆ ਹੈ। ਕਈ ਅਖਾਉਤੀ 'ਨੇਕ ਨੀਅਤਾਂ' ਮੈਂ 'ਬਦਨੀਤ' ਅਤੇ 'ਬੇਈਮਾਨ' ਹੁੰਦੀਆਂ ਵੀ ਪ੍ਰਤੱਖ ਅੱਖੀਂ ਦੇਖੀਆਂ ਹਨ। ਪਰ ਗੁਰਚਰਨ ਸੱਗੂ ਨਾਲ਼ ਵੀ ਘੱਟ ਨਹੀਂ ਬੀਤੀ। ਉਹ ਵੀ ਅਖੀਰ ਮੱਛੀ ਵਾਂਗ ਪੱਥਰ ਚੱਟ ਕੇ ਮੁੜਿਆ। ਜਿਵੇਂ ਸਿਆਣੇ ਕਹਿੰਦੇ ਹਨ, 'ਪਰ ਹੱਥੀਂ ਵਣਜ ਸੁਨੇਹੀਂ ਖੇਤੀ, ਕਦੇ ਨਾ ਹੁੰਦੇ ਬੱਤੀਆਂ ਤੋਂ ਤੇਤੀ।' ਜਦ ਸੱਗੂ ਨੇ ਆਪਣੀ ਫ਼ਿਲਮ ਦੀ ਡੋਰ ਆਪਣੇ ਸਕੇ ਭਾਣਜੇ ਦੇ ਹੱਥੀਂ ਪਰੋਸ ਦਿੱਤੀ, ਉਸ ਨੇ ਫ਼ਿਰ ਕੀ-ਕੀ ਤਾਰੇ ਵਿਖਾਏ, ਕਿਤਾਬ 'ਵੇਖਿਆ ਸ਼ਹਿਰ ਬੰਬਈ' ਪੜ੍ਹ ਕੇ ਹੀ ਪਤਾ ਲੱਗਦਾ ਹੈ। ਇਹ ਬਿਰਤਾਂਤ ਪੜ੍ਹ ਕੇ ਬੰਦੇ ਨੂੰ ਮਹਿਸੂਸ ਹੁੰਦਾ ਹੈ ਕਿ ਆਪਦਾ ਮਾਰੂ, ਛਾਂਵੇਂ ਸਿੱਟੂ ਵਾਲ਼ਾ ਕਥਨ ਬਕਵਾਸ ਅਤੇ ਸਰਾਸਰ ਝੂਠ ਹੈ! ਗਰਜਾਂ ਦੇ ਗ਼ੁਲਾਮ ਤੁਹਾਡੇ ਆਪਦੇ ਤਾਂ ਬਿਗਾਨਿਆਂ ਨਾਲ਼ੋਂ ਵੀ ਵੱਧ ਕਪਟ ਅਤੇ ਬੇਈਮਾਨੀ ਕਰ ਕੇ ਪਿੱਠ ਵਿਚ ਛੁਰਾ ਮਾਰਦੇ ਨੇ!

ਪਿੰਡਾਂ ਵਿਚ ਇੱਕ ਆਮ ਕਹਾਵਤ ਸੁਣੀਂ ਜਾਂਦੀ ਹੈ ਕਿ ਜਦ ਉਖਲ਼ੀ 'ਚ ਸਿਰ ਦੇ ਹੀ ਦਿੱਤਾ, ਤਾਂ ਸੱਟਾਂ ਦਾ ਕੀ ਡਰ? ਇਹੀ ਕੁਛ ਗੁਰਚਰਨ ਸੱਗੂ ਨਾਲ਼ ਫ਼ਿਲਮ ਇੰਡਸਟਰੀ ਵਿਚ ਵਾਰ-ਵਾਰ ਹੁੰਦਾ ਹੈ। ਪਰ ਉਹ ਸੱਟਾਂ ਤੋਂ ਨਹੀਂ ਡਰਦਾ, ਸਗੋਂ 'ਸਾਊ ਸੱਗੂ' ਬਣ ਕੇ ਆਪਣਾ ਸਿਰ ਮੁੜ-ਮੁੜ ਮੂੰਗਲ਼ਿਆਂ ਹੇਠ ਦੇਈ ਜਾਂਦਾ, ਸੱਟਾਂ ਖਾਈ ਅਤੇ ਜਰੀ ਜਾਂਦਾ ਹੈ। ਸੱਟਾਂ ਖਾਣ ਲਈ ਬਹੁਤ ਵੱਡਾ ਜਿਗਰਾ ਚਾਹੀਦਾ ਹੈ ਅਤੇ ਉਹ ਗੁਰਚਰਨ ਸੱਗੂ ਕੋਲ਼ ਬੜਾ ਵਿਸ਼ਾਲ ਹੈ, ਕਿਉਂਕਿ ਜਦ ਉਸ ਦੇ ਬੇਟੇ ਦਾ ਕਾਰ ਹਾਦਸਾ ਹੋ ਜਾਂਦਾ ਹੈ, ਪਤਨੀ ਰਾਣੀ ਦੇ ਰੋਣ ਕੁਰਲਾਉਣ ਦੇ ਬਾਵਜੂਦ ਵੀ ਉਹ ਪੱਥਰ ਬਣਿਆ ਸੁਣਦਾ ਅਤੇ ਪਿੰਡੇ 'ਤੇ ਹੰਢਾਉਂਦਾ ਰਹਿੰਦਾ ਹੈ। ਬੇਟੇ ਅਤੇ ਫ਼ਿਲਮ ਦੀ ਚਿੰਤਾ ਵਿਚ ਉਹ ਕਦੇ ਬੰਬਈ ਅਤੇ ਕਦੇ ਲੰਡਨ, ਊਰੀ ਵਾਂਗ ਘੁੰਮਦਾ ਰਹਿੰਦਾ ਹੈ। ਇਸ ਦਾ ਕਾਰਨ ਉਸ ਦੀ ਅਣਗਹਿਲੀ ਜਾਂ ਬੇਪ੍ਰਵਾਹੀ ਕਦਾਚਿੱਤ ਨਹੀਂ, ਬੰਬਈ ਇੰਡਸਟਰੀ ਦੇ ਘੁਲਾੜ੍ਹੇ ਵਿਚ ਆਈ ਬਾਂਹ ਹੈ, ਜਿਸ ਨੂੰ ਉਹ ਪਿੱਛੇ ਨਹੀਂ ਖਿੱਚ ਸਕਦਾ। ਉਸ ਦੀ ਹਾਲਤ ਸੱਪ ਦੇ ਮੂੰਹ ਆਈ ਕੋਹੜ ਕਿਰਲ਼ੀ ਵਰਗੀ ਹੁੰਦੀ ਹੈ, ਜੇ ਖਾਂਦੈ ਤਾਂ ਕੋਹੜ੍ਹੀ, ਜੇ ਛੱਡਦੈ ਤਾਂ ਕਲੰਕੀ! ਗੱਲਾਂ ਕਹਿਣੀਆਂ ਬਹੁਤ ਸੌਖੀਆਂ ਨੇ, ਪਰ ਪਤਾ ਉਸ ਵਕਤ ਲੱਗਦਾ ਹੈ, ਜਦ ਹਿੱਕ ਡਾਹ ਕੇ ਤੋੜ ਨਿਭਾਉਣੀਆਂ ਪੈਂਦੀਆਂ ਨੇ। ਉਸ ਘਾਤਕ ਮੈਦਾਨ ਵਿਚ ਜਾਂ ਤਾਂ ਕੋਈ ਸਿਰੜੀ ਸੂਰਮਾਂ ਅਤੇ ਜਾਂ ਕੋਈ ਮੂਰਖ ਹੀ ਅੜਿਆ ਰਹਿ ਸਕਦਾ ਹੈ।

ਜਿਵੇਂ ਕਿ ਗਧੇ ਵਾਲ਼ਾ ਸਾਰਾ ਕਰਜ਼ਾਈ, ਤੇ ਬੋਤੇ ਵਾਲ਼ਾ ਅੱਧਾ- ਗਧੇ ਵਾਲ਼ਾ ਸਭ ਤੋਂ ਚੰਗਾ, ਵੱਟਿਆ ਸੋ ਪੱਲੇ ਬੱਧਾ। ਇਹ ਕਹਾਵਤ ਬੰਬਈ ਦੇ ਉਨ੍ਹਾਂ 'ਮਹਾਨ ਐਕਟਰਾਂ' 'ਤੇ ਲਾਗੂ ਹੁੰਦੀ ਹੈ। ਜੋ ਵੱਟਿਆ ਸੋ ਪੱਲੇ ਬੱਧਾ ਦੇ ਹੀ ਧਾਰਨੀਂ ਹਨ। ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ਼ ਪਤਾਸੇ ਪੀਵੇ। ਤਕੜੇ-ਤਕੜੇ ਮਸ਼ਹੂਰ ਐਕਟਰ ਜਿੰਨ੍ਹਾਂ ਨੂੰ ਅਸੀਂ ਦਿਲੋਂ ਮੁਹੱਬਤ ਕਰਨ ਲੱਗ ਜਾਂਦੇ ਹਾਂ ਅਤੇ ਉਨ੍ਹਾਂ ਦੀ ਇੱਕ ਝਲਕ ਵੇਖਣ ਲਈ ਤਰਸਦੇ ਹਾਂ। ਜਦ ਉਨ੍ਹਾਂ ਨਾਲ਼ ਤੁਹਾਡਾ ਸਿੱਧਾ ਵਾਹ ਪੈਂਦਾ ਹੈ, ਤਾਂ ਜੋ ਕਰੂਰ ਚਿਹਰਾ ਦੇਖਣ ਨੂੰ ਮਿਲ਼ਦਾ ਹੈ, ਬੰਦਾ ਮਾਯੂਸੀ ਅਤੇ ਕਰੋਧ ਵਿਚ ਮੁੱਠੀਆਂ ਮੀਟ ਕੇ ਕਚੀਚੀਆਂ ਵੱਟਦਾ ਹੈ। ਇੱਧਰ ਗੁਰਚਰਨ ਸੱਗੂ ਦਾ ਸਾਰਾ ਮਾਲ-ਮੱਤਾ, ਫ਼ਿਲਮ ਅਤੇ ਕਾਰੋਬਾਰ ਦਾਅ 'ਤੇ ਲੱਗਿਆ ਹੁੰਦਾ ਹੈ ਅਤੇ ਉਧਰ ਜੈਕੀ ਸ਼ਰਾਫ਼ ਨਸ਼ੇ ਦੀ ਲੋਰ ਵਿਚ ਜਹਾਜੋਂ ਉਤਰੇ, ਥੱਕੇ-ਟੁੱਟੇ ਸੱਗੂ ਨੂੰ ਬੇਹੂਦਾ ਸੁਆਲ ਕਰਦਾ ਹੈ, 'ਮੇਰੇ ਟਾਇਰ ਲਿਆਂਦੇ...?' ਇਨ੍ਹਾਂ ਦੀ ਮਤਲਬ-ਪ੍ਰਸਤੀ, ਖ਼ੁਦਗ਼ਰਜ਼ੀ ਅਤੇ ਉਲ਼ੀਕੇ ਕਾਰਜ ਪ੍ਰਤੀ ਲਾਪ੍ਰਵਾਹੀ ਅਤੇ ਗ਼ੈਰ-ਜ਼ਿਮੇਵਾਰੀ ਬੰਦੇ ਨੂੰ ਕੰਧ 'ਚ ਟੱਕਰ ਮਾਰਨ ਵਾਲ਼ਾ ਕਰ ਦਿੰਦੀ ਹੈ। ਜਿਸ ਧਰਮਿੰਦਰ ਨੂੰ ਅਸੀਂ 'ਪੰਜਾਬੀ ਪੁੱਤਰ' ਸਮਝਦੇ ਹਾਂ, ਉਸ ਦੀਆਂ ਗ਼ੈਰ-ਜ਼ਿੰਮੇਦਾਰਾਨਾ ਹਰਕਤਾਂ ਵੀ ਉਸ ਵੱਲੋਂ ਨੱਕ ਮੋੜ ਦਿੰਦੀਆਂ ਹਨ ਅਤੇ ਬੰਦਾ ਉਸ ਨੂੰ ਪੰਜਾਬੀ ਪੁੱਤਰ ਨਹੀਂ, ਸਗੋਂ 'ਪੈਸੇ ਦਾ ਪੁੱਤ' ਮੰਨਣ ਲੱਗ ਪੈਂਦਾ ਹੈ। ਉਸ ਨੂੰ ਮੁਹੱਬਤ ਕਰਨ ਵਾਲ਼ੇ ਬੰਦੇ ਕੂਹਣੀਂ ਮੋੜ ਕੱਟਦੇ, ਉਸ ਦੇ ਢਿੱਡ 'ਚ ਟੱਕਰ ਮਾਰਨ ਲਈ ਤਿਆਰ ਹੋ ਜਾਂਦੇ ਹਨ। ਜਦੋਂ ਇਹੋ ਜਿਹੇ 'ਮਹਾਂਰਥੀ' ਪੈਸਾ ਡਕ੍ਹਾਰ ਕੇ ਤੁਹਾਨੂੰ ਚਿਮਟੇ ਨਾਲ਼ ਚੁੱਕਣ ਲਈ ਵੀ ਤਿਆਰ ਨਹੀਂ ਹੁੰਦੇ, ਤਾਂ ਗੁਰਚਰਨ ਸੱਗੂ ਵਰਗੇ ਪ੍ਰੋਡਿਊਸਰ, ਨਮੋਸ਼ੀ ਅਤੇ ਨਿਰਾਸ਼ਾ ਦੇ ਮਾਰੇ ਖ਼ੁਦਕਸ਼ੀ ਜਿਹਾ ਭਿਆਨਕ ਕਦਮ ਉਠਾਉਣ ਲਈ ਵੀ ਸੋਚ ਜਾਂਦੇ ਹਨ। ਹੈਨਰੀ ਫ਼ਰੈਡਰਿੱਕ ਏਮੀਅਲ ਦਾ ਕਥਨ ਮੈਨੂੰ ਬਹੁਤ ਵਾਰ ਹੁੱਝ ਮਾਰਦਾ ਹੈ, 'ਜੇਕਰ ਵਿਚਾਰਾਂ ਨੂੰ ਸੰਦੇਹ, ਆਲੋਚਨਾ ਅਤੇ ਚਿੰਤਨ ਦੀ ਖੇਚਲ਼ ਨਾਲ਼ ਪ੍ਰੇਸ਼ਾਨ ਨਾ ਕੀਤਾ ਜਾਵੇ,




ਤਾਂ ਉਹ ਕਾਰਜ ਅਤੇ ਵਿਸ਼ਵਾਸ ਦੇ ਗ਼ੁਲਾਮ ਹੋ ਜਾਂਦੇ ਹਨ।' ਪਰ ਉਪਰੋਕਤ ਕਥਨ ਬੰਬਈ ਦੀ ਫ਼ਿਲਮ ਨਗਰੀ ਵਿਚ ਕੱਟੇ ਅੱਗੇ ਵੰਝਲੀ ਵਜਾਉਣ ਵਾਲ਼ੀ ਗੱਲ ਹੈ, ਕਿਉਂਕਿ ਕੱਟੇ ਨੂੰ ਸੁਰਾਂ ਦਾ ਗਿਆਨ ਨਹੀਂ ਹੁੰਦਾ, ਉਸ ਕੋਲ਼ ਤਾਂ ਮੁਤਰਾਲ਼ ਨਾਲ਼ ਲਿੱਬੜੀ ਪੂਛ ਘੁੰਮਾ ਕੇ ਮੂੰਹ 'ਤੇ ਮਾਰਨ ਦੀ 'ਕਲਾ' ਹੀ ਹੁੰਦੀ ਹੈ। ਇਹੀ ਹਾਲ ਉਥੋਂ ਦੇ ਵਪਾਰੀ ਕਲਾਕਾਰਾਂ ਦਾ ਹੈ।

ਬੰਬਈ ਦੇ ਇਹ ਮਹਾਂਰਥੀ ਤੁਹਾਨੂੰ ਸ਼ੂਟਿੰਗ ਦੀਆਂ ਤਰੀਕਾਂ ਦੇਣ ਲੱਗੇ ਜੋ ਹੀਲ੍ਹਾਂ, ਡੰਡ ਬੈਠਕਾਂ ਅਤੇ ਫਿਰ ਨੱਕ ਨਾਲ਼ ਲਕੀਰਾਂ ਕਢਵਾਉਂਦੇ ਹਨ, ਇੱਕ ਨਾ ਮੰਨਣਯੋਗ ਗੱਲ ਜਾਪਦੀ ਹੈ। ਪਰ ਹੈ ਇਹ ਹਿਰਦੇਵੇਧਕ ਸੱਚਾਈ! ਇੱਕ ਕੌੜੀ ਸੱਚਾਈ, ਜਿਸ ਤੋਂ ਤੁਸੀਂ ਕਦੇ ਮੁਨੱਕਰ ਨਹੀਂ ਹੋ ਸਕਦੇ। ਜਿਸ ਤਨ ਲੱਗੀਆਂ, ਸੋਈ ਜਾਣੇ, ਕੌਣ ਜਾਣੇ ਪੀੜ ਪਰਾਈ? ਇਹ ਤਾਂ ਉਨ੍ਹਾਂ ਨੂੰ ਹੀ ਪਤਾ ਹੈ, ਜਿੰਨ੍ਹਾਂ ਦਾ ਇਨ੍ਹਾਂ ਜੋਕਾਂ ਨੇ ਕਤਰਾ-ਕਤਰਾ ਖ਼ੂਨ ਪੀਤਾ ਅਤੇ ਸੂਲੀ ਟੰਗੀ ਰੱਖਿਆ ਹੈ। ਚਾਹੇ ਗੁਰਚਰਨ ਸੱਗੂ ਦੀ ਜ਼ਿੰਦਗੀ ਬੜੀ ਜੱਦੋਜਹਿਦ ਭਰੀ ਰਹੀ ਹੈ। ਨਕੋਦਰ ਚੌਂਕ ਦੇ ਲਲਾਰੀ ਤੋਂ ਲੈ ਕੇ ਇੰਗਲੈਂਡ ਦੇ ਸਫ਼ਲ ਵਪਾਰੀ ਤੱਕ ਦਾ ਸਫ਼ਰ ਬੇਹੱਦ ਮੁਸ਼ਕਲਾਂ ਭਰਿਆ ਸੀ। ਪਰ ਸਾਰੀ ਕਿਤਾਬ 'ਵੇਖਿਆ ਸ਼ਹਿਰ ਬੰਬਈ' ਵਿਚ ਜੇ ਕੋਈ ਮੇਰੇ ਸਾਹਮਣੇ 'ਅਸਲ ਹੀਰੋ' ਹੈ, ਤਾਂ ਉਹ ਹੈ ਗੁਰਚਰਨ ਸੱਗੂ ਦੀ ਸੁਪਤਨੀ ਰਾਣੀ ਸੱਗੂ! ਜਿਸ ਨੇ ਕਾਰੋਬਾਰ ਤੋਂ ਲੈ ਕੇ ਆਪਣੇ ਬੱਚਿਆਂ ਅਤੇ ਆਪਣੀ ਗ੍ਰਿਹਿਸਥੀ ਜ਼ਿੰਦਗੀ ਸੰਭਾਲਣ ਤੱਕ ਕੋਈ ਕਸਰ ਬਾਕੀ ਨਹੀਂ ਛੱਡੀ। ਰਾਣੀ ਸੱਗੂ ਨੂੰ ਜ਼ਰੂਰ ਸਿਜਦਾ ਕਰਨਾ ਬਣਦਾ ਹੈ, ਜਿਸ ਨੇ ਭਵਸਾਗਰ ਵਿਚ ਵੀ ਆਪਣੇ ਪਤੀ ਦੀ ਡੁਬਦੀ ਬੇੜੀ ਦੇ ਚੱਪੂ ਮਾਰਨੇ ਨਹੀਂ ਛੱਡੇ ਅਤੇ ਮੱਥੇ ਵੱਟ ਤੱਕ ਵੀ ਨਾ ਪਾਇਆ, ਸਗੋਂ ਘਰਵਾਲ਼ੇ ਅਤੇ ਪਰਿਵਾਰ ਦੁਆਲ਼ੇ ਇੱਕ ਕਿਲ੍ਹਾ ਬਣ ਕੇ ਖੜ੍ਹੀ ਰਹੀ।

ਮਾਲਵੇ ਵਿਚ ਇੱਕ ਕਹਵਾਤ ਹੈ ਕਿ ਗਧੀ ਡਿੱਗ ਪਈ ਸੀ ਭੱਠੇ 'ਚ, ਤੇ ਦੀਵੇ ਵਾਲ਼ੇ ਘਰੇ ਨਹੀਂ ਸੀ ਵੜਦੀ। ਚਾਹੇ ਗੁਰਚਰਨ ਸੱਗੂ ਨੇ ਬੰਬਈ ਫ਼ਿਲਮ ਇੰਡਸਟਰੀ ਨੂੰ 'ਅਲਵਿਦਾ' ਆਖ ਦਿੱਤਾ ਅਤੇ ਕਦੇ ਫ਼ਿਲਮ ਨਾ ਬਣਾਉਣ ਦੀ ਕਸਮ ਖਾਧੀ ਹੈ। ਪਰ ਮੈਨੂੰ ਲੱਗਦਾ ਹੈ ਕਿ ਹਰ ਸ਼ੌਕ ਇੱਕ ਖੁਰਕ ਵਰਗੀ ਬਿਮਾਰੀ ਹੁੰਦਾ ਹੈ। ਨਾ ਬੰਦਾ ਖੁਰਕਣੋਂ ਹਟ ਸਕਦੈ, ਤੇ ਨਾ ਸੌਂ ਸਕਦਾ ਹੈ। 'ਵੇਖਿਆ ਸ਼ਹਿਰ ਬੰਬਈ' ਬਹੁਤ ਹੀ ਦਿਲਚਸਪ ਵਾਰਤਿਕ ਪੁਸਤਕ ਹੈ। ਘੱਟੋ-ਘੱਟ ਇਹ ਕਿਤਾਬ ਹਰ ਉਸ ਬੰਦੇ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ, ਜਿਸ ਅੰਦਰ ਬੰਬਈ ਜਾ ਕੇ ਫ਼ਿਲਮ ਬਣਾਉਣ ਦਾ ਨਾਗ ਛੂਕ ਰਿਹਾ ਹੈ। ਕਿਉਂਕਿ ਤੁਹਾਡੇ ਸ਼ੌਕ ਦੇ ਨਾਗ ਨੂੰ ਕੀਲ ਕੇ ਪਟਾਰੀ ਵਿਚ ਸੁੱਟਣ, ਅਤੇ ਫ਼ਿਰ ਦੰਦ ਕੱਢ ਕੇ ਮੇਲ੍ਹਣ ਲਾਉਣ ਵਾਲ਼ੇ ਕਮੀਨੇ ਮਾਂਦਰੀ ਆਪਣੀਆਂ ਮਧੁਰ ਬੀਨਾਂ ਸ਼ਿੰਗਾਰ ਕੇ ਤੁਹਾਡੀ ਉਡੀਕ ਵਿਚ, ਮੁੱਠੀਆਂ ਵਿਚ ਥੁੱਕੀ ਬੈਠੇ ਹਨ। ਉਨ੍ਹਾਂ ਨੂੰ ਤੁਹਾਡੇ ਸੋਹਿਲੇ ਗਾਉਣ ਦੀ ਮੁਹਾਰਤ ਹਾਸਲ ਹੈ, ਅਤੇ ਉਹ ਤੁਹਾਡੇ ਸੋਹਿਲੇ ਉਦੋਂ ਤੱਕ ਹੀ ਗਾਉਂਦੇ ਹਨ, ਜਿੰਨਾਂ ਚਿਰ ਉਹ ਤੁਹਾਨੂੰ 'ਖਾਖੀ ਨੰਗ' ਨਹੀਂ ਕਰ ਦਿੰਦੇ। ਤੇ ਫ਼ਿਰ ਜਦ ਤੁਹਾਡਾ ਗੀਝਾ ਖਾਲੀ ਅਤੇ ਉਨ੍ਹਾਂ ਦਾ ਭਰ ਚੁੱਕਿਆ ਹੁੰਦਾ ਹੈ, ਤਾਂ ਉਹ ਕਿਸੇ ਮਿਰਗੀ ਦੇ ਮਰੀਜ਼ ਵਾਂਗ ਅੱਖਾਂ ਫ਼ੇਰ ਕੇ ਤੁਹਾਡੀ ਗੱਲ ਤੱਕ ਨਹੀਂ ਸੁਣਨਾ ਚਾਹੁੰਦੇ। ਗੱਲੀਂ-ਬਾਤੀਂ ਤੁਹਾਨੂੰ ਡਾਇਰੈਕਟਰ ਅਤੇ ਬੰਬਈ ਦਾ ਨੰਬਰ ਇੱਕ ਪ੍ਰੋਡਿਊਸਰ ਬਣਾਉਣ ਵਾਲ਼ੇ ਇਹ ਬੁਰਕੇ ਵਾਲ਼ੇ ਲੁਟੇਰੇ ਤੁਹਾਨੂੰ ਲੁੱਟ-ਪੱਟ ਕੇ ਫ਼ਿਰ ਬੰਬਈ ਦੀਆਂ ਗਲ਼ੀਆਂ ਵਿਚ ਰੁਲ਼ਣ ਲਈ ਛੱਡ ਦਿੰਦੇ ਹਨ। ਉਨ੍ਹਾਂ ਗਲ਼ੀਆਂ ਵਿਚ ਘੁੰਮਦਾ ਬੰਦਾ ਆਪਣੇ ਜਣਦਿਆਂ ਨੂੰ ਰੋਂਦਾ, ਅਤੇ ਆਪਣੀ ਕਿਸਮਤ ਨੂੰ ਕੋਸਦਾ ਰਹਿੰਦਾ ਹੈ। ਮੇਰਾ ਦਾਅਵਾ ਹੈ ਕਿ ਜੇ ਸੱਗੂ ਨੂੰ ਨਕੋਦਰ ਚੌਂਕ ਵਾਲ਼ਾ ਪ੍ਰਕਾਸ਼ ਨਹੀਂ ਭੁੱਲਿਆ, ਤਾਂ ਅੱਖਾਂ ਚੁੰਧਿਆ ਦੇਣ ਵਾਲ਼ੀ, ਚਮਕ-ਦਮਕ ਵਾਲ਼ੀ ਅਤੇ ਰੰਗੀਲੀ ਬੰਬਈ ਦਾ ਇਹ ਸ਼ੌਂਕ ਵੀ ਨਹੀਂ ਭੁੱਲਣਾ। ਅਖੀਰ ਵਿਚ ਮੈਂ ਗੁਰਚਰਨ ਸੱਗੂ ਨੂੰ ਇਸ ਬੇਹੱਦ ਦਿਲਚਸਪ ਕਿਤਾਬ ਲਈ ਹਾਰਦਿਕ ਮੁਬਾਰਕਬਾਦ ਦਿੰਦਾ ਹੋਇਆ, ਪਾਠਕਾਂ ਨੂੰ ਇਹ ਕਿਤਾਬ ਪੜ੍ਹਨ ਲਈ ਪੁਰਜ਼ੋਰ ਅਪੀਲ ਕਰਾਂਗਾ। ਰੱਬ ਥੋਨੂੰ ਰਾਜ਼ੀ ਰੱਖੇ!

## ਸਿੱਖ ਗੁਰਦੁਆਰਾ ਕਮੇਟੀ ਦਾ ਵਿਵਾਦ

*(ਪਿਛਲੇ ਸਫੇ ਦਾ ਬਾਕੀ)*

ਮੌਜੂਦਾ ਸਮੇਂ ਵਿਚ ਗੁਰੂ ਸਾਹਿਬਾਨ ਵੱਲੋਂ ਦਿੱਤੇ ਸੰਦੇਸ਼ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਵੱਲ ਧਿਆਨ ਦੇਣ ਦੀ ਲੋੜ ਹੈ। ਜੇ ਕੇਵਲ ਭਾਰਤ ਦੀ ਹੀ ਗੱਲ ਕਰੀਏ ਤਾਂ ਭਾਰਤ ਵਿਚ ਹਵਾ ਪ੍ਰਦੂਸ਼ਿਤ ਹੋ ਚੁੱਕੀ ਹੈ, ਪਾਣੀ ਗੰਧਲਾ ਹੋ ਚੁੱਕਾ ਹੈ ,ਪੀਣ ਵਾਲਾ ਪਾਣੀ ਖ਼ਤਮ ਹੋ ਰਿਹਾ ਹੈ। ਜੇ ਪਾਣੀ ਨਹੀਂ ਬਚੇਗਾ ਤਾਂ ਮਨੁੱਖਤਾ ਨਹੀਂ ਬਚੇਗੀ। ਆਬਾਦੀ ਦੇ ਵਧਣ ਨਾਲ ਵਾਹੀਯੋਗ ਧਰਤੀ ਖ਼ਤਮ ਹੋ ਰਹੀ ਹੈ। ਜ਼ਹਿਰੀਲੀਆਂ ਦਵਾਈਆਂ ਅਤੇ ਰਸਾਇਣਕ ਖਾਦਾਂ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਬਹੁਤ ਘਟ ਗਈ ਹੈ।

ਸਬਜ਼ੀਆਂ, ਫਲ, ਅਨਾਜ, ਦੁੱਧ ਆਦਿ ਸਭ ਜ਼ਹਿਰੀਲੀਆਂ ਦਵਾਈਆਂ ਦੀ ਲਪੇਟ ਵਿਚ ਆਉਣ ਕਰਕੇ ਸ਼ੁੱਧ ਭੋਜਨ ਖ਼ਤਮ ਹੋ ਰਿਹਾ ਹੈ ਜਿਸ ਕਰਕੇ ਲੋਕ ਨਵੀਂਆਂ ਨਵੀਂਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਨਿੱਤ ਨਵੇਂ ਵਾਇਰਸ ਆ ਰਹੇ ਹਨ ਜਿਨ੍ਹਾਂ ਸਾਹਮਣੇ ਵਿਗਿਆਨੀ ਵੀ ਫ਼ਿਕਰਮੰਦ ਹਨ। ਵੱਡੀ ਗਿਣਤੀ ਵਿਚ ਲੋਕ ਆਪਣੀ ਉਪਜੀਵਕਾ ਦੀ ਪੂਰਤੀ ਲਈ ਦੂਜੇ ਦੇਸ਼ਾਂ ਨੂੰ ਦੌੜ ਰਹੇ ਹਨ। ਇਸੇ ਦੌੜ ਵਿਚ ਪੰਜਾਬ ਨੌਜਵਾਨ ਲੜਕੇ-ਲੜਕੀਆਂ ਤੋਂ ਖਾਲੀ ਹੋ ਰਿਹਾ ਹੈ। ਇਸ ਤਰ੍ਹਾਂ ਅੱਜ ਸਿੱਖ ਪੰਥ ਨਹੀਂ, ਸਮੁੱਚੀ ਮਨੁੱਖਤਾ ਖ਼ਤਰੇ ਵਿਚ ਹੈ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਇਸ ਖ਼ਤਰੇ ਬਾਰੇ ਚੌਕਸ ਹੋਣਾ ਚਾਹੀਦਾ ਹੈ। ਇਹ ਡਰ ਲੱਗ ਰਿਹਾ ਹੈ ਕਿ ਮਨੁੱਖਤਾ ਬਚੇਗੀ ਵੀ ਜਾਂ ਇਨ੍ਹਾਂ ਬਿਮਾਰੀਆਂ ਦੀ ਭੇਟ ਚੜ੍ਹ ਜਾਵੇਗੀ। ਰਾਜਨੀਤਕ ਅਤੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਵੀ ਅੱਜ ਇਹ ਮੁੱਦੇ ਫੌਰੀ ਧਿਆਨ ਦੀ ਮੰਗ ਕਰਦੇ ਹਨ ਲੇਕਿਨ ਸਰਬੱਤ ਦੇ ਭਲੇ, ਮਨੁੱਖਤਾ ਦੀ ਇਕ ਹੀ ਜਾਤ ਅਤੇ ਸਰਬ ਸਾਂਝੀਵਾਲਤਾ ਦੀ ਗੱਲ ਕਰਨ ਵਾਲੇ ਸਿੱਖ ਪੰਥ ਦੇ ਨੇਤਾ ਲੋਕਾਂ ਨੂੰ ਲੀਹ ਤੋਂ ਲਾਹ ਕੇ ਆਪਣੀ ਮੌਕਾਪ੍ਰਸਤ ਅਤੇ ਖ਼ੁਦਗਰਜ਼ੀ ਵਾਲੀ ਰਾਜਨੀਤੀ ਨੂੰ ਕਾਮਯਾਬ ਕਰਨ ਲਈ ਸਿੱਖ ਪੰਥ ਦੇ ਖਤਰੇ ਦੀ ਦੁਹਾਈ ਦੇਣ ਲੱਗੇ ਹੋਏ ਹਨ। ਲੋਕਾਂ ਵਿਚ ਧਰਮ ਦੇ ਨਾਂ ਤੇ ਫੁੱਟ ਪਾਉਣ ਦੀ ਬਜਾਏ ਲੋਕਾਂ ਦਾ ਧਿਆਨ ਉਪਰੋਕਤ ਮੁੱਦਿਆਂ 'ਤੇ ਕੇਂਦਰਤ ਕਰਨ ਲਈ ਕੰਮ ਕਰਨ ਦੀ ਲੋੜ ਹੈ।

ਅਸੀਂ ਕਿਸੇ ਵੀ ਧਰਮ ਵਿਚ ਸਿਆਸੀ ਜਾਂ ਸਰਕਾਰੀ ਦਖ਼ਲ ਅਤੇ ਧਾਰਮਿਕ ਵਿਅਕਤੀਆਂ ਵੱਲੋਂ ਰਾਜਨੀਤੀ ਵਿਚ ਦਖ਼ਲ ਦੇ ਵਿਰੁੱਧ ਹਾਂ। ਇਸ ਤਰ੍ਹਾਂ ਅਕਾਲੀ ਦਲ ਜੋ ਕਿ ਇਕ ਰਾਜਨੀਤਕ ਪਾਰਟੀ ਹੈ ਨੂੰ ਗੁਰਦੁਆਰਾ ਪ੍ਰਬੰਧ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ ਅਤੇ ਰਾਜਨੀਤਕ ਵਿਅਕਤੀਆਂ ਨੂੰ ਧਾਰਮਿਕ ਅਹੁਦੇ ਨਹੀਂ ਬਖ਼ਸ਼ਣੇ ਚਾਹੀਦੇ। ਪਹਿਲਾਂ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਸਿੱਖ ਵੋਟਾਂ 'ਤੇ ਅੱਖ ਹੋਣ ਕਰਕੇ ਸਿੱਖਾਂ ਦੀ ਮੰਗ ਸਵੀਕਾਰ ਕਰਦਿਆਂ ਹਰਿਆਣਾ ਕਮੇਟੀ ਦਾ ਬਿੱਲ ਪਾਸ ਕੀਤਾ ਗਿਆ, ਹੁਣ ਮਨੋਹਰ ਲਾਲ ਖੱਟਰ ਹਰਿਆਣਾ ਵਿਚ ਸਿੱਖ ਵੋਟਾਂ ਪ੍ਰਾਪਤ ਕਰਨ ਦੇ ਆਸ਼ੇ ਨਾਲ ਸਰਗਰਮ ਹਨ ਲੇਕਿਨ ਹਰਿਆਣਾ ਦੇ ਸਿੱਖਾਂ ਨੂੰ ਇਨ੍ਹਾਂ ਦੋਹਾਂ ਦੇ ਹੱਥ ਠੋਕੇ ਨਹੀਂ ਬਣਨਾ ਚਾਹੀਦਾ। ਗੁਰਦੁਆਰੇ ਆਪਣੇ ਕੰਟਰੋਲ ਹੇਠ ਲੈਣ ਲਈ ਕਾਨੂੰਨੀ ਰਾਹ ਅਖਤਿਆਰ ਕਰਨਾ ਚਾਹੀਦਾ ਹੈ ਅਤੇ ਅਕਾਲੀ ਦਲ ਦੇ ਆਗੂਆਂ ਨਾਲ ਉਲਝਣਾ ਨਹੀਂ ਚਾਹੀਦਾ। ਗੁਰਦੁਆਰਾ ਪ੍ਰਬੰਧ ਨੂੰ ਆਪਣੀ ਰਾਜਨੀਤੀ ਦੇ ਅਧੀਨ ਕਰ ਕੇ ਬਾਦਲ ਪਿਓ-ਪੁੱਤਾਂ ਨੇ ਸਿੱਖ ਪੰਥ ਨੂੰ ਖੇਰੂੰ-ਖੇਰੂੰ ਕੀਤਾ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਮਾਨ-ਸਨਮਾਨ ਨੂੰ ਢਾਹ ਲਾਈ ਹੈ। ਇਹੋ ਹੀ ਹਰਿਆਣਾ ਗੁਰਦੁਆਰਾ ਸਿੱਖ ਮੈਨੇਜਮੈਂਟ ਕਮੇਟੀ ਦੀ ਜਨਮ ਭੂਮੀ ਹੈ।

# ਨਵੀਂ ਸ਼ੁਰੂਆਤ: ਹਰਮਹਿੰਦਰ ਚਹਿਲ ਦਾ 'ਨਵਯੁਗ'

ਕਲਾ ਪਰਿਕਰਮਾ

ਪਰਵਾਸੀ ਪੰਜਾਬੀ ਸਾਹਿਤ ਬਾਰੇ ਗੱਲ ਕਰਦਿਆਂ ਪੰਜਾਬੀ ਆਲੋਚਨਾ ਨੇ ਹਮੇਸ਼ਾ ਕੁਝ ਕੁ ਜੁਜ਼ ਸਿਰਜੇ ਹਨ ਤੇ ਉਹਨਾਂ ਵਿਚ ਹੀ ਉਸ ਸਾਹਿਤ ਨੂੰ ਬੰਨ੍ਹਣ ਦੀ ਕੋਸ਼ਿਸ਼ ਕੀਤੀ ਹੈ ਜਦਕਿ ਹੁਣ ਦਾ ਪਰਵਾਸੀ ਪੰਜਾਬੀ ਸਾਹਿਤ ਉਹਨਾਂ ਨਿਰਧਾਰਤ ਜੁਜ਼ਾਂ ਤੋਂ ਪਰੇ ਪਹੁੰਚ ਚੁੱਕਾ ਹੈ। ਹੁਣ ਇਸ ਸਾਹਿਤ ਬਾਰੇ ਗੱਲ ਕਰਦਿਆਂ ਸਿਰਫ਼ ਵਿਦੇਸ਼ੀ ਧਰਤੀ ਤੇ ਮਾਤ-ਭੂਮੀ ਵਿਚਲਾ ਅੰਤਰ ਹੀ ਜ਼ਰੂਰੀ ਕਾਰਕ ਨਹੀਂ ਰਹਿ ਜਾਂਦਾ, ਹੋਰ ਅਨੇਕਾਂ ਅਜਿਹੇ ਪਰਦੇ ਹਨ ਜਿਹਨਾਂ ਦੇ ਪਾਸੇ ਹੁੰਦਿਆਂ ਨਵੀਂ ਦ੍ਰਿਸ਼ਟੀ ਹਾਸਿਲ ਹੁੰਦੀ ਹੈ। ਅਮਰੀਕਾ ਵੱਸਦੇ ਲਿਖਾਰੀ ਹਰਮਹਿੰਦਰ ਚਹਿਲ ਦਾ ਨਾਵਲ 'ਨਵਯੁਗ' ਇਸੇ ਕਿਸਮ ਦੀ ਰਚਨਾ ਹੈ। ਉਹ

**ਹਰਵਿੰਦਰ ਸਿੰਘ**
**ਫੋਨ: +91-98760-32602**

ਪੰਜਾਬੀ ਗਲਪ ਰਚਨਾ ਦੇ ਖੇਤਰ ਵਿਚ ਸਤਿਕਾਰਤ ਨਾਮ ਹੈ ਜਿਸ ਨੇ ਆਪਣੇ ਨਾਵਲਾਂ ਵਿਚ ਪਰਵਾਸੀ ਜੀਵਨ ਦੇ ਵੱਖਰੇ ਅਯਾਮ ਸਿਰਜੇ ਹਨ। ਹੁਣ ਤਕ ਚਹਿਲ ਛੇ ਕਹਾਣੀ ਸੰਗ੍ਰਹਿ ਅਤੇ ਪੰਜ ਨਾਵਲ ਪ੍ਰਕਾਸ਼ਿਤ ਕਰਵਾ ਚੁੱਕਾ ਹੈ। 'ਨਵਯੁਗ' ਉਸ ਦਾ ਛੇਵਾਂ ਨਾਵਲ ਹੈ।


ਇਹ ਨਾਵਲ ਅਮਰੀਕਾ ਦੀ ਧਰਤੀ 'ਤੇ ਘਟਿਤ ਹੁੰਦਾ ਹੈ। ਨਾਵਲ ਦੇ ਪਾਤਰਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਇਕ ਉਹ ਪਾਤਰ ਹਨ ਜਿਹੜੇ ਪੰਜਾਬ ਤੋਂ ਜਾ ਕੇ ਅਮਰੀਕਾ ਵਸੇ, ਉਥੇ ਮਿਹਨਤਾਂ ਕੀਤੀਆਂ, ਸੈੱਟ ਹੋਏ ਆਦਿ। ਦੂਸਰੇ ਪਾਤਰ ਉਹ ਹਨ ਜਿਹੜੇ ਅਮਰੀਕਾ ਦੀ ਧਰਤੀ 'ਤੇ ਹੀ ਪੈਦਾ ਹੋਏ ਹਨ ਅਤੇ ਪੰਜਾਬੀ ਮਾਂ ਬਾਪ ਦੀ ਔਲਾਦ ਹਨ। ਇਹ ਪਾਤਰ ਅਮਰੀਕੀ ਜੀਵਨ ਸ਼ੈਲੀ ਨੂੰ ਅਪਨਾਉਂਦੇ ਹੋਏ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀ ਮਾਂ-ਬਾਪ ਤੋਂ ਬਾਹਰ ਨਹੀਂ ਹਨ। ਸਿੱਧੇ ਰੂਪ ਵਿਚ ਵੇਖਿਆਂ ਇਹਨਾਂ ਪਾਤਰਾਂ ਵਿਚ ਪੀੜ੍ਹੀ ਪਾੜਾ ਦਿਖਾਈ ਦਿੰਦਾ ਹੈ ਜਿਹੜਾ ਹੈ ਵੀ ਤੇ ਹੋਣਾ ਸੁਭਾਵਕ ਵੀ ਹੈ ਪਰ ਗੱਲ ਇਸ ਤੋਂ ਕਿਤੇ ਅਗਾਂਹ ਵੀ ਹੈ।

ਨਾਵਲ ਦਾ ਮੁੱਖ ਵਿਸ਼ਾ ਇਹ ਹੈ ਕਿ ਪੰਜਾਬ ਤੋਂ ਗਈ ਪੀੜ੍ਹੀ ਆਪਣੇ ਬੱਚਿਆਂ ਦੇ ਵਿਆਹ ਪੰਜਾਬ ਵਿਚ ਹੀ ਕਰਨਾ ਚਾਹੁੰਦੀ ਹੈ। ਕਹਾਣੀ ਕਿਰਪਾਲ ਸਿੰਘ ਦੇ ਅਮਰੀਕਾ ਜਾਣ ਨਾਲ ਸ਼ੁਰੂ ਹੁੰਦੀ ਹੈ। ਕਿਰਪਾਲ ਡਾਕਟਰੀ ਦੀ ਪੜ੍ਹਾਈ ਲਈ ਅਮਰੀਕਾ ਗਿਆ ਹੈ। ਬਾਅਦ ਵਿਚ ਉਹ ਆਪਣੇ ਦੂਸਰੇ ਭਰਾਵਾਂ ਬਲਕਾਰ ਸਿੰਘ, ਜਗਤਾਰ ਸਿੰਘ, ਕਰਤਾਰ ਸਿੰਘ ਅਤੇ ਭੈਣ ਪਾਲੀ ਨੂੰ ਵੀ ਅਮਰੀਕਾ ਲਿਜਾ ਕੇ ਸੈੱਟ ਕਰਵਾ ਦਿੰਦਾ ਹੈ। ਸਾਰੇ ਹੀ ਮਿਹਨਤ ਕਰ ਕੇ ਉਥੇ ਸੈੱਟ ਹੁੰਦੇ ਹਨ। ਹੁਣ ਜਦੋਂ ਬੱਚੇ ਵੱਡੇ ਹੁੰਦੇ ਹਨ ਤੇ ਉਹਨਾਂ ਦੇ ਵਿਆਹ ਦੀ ਗੱਲ ਚੱਲਦੀ ਹੈ ਤਾਂ ਸਭ ਤੋਂ ਪਹਿਲਾਂ ਪਾਲੀ ਆਪਣੀ ਧੀ ਕਰਮਿੰਦਰ ਉਰਫ ਕਰਮੀ ਦਾ ਵਿਆਹ ਪੰਜਾਬ ਜਾ ਕੇ ਕਰਨ ਦੀ ਗੱਲ ਕਰਦੀ ਹੈ। ਉਸ ਨੇ ਉਥੇ ਮੁੰਡਾ ਲੱਭ ਲਿਆ ਹੈ, ਪੰਜਾਹ ਕਿੱਲੇ ਜ਼ਮੀਨ ਦਾ ਮਾਲਕ ਦਰਸ਼ਨ ਸਿੰਘ। ਸਾਰੇ ਹੀ ਇਸ ਗੱਲ ਦੀ ਖੁਸ਼ੀ ਮਨਾਉਂਦੇ ਹਨ। ਸਿਰਫ਼ ਬੱਚਿਆਂ ਦੇ ਕਜ਼ਨ ਗਰੁੱਪ ਵਿਚ ਇਸ ਬਾਰੇ ਕੋਈ ਚੰਗੀ ਰਾਇ ਨਹੀਂ ਬਣਦੀ ਪਰ ਉਹ ਕੁਝ ਨਹੀਂ ਕਰ ਸਕਦੇ। ਕਰਮੀ ਵਿਆਹੀ ਜਾਂਦੀ ਹੈ, ਦਰਸ਼ਨ ਅਮਰੀਕਾ ਆ ਜਾਂਦਾ ਹੈ ਤੇ ਹੌਲ਼ੀ-ਹੌਲ਼ੀ ਉਸ ਦਾ ਬਾਕੀ ਪਰਿਵਾਰ ਵੀ। ਪਤਾ ਲੱਗਦਾ ਹੈ ਕਿ ਦਰਸ਼ਨ ਇਕ ਨੰਬਰ ਦਾ ਵਿਹਲੜ, ਨਸ਼ੇੜੀ ਤੇ ਅਨਪੜ੍ਹ ਕਿਸਮ ਦਾ ਬੰਦਾ ਹੈ।

ਇਥੋਂ ਹੀ ਕਰਮੀ ਦਾ ਜੀਵਨ ਨਰਕ ਬਣਨਾ ਸ਼ੁਰੂ ਹੋ ਜਾਂਦਾ ਹੈ; ਭਾਵੇਂ ਕਰਮੀ ਦੇ ਮਾਮੇ-ਮਾਮੀਆਂ ਸਭ ਇਸ ਗੱਲ ਦਾ ਫ਼ਿਕਰ ਕਰਦੇ ਹਨ ਪਰ ਇਸ ਨੂੰ ਆਪਣੀ ਗ਼ਲਤੀ ਨਾ ਮੰਨ ਕੇ ਉਸ ਦੇ ਕਰਮਾਂ ਦਾ ਲਿਖਿਆ ਕਹਿੰਦੇ ਹਨ। ਕਰਮੀ ਦੇ ਵਿਆਹ ਤੋਂ ਕੁਝ ਸਿੱਖਣ ਦੀ ਥਾਂ ਕਿਰਪਾਲ ਆਪਣੇ ਬੇਟੇ ਬੀਰੇ ਦਾ ਵਿਆਹ ਵੀ ਪੰਜਾਬ ਹੀ ਕਰਦਾ ਹੈ। ਬੀਰੇ ਦੀ ਜ਼ਿੰਦਗੀ ਵੀ ਏਵੇਂ ਹੀ ਨਰਕ ਬਣਦੀ ਹੈ। ਉਸ ਦੀ ਪਤਨੀ ਰੱਤੀ ਜਿਸ ਦੇ ਕਿਸੇ ਹੋਰ ਮੁੰਡੇ ਨਾਲ਼ ਸਬੰਧ ਹਨ, ਬੀਰੇ ਨਾਲ਼ ਸਿਰਫ਼ ਇਸ ਲਈ ਵਿਆਹ ਕਰਵਾਉਂਦੀ ਹੈ ਕਿ ਉਹ



ਹਰਮਹਿੰਦਰ ਚਹਿਲ




ਨਾਵਲ 'ਨਵਯੁਗ' ਦਾ ਮੁਖੜਾ।

ਅਮਰੀਕਾ ਪਹੁੰਚ ਕੇ ਗਰੀਨ ਕਾਰਡ ਹਾਸਲ ਕਰ ਲਵੇਗੀ ਅਤੇ ਨਾਲ਼ ਹੀ ਬੀਰੇ ਦੀ ਜਾਇਦਾਦ ਵਿਚੋਂ ਵੀ ਹਿੱਸਾ ਲੈ ਲਵੇਗੀ। ਰੱਤੀ ਦਾ ਪ੍ਰੇਮੀ ਵੀ ਉਸ ਦੇ ਪਿੱਛੇ ਅਮਰੀਕਾ ਪਹੁੰਚ ਜਾਂਦਾ ਹੈ, ਰੱਤੀ ਦੀ ਮਾਂ ਨੂੰ ਵੀ ਇਸ ਦਾ ਪਤਾ ਹੁੰਦਾ ਹੈ ਅਤੇ ਉਹ ਰੱਤੀ ਦਾ ਸਾਥ ਦਿੰਦੀ ਹੈ। ਬੀਰਾ ਜਿਸ ਨੇ ਇਹ ਵਿਆਹ ਸਿਰਫ਼ ਆਪਣੇ ਪਿਤਾ ਦੀ ਇੱਛਾ ਕਰ ਕੇ ਕਰਵਾਇਆ ਸੀ, ਇਸ ਤਰ੍ਹਾਂ ਦਾ ਜੀਵਨ ਭੋਗਣ ਲਈ ਮਜਬੂਰ ਹੈ।

ਇਸੇ ਤਰ੍ਹਾਂ ਕਰਤਾਰ ਸਿੰਘ ਆਪਣੀ ਧੀ ਨਿੰਦੀ ਲਈ ਵੀ ਪੰਜਾਬ ਵਿਚ ਹੀ ਵਰ ਲੱਭਦਾ ਹੈ ਅਤੇ ਉਥੇ ਜਾ ਕੇ ਉਸ ਦਾ ਰੋਕਾ ਵੀ ਕਰ ਆਉਂਦਾ ਹੈ। ਇਸ ਦੇ ਉਲਟ ਕਰਮੀ ਦੀ ਭੈਣ ਧਰਮੀ ਕਿਸੇ ਕਾਲ਼ੇ ਮੁਸਲਿਮ ਲੜਕੇ ਹੈਦਰ ਅਸਲਮ ਨਾਲ਼ ਵਿਆਹ ਕਰਵਾਉਂਦੀ ਹੈ ਅਤੇ ਸੁਖੀ ਵਿਆਹੁਤਾ ਜੀਵਨ ਹੰਢਾ ਰਹੀ ਹੈ। ਕੁਲਦੀਪ ਜਿਹੜਾ ਅਮਰੀਕਾ ਦੀ ਨਵੀਂ ਪੀੜ੍ਹੀ ਦਾ ਆਈਕਨ ਹੈ, ਉਹ ਵੀ ਸ੍ਰੀਲੰਕਾ ਦੀ ਜੰਮਪਲ ਲੜਕੀ ਨਾਲ਼ ਵਿਆਹ ਕਰਵਾਉਣ ਦਾ ਫ਼ੈਸਲਾ ਕਰਦਾ ਹੈ। ਨਾਵਲ ਦਾ ਇਕ ਪਾਤਰ ਗਿੰਨੀ ਜਿਹੜਾ ਕਰਮੀ ਦਾ ਦੋਸਤ ਹੈ, ਉਹ ਵੀ ਮਾਂ-ਬਾਪ ਦੇ ਹੁਕਮ ਅਨੁਸਾਰ ਪੰਜਾਬ ਵਿਆਹ ਕਰਵਾ ਕੇ ਇਸੇ ਤਰ੍ਹਾਂ ਦਾ ਸੰਤਾਪ ਹੰਢਾ ਰਿਹਾ ਹੈ ਜਿਵੇਂ ਦਾ ਕਰਮੀ, ਬੀਰਾ ਆਦਿ ਪਾਤਰ ਭੋਗ ਰਹੇ ਹਨ। ਇਸ ਤਰ੍ਹਾਂ ਨਾਵਲ ਦੀ ਸਮੁੱਚੀ ਕਹਾਣੀ ਇਹਨਾਂ ਹੀ ਪਾਤਰਾਂ ਦੁਆਲ਼ੇ ਘੁੰਮਦੀ ਹੈ। ਹੌਲ਼ੀ ਹੌਲ਼ੀ ਇਹ ਸਾਰੇ ਆਪਣੇ ਜੀਵਨ ਨੂੰ ਠੀਕ ਕਰਨ ਲਈ ਇਹਨਾਂ ਵਿਆਹਾਂ ਤੋਂ ਪਿੱਛਾ ਛੁਡਵਾ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਹਨ। ਕਰਮੀ ਅਤੇ ਗਿੰਨੀ ਆਪਸ ਵਿਚ ਵਿਆਹ ਕਰਨ ਦਾ ਫ਼ੈਸਲਾ ਕਰਦੇ ਹਨ, ਬੀਰਾ ਆਪਣੀ ਕਿਸੇ ਹੋਰ ਕੁਲੀਗ ਦੋਸਤ ਨਾਲ਼ ਰਹਿਣ ਦਾ ਫ਼ੈਸਲਾ ਕਰਦਾ ਹੈ। ਸਾਰਾ ਕੁਝ ਸੁਖਾਂਤ ਵੱਲ ਵਧ ਹੀ ਰਿਹਾ ਹੁੰਦਾ ਹੈ ਕਿ ਕਰਮੀ ਅਤੇ ਗਿੰਨੀ ਦੇ ਵਿਆਹ ਵਿਚ ਆ ਕੇ ਦਰਸ਼ਨ ਜਿਸ ਦਾ ਕਰਮੀ ਨਾਲੋਂ ਤਲਾਕ ਹੋ ਚੁੱਕਾ ਹੈ, ਫਾਇਰਿੰਗ ਕਰ ਦਿੰਦਾ ਹੈ ਜਿਸ ਵਿਚ ਹੈਦਰ ਅਸਲਮ, ਗਿੰਨੀ ਅਤੇ ਹੋਰ ਚਾਰ ਲੋਕ ਮਾਰੇ ਜਾਂਦੇ ਹਨ, ਬਾਕੀ ਜ਼ਖ਼ਮੀ ਹੁੰਦੇ ਹਨ। ਨਾਵਲ ਦਾ ਅੰਤ ਦੁਖਾਂਤਕ ਹੁੰਦਾ ਹੈ।

ਸਵਾਲ ਇਹ ਹੈ ਕਿ ਇਹ ਦੁਖਾਂਤ ਕਿਉਂ ਵਾਪਰਦਾ ਹੈ? ਕੀ ਇਹ ਸਿਰਫ਼ ਪੀੜ੍ਹੀ ਪਾੜਾ ਹੀ ਹੈ ਕਿ ਮਾਂ-ਬਾਪ ਬੱਚਿਆਂ ਦੀ ਗੱਲ ਨਹੀਂ ਸਮਝਦੇ ਕਿ ਉਹ ਕੀ ਚਾਹੁੰਦੇ ਹਨ? ਮੇਰੀ ਜਾਚੇ ਇਹ ਸਿਰਫ਼ ਪੀੜ੍ਹੀ ਪਾੜਾ ਨਹੀਂ ਹੈ ਬਲਕਿ ਸੱਭਿਆਚਾਰਕ ਪਛੜੇਵਾਂ ਹੈ। ਭਾਵੇਂ ਅਸੀਂ ਸੱਭਿਆਚਾਰਕ ਤੌਰ 'ਤੇ ਜਿੰਨੀ ਮਰਜ਼ੀ ਤਰੱਕੀ ਕਰ ਗਏ ਹੋਈਏ ਪਰ ਇਹ ਤਰੱਕੀ ਸਿਰਫ਼ ਵਸਤ ਆਧਾਰਿਤ ਹੈ, ਨਾ ਕਿ ਸੱਭਿਆਚਾਰ ਦੇ ਹਰ ਅਨੁਸ਼ਾਸਨ ਦੀ ਤਰੱਕੀ। ਇਸੇ ਕਾਰਨ ਅਸੀਂ ਵਿਦੇਸ਼ਾਂ ਵਿਚ ਜਾ ਕੇ ਵੀ ਆਪਣੇ ਰੂੜ੍ਹੀਵਾਦੀ ਵਿਚਾਰਾਂ, ਮਨੌਤਾਂ, ਸੰਸਕਾਰਾਂ ਦਾ ਖਹਿੜਾ ਨਾ ਛੱਡਦੇ ਹੋਏ ਉਹਨਾਂ ਨੂੰ ਆਪਣੀ ਹੋਂਦ ਦਾ ਆਧਾਰ ਮੰਨ ਕੇ ਚੱਲਦੇ ਹਾਂ। ਨਾਵਲ ਦਾ ਇਕ ਮੁੱਖ ਪੱਖ ਇਹ ਹੈ ਕਿ ਨਾਵਲ ਦੇ ਉਹ ਪਾਤਰ ਜਿਹੜੇ ਪੰਜਾਬੋਂ ਅਮਰੀਕਾ ਗਏ ਹਨ, ਉਹਨਾਂ ਵਿਚ ਫ਼ੈਸਲਾ ਕਰਨ ਦੀ ਹਰ ਇਕ ਤਾਕਤ ਮਰਦ ਦੇ ਹੱਥ ਹੈ। ਔਰਤ ਪਾਤਰ ਭਾਵੇਂ ਉਹ ਨਾਮੋ ਹੈ, ਪਾਲੀ ਹੈ ਜਾਂ ਨਿੰਦੀ ਦੀ ਮਾਂ ਹੈ, ਉਹ ਕਿਸੇ ਵੀ ਫ਼ੈਸਲੇ ਵਿਚ ਆਪਣੀ ਮਰਜ਼ੀ ਨਹੀਂ ਰੱਖ ਸਕਦੀਆਂ। ਪਤੀ ਉਹਨਾਂ ਨੂੰ ਬੋਲਣ ਦਾ ਅਧਿਕਾਰ ਹੀ ਨਹੀਂ ਦਿੰਦੇ। ਇਹੋ ਸੱਭਿਆਚਾਰਕ ਪਛੜੇਵਾਂ ਹੈ ਕਿ ਅਸੀਂ ਅਮਰੀਕਾ ਪੁੱਜ ਕੇ ਵੀ ਸੋਚਣ ਸਮਝਣ ਵਜੋਂ ਅਜੇ ਉਹੀ ਰੂੜ੍ਹੀਵਾਦੀ ਹਾਂ; ਭਾਵੇਂ ਬੱਚੇ ਮਾਂ-ਬਾਪ ਦਾ ਸਤਿਕਾਰ ਕਰਦੇ ਹਨ, ਉਹਨਾਂ ਦੇ ਫ਼ੈਸਲੇ ਦੀ ਉਲੰਘਣਾ ਨਾ ਕਰ ਕੇ ਉਹਨਾਂ ਦੇ ਕਹੇ ਵਿਆਹ ਕਰਵਾ ਲੈਂਦੇ ਹਨ ਪਰ ਜਿਹੜਾ ਅੰਤ ਹੁੰਦਾ ਹੈ, ਉਹ ਪੁਰਾਣੀ ਪੀੜ੍ਹੀ ਦਾ, ਉਹਨਾਂ ਦੀਆਂ ਮਾਨਤਾਵਾਂ ਦਾ ਅੰਤ ਹੈ।

ਹਰਮਹਿੰਦਰ ਚਹਿਲ ਨੇ ਇਹ ਨਾਵਲ ਲਿਖ ਕੇ ਜਿੱਥੇ ਇਸ ਸੱਭਿਆਚਾਰਕ ਪਛੜੇਵੇਂ ਨੂੰ ਉਭਾਰਿਆ ਹੈ, ਉਥੇ ਇਹ ਰਾਹ ਵੀ ਦਿਖਾਇਆ ਹੈ ਕਿ ਨਵੀਂ ਪੀੜ੍ਹੀ ਨਵੇਂ ਯੁੱਗ ਦੀ ਲਖਾਇਕ ਹੈ ਜਿਹੜਾ ਉਸ ਨੇ ਸਿਰਜ ਹੀ ਲੈਣਾ ਹੈ।

ਹਰ ਸਾਹਿਤਕ ਟੈਕਸਟ ਆਪਣੇ ਵਿਸ਼ੇ ਦੀਆਂ ਸੰਪੂਰਨ ਸੰਭਾਵਨਾਵਾਂ ਨੂੰ ਹੰਢਾਉਣ ਦੀ ਕੋਸ਼ਿਸ਼ ਵਿਚ ਹੁੰਦੀ ਹੈ। ਸੁਚੇਤ ਲੇਖਕ ਇਸ ਤਰ੍ਹਾਂ ਕਰਨ ਵਿਚ ਕਾਫ਼ੀ ਹੱਦ ਤਕ ਕਾਮਯਾਬ ਰਹਿੰਦੇ ਹਨ ਪਰ ਕਈ ਕੁਝ ਲੇਖਕ ਚੰਗੇ ਵਿਸ਼ੇ ਤੇ ਮਾੜੀ ਰਚਨਾ ਲਿਖ ਕੇ ਉਸ ਵਿਸ਼ੇ ਨੂੰ ਖ਼ਤਮ ਵੀ ਕਰ ਦਿੰਦੇ ਹਨ।

ਨਾਵਲ 'ਨਵਯੁਗ' ਬਾਰੇ ਟਿੱਪਣੀ ਕਰਦਿਆਂ ਸਤਿਕਾਰਤ ਨਾਵਲਕਾਰ ਹਰਜੀਤ ਅਟਵਾਲ ਨੇ ਇਸੇ ਦਿਸ਼ਾ ਵਿਚ ਕਿਹਾ ਹੈ ਕਿ 'ਆਪਣੇ ਹਾਸਲ ਹੋਏ ਤਜਰਬਿਆਂ ਮੁਤਾਬਕ ਮੈਂ ਵੀ ਨਵੀਂ ਪੀੜ੍ਹੀ ਨਾਲ਼ ਡਟ ਕੇ ਖੜ੍ਹਨਾ ਚਾਹੁੰਦਾ ਹਾਂ ਪਰ ਹਰਮਹਿੰਦਰ ਚਹਿਲ ਇਹ ਨਾਵਲ ਲਿਖ ਕੇ ਬਹੁਤ ਪਹਿਲ ਕਰ ਗਿਆ ਹੈ।' ਇਥੇ ਧਿਆਨਯੋਗ ਹੈ ਕਿ ਇਥੇ ਸਿਰਫ ਪਹਿਲ ਨਾ ਕਹਿ ਕੇ ਬਹੁਤ ਪਹਿਲ ਕਿਹਾ ਗਿਆ ਹੈ; ਭਾਵ ਚਹਿਲ ਨੇ ਇਸ ਨਾਵਲ ਨਾਲ ਸਬੰਧਿਤ ਵਿਸ਼ੇ ਦੀਆਂ ਉਹ ਸਾਰੀਆਂ ਸੰਭਾਵਨਾਵਾਂ ਇਸ ਨਾਵਲ ਵਿਚ ਹੰਢਾ ਲਈਆਂ ਹਨ ਜਿਹੜੀਆਂ ਇਸ ਵਿਸ਼ੇ ਵਿਚ ਸਨ। ਹੁਣ ਕਿਸੇ ਹੋਰ ਲੇਖਕ ਲਈ ਇਸੇ ਵਿਸ਼ੇ 'ਤੇ ਮੁੜ ਲਿਖਣਾ ਸ਼ਾਇਦ ਇਸ ਹੱਦ ਤਕ ਸੰਭਵ ਨਾ ਹੋਵੇ। ਟੀ. ਐੱਸ. ਇਲੀਅਟ ਇਸੇ ਨੁਕਤੇ ਨੂੰ ਕਿਸੇ ਕਲਾਸਿਕ ਟੈਕਸਟ ਹੋਣ ਦਾ ਇਕ ਕਾਰਨ ਮੰਨਦਾ ਹੈ, ਭਾਵੇਂ ਕਲਾਸਿਕ ਹੋਣ ਦੇ ਹੋਰ ਅਨੇਕਾਂ ਕਾਰਨ ਉਹ ਗਿਣਾਉਂਦਾ ਹੈ। ਅਸੀਂ ਇਥੇ ਇਸ ਨਾਵਲ ਨੂੰ ਕਲਾਸਿਕ ਤਾਂ ਨਹੀਂ ਕਹਿ ਰਹੇ ਪਰ ਇਸ ਦੇ ਅਜਿਹਾ ਨਾਵਲ ਹੋਣ ਦਾ ਦਾਅਵਾ ਜ਼ਰੂਰ ਕੀਤਾ ਜਾ ਸਕਦਾ ਹੈ ਜਿਹੜਾ ਹਮੇਸ਼ਾ ਯਾਦ ਰੱਖਿਆ ਜਾਵੇਗਾ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਅਕਤੂਬਰ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-557



**ਚੀਕਣੀ ਮਿੱਟੀ ਗੁੰਨ੍ਹ ਕੇ, ਚੁੱਕ ਚਾੜ੍ਹੀ ਚੱਕ ਘੁਮਿਆਰ,**
**ਹੱਥਾਂ ਦੀ ਕਰ ਕਰਾਮਾਤ, ਬਣਾਏ ਭਾਂਡੇ, ਦੀਵੇ ਬੇਸ਼ੁਮਾਰ।**
**ਦਸਤਕਾਰੀ ਵਿਰਸੇ ਦੀ, ਦੇਖੋ ਕਿੰਝ ਰੱਖਦਾ ਹੈ ਸੰਭਾਲ,**
**ਰੌਸ਼ਨ ਕਰੇਗਾ ਜਗਤ ਨੂੰ, ਇਹ ਘਰ ਘਰ ਦੀਵੇ ਬਾਲ਼।**
**ਪਰ ਆਪਣੇ ਘਰ ਹਨ੍ਹੇਰਾ, ਨਾ ਨਸੀਬ ਕਰਨ ਕਮਾਲ,**
**ਉੱਤੋਂ ਲਾਟੂਆਂ ਧੰਧਾ ਰੋਲ ਕੇ, ਦਿੱਤਾ ਪੂਰਾ ਬੇੜਾ ਬਿਠਾਲ਼।**

### ਕੈਪਸ਼ਨ ਮੁਕਾਬਲਾ-555



ਨੂੰਹ ਰਾਣੀ ਘਰ ਐਸੀ ਆਈ,
ਘਰ ਦਾ ਕੰਮ ਸਾਰਾ ਲਿਆ ਸੰਭਾਲ।
ਚੁੱਲ੍ਹੇ ਚੌਕੇ ਤੋਂ ਮੈਨੂੰ ਵਿਹਲਾ ਕਰਤਾ,
ਪਰਚੀ ਰਹਾਂ ਮੈਂ ਪੋਤੇ ਨਾਲ।
ਧੀਆਂ ਵਾਂਗ, ਰਹਿੰਦੀ ਮਾਂ ਮਾਂ ਕਰਦੀ,
ਨੂੰਹ ਸੱਸ ਦਾ ਰਿਸ਼ਤਾ ਖਤਮ ਹੋ ਗਿਆ।
ਕਿਤਾਬਾਂ ਨਾਲ ਹੋ ਗਈ ਨੇੜਤਾ,
ਲੱਗਦੈ ਦੁਬਾਰਾ ਜਨਮ ਹੋ ਗਿਆ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ।***
***ਫੋਨ: 94176-49275***

---

ਸ਼ੌਕ ਪੜ੍ਹਨ ਦਾ ਬੜਾ ਅਵੱਲਾ,
ਜਿਹਨੂੰ ਇਹ ਲੱਗ ਜਾਵੇ,
ਕਬੀਲਦਾਰੀ 'ਚੋਂ ਸਮਾਂ ਕੱਢ ਕੇ,
ਫਿਰ ਇਹ ਸ਼ੌਕ ਪੁਗਾਵੇ।
ਲੈ ਕੇ ਬੈਠੀ ਲਾਡਲੇ ਨੂੰ ਗੋਦੀ,
ਗੁੜ੍ਹਤੀ ਪੜ੍ਹਨ ਦੀ ਲਾਵੇ,
ਪਰ ਸੋਸ਼ਲ ਮੀਡੀਏ ਦਾ ਯੁੱਗ,
ਕਿਤਾਬਾਂ ਤੋਂ ਝੱਟ ਹਟਾਵੇ।
***-ਸੇਵਾ ਸਿੰਘ ਨੂਰਪੁਰੀ***

---

ਦੁਪੱਟੇ ਦੇ ਨਾਲ ਸਿਰ ਨੂੰ ਕੱਜ ਕੇ
ਨਾਲ ਗੁਰਬਾਣੀ ਮਨ ਨੂੰ ਲਾਇਆ।
ਇੱਕ ਹੱਥ ਪੋਤੇ ਉੱਪਰ ਰੱਖ ਕੇ
ਨਾਲ਼ ਕੰਬਲ਼ ਦੇ ਕਵਚ ਬਣਾਇਆ।
ਸ਼ਾਂਤੀ ਅਤੇ ਸਕੂਨ ਦੇਖ ਕੇ
ਪੱਪੀ ਵੀ ਨੇੜੇ ਨੂੰ ਆਇਆ।
***-ਜਗਮੀਤ ਸਿੰਘ ਪੰਧੇਰ***
***ਫੋਨ: 204 296 3177***

---

ਗੋਦੀ ਦਾਦੀ ਦੀ ਲੱਗੇ ਪਿਆਰੀ,
ਪੋਤਾ ਨਾਲੇ ਸੁਣਦਾ ਬਾਣੀ ਦਾ ਪਾਠ।
ਛੋਟਾ ਡੌਗੀ ਵੀ ਛਾਪਲਿਆ ਬੈਠਾ,
ਮਾਹੌਲ ਸ਼ਾਂਤ, ਦੋਨਾਂ ਦੀ ਹੈ ਠਾਠ।
ਚੰਗੇ ਸੰਸਕਾਰ ਲੈ ਕੇ ਵੱਡਾ ਹੋਊ,
ਜ਼ਿੰਦਗੀ ਦੀ ਚੰਗੀ ਚੜ੍ਹੀ ਪ੍ਰਭਾਤ।
ਰੱਬ ਤੋਂ ਮੰਗੀ ਦਾਤ ਮਿਲੀ ਹੈ,
ਰਹੇ ਨਾ ਕਿਸੇ ਪੱਖੋਂ ਘਾਟ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ, ਜ਼ਿਲ੍ਹਾ ਪਟਿਆਲਾ***
***ਫੋਨ: 98784-69639***

---

ਸਰਬਸਾਂਝੀਵਾਲਤਾ ਚਿੰਨ੍ਹ ਇਤਫਾਕ ਦਾ
ਨਾ ਝਗੜਾ, ਨਾ ਰਗੜਾ, ਨਾ ਤਕਰਾਰ
ਜ਼ਿੰਦਗੀ ਲੀਹਾਂ 'ਤੇ
ਰਹਿੰਦੇ ਪੱਕੇ ਕਰਾਰ
ਛੱਡ ਬੱਚਾ ਸੱਸ ਦੀ ਗੋਦ
ਜੋ ਕਰ ਰਹੀ ਪਾਠ
ਨੂੰਹ ਘਰ ਦਾ ਕੰਮ ਮੁਕਾਵੇ
ਨਾਲੇ ਰੱਖੇ ਹਰੇਕ ਦੀ ਸਾਰ
ਖਰਬੂਜੇ ਨੂੰ ਦੇਖ ਖਰਬੂਜਾ ਰੰਗ ਫੜਦਾ
ਦੇਖ ਇਕੱਠ ਪਰਿਵਾਰ ਦਾ ਆਂਢ-ਗੁਆਂਢ
ਸਭ ਰੀਸਾਂ ਕਰ
ਖਿੱਤਾ ਹੀ ਖੁਸ਼ਹਾਲ ਨਜ਼ਰ ਆਉਂਦਾ।
***-ਦਰਸ਼ਨ ਪਾਲ ਦੋਸਾਂਝ।***

*To Advertise with Punjab Times Call:*
***847-359-0746***
*E-mail:punjabtimes1@gmail.com*

# ਅਭੀ ਤੋ ਮੈਂ ਜਵਾਨ ਹੂੰ...

ਲਹਿੰਦੇ ਪੰਜਾਬ ਦੀ ਨਾਮੀ ਗਾਇਕਾ ਮਲਿਕਾ ਪੁਖ਼ਰਾਜ਼ ਦੀ ਦਿਲ ਟੁੰਬਵੀਂ ਆਵਾਜ਼ ਵਿਚ ਗਾਈ ਗਜ਼ਲ 'ਅਭੀ ਤੋ ਮੈਂ ਜਵਾਨ ਹੂੰ...।' ਲੁਕੋਈ ਬੈਠੀ ਹੈ ਇਹ ਦਾਸਤਾਨ! ਬਚਪਨਾ ਜੇਕਰ ਬਾਦਸ਼ਾਹਤ ਹੈ ਅਤੇ ਜਵਾਨੀ ਰੰਗਲੇ ਦਿਨਾਂ ਦਾ ਅਹਿਸਾਸ, ਤਾਂ ਬੁਢਾਪਾ ਇਸ ਦਾ ਸੁਨਹਿਰੀ ਯੁਗ ਹੈ। ਹਉਕਿਆਂ ਹਾਵਿਆਂ ਦੀ, ਤਜਰਬਿਆਂ ਦੀ ਪ੍ਰਪੱਕਤਾ ਨੂੰ ਪੀਢੀ ਗੰਢ ਨਾਲ ਬੰਨ੍ਹਿਆ ਹੋਇਐ। ਉਹ ਇਬਾਰਤ, ਜੋ ਅੱਖਰਾਂ ਨੇ ਨਹੀਂ, ਸਮੇਂ ਦੇ ਥਪੇੜਿਆਂ ਨੇ ਸਿਖਾਈ ਐ। ਸਿਖਰ ਦੁਪਹਿਰ ਦੀ ਉਮਰ ਤੋਂ ਪਰਛਾਵੇਂ ਢਲਣ ਤੱਕ ਦੀ ਵਿੱਥਿਆ। ਚਾਂਦੀ ਰੰਗੇ ਵਾਲ ਤੇ ਸੋਨ-ਭਾਅ ਮਾਰਦਾ ਝੁਰੜੀਆਂ ਭਰਿਆ ਚਿਹਰਾ ਯਾਦਾਂ ਦਾ ਸਮੁੰਦਰ ਸਮੋਈ ਬੈਠਾ ਹੁੰਦੈ ਆਪਣੇ ਅੰਦਰ...ਖੱਟੀਆਂ, ਮਿੱਠੀਆਂ ਤੇ ਕੜਕ! ਲੰਮਿਆਂ ਪੈਂਡਿਆਂ ਦੀ ਰਾਸ ਪੂੰਜੀ ਜ਼ਿੰਦਗੀ ਦੇ ਪੰਨਿਆਂ ਦਾ ਇਤਿਹਾਸ ਬਣਦੀ ਹੈ। ਬੇਸ਼ੱਕ ਅਸੀਂ ਆਪਣੀ ਜ਼ਿੰਦਗੀ ਅਗਾਂਹ ਨੂੰ ਜਿਉਂਦੇ



ਜਗਜੀਤ ਸਿੰਘ ਲੋਹਟਬੱਦੀ
+91 89684-33500

ਹਾਂ, ਪਰ ਬਹੁਤੀ ਸਮਝ ਸਾਨੂੰ ਪਿਛਲੀ ਜੀਵੀ ਜ਼ਿੰਦਗੀ ਤੇ ਉਸ ਨਾਲ ਜੁੜੀਆਂ ਯਾਦਾਂ ਤੋਂ ਹੀ ਆਉਂਦੀ ਐ। ਅਤੀਤ ਦੇ ਕੁੱਝ ਪਲ ਸਾਡੇ ਸਾਹਮਣੇ ਯਾਦਾਂ ਦੀ ਪਟਾਰੀ ਖੋਲ੍ਹ ਦਿੰਦੇ ਨੇ:

ਜੋ ਗੁਜ਼ਰ ਗਈ ਕਲ ਕੀ ਬਾਤ ਥੀ
ਉਮਰ ਤੋ ਨਹੀਂ ਏਕ ਹੀ ਰਾਤ ਥੀ
(ਭੁਪਿੰਦਰ)

ਬੁਢਾਪਾ ਵਰ ਹੈ ਕਿ ਸਰਾਪ? ਅਸੀਂ ਤ੍ਰਭਕ ਕਿਉਂ ਜਾਂਦੇ ਹਾਂ? ਕੀ ਮੌਤ ਡਰਾਉਣੀ ਸ਼ੈਅ ਆ? ਸੈਂਕੜੇ ਹੀ ਸਵਾਲ ਜ਼ਿਹਨ ਵਿਚ ਘਰ ਕਰ ਲੈਂਦੇ ਨੇ। ਸੋਚਣ-ਸ਼ਕਤੀ ਰੁਕ ਜਿਹੀ ਜਾਂਦੀ ਐ, ਜਿਵੇਂ ਸਾਹਮਣੇ ਕੋਈ ਖਾਈ ਹੋਵੇ ਅਤੇ ਸਾਨੂੰ ਉਸ ਵਿਚ ਜਬਰੀ ਛਾਲ ਮਾਰਨ ਲਈ ਕਿਹਾ ਜਾਵੇ। ਭੁੱਲ ਜਾਂਦੇ ਹਾਂ ਕਿ ਬੁਢਾਪਾ ਸਰੀਰਕ ਅਤੇ ਮਾਨਸਿਕ ਅਵਸਥਾ ਹੈ, ਜੋ ਵਡੇਰੇ ਸਮੇਂ ਦੇ ਕਾਲ-ਚੱਕਰਾਂ ਨੇ ਸਾਨੂੰ ਅਨਮੋਲ ਤੋਹਫ਼ੇ ਵਿਚ ਦਿੱਤਾ ਹੈ। ਇਹ ਮਹਿੰਗੇ, ਮੁੱਲਵਾਨ ਛਿਣਾਂ ਦਾ ਲੇਖਾ ਜੋਖਾ ਹੈ। ਤੀਹ ਸਾਲ ਦਾ ਜਵਾਨ ਆਪਣੇ ਆਪ ਨੂੰ ਬੁੱਢਾ ਸਮਝ ਬੈਠਦਾ ਹੈ, ਪਰ ਸੈਂਕੜਿਆਂ ਨੂੰ ਪਹੁੰਚਿਆ ਵਡੇਰਾ ਅਜੇ ਵੀ ਜ਼ਿੰਦਗੀ ਪ੍ਰਤੀ ਆਸਵੰਦ ਹੈ। ਅਸਲ ਵਿਚ ਇਸ ਸੰਕੀਰਣ ਸੋਚ ਦੇ ਪਿੱਛੇ ਅਨੇਕਾਂ ਹੀ ਸਮਾਜਿਕ, ਆਰਥਿਕ ਵਤੀਰੇ ਅਤੇ ਅਜੋਕੀਆਂ ਕਦਰਾਂ ਕੀਮਤਾਂ ਹਨ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਬਜ਼ੁਰਗਾਂ ਲਈ ਵਧੀਆ ਦੇਸ਼ ਨਹੀਂ ਹੈ। ਗਲੋਬਲ ਏਜ ਵਾਚ ਇੰਡੈਕਸ-2013 ਦੇ ਸਰਵੇਖਣ ਮੁਤਾਬਕ- ਜਿਹੜਾ ਸਿਹਤ, ਸਿੱਖਿਆ, ਆਮਦਨ ਅਤੇ ਵਾਤਾਵਰਣ ਤੇ ਅਧਾਰਤ ਹੈ- ਸਾਡਾ ਦੇਸ਼ 91 ਦੇਸ਼ਾਂ ਵਿਚੋਂ 73ਵੇਂ ਸਥਾਨ 'ਤੇ ਹੈ। ਸਵੀਡਨ ਪਹਿਲੇ, ਨਾਰਵੇ ਦੂਜੇ ਅਤੇ ਜਰਮਨੀ ਤੀਜੇ ਸਥਾਨ ਨਾਲ 'ਸੀਨੀਅਰ ਸਿਟੀਜ਼ਨਜ' ਦੇ ਰਹਿਣ ਲਈ ਖੂਬਸੂਰਤ ਧਰਤੀਆਂ ਹਨ।

ਦੇਖਿਆ ਗਿਐ ਕਿ ਰਿਸ਼ਤਿਆਂ ਦੇ ਘਾਣ ਦਾ ਸਭ ਤੋਂ ਵੱਧ ਸੰਤਾਪ ਬਜ਼ੁਰਗਾਂ ਦੇ ਹਿੱਸੇ ਆਇਐ। ਉਨ੍ਹਾਂ ਦੀ ਕੋਈ ਸੁਣਵਾਈ ਨਹੀਂ। ਔਲਾਦ ਡਿਜਿਟਲ ਯੁਗ ਵਾਂਗ ਹੀ ਤੇਜ਼ ਤਰਾਰ ਹੈ। ਉਮਰ ਭਰ ਦੇ ਤਜਰਬੇ ਕੋਈ ਮਾਅਨੇ ਨਹੀਂ ਰੱਖਦੇ, ਕਿਉਂਕਿ ਇਹ 'ਆਊਟਡੇਟਡ' ਹੋ ਚੁੱਕੇ ਹਨ। ਬਨਾਰਸ ਦੇ ਘਾਟ ਵੱਡੀ ਗਿਣਤੀ ਵਿਧਵਾ ਔਰਤਾਂ ਦੀ ਹੋਣੀ ਬਿਆਨ ਕਰਦੇ ਹਨ। ਬਿਰਧ ਆਸ਼ਰਮ ਖੁੰਬਾਂ ਵਾਂਗ ਉੱਗ ਰਹੇ ਹਨ। ਸਰੀਰ ਚਾਰ ਦੀਵਾਰੀਆਂ ਵਿਚ ਹੁੰਦੇ ਨੇ, ਪਰ ਮਨ ਦੀ ਭਟਕਣਾ ਫਿਰ ਉੱਥੇ ਲੈ ਜਾਂਦੀ ਹੈ, ਜਿੱਥੋਂ ਨਿਰਾਦਰ ਕਰ ਕੇ ਤਿਲਾਂਜਲੀ ਦਿੱਤੀ ਹੁੰਦੀ ਐ। ਸਿਸਕੀਆਂ, ਅਸੀਸਾਂ ਅਤੇ ਬਦਅਸੀਸਾਂ ਦਾ ਤਾਣਾ-ਬਾਣਾ ਸਮਾਜ ਦੀ ਤਸਵੀਰ ਦਾ ਕਾਲਾ ਪੱਖ ਦਰਸਾਉਂਦਾ ਹੈ। ਉਦਾਸੀ ਦੇ ਆਲਮ ਵਿਚ ਲੱਗਦੈ ਕਿ ਬੁਢਾਪਾ ਦੁੱਖਾਂ ਸੰਤਾਪਾਂ ਤੋਂ ਬਿਨਾਂ ਕੁੱਝ ਹੈ ਹੀ ਨਹੀਂ।

ਕਿਹਾ ਜਾਂਦੈ ਕਿ ਵਡੇਰੇ ਘਰ ਦਾ ਜਿੰਦਰਾ ਹੁੰਦੇ ਨੇ। ਉਨ੍ਹਾਂ ਦੀ ਹੋਂਦ ਨਾਲ ਘਰ ਦਾ ਕੋਨਾ ਕੋਨਾ ਮਹਿਕਦੈ। ਕਿਵਾੜ ਖੁੱਲ੍ਹੇ ਮਿਲਦੇ ਨੇ। ਸੋਚ ਕੇ ਦੇਖੋ, ਇਸਦੀ ਅਣਹੋਂਦ ਵਿਚ ਘਰ ਦੀ ਚਾਰਦੀਵਾਰੀ ਕਿਵੇਂ ਦੀ ਹੋਵੇਗੀ? ਤਿੱਖੀ ਧੁੱਪ ਵਿਚ ਵੀ ਕੋਨੇ ਹਨੇਰੇ ਲੱਗਣਗੇ। ਇਨ੍ਹਾਂ ਦੀਆਂ ਲੋੜਾਂ ਕੋਈ ਵੱਡੀਆਂ ਨਹੀਂ ਹੁੰਦੀਆਂ। ਸਿਰਫ ਤੁਹਾਡੀ ਦੋ ਪਲ ਦੀ ਗੁਫ਼ਤਗੂ ਉਨ੍ਹਾਂ ਲਈ ਮਾਰੂਥਲ ਵਿਚ ਪਈਆਂ ਛਿੱਟਾਂ ਦੀ ਨਿਆਈਂ ਹੋਵੇਗੀ। ਉਹ ਆਪਣੇ ਉਮਰ ਭਰ ਦੇ ਤਜਰਬੇ ਨਾਲ ਸਾਡੇ ਭਵਿੱਖ ਨੂੰ ਸੁਨਹਿਰੀ ਬਣਾਉਣ ਦਾ ਸੁਪਨਾ ਲੈਂਦੇ ਨੇ, ਪਰ ਸਾਨੂੰ ਉਨ੍ਹਾਂ ਦੀ ਕਲਪਨਾ ਕਿਸੇ 'ਪੱਥਰ ਯੁਗ' ਦੀ ਕਹਾਣੀ ਲੱਗਦੀ ਹੈ। ਘਰ ਦੇ ਕਿਸੇ ਖੂੰਜੇ ਵਿਚ ਮੰਜੇ 'ਤੇ ਪਏ ਉਹ ਆਪਣੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਚਿਤਾਰਦੇ ਰਹਿੰਦੇ ਹਨ। ਦੁਨੀਆਂ ਭਰ ਦੀਆਂ ਸੁੱਖ-ਸਹੂਲਤਾਂ ਉਨ੍ਹਾਂ ਨੂੰ ਉਹ ਸਕੂਨ ਨਹੀਂ ਦਿੰਦੀਆਂ, ਜਿੰਨੀਆਂ ਉਹ ਬੱਚਿਆਂ ਨਾਲ ਬੱਚੇ ਬਣ ਕੇ ਮਾਣਦੇ ਹਨ। ਇਕੱਲਤਾ ਜਾਂ ਰੁੱਖਾਪਣ ਉਨ੍ਹਾਂ ਨੂੰ ਡਿਪਰੈਸ਼ਨ ਵੱਲ ਧੱਕ ਦਿੰਦਾ ਹੈ। ਸਿਆਣੇ ਕਹਿੰਦੇ ਨੇ, ਜਿਹੜੇ ਘਰ ਬਜ਼ੁਰਗ ਹੱਸਦੇ ਮਿਲਣ, ਉਹ ਅਮੀਰਾਂ ਦਾ ਆਸ਼ਿਆਨਾ ਹੁੰਦੈ।

ਸਮੇਂ ਅਤੇ ਉਮਰ ਦੀ ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਕੁੱਝ ਸਮਾਂ ਪਹਿਲਾਂ ਤੱਕ ਛੁੱਟੀਆਂ ਹੋਣ 'ਤੇ ਬੱਚੇ ਦਾਦੀਆਂ-ਨਾਨੀਆਂ ਕੋਲ ਜਾਣ ਲਈ ਵਿਆਕੁਲ ਹੁੰਦੇ ਸਨ। ਉਨ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਬਾਤਾਂ, ਪਰੀ ਕਹਾਣੀਆਂ ਜਿੱਥੇ ਬੱਚਿਆਂ ਨੂੰ ਸੰਸਕਾਰਾਂ ਦੀ ਮਰਿਆਦਾ ਦੇ ਪਾਠ ਪੜ੍ਹਾਉਣ ਦਾ ਸਬੱਬ ਬਣਦੀਆਂ ਸਨ, ਉੱਥੇ ਬਜ਼ੁਰਗਾਂ ਦਾ ਸਮਾਂ ਵੀ ਸਾਰਥਿਕ ਹੋ ਜਾਂਦਾ ਸੀ। ਹੁਣ ਬੱਚਿਆਂ ਕੋਲ ਮੋਬਾਈਲ, ਲੈਪਟਾਪ ਅਤੇ ਡਿਜਿਟਲ ਗੇਮਜ਼ ਤੋਂ ਹੀ ਵਿਹਲ ਨਹੀਂ, ਨਾ ਹੀ ਉਹ ਆਪਣੀ ਜ਼ਿੰਦਗੀ ਵਿਚ ਕਿਸੇ ਵੱਡੇ ਦੀ 'ਦਖਲਅੰਦਾਜ਼ੀ' ਪਸੰਦ ਕਰਦੇ ਹਨ। ਇੱਕੋ ਛੱਤ ਥੱਲੇ ਵੱਸਦਾ ਪਰਿਵਾਰ ਵੀ ਅਜਨਬੀ ਬਣਿਆ ਰਹਿੰਦੈ। ਪੁਰਖਿਆਂ ਨੇ ਭਲੇ ਵੇਲੇ ਦੇਖੇ ਨੇ। ਸਬਰ ਸੰਤੋਖ ਦਾ ਪੱਲਾ ਨਹੀਂ ਛੱਡਿਆ। ਧਰਤੀ ਹੇਠਲੇ ਬਲਦ ਬਣ ਕੇ ਆਪਣੀਆਂ ਖੁਸ਼ੀਆਂ ਪਰਿਵਾਰ ਲਈ ਵਾਰ ਦਿੱਤੀਆਂ। ਉਮਰ ਦੇ ਇਸ ਆਖਰੀ ਪੜਾਅ 'ਤੇ ਥੋੜ੍ਹੀ ਜਿਹੀ ਠੇਸ ਵੀ ਉਨ੍ਹਾਂ ਨੂੰ ਡੂੰਘਾ ਜ਼ਖ਼ਮ ਦੇ ਜਾਂਦੀ ਐ। ਲੇਖਕ ਬਲਦੇਵ ਸਿੰਘ ਸੜਕਨਾਮਾ ਦੇ ਬੋਲ:

ਉਮਰ ਦੇ ਆਖਰੀ ਪੈਂਡੇ ਦੀ ਦਹਿਲੀਜ਼ 'ਤੇ ਖੜ੍ਹਿਆਂ
ਯਾਦਾਂ ਦੀਆਂ ਗਿਰਝਾਂ
ਹਰ ਪਲ, ਹਰ ਘੜੀ
ਨੋਚਦੀਆਂ ਨੇ ਕਲੇਜੇ ਦਾ ਮਾਸ
ਤੇ ਬੇਬਸੀ ਦੀ, ਚੁੱਪ ਦੀ ਚੀਖ਼
ਸੁਣਦੀ ਨਹੀਂ ਕਿਸੇ ਨੂੰ।

ਢਲਦੀ ਉਮਰੇ ਸੋਚਾਂ ਦੇ ਅੱਥਰੇ ਘੋੜੇ ਕਿੱਧਰ ਨੂੰ ਸਰਪਟ ਦੌੜਨ ਲੱਗਦੇ ਨੇ, ਪਤਾ ਈ ਨੀ ਲੱਗਦਾ। ਸਾਹਿਤਕਾਰ ਗੁਲਜ਼ਾਰ ਸਿੰਘ ਸੰਧੂ ਨੂੰ ਅੱਸੀਵਿਆਂ ਵਿਚ ਪੈਰ ਪਾਉਣ 'ਤੇ ਕੋਈ ਸਿਹਤ ਬਾਰੇ ਪੁੱਛਦਾ ਹੈ, ਤਾਂ ਜਵਾਬ ਸਮੇਂ ਸਮੇਂ ਦੀ ਦਸ਼ਾ ਦਰਸਾ ਦਿੰਦੈ। 'ਚੜ੍ਹਦੀ ਕਲਾ', 'ਇੱਕ ਨੰਬਰ', 'ਹਾਲੀ ਤੱਕ ਠੀਕ ਹੈ' ਤੋਂ 'ਧੱਕਾ ਦੇ ਰਿਹਾਂ' ਤੱਕ ਤਿਲ੍ਹਕ ਜਾਂਦੈ। ਲਿਖਦੈ, 'ਹੁਣ ਮੈਂ ਉਸ ਗੇਂਦ ਵਾਂਗ ਹਾਂ, ਜਿਹੜੀ ਰੁੜ੍ਹ ਤਾਂ ਰਹੀ ਹੈ, ਪਰ ਇਸਦਾ ਰੁੜ੍ਹਨਾ ਰੁਕਣ ਵਾਲਾ ਹੈ। ਕਦੋਂ, ਕਿਵੇਂ ਤੇ ਕਿੱਥੇ ਦਾ ਪਤਾ ਨਹੀਂ।' ਬਕੌਲ ਮਿਰਜ਼ਾ ਗਾਲਿਬ:

ਰੌਅ ਮੇਂ ਹੈ ਰਖ਼ਸ਼ ਏ ਉਮਰ, ਕਹਾਂ ਦੇਖੀਏ ਥਮੇਂ
ਨਾ ਹਾਥ ਬਾਗ ਪਰ ਹੈ, ਨਾ ਪਾ ਹੈ ਰਕਾਬ ਮੇਂ।

ਤਸਵੀਰ ਦੇ ਦੂਸਰੇ ਰੁਖ ਵਿਚ ਬੁਢਾਪਾ ਇੱਕ ਸੁਖਦ, ਸੁਖਾਵਾਂ ਭਾਵ ਬਣਦੈ। ਜ਼ਿੰਦਗੀ ਦੀ ਭੱਜ ਦੌੜ ਤੇ ਝਮੇਲਿਆਂ ਤੋਂ ਫ਼ਾਰਗ ਹੋਣ ਦਾ ਸਵੱਲਾ ਸਮਾਂ, ਜਦੋਂ ਟਹਿਕਵੇਂ ਪਲਾਂ ਨੂੰ ਮਾਣ ਸਕੀਦੈ। ਆਪਣੇ ਬਾਰੇ ਲੇਖਾ ਜੋਖਾ ਕਰਨ ਦਾ, ਆਪਣੇ ਆਪੇ ਨਾਲ ਸੰਵਾਦ ਰਚਾਉਣ ਦਾ। ਹਾਂ-ਵਾਚੀ ਪਲਾਂ ਤੇ ਮਨ ਨੂੰ ਇਕਾਗਰ ਕਰਨ ਦਾ...ਆਕਾਸ਼ੀ ਗੰਗਾ ਦੇ ਤਾਰਿਆਂ ਨਾਲ ਸਾਂਝ ਪਾਉਣ ਦਾ। ਬੁਢਾਪਾ ਮਨ ਦਾ ਹੀ ਇੱਕ ਪੜਾਅ ਹੈ। ਇਸਨੂੰ ਭੁੱਲ ਕੇ ਬਹੁਤ ਲੋਕ ਜ਼ਿੰਦਗੀ ਦਾ ਜਸ਼ਨ ਮਨਾਉਂਦੇ ਨੇ, ਹੱਸ ਕੇ...ਗੁਟਕ ਕੇ...ਮਸ਼ਕਰੀਆਂ ਕਰ ਕੇ...ਰੰਗਾਂ ਨਾਲ ਖੇਡ ਕੇ। ਤ੍ਰਿਕਾਲਾਂ ਨੂੰ 'ਹੱਟ ਪਿੱਛੇ' ਕਹਿ ਕੇ ਕੁਦਰਤ ਦਾ ਆਨੰਦ ਮਾਣਦੇ ਨੇ। ਨਿੱਕੇ ਨਿੱਕੇ ਟੋਟਕਿਆਂ ਨਾਲ ਲਾਡ ਲਡਾਉਣਾ, ਜ਼ਿੰਦਗੀ ਦੀਆਂ ਰਮਜ਼ਾਂ ਦੇ ਰਾਜ਼ ਸਮਝਾਉਣੇ ਤੇ ਉਤਸ਼ਾਹੀ ਪਲਾਂ ਨੂੰ ਰੋਜ਼ ਮਰ੍ਹਾ ਦਾ ਹਿੱਸਾ ਬਣਾਉਣਾ, ਉਨ੍ਹਾਂ ਨੂੰ ਨਿਰਾਸ਼ਾਵਾਦੀ ਵਿਚਾਰਾਂ ਤੋਂ ਕੋਹਾਂ ਦੀ ਦੂਰੀ 'ਤੇ ਰੱਖਦਾ ਹੈ।

ਉੱਘੇ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਜ਼ਿੰਦਗੀ ਦਾ ਸੈਂਕੜਾ ਪੂਰਾ ਕੀਤਾ। ਆਖਿਰ ਤੱਕ ਵੀ ਉਹ ਆਪਣੇ ਪਿੰਡ ਦੇ ਖੇਡ ਮੇਲੇ 'ਤੇ ਥਾਪੀ ਮਾਰ ਕੇ ਝੰਡੀ ਲੈਂਦੇ ਰਹੇ। ਕੰਵਲ ਬਾਰੇ ਇਨਕਲਾਬੀ ਸ਼ਾਇਰ ਪਾਸ਼ ਕਹਿੰਦੈ, 'ਕੰਵਲ ਨੂੰ ਮਿਲਣ ਜਾ"। ਉੱਥੇ ਸਿਰਫ਼ ਇੱਕ ਐਥਲੀਟ ਕਿਸਮ ਦੇ ਮੋਢੇ ਉੱਤੇ ਜਾਂਘੀਏ ਦੀਆਂ ਤਣੀਆਂ ਲਮਕਦੀਆਂ ਨਜ਼ਰ ਆਉਣਗੀਆਂ। ਬਾਕੀ ਦਾ ਕੰਵਲ ਤੁਹਾਡੇ ਆਵਦੇ ਅੰਦਰ ਹੋਵੇਗਾ।' ਇਹ ਹੁੰਦੈ, ਜ਼ਿੰਦਗੀ ਜਿਉਣ ਦਾ ਢੰਗ, ਜਿੱਥੇ 'ਦਿਲ ਹੋਣਾ ਚਾਹੀਦਾ ਜਵਾਨ, ਉਮਰਾਂ 'ਚ ਕੀ ਰੱਖਿਐ!' ਕਹਿੰਦੇ ਨੇ ਇੱਕ ਵਾਰ ਦਲੀਪ ਕੌਰ ਟਿਵਾਣਾ ਨੇ ਕੰਵਲ ਨੂੰ ਉਸਦੀ ਉਮਰ ਪੁੱਛੀ। ਕਹਿੰਦਾ,

ਦਲੀਪ ਕੁਰੇ, ਤੈਥੋਂ ਮਗਰੋਂ ਮਰੂੰ। ਟਿਵਾਣਾ ਕਹਿੰਦੀ, 'ਇਹ ਕੌਲ ਨਿਭਾ ਕੇ ਦਿਖਾਈਂ।' ਜਜ਼ਬੇ ਨੂੰ ਸਲਾਮ! ਟਿਵਾਣਾ ਦੇ ਜਾਣ ਤੋਂ ਇੱਕ ਦਿਨ ਬਾਅਦ ਕੰਵਲ ਵੀ ਅਲਵਿਦਾ ਕਹਿ ਗਿਆ। ਬੇਬੇ ਮਾਨ ਕੌਰ ਤੇ ਬਾਪੂ ਫ਼ੌਜਾ ਸਿੰਘ ਨੇ ਬੁਢਾਪੇ ਨੂੰ ਅੰਗੂਠਾ ਦਿਖਾ ਕੇ ਖੇਡ ਮੈਦਾਨਾਂ ਵਿਚ ਝੰਡੇ ਗੱਡੇ ਨੇ।

ਰਾਜਨੀਤਕ ਨੇਤਾਵਾਂ ਨੂੰ ਪੁੱਛ ਕੇ ਦੇਖੋ ਕਿ ਬੁਢਾਪਾ ਕੀ ਹੁੰਦੈ? ਕਦੇ ਰਿਟਾਇਰ ਨਹੀਂ ਹੁੰਦੇ, ਸਗੋਂ ਰੀ-ਟਾਇਰ ਹੋ ਜਾਂਦੇ ਨੇ। ਸਾਡੇ ਬਾਦਲ ਸਾਹਿਬ ਨੂੰ ਬੁੱਢਾ ਕਹਿ ਕੇ ਦੇਖੋ! ਅਖੇ, ਦੇਸ਼ ਚਲਾਉਣਾ ਹੀ ਅੱਸੀਆਂ ਤੋਂ ਉੱਪਰਲਿਆਂ ਨੂੰ ਆਉਂਦੈ, ਹੇਠਲੇ ਛੋਹਰ ਛਿੰਦੇ ਇੰਨਾਂ ਭਾਰ ਕਿੱਥੇ ਝੱਲ ਸਕਦੇ ਨੇ? ਕਿਸਾਨੀ ਘੋਲ ਦੀ ਵਾਗ-ਡੋਰ ਵੀ ਜ਼ਿਆਦਾਤਰ ਸੀਨੀਅਰਜ਼ ਕੋਲ ਹੀ ਹੈ, ਜਿਹੜੇ ਅਫ਼ਸਰਸ਼ਾਹੀ ਨੂੰ ਵੀ ਵਾਹਣੀਂ ਪਾਈ ਫਿਰਦੇ ਨੇ।

ਇੱਕ 22-23 ਸਾਲ ਦਾ ਰਿਪੋਰਟਰ ਆਪਣੇ ਅਖਬਾਰ ਲਈ 99 ਸਾਲਾ ਬਾਬੇ ਦੀ ਇੰਟਰਵਿਊ ਕਰ ਰਿਹਾ ਸੀ। ਰਿਪੋਰਟਰ ਕਹਿਣ ਲੱਗਾ, 'ਮੈਂ ਆਸ ਕਰਦਾਂ ਕਿ ਮੈਂ ਅਗਲੇ ਸਾਲ ਫੇਰ ਆਵਾਂ ਤੇ ਤੈਨੂੰ 100ਵੇਂ ਜਨਮ ਦਿਨ ਦੀ ਵਧਾਈ ਦੇਵਾਂ।'

ਬੁੱਢੇ ਆਦਮੀ ਦਾ ਜਵਾਬ ਸੀ, 'ਕਿਉਂ ਨਹੀਂ ਨੌਜਵਾਨ, ਹਜੇ ਤਾਂ ਤੂੰ ਵਾਹਵਾ ਤੰਦਰੁਸਤ ਦਿਸਦੈਂ!' ਇਸਨੂੰ ਕਹਿੰਦੇ ਨੇ 'ਪਾਜ਼ੇਟੀਵਿਟੀ'।

ਨੋਬਲ ਇਨਾਮ ਜੇਤੂ ਅਰਨੈਸਟ ਹੈਮਿੰਗਵੇ ਦੀ ਸ਼ਾਹਕਾਰ ਰਚਨਾ 'ਬੁੱਢਾ ਤੇ ਸਮੁੰਦਰ' ਦਾ ਨਾਇਕ ਸੇਂਟਿਆਗੋ ਸਾਹਸ ਅਤੇ ਬਹਾਦਰੀ ਦੀ ਨਵੀਂ ਕਹਾਣੀ ਲਿਖਦਾ ਹੈ। ਚੁਰਾਸੀ ਦਿਨਾਂ ਤੱਕ ਸਮੁੰਦਰੀ ਦੁਸ਼ਵਾਰੀਆਂ ਨਾਲ ਜੂਝਣ ਤੋਂ ਬਾਅਦ ਉਹ ਇੱਕ ਵੱਡ-ਅਕਾਰੀ ਮੱਛੀ 'ਮਾਰਲਿਨ' ਨੂੰ ਜਾਲ ਵਿਚ ਫਸਾ ਲੈਂਦਾ ਹੈ। ਪੁਰਾਣਾ ਸਰੀਰ, ਪੁਰਾਣਾ ਜਾਲ ਤੇ ਪੁਰਾਣੀ ਕਿਸ਼ਤੀ ਤੋਂ ਮੱਛੀ ਜ਼ਿਆਦਾ ਤਾਕਤਵਰ ਹੈ, ਪਰ ਬੁੱਢਾ ਵੀ ਹੱਠ ਦਾ ਦੂਜਾ ਨਾਮ ਹੈ। ਅਠਾਰਾਂ ਫੁੱਟ ਲੰਬੀ ਤੇ ਭਾਰੀ ਮੱਛੀ ਸੇਂਟਿਆਗੋ ਦਾ ਇਮਤਿਹਾਨ ਲੈਂਦੀ ਹੈ। ਜੇਤੂ ਹੋ ਕੇ ਮੱਛੀ ਨੂੰ ਕੰਢੇ ਤੱਕ ਲਿਆਉਂਦੇ ਸ਼ਾਰਕਾਂ, ਮਾਰਲਿਨ ਦਾ ਮਾਸ ਨੋਚ ਲੈਂਦੀਆਂ ਹਨ ਤੇ ਸਿਰਫ ਪਿੰਜਰ ਹੀ ਕੰਢੇ ਤੱਕ ਪਹੁੰਚਦਾ ਹੈ, ਪਰ ਬੁੱਢਾ ਜੇਤੂ ਅੰਦਾਜ਼ ਵਿਚ ਹੈ, 'ਇਨਸਾਨ ਨੂੰ ਤਬਾਹ ਤਾਂ ਕੀਤਾ ਜਾ ਸਕਦਾ ਹੈ, ਪਰ ਹਰਾਇਆ ਨਹੀਂ ਜਾ ਸਕਦਾ।' ਰਾਤ ਨੂੰ ਅਗਲੇ ਦਿਨ ਫਿਰ ਸਮੁੰਦਰ ਵਿਚ ਬੇੜੀ ਠੇਲ੍ਹਣ ਦੇ ਸੁਪਨੇ ਦੇਖਦਾ ਹੈ।

ਬੁਢਾਪਾ ਜ਼ਿੰਦਗੀ ਜਿਉਣ ਦਾ ਨਿਵੇਕਲਾ ਨਾਂ ਹੈ। ਆਓ, ਬੀਤੇ ਦਿਨਾਂ ਵਿਚੋਂ ਸੁਹਾਵਣੇ ਪਲਾਂ ਨੂੰ ਚੁਣੀਏ, ਪੰਛੀਆਂ ਨਾਲ ਗੱਲਾਂ ਕਰੀਏ, ਪੌਦਿਆਂ ਦੀਆਂ ਰਮਣੀਕ ਧੁਨਾਂ ਸੁਣੀਏ, ਖੇਤਾਂ ਦੀ ਹਰਿਆਲੀ ਨਾਲ ਬਾਤਾਂ ਪਾਈਏ, ਖੂਹ ਦੀ ਮੌਣ 'ਤੇ ਬੈਠ ਕੇ ਔਲੂ ਵਿਚ ਡਿੱਗਦੇ ਪਾਣੀ ਦਾ ਸੰਗੀਤ ਸੁਣੀਏ। ਇਹ ਲਮ੍ਹੇ ਵਾਰ ਵਾਰ ਦਸਤਕ ਨਹੀਂ ਦਿੰਦੇ। ਬਚਪਨ ਮਾਸੂਮ ਸੀ, ਜਵਾਨੀ ਰੰਗੀਨ; ਬੁਢਾਪਾ ਦੋਹਾਂ ਦਾ ਜੋੜ ਬਣਦੈ। ਕੌਣ ਕਹਿੰਦੈ, ਮੈਂ ਬੁੱਢਾਂ। ਬੁੱਢਾ ਹੋਊਗਾ ਤੇਰਾ ਬਾਪ। ਮੈਂ ਤਾਂ ਸੋਲਾਂ ਸਾਲਾਂ ਦਾ ਨੌਜਵਾਨ, ਪੰਜਾਹ ਸਾਲ ਦਾ ਤਜਰਬਾ ਚੁੱਕੀ ਫਿਰਦਾਂ!

ਮਲਿਕਾ ਪੁਖ਼ਰਾਜ ਦੀ ਧੁਨੀ ਅਜੇ ਵੀ ਅੰਬਰ ਵਿਚ ਘੁਲੀ ਹੋਈ ਐ:

'ਅਭੀ ਤੋ ਮੈਂ ਜਵਾਨ ਹੂੰ.....'

# ਆਓ ਪਰਾਲੀ ਦਾ ਸਦਉਪਯੋਗ ਕਰ ਕੇ ਇਸ ਨੂੰ ਸਰਾਪ ਦੀ ਥਾਂ ਵਰਦਾਨ ਬਣਾਈਏ

ਕੁਦਰਤ ਨੇ ਜਿਨ੍ਹਾਂ ਅਨਮੋਲ ਜੜੀਆਂ ਬੂਟੀਆਂ ਅਤੇ ਪੇੜ ਪੌਦਿਆਂ ਨਾਲ ਸਾਨੂੰ ਨਵਾਜ਼ਿਆ ਹੈ, ਉਨ੍ਹਾਂ ਸਭਨਾਂ ਵਿਚ ਮਨੁੱਖਾਂ ਲਈ ਕੋਈ ਨਾ ਕੋਈ ਬਿਹਤਰੀ ਛੁਪੀ ਹੋਈ ਹੈ। ਇਹ ਗੱਲ ਵੱਖਰੀ ਹੈ ਕਿ ਸਾਨੂੰ ਹਰ ਸ਼ੈਅ ਦੀ ਪੂਰਨ ਜਾਣਕਾਰੀ ਨਹੀਂ ਹੈ। ਪਰ ਇਹ ਵੀ ਸੱਚਾਈ ਹੈ ਕਿ ਰੱਬ ਨੇ ਕੋਈ ਵੀ ਚੀਜ਼ ਦੁਨੀਆਂ ਵਿਚ ਬਗ਼ੈਰ ਮਕਸਦ ਜਾਂ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਬੇਕਾਰ ਪੈਦਾ ਨਹੀਂ ਕੀਤੀ।

ਇਸ ਗੱਲ ਦੀ ਖੁਸ਼ੀ ਹੈ ਕਿ ਹੁਣ ਬਹੁਤ ਸਾਰੇ ਕਿਸਾਨ ਵੀਰ ਆਪਣੇ ਖੇਤਾਂ ਵਿਚ ਪਰਾਲੀ ਨੂੰ ਅੱਗ ਲਾਉਣ ਤੋਂ ਗੁਰੇਜ਼ ਕਰਨ ਲੱਗੇ ਹਨ। ਕੁਝ ਵਰ੍ਹੇ ਪਹਿਲਾਂ ਮੈਂ ਪਰਾਲੀ ਸਾੜਨ ਵਿਰੁੱਧ ਸਕੂਲੀ ਬੱਚਿਆਂ ਦੀ ਰੈਲੀ ਵੇਖੀ। ਇਸ ਦੌਰਾਨ ਬੱਚਿਆਂ ਦੇ ਹੱਥਾਂ ਵਿਚ ਜੋ ਤਖ਼ਤੀਆਂ ਚੁੱਕੀਆਂ ਹੋਈਆਂ ਸਨ, ਉਨ੍ਹਾਂ 'ਤੇ ਲਿਖੇ ਸਲੋਗਨ ਆਪ ਮੁਹਾਰੇ ਧਿਆਨ ਖਿੱਚ ਰਹੇ ਸਨ, ਜਿਵੇਂ:

'ਕਹਿਣ ਸਿਆਣੇ ਬਰਕਤ ਹੁੰਦੀ ਨੇਕ ਕਮਾਈ ਦੀ, ਜਿਹੜੀ ਧਰਤੀ ਦਾ ਖਾਈਏ ਉਹਨੂੰ ਅੱਗ ਨਹੀਂ ਲਾਈਦੀ।'

ਖੇਤ ਪਰਾਲੀ ਨੂੰ ਅੱਗ ਲਾ ਕੇ ਕਿਉਂ ਕਰਦੇ ਹੋ ਧੂਆਂ-ਧਾਰ, ਖੰਘ, ਦਮਾ ਤੇ ਹੋਰ ਬਿਮਾਰੀਆਂ ਦੇਣਗੀਆਂ ਸਭ ਨੂੰ ਮਾਰ।"

ਇੱਕ ਸਲੋਗਨ 'ਚ ਲਿਖਿਆ ਸੀ:

'ਕੁਝ ਸਿੱਕਿਆਂ ਲਈ ਧਰਤੀ ਲੂਹੇਂ ਖੇਤੀਂ ਭਾਂਬੜ ਬਾਲੇਂ, ਆਪਣਾ ਹੀ ਘਰ ਸਾੜ ਕੇ ਨਹੀਂਓਂ ਹੁੰਦੇ ਕਦੇ ਉਜਾਲੇ।'

ਹੁਣ ਕੁਝ ਕੁ ਕਿਸਾਨ ਉਕਤ ਸੁਨੇਹਿਆਂ ਨੂੰ ਸਮਝਣ ਲੱਗ ਪਏ ਹਨ ਤੇ ਇਹੋ ਕਾਰਨ ਹੈ ਕਿ ਉਹ ਆਪਣੇ ਖੇਤਾਂ ਵਿਚ ਪਰਾਲੀਆਂ ਨੂੰ ਅੱਗ ਲਾਉਣ ਤੋਂ ਗੁਰੇਜ਼ ਵੀ ਕਰਨ ਲੱਗੇ ਹਨ।

ਪੰਜਾਬ ਵਿਚ ਝੋਨੇ ਦੀ ਬਿਜਾਈ ਵਾਲੇ ਖੇਤਰ ਦੀ ਜੇਕਰ ਗੱਲ ਕਰੀਏ ਤਾਂ ਸੂਬੇ ਵਿਚ ਲਗਭਗ 65 ਲੱਖ ਏਕੜ ਰਕਬੇ ਵਿਚ ਝੋਨੇ ਦੀ ਕਾਸ਼ਤ ਹੁੰਦੀ ਹੈ ਤੇ ਫਸਲ ਦੀ ਪ੍ਰਾਪਤੀ ਉਪਰੰਤ ਜਦ ਖੇਤਾਂ ਵਿਚਲੀ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਸਾੜਿਆ ਜਾਂਦਾ ਹੈ ਤਾਂ ਇਸ ਨਾਲ ਜੋ ਸਾਡਾ ਨੁਕਸਾਨ ਹੁੰਦਾ ਹੈ, ਉਸਦੇ ਤੱਥ ਯਕੀਨਨ ਚਿੰਤਾਜਨਕ ਹਨ। ਇਕ ਰਿਪੋਰਟ ਅਨੁਸਾਰ ਇਕ ਕਿੱਲੇ ਵਿਚ 2.5 ਤੋਂ ਲੈ ਕੇ 3 ਟਨ ਪਰਾਲੀ ਦੀ ਪੈਦਾਵਾਰ ਹੁੰਦੀ ਹੈ ਜਿਸਦੇ ਸਾੜਨ ਦੇ ਫਲਸਰੂਪ ਤਕਰੀਬਨ 32 ਕਿਲੋ ਯੂਰੀਆ, 5.5 ਕਿਲੋ ਡੀ.ਏ.ਪੀ. ਅਤੇ 51 ਕਿਲੋ ਪੁਟਾਸ਼ ਸੜ ਕੇ ਸੁਆਹ ਹੋ ਜਾਂਦੀ ਹੈ। ਇਸਦੇ ਨਾਲ ਹੀ ਕਾਸ਼ਤਕਾਰੀ ਲਈ ਸਹਾਇਕ, ਮਿੱਤਰ ਕੀੜੇ ਵੀ ਮਰ ਜਾਂਦੇ ਹਨ ਜਿਸ ਨਾਲ ਖੇਤੀ ਦੀ ਉਪਜਾਊ ਸ਼ਕਤੀ ਵਿਚ ਬੇ-ਤਹਾਸ਼ਾ ਕਮੀ ਆਉਂਦੀ ਹੈ। ਇਕ ਅੰਦਾਜ਼ੇ ਮੁਤਾਬਿਕ ਪਰਾਲੀ ਸਾੜਨ ਨਾਲ ਫਸਲਾਂ ਦੇ ਵਧੇਰੇ ਵਧਣ ਫੁੱਲਣ ਲਈ ਜ਼ਰੂਰੀ ਮਲੜ ਦੇ ਨਾਲ ਨਾਲ ਲਗਭਗ 38 ਲੱਖ ਟਨ ਆਰਗੈਨਿਕ ਕਾਰਬਨ ਸੜ ਜਾਂਦੇ ਹਨ ਜਿਸ ਕਾਰਨ ਧਰਤੀ ਦੀ ਜ਼ਰਖੇਜ਼ੀ ਭਾਵ ਉਪਜਾਊ ਸ਼ਕਤੀ ਵਿਚ ਕਮੀ ਆਉਂਦੀ ਹੈ। ਇਸ ਤੋਂ ਇਲਾਵਾ ਸੜਕਾਂ ਕਿਨਾਰੇ ਲੱਗੇ ਕਿੰਨੇ ਹੀ ਦਰਖਤ ਪਰਾਲੀ ਨੂੰ ਲਗਾਈ ਅੱਗ ਦੀ ਭੇਟ ਚੜ੍ਹ ਜਾਂਦੇ ਹਨ ਤੇ ਇਸ ਦੌਰਾਨ ਉਨ੍ਹਾਂ ਦਰਖਤਾਂ ਦੀਆਂ ਚੀਖਾਂ ਸ਼ਾਇਦ ਕਿਸੇ ਨੂੰ ਵੀ ਸੁਣਾਈ ਨਹੀਂ ਦਿੰਦੀਆਂ। ਪਹਿਲੇ ਪਹਿਲ ਛੋਟੀ ਮੱਖੀ ਦਾ ਸ਼ਹਿਦ ਸਾਨੂੰ ਆਮ ਮਿਲ ਜਾਇਆ ਕਰਦਾ ਸੀ, ਪਰ ਜਦ ਤੋਂ ਪਰਾਲੀ ਨੂੰ ਸਾੜਨ ਦੀ ਪਿਰਤ ਪਈ ਹੈ, ਉਸ ਨਾਲ ਸ਼ਹਿਦ ਦੀਆਂ ਅਣਗਿਣਤ ਮੱਖੀਆਂ ਮਰ ਚੁੱਕੀਆਂ ਹਨ ਜਿਸਦੇ ਫਲਸਰੂਪ ਅੱਜ ਸ਼ੁੱਧ ਸ਼ਹਿਦ ਮਿਲਣਾ ਲਗਭਗ ਨਾ-ਮੁਮਕਿਨ ਹੀ ਜਾਪਦਾ ਹੈ। ਇਸ ਤੋਂ ਇਲਾਵਾ ਛੋਟੇ-ਛੋਟੇ ਪੰਛੀ ਜਿਵੇਂ ਕਿ ਚਿੜੀਆਂ ਆਦਿ ਵੀ ਸਾਡੇ ਇਰਦ-ਗਿਰਦ ਵਿਚੋਂ ਅਲੋਪ ਹੁੰਦੇ ਜਾ ਰਹੇ ਹਨ।

ਦੂਸਰੇ ਪਾਸੇ ਪਰਾਲੀ ਸਾੜਨ ਕਰਕੇ ਜ਼ਹਿਰੀਲੀਆਂ ਗੈਸਾਂ, ਕਾਰਬਨ ਮੋਨੋਔਕਸਾਈਡ, ਲਾਲ ਕਣਾਂ ਨਾਲ ਕਿਰਿਆ ਕਰਕੇ ਖੂਨ ਦੀ ਆਕਸੀਜਨ ਲੈ ਜਾਣ ਦੀ ਸਮਰੱਥਾ ਘਟਾਉਂਦੀ ਹੈ। ਇਸਦੇ ਨਾਲ ਹੀ ਕਾਰਬਨ ਡਾਈਔਕਸਈਡ ਅੱਖਾਂ ਅਤੇ ਸਾਹ ਦੀ ਨਲੀ ਵਿਚ ਜਲਣ ਪੈਦਾ ਕਰਦੀ ਹੈ। ਇਸ ਤੋਂ ਇਲਾਵਾ ਸਲਫਰ ਔਕਸਾਈਡ ਅਤੇ ਨਾਈਟਰੋਜਨ, ਔਕਸਾਈਡ ਫੇਫੜਿਆਂ, ਖੂਨ, ਚਮੜੀ ਅਤੇ ਸਾਹ ਕਿਰਿਆ ਉੱਤੇ ਸਿੱਧਾ ਅਸਰ ਕਰਦੇ ਹਨ ਜੋ ਕੈਂਸਰ ਵਰਗੀਆਂ ਬਿਮਾਰੀਆਂ ਨੂੰ ਸੱਦਾ ਦਿੰਦੇ ਹਨ। ਉਕਤ ਜ਼ਹਿਰੀਲੀਆਂ ਗੈਸਾਂ ਦੇ ਪ੍ਰਕੋਪ ਦਾ ਸ਼ਿਕਾਰ ਸਭ ਤੋਂ ਵੱਧ ਬੱਚੇ ਹੁੰਦੇ ਹਨ ਕਿਉਂਕਿ ਬੱਚਿਆਂ ਵਿਚ ਮੈਟਾਬੌਲਿਕ ਐਕਟੀਵਿਟੀ ਹੋਣ ਕਾਰਨ, ਉਨ੍ਹਾਂ ਵਿਚ ਗੈਸ ਨੂੰ ਸਮੋਹਣ ਦੀ ਸਮਰੱਥਾ ਵਧੇਰੇ ਹੁੰਦੀ ਹੈ। ਉਕਤ ਗੈਸਾਂ ਗਰਭਵਤੀ ਔਰਤਾਂ ਉੱਤੇ ਵੀ ਬਹੁਤ ਮਾੜਾ ਪ੍ਰਭਾਵ ਪਾਉਂਦੀਆਂ ਹਨ।

ਇਕ ਹੋਰ ਅਧਿਐਨ ਅਨੁਸਾਰ ਜਿਹੜੇ ਸਾਹ ਨਾਲ ਅੰਦਰ ਜਾਣ ਵਾਲੇ ਮਹੀਨ ਧੂੜ ਕਣਾਂ ਦੀ ਮਿਕਦਾਰ ਆਮ ਦਿਨਾਂ ਵਿਚ ਵਾਤਾਵਰਨ ਵਿਚ ਲਗਭਗ 60 ਮਿਲੀ ਗ੍ਰਾਮ ਪ੍ਰਤੀ ਘਣ ਮੀਟਰ ਪਾਈ ਜਾਂਦੀ ਹੈ, ਉਨ੍ਹਾਂ ਦੀ ਤਾਅਦਾਦ ਵਿਚ ਪਰਾਲੀ ਸਾੜਨ ਦੇ ਦਿਨਾਂ ਵਿਚ 425 ਮਿਲੀ ਗ੍ਰਾਮ ਪ੍ਰਤੀ ਘਣ ਮੀਟਰ ਤਕ ਦਾ ਵਾਧਾ ਵੇਖਣ ਨੂੰ ਮਿਲਦਾ ਹੈ। ਪਰਾਲੀ ਸਾੜਨ ਕਾਰਨ ਲੋੜੀਂਦੀ ਸਰਦੀ ਦੇ ਮੌਸਮ ਵਿਚ ਵੀ ਕਮੀ ਵੇਖਣ ਨੂੰ ਮਿਲ ਰਹੀ ਹੈ। ਸਰਦੀ ਦਾ ਘੱਟ ਪੈਣਾ ਕਣਕ ਉੱਤੇ ਮਾੜੇ ਪ੍ਰਭਾਵ ਪਾਉਣ ਦਾ ਕਾਰਨ ਬਣਦਾ ਹੈ। ਇਕ ਅੰਦਾਜ਼ੇ ਮੁਤਾਬਿਕ ਪਰਾਲੀ ਸਾੜਨ ਕਾਰਨ ਹਰ ਸਾਲ ਕਿਸਾਨਾਂ ਦਾ ਲਗਭਗ 500 ਕਰੋੜ ਦਾ ਨੁਕਸਾਨ ਹੁੰਦਾ ਹੈ। ਪਰਾਲੀ ਦੇ ਧੂੰਏਂ ਅਤੇ ਅੱਗ ਕਾਰਨ ਸੜਕਾਂ ਉੱਪਰ ਸਫਰ ਕਰ ਰਹੇ ਕਿੰਨੇ ਹੀ ਪਾਂਧੀ-ਮੁਸਾਫਿਰ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ, ਜਾਨੀ-ਮਾਲੀ ਨੁਕਸਾਨ ਹੁੰਦਾ ਹੈ।

ਸਾਡੇ ਦੇਸ਼ ਵਿਚ ਫਸਲ ਦੀ ਰਹਿੰਦ ਖੂੰਹਦ ਅਤੇ ਪਰਾਲੀ ਨੂੰ ਆਮ ਤੌਰ 'ਤੇ ਜਾਨਵਰਾਂ ਦੀ ਫੀਡ ਦੇ ਰੂਪ ਵਿਚ ਵਰਤਿਆ ਜਾਂਦਾ ਹੈ ਲੇਕਿਨ ਪਰਾਲੀ ਵਿਚ ਪਸ਼ੂਆਂ ਲਈ ਜ਼ਰੂਰੀ ਤੱਤਾਂ ਦੀ ਘਾਟ ਹੁੰਦੀ ਹੈ ਤੇ ਨਾਲੇ ਇਹਦੀ ਪਾਚਕਤਾ ਵਿਚ ਵੀ ਕਮੀ ਹੁੰਦੀ ਹੈ ਪਰ ਇਸ ਨੂੰ ਕਈ ਤਰ੍ਹਾਂ ਦੇ ਐਡੀਟਵਾਂ ਦੇ ਪ੍ਰਯੋਗ ਰਾਹੀਂ ਜਲਦ ਹਜ਼ਮ ਹੋਣ ਵਾਲੀ ਕਿਰਿਆ 'ਚ ਬਦਲਿਆ ਜਾ ਸਕਦਾ ਹੈ ਜਿਵੇਂ ਕਿ ਪਸ਼ੂਆਂ ਦੀਆਂ ਦੀਆਂ ਮੁੱਖ ਲੋੜਾਂ ਨੂੰ ਪੂਰਾ ਕਰਨ ਲਈ, ਪਰਾਲੀ ਨੂੰ ਯੂਰੀਆ ਅਤੇ ਗੁੜ ਵਿਚ ਭਿਉਂ ਕੇ ਅਤੇ ਹਰੇ ਚਾਰੇ ਵਿਚ ਮਿਲਾ ਕੇ ਦੇਣ ਨਾਲ ਇਸ ਨੂੰ ਫੀਡ/ਰਾਸ਼ਨ ਦੇ ਰੂਪ ਵਿਚ ਵਰਤਿਆ ਜਾ ਸਕਦਾ ਹੈ। ਇਸੇ ਪ੍ਰਕਾਰ ਪਰਾਲੀ ਨੂੰ ਬੇਲਰ ਨਾਲ ਬੇਲ ਕੇ ਪੂਰੇ ਫੀਡ/ਰਾਸ਼ਨ ਦੇ ਰੂਪ ਵਿਚ ਵਰਤਿਆ ਜਾ ਸਕਦਾ ਹੈ। ਇਸੇ ਪ੍ਰਕਾਰ ਪਰਾਲੀ ਨੂੰ ਬੇਲਰ ਨਾਲ ਬੇਲ ਕੇ ਪੂਰੇ ਸਾਲ ਪਸ਼ੂਆਂ ਦੀ ਫੀਡ ਵਜੋਂ ਇਸਤੇਮਾਲ ਵੀ ਕੀਤਾ ਜਾ ਸਕਦਾ ਹੈ।

ਪਰਾਲੀ ਨੂੰ ਜਾਨਵਰਾਂ ਦੇ ਬਿਸਤਰੇ ਦੇ ਰੂਪ ਵਿਚ ਵੀ ਵਰਤ ਸਕਦੇ ਹਾਂ ਕਿਉਂਕਿ ਇਕ ਕਿਲੋ ਪਰਾਲੀ ਪਸ਼ੂਆਂ ਦੇ ਦੋ ਤੋਂ ਤਿੰਨ ਕਿਲੋ ਪਿਸ਼ਾਬ ਨੂੰ ਸੋਖ ਲੈਣ ਦੀ ਸਮਰੱਥਾ ਰੱਖਦੀ ਹੈ ਤੇ ਇਸੇ ਪਰਾਲੀ ਨੂੰ ਪਸ਼ੂਆਂ ਦੇ ਗੋਹੇ ਵਿਚ ਰਲ-ਗੱਡ ਕਰ ਕੇ ਖਾਦ ਦੇ ਰੂਪ ਵਿਚ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਪਰਾਲੀ ਨੂੰ ਊਰਜਾ ਦੇ ਸਰੋਤ ਦੇ ਰੂਪ ਵਿਚ ਵੀ ਵਰਤਿਆ ਜਾ ਸਕਦਾ ਹੈ। ਊਰਜਾ ਅਤੇ ਜੈਵਿਕ ਇੰਧਨ (ਬਾਲਣ) ਬਣਾਉਣ ਲਈ ਪਰਾਲੀ ਨੂੰ ਵਰਤੋਂ ਵਿਚ ਲਿਆਇਆ ਜਾ ਸਕਦਾ ਹੈ। ਪਰਾਲੀ ਦੀ ਉਕਤ ਰੂਪਾਂ ਵਿਚ ਵਰਤੋਂ ਕਰਦਿਆਂ ਫਸਲ ਦੀ ਪ੍ਰਾਪਤੀ ਤੋਂ ਬਾਅਦ ਸਰਾਪ ਸਮਝੀ ਜਾਂਦੀ ਪਰਾਲੀ ਨੂੰ ਅਸੀਂ ਆਪਣੀ ਨਿਹਨਤ ਸਦਕਾ ਵਰਦਾਨ ਬਣਾ ਸਕਦੇ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਪਰਾਲੀ ਸਾੜਨ ਦੀ ਸਮੱਸਿਆ ਪੰਜਾਬ ਲਈ ਹੀ ਨਹੀਂ ਸਗੋਂ ਸਮੁੱਚੇ ਦੇਸ਼ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸਦੇ ਹੱਲ ਲਈ ਸੂਬਾਈ ਅਤੇ ਕੇਂਦਰੀ ਸਰਕਾਰ ਦੋਵਾਂ ਨੂੰ ਹੀ ਸਾਂਝੇ ਰੂਪ ਵਿਚ ਵਿਚਾਰ ਕਰ ਕੇ ਅਤੇ ਕਿਸਾਨਾਂ ਦੇ ਤਮਾਮ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਅਜਿਹੇ ਢੁਕਵੇਂ ਹੱਲ ਤਲਾਸ਼ ਕਰਨੇ ਚਾਹੀਦੇ ਹਨ ਜੋ ਸਥਾਈ ਹੋਣ।

# ਭਾਰਤੀ ਕਾਮਰੇਡ: ਤਬਦੀਲੀ ਦਾ ਦਰ ਢੁਕਿਆ ਰਹਿਣ ਦਿੱਤਾ ਗਿਆ

***ਇਤਿਹਾਸਕਾਰ ਭਗਵਾਨ ਸਿੰਘ ਜੋਸ਼ ਨੇ ਪੰਜਾਬ ਦੀ ਕਮਿਊਨਿਸਟ ਲਹਿਰ ਦਾ ਇਤਿਹਾਸ ਲਿਖਿਆ ਜੋ ਪਹਿਲੀ ਵਾਰ ਸੰਨ 1978 'ਚ ਛਪਿਆ। ਇਸ ਲੇਖ ਵਿਚ ਜੋਸ਼ ਖੱਬੇਪੱਖੀ ਲਹਿਰ ਦੇ 42-44 ਸਾਲਾਂ ਦੌਰਾਨ ਆਏ ਉਤਰਾਅ-ਚੜ੍ਹਾਅ 'ਤੇ ਨਜ਼ਰ ਮਾਰਦਾ ਉਨ੍ਹਾਂ ਪ੍ਰੇਸ਼ਾਨੀਆਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਵਿਚ ਖੱਬੇਪੱਖੀ ਲਹਿਰ ਘਿਰੀ ਹੋਈ ਹੈ।***

**ਭਗਵਾਨ ਜੋਸ਼**
**ਫੋਨ: 98184-98464**

ਪਿਛਲੇ ਬਾਰਾਂ ਸਾਲਾਂ ਵਿਚ ਦੇਸ਼ ਵਿਚ ਇਤਿਹਾਸਕ ਤਬਦੀਲੀ ਆਈ ਹੈ। ਇਸ ਸਦੀ ਦੇ ਦੂਸਰੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿਚ ਦੇਸ਼ ਵਿਚ ਸੱਜੀ ਸਿਆਸਤ ਦੇ ਉਭਾਰ ਦੀ ਸਮਾਜਿਕ, ਸਭਿਆਚਾਰਕ ਤੇ ਸਿਆਸੀ ਜ਼ਮੀਨ ਸਭ ਤੋਂ ਤੇਜ਼ੀ ਨਾਲ ਤਿਆਰ ਹੋ ਰਹੀ ਸੀ। ਅਸਲ ਵਿਚ ਇਸ ਸੱਜੀ-ਸਿਆਸਤ ਨੂੰ 1975-77 ਦੌਰਾਨ ਲਗਾਈ ਗਈ ਐਮਰਜੈਂਸੀ ਤੋਂ ਬਾਅਦ ਕਾਫ਼ੀ ਹੌਸਲਾ ਮਿਲਿਆ ਸੀ ਤੇ ਇਸ ਝੁਕਾਅ ਵਿਚ ਇਕ ਨਵਾਂ ਬੁਲੰਦ ਉਤਸ਼ਾਹ ਨਜ਼ਰ ਆ ਰਿਹਾ ਸੀ। ਦੇਸ਼ ਦੇ ਕਾਫ਼ੀ ਹਿੱਸੇ ਵਿਚ ਇਸ ਝੁਕਾਅ ਨੂੰ ਸਵੀਕ੍ਰਿਤੀ ਮਿਲਣੀ ਸ਼ੁਰੂ ਹੋ ਚੁੱਕੀ ਸੀ। 2011 ਵਿਚ ਉੱਭਰੀ ਅੰਨਾ ਹਜ਼ਾਰੇ ਦੀ ਲਹਿਰ ਇਸ ਗੱਲ ਵੱਲ ਇਸ਼ਾਰਾ ਸੀ ਕਿ ਲੋਕ-ਬੋਧ ਦਾ ਅਵਚੇਤਨ ਨਵੇਂ ਰਾਹਾਂ ਨੂੰ ਤਲਾਸ਼ਣ ਵੱਲ ਚੱਲ ਪਿਆ ਹੈ। ਪਰ ਅਜੇ ਤਕ ਇਹ ਗੱਲ ਯਕੀਨੀ ਨਹੀਂ ਸੀ ਕਿ ਇਹ ਰਾਹ ਸੱਜੀ-ਸਿਆਸਤ ਵੱਲ ਹੀ ਖੁੱਲ੍ਹੇਗਾ। ਇਹ ਰਾਹ ਖੱਬੀ-ਸਿਆਸਤ ਵੱਲ ਵੀ ਖੁੱਲ੍ਹ ਸਕਦਾ ਸੀ। ਦੇਸ਼ ਦੋਰਾਹੇ 'ਤੇ ਖੜ੍ਹਾ ਸੀ। ਇਕ ਨਵੇਂ ਸਿਆਸੀ ਮੋੜ ਦੀ ਸੰਭਾਵਨਾ ਪੈਦਾ ਹੋ ਚੁੱਕੀ ਸੀ। ਸੰਭਾਵਨਾ ਨੂੰ ਯਥਾਰਥ ਰੂਪ ਵਿਚ ਬਦਲਣ ਤੇ ਰੂਪ-ਮੁਹਾਂਦਰਾ ਘੜਨ ਦਾ ਕੰਮ ਅਜੇ ਬਾਕੀ ਸੀ। ਅੱਧਾ ਕੰਮ ਅਚੇਤ ਸਮਾਜਿਕ-ਇਤਿਹਾਸਕ ਤਾਕਤਾਂ ਕਰਦੀਆਂ ਹਨ; ਵੱਡੀ ਤਬਦੀਲੀ ਦਾ 'ਦਰਵਾਜ਼ਾ' ਖੋਲ੍ਹਦੀਆਂ ਹਨ, ਬਾਕੀ ਦਾ ਅੱਧਾ ਕੰਮ ਸਿਆਸੀ ਕਾਰਕੁਨਾਂ ਨੇ ਕਰਨਾ ਹੁੰਦਾ ਹੈ। ਭਾਰਤੀ ਜਨਤਾ ਪਾਰਟੀ ਤੇ ਉਸ ਦੀਆਂ ਬਾਕੀ ਭਰਾਤਰੀ ਸ਼ਾਖਾਵਾਂ ਲਈ ਇਹ ਸੁਨਹਿਰੀ ਮੌਕਾ ਸੀ ਜਿਸਦਾ ਉਨ੍ਹਾਂ ਨੇ ਬਹੁਤ ਦੇਰ ਤਕ ਸਬਰ ਨਾਲ ਇੰਤਜ਼ਾਰ ਕੀਤਾ ਸੀ। ਅੱਜ ਹਾਲਤ ਇਹ ਹੋ ਗਈ ਹੈ ਕਿ ਕੌਮੀ ਪੱਧਰ 'ਤੇ ਕੋਈ ਵੀ ਅਜਿਹੀ ਪਾਰਟੀ ਨਜ਼ਰ ਨਹੀਂ ਆਉਂਦੀ ਜੋ ਇਸ ਸੱਜੀ-ਸਿਆਸਤ ਦੇ ਵਹਾਅ ਨੂੰ ਵੰਗਾਰਨ ਦੇ ਕਾਬਿਲ ਹੋਵੇ। ਵਿਰੋਧੀ ਧਿਰਾਂ ਦੀ ਸਾਰੀ ਸਿਆਸਤ ਖਿੰਡੀ ਹੋਈ ਹੈ। ਕਾਂਗਰਸ ਵਿਚ ਲੰਮੀ ਸੋਚ ਰੱਖ ਕੇ ਕੋਈ ਵੀ ਸਿਧਾਂਤਕ ਤੇ ਸਿਆਸੀ ਬਿਰਤਾਂਤ ਘੜਨ ਦੀ ਸਮਰੱਥਾ ਨਜ਼ਰ ਨਹੀਂ ਆਉਂਦੀ। ਉਨ੍ਹਾਂ ਨੂੰ ਲੱਗਦਾ ਹੈ ਕਿ ਅਜਿਹਾ ਲੰਮੇ ਦੌਰ ਦਾ (ਦੀਰਘ-ਕਾਲੀ) ਕਾਰਜ ਕਰਨ ਤੋਂ ਬਿਨਾਂ ਹੀ ਉਨ੍ਹਾਂ ਹੱਥ ਚੋਣਾਂ ਲੜ ਕੇ ਸੱਤਾ ਪ੍ਰਾਪਤ ਹੋ ਜਾਵੇਗੀ। ਬਿਰਤਾਂਤ-ਰਹਿਤ ਭਟਕੀ ਹੋਈ ਕਾਂਗਰਸ ਕੇਵਲ ਥੋੜ੍ਹ-ਚਿਰੇ ਲਾਭ ਲਈ ਫੋਕੇ ਤੇ ਝੂਠੇ ਨਾਅਰਿਆਂ ਨਾਲ ਕੰਮ ਚਲਾਉਣਾ ਚਾਹੁੰਦੀ ਹੈ। ਵਿਰੋਧੀਆਂ ਨੂੰ ਇਹ ਗੱਲ ਸਮਝ ਆਉਣੀ ਚਾਹੀਦੀ ਹੈ ਕਿ ਬਹੁਤ ਦੇਰ ਤੋਂ, ਆਰ.ਐੱਸ.ਐੱਸ. ਤੇ ਜਨਸੰਘ, ਤੇ ਫੇਰ ਭਾਰਤੀ ਜਨਤਾ ਪਾਰਟੀ, ਸਭਿਆਚਾਰਕ ਇਨਕਲਾਬ ਕਰਨ ਦੀ ਕੋਸ਼ਿਸ਼ ਵਿਚ ਮਸਰੂਫ਼ ਰਹੀਆਂ ਹਨ। ਇਹ ਇਸ ਸਮਾਜਿਕ ਭੌਂ ਦੀ ਤਿਆਰੀ ਹੀ ਸੀ ਜਿਸ ਨੇ ਦੇਸ਼ ਦਾ ਅਵਚੇਤਨ ਮਨਸ ਬਦਲ ਕੇ ਉਨ੍ਹਾਂ ਵੱਲ ਕੀਤਾ। ਭਾਰਤੀ ਜਨਤਾ ਪਾਰਟੀ ਦੀ ਜਿੱਤ ਕੇਵਲ ਇਕ ਸਾਧਾਰਨ ਚੋਣ ਮੁਕਾਬਲੇ ਦੀ ਜਿੱਤ ਨਹੀਂ ਹੈ; ਇਹ 'ਇਤਿਹਾਸਕ' ਜਿੱਤ ਹੈ ਜਿਸ ਨਾਲ ਨਵਾਂ ਦੌਰ ਸ਼ੁਰੂ ਹੁੰਦਾ ਹੈ। ਅਜਿਹੀ ਜਿੱਤ ਕੇਵਲ ਸਿਆਸੀ ਤਾਕਤ ਦਾ ਹੇਰ-ਫੇਰ ਨਹੀਂ ਹੁੰਦਾ।

ਦੇਸ਼ ਦੇ ਸਮਕਾਲੀ ਇਤਿਹਾਸ ਨੂੰ ਸਮਝਣ 'ਤੇ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਐਮਰਜੈਂਸੀ ਤੋਂ ਬਾਅਦ ਦੇਸ਼ ਦੇ ਨਾਰਮਲ ਚਲਦੇ ਆ ਰਹੇ ਇਤਿਹਾਸਕ ਵਹਿਣ ਵਿਚ ਇਕ ਨਵਾਂ 'ਪਾੜ' ਨਵੇਂ 'ਦਰਵਾਜ਼ੇ' ਵਾਂਗ ਖੁੱਲ੍ਹ ਗਿਆ ਸੀ। ਇਤਿਹਾਸ ਵਿਚ ਵੱਡੀ ਸਿਆਸੀ ਦਖਲ-ਅੰਦਾਜ਼ੀ ਐਨ ਉਸੇ ਵਕਤ ਸੰਭਵ ਹੁੰਦੀ ਹੈ, ਜਦ ਨਵਾਂ 'ਪਾੜ' ਨਵੇਂ 'ਦਰਵਾਜ਼ੇ' ਵਾਂਗ ਖੁੱਲ੍ਹਦਾ ਹੈ- ਅਤੇ ਦੇਰ ਤੋਂ 'ਪਾੜ' ਖੁੱਲ੍ਹਣ ਦਾ ਇੰਤਜ਼ਾਰ ਕਰ ਰਹੀ ਪਾਰਟੀ ਇਸ 'ਪਾੜ' ਜਾਂ 'ਨਵੇਂ ਦਰਵਾਜ਼ੇ' ਰਾਹੀਂ ਇਤਿਹਾਸ ਵਿਚ ਦਖਲ-ਅੰਦਾਜ਼ੀ ਕਰ ਲੈਂਦੀ ਹੈ। ਅੱਗੋਂ-ਪਿੱਛੇ ਪਾਰਟੀਆਂ ਕੇਵਲ ਆਪਣੇ-ਆਪ ਨੂੰ ਤਿਆਰ-ਬਰ-ਤਿਆਰ ਰੱਖਣ ਦੀ ਕਵਾਇਦ ਹੀ ਕਰਦੀਆਂ



**ਕਾਮਰੇਡ ਜਿਓਤੀ ਬਾਸੂ**

ਹਨ। ਇਸ 'ਪਾੜ' ਦੇ ਖੁੱਲ੍ਹਣ ਨੂੰ ਹੀ ਸੰਕਟ ਕਿਹਾ ਜਾਂਦਾ ਹੈ ਜਿਸ ਤੋਂ ਬਿਨਾਂ ਵੱਡੀ ਤਬਦੀਲੀ ਸੰਭਵ ਨਹੀਂ ਹੁੰਦੀ।

ਆਰ.ਐੱਸ.ਐੱਸ. ਤੇ ਕਮਿਊਨਿਸਟ ਪਾਰਟੀ ਦੋਵਾਂ ਦੀ ਨੀਂਹ 1925 ਵਿਚ ਰੱਖੀ ਗਈ ਸੀ। ਅੱਜ ਇਕ ਸੱਤਾ ਵਿਚ ਹੈ ਤੇ ਕਮਿਊਨਿਸਟ ਖਿੰਡ-ਪੁੰਡ ਗਏ ਹਨ। ਐਮਰਜੈਂਸੀ ਤੋਂ ਬਾਅਦ ਜੋ ਨਵਾਂ 'ਦਰਵਾਜ਼ਾ/ਪਾੜ' ਖੁੱਲ੍ਹਿਆ ਤਾਂ ਉਸ ਵੇਲੇ ਵਕਤੀ ਤੌਰ 'ਤੇ ਤਾਕਤ ਵੀ.ਪੀ. ਸਿੰਘ ਕੋਲ ਆਈ। ਉਸ ਦੀ ਸਰਕਾਰ ਦਾ ਸੱਜਾ ਹੱਥ ਭਾਜਪਾ ਤੇ ਖੱਬਾ ਹੱਥ ਖੱਬੇ-ਕਮਿਊਨਿਸਟਾਂ ਨੇ ਪਕੜਿਆ ਹੋਇਆ ਸੀ। ਇਹ ਬਿੰਬ ਇਸ ਗੱਲ ਵੱਲ ਇਸ਼ਾਰਾ ਸੀ ਕਿ ਇਸ ਤੋਂ ਅੱਗੇ ਦੇਸ਼ ਦੇ ਇਤਿਹਾਸ ਦਾ ਰੁਖ਼ ਕਿਸੇ ਪਾਸੇ ਵੱਲ ਵੀ ਮੁੜ ਸਕਦਾ ਸੀ; ਖੱਬੇ ਪਾਸੇ ਜਾਂ ਸੱਜੇ ਪਾਸੇ। ਦੇਸ਼ ਦੀ ਮਾਨਸਿਕਤਾ ਦਾ ਰੁਖ਼ ਕਿੱਧਰ ਮੁੜੇਗਾ, ਇਹ ਗੱਲ ਚੰਗੀ ਤਰ੍ਹਾਂ ਸਪੱਸ਼ਟ ਨਹੀਂ ਸੀ। ਪਰ ਸਾਂਝੀਆਂ ਸਰਕਾਰਾਂ ਦੀ ਟੁੱਟ-ਭੱਜ ਤੋਂ ਬਾਅਦ ਇਹ ਲੋਕ ਮਾਨਸਿਕਤਾ ਪਹਿਲਾਂ ਖੱਬੇ ਪਾਸੇ ਝੁਕਦੀ ਨਜ਼ਰ ਆ ਰਹੀ ਸੀ। ਕੀ ਇਹ ਨਵੀਂ ਉੱਭਰੀ ਸੰਭਾਵਨਾ ਖੱਬੇ ਪਾਸੇ ਝੁਕਾਅ ਤੋਂ ਅੱਗੇ ਵਧ ਕੇ ਇਕ ਖੱਬਾ ਮੋੜ ਘੱਟ ਸਕੇਗੀ? ਇਹ, ਇਸ ਗੱਲ ਉੱਪਰ ਨਿਰਭਰ ਸੀ ਕਿ ਖੱਬੇ ਪੱਖੀ ਦਖਲ-ਅੰਦਾਜ਼ੀ ਕਰਨ ਦੀ ਕਿੰਨੀ ਕੁ ਸੂਝ ਤੇ ਸਮਰੱਥਾ ਰੱਖਦੇ ਹਨ। ਜਲਦੀ ਹੀ ਇਸ ਸਵਾਲ ਦਾ ਜਵਾਬ ਨਾਂਹ ਵਿਚ ਮਿਲ ਗਿਆ। ਉਸ ਵੇਲੇ ਖੱਬੀ ਕਮਿਊਨਿਸਟ ਪਾਰਟੀ ਦੇ ਲੀਡਰਾਂ ਨੇ ਜਿਓਤੀ ਬਾਸੂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਬਣਾਉਣ ਤੋਂ ਨਾਂਹ ਕਰ ਕੇ ਸਾਰੇ ਸਮਰਥਕਾਂ ਦਾ ਦਿਲ ਤੋੜ ਦਿੱਤਾ।

ਇਹ ਉਹ ਵਕਤ ਸੀ ਜਦ ਸਮੁੱਚੇ ਸਮਾਜਿਕ ਤੇ ਸਿਆਸੀ ਤਾਕਤਾਂ ਦਾ ਇਤਿਹਾਸਕ ਲੋਕ-ਵਹਿਣ ਖੱਬਿਆਂ ਵੱਲ ਬੜੀ ਆਸ ਨਾਲ ਵੇਖ ਰਿਹਾ ਸੀ। ਦੇਸ਼ ਦੀਆਂ ਸਾਰੀਆਂ ਖੇਤਰੀ ਪਾਰਟੀਆਂ ਤੇ ਖੱਬੀ ਸਿਆਸਤ ਨਾਲ ਹਮਦਰਦੀ ਰੱਖਦੇ ਲੋਕ ਕਮਿਊਨਿਸਟਾਂ ਨੂੰ ਅੱਗੇ ਹੋ ਕੇ ਅਗਵਾਈ ਕਰਨ ਲਈ ਬੇਨਤੀ ਕਰ ਰਹੇ ਸਨ। ਸਮੁੱਚੇ ਸੰਸਾਰ ਦੇ ਸਮਕਾਲੀ ਇਤਿਹਾਸ ਵਿਚ ਕੋਈ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਦੋਂ ਕਿਸੇ ਜਮਹੂਰੀ ਦੇਸ਼ ਵਿਚ ਸਾਰੇ ਦੇਸ਼ ਦੀਆਂ ਸਮੁੱਚੀਆਂ ਪਾਰਟੀਆਂ ਇਕੱਠੀਆਂ ਹੋ ਕੇ ਕਮਿਊਨਿਸਟਾਂ ਦੇ ਦਰ 'ਤੇ ਕਹਿਣ ਗਈਆਂ ਹੋਣ: "ਆਉ ਅੱਗੇ ਲੱਗ ਕੇ ਸਾਡੀ ਅਗਵਾਈ ਕਰੋ।" ਆਖਰ ਕਮਿਊਨਿਸਟ ਲਹਿਰ ਦਾ ਇਕੋ ਇਕ ਮਕਸਦ ਸੱਤਾ ਪ੍ਰਾਪਤ ਕਰ ਕੇ ਲੋਕਾਂ ਦਾ ਭਲਾ ਕਰਨਾ ਹੁੰਦਾ ਹੈ। ਉਹ ਸੱਤਾ ਪ੍ਰਾਪਤੀ ਲਈ ਹੀ ਬਣੀ ਹੁੰਦੀ ਹੈ ਤੇ ਇਹੋ ਉਹਦਾ ਇਕੋ-ਇਕ ਸਪੱਸ਼ਟ ਉਦੇਸ਼ ਹੁੰਦਾ ਹੈ।

ਪਰ ਭਾਰਤੀ ਕਮਿਊਨਿਸਟ ਅਭਾਗੇ ਸਾਬਤ ਹੋਏ ਜਿਨ੍ਹਾਂ ਨੇ ਘਰ ਆਈ ਸਿਆਸੀ-ਸੱਤਾ-ਲਕਸ਼ਮੀ ਲਈ ਦਰਵਾਜ਼ਾ ਖੁੱਲ੍ਹਣ ਦੀ ਬਜਾਏ, ਦਰ ਤੋਂ ਹੀ 'ਦੂਰ ਦੂਰ ਜਾਅ' ਦੀ ਪੁਕਾਰ ਲਗਾਉਣੀ ਸ਼ੁਰੂ ਕਰ ਦਿੱਤੀ। ਇਕ ਵੇਰ ਫਿਰ ਦੇਸ਼ ਨੂੰ ਨਿਰਾਸ਼ਾ ਹੋਈ। ਦੇਸ਼ ਨੂੰ ਨਿਰਾਸ਼ਾ ਦੇ ਇਸ ਮੂੰਹ ਵਿਚ ਧੱਕ ਦੇਣ ਦੀ ਜ਼ਿੰਮੇਵਾਰੀ ਕਮਿਊਨਿਸਟਾਂ ਦੀ ਹੈ। ਹੁਣ ਦੇਸ਼ ਦੇ ਲੋਕ ਕਮਿਊਨਿਸਟਾਂ ਵਲੋਂ ਨਜ਼ਰਾਂ ਮੋੜ ਕੇ ਦੂਸਰੇ ਪਾਸੇ ਵੇਖਣ ਲੱਗ ਪਏ ਜਿੱਥੇ ਭਾਰਤੀ ਜਨਤਾ ਪਾਰਟੀ ਉਨ੍ਹਾਂ ਦਾ 'ਖਾਲੀ ਕਿਸ਼ਤੀ' ਲੈ ਕੇ ਇੰਤਜ਼ਾਰ ਕਰ ਰਹੀ ਸੀ। "ਆਉ ਬੈਠੋ, ਅਸੀਂ ਹੀ ਤੁਹਾਨੂੰ ਦੂਸਰੇ ਪਾਰ ਲਾਵਾਂਗੇ।" ਇੰਝ ਸਿਆਸੀ ਆਸ-ਮੁਖੀ ਤਾਕਤਾਂ ਦੇ ਇਤਿਹਾਸਕ ਵਹਾਅ ਦਾ ਮੂੰਹ ਪਛਾੜ ਕੇ ਦੂਸਰੇ ਪਾਸੇ ਕਰਨ ਵਿਚ, ਭਾਵ, ਲੋਕਾਂ ਦਾ ਧਿਆਨ ਭਾਰਤੀ ਜਨਤਾ ਪਾਰਟੀ ਵੱਲ ਕਰ ਦੇਣ ਵਿਚ ਕਮਿਊਨਿਸਟਾਂ ਦੀ ਮਹੱਤਵਪੂਰਨ ਭੂਮਿਕਾ ਹੈ। ਭਾਰਤੀ ਜਨਤਾ ਪਾਰਟੀ ਵਾਸਤੇ ਪੈਦਾ ਹੋਈ ਸੰਭਾਵਨਾ ਨੂੰ ਯਥਾਰਥ ਵਿਚ ਬਦਲ ਸਕਣ ਦੀ ਜ਼ਿੰਮੇਵਾਰੀ ਕਮਿਊਨਿਸਟਾਂ ਦੀ ਨਾਂਹ-ਮੁਖੀ ਭੂਮਿਕਾ ਉੱਪਰ ਹੈ ਜਿਸ ਤੋਂ ਉਹ ਮੁਨਕਰ ਨਹੀਂ ਹੋ ਸਕਦੇ। ਇਸੇ ਕਰਕੇ ਅੱਜ ਇਹ ਆਸ, ਕਿ ਸਾਹ ਤੋੜ ਰਹੀ ਕਮਿਊਨਿਸਟ ਲਹਿਰ ਦੇਸ਼ ਅੱਗੇ ਕੋਈ ਸਿਆਸੀ ਬਦਲ ਪੇਸ਼ ਕਰੇਗੀ, ਵਿਅਰਥ ਹੈ। ਕਾਂਗਰਸ ਪਾਰਟੀ ਇਹ ਭੁੱਲ ਚੁੱਕੀ ਹੈ ਕਿ ਅੱਜ ਦੇਸ਼ ਅੱਗੇ ਜੋ ਮਸਲਾ ਦਰਪੇਸ਼ ਹੈ, ਉਹ ਸਭਿਆਚਾਰਕ-ਸਮਾਜਿਕ ਬਦਲ ਦਾ ਪਹਿਲਾਂ, ਤੇ ਸਿਆਸਤ ਦਾ ਪਿੱਛੋਂ ਹੈ। ਸਭ ਤੋਂ ਪਹਿਲਾਂ ਕੇਵਲ ਸਿਧਾਂਤ ਆਧਾਰਿਤ ਸਿਆਸੀ ਬਿਰਤਾਂਤ ਨੂੰ ਮੁੜ ਤੋਂ ਉਸਾਰਣ ਦਾ ਔਖਾ ਮਸਲਾ ਹੈ। ਉਪਰੋਂ ਉਪਰੋਂ ਨਾਅਰੇਬਾਜ਼ੀ ਤੇ ਚੁਣਾਵੀ ਫੋਕੀ ਸਿਆਸਤ ਦਾ ਨਹੀਂ।

**** ਸੈਂਟਰ ਫਾਰ ਹਿਸਟੋਰੀਕਲ ਸਟਡੀਜ਼, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ।***

# ਦੁਆਬਾ ਦੇ ਬੱਬਰ ਅਕਾਲੀਆਂ ਦੀ ਗਾਥਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਜ਼ਿਲ੍ਹਾ ਹੁਸ਼ਿਆਰਪੁਰ ਦੇ ਮਾਹਿਲਪੁਰ ਖੇਤਰ ਵਿਚ ਪੈਂਦੇ ਬੱਬੇਲੀ ਪਿੰਡ ਦਾ ਜੰਮਪਲ ਵਿਜੈ ਬੱਬੇਲੀ ਕੰਢੀ ਇਲਾਕੇ ਦੇ ਪਿੰਡਾਂ ਦਾ ਇਤਿਹਾਸ ਲਿਖਦਾ ਲਿਖਾਉਂਦਾ ਦੁਆਬੇ ਦੇ ਬੱਬਰ ਅਕਾਲੀਆਂ ਦੇ ਪਿਛੋਕੜ ਤੇ ਪ੍ਰਾਪਤੀਆਂ ਦੱਸਣ ਵਿਚ ਰੁੱਝ ਗਿਆ ਹੈ। ਇਨ੍ਹਾਂ ਦਾ ਗੜ੍ਹ ਤਾਂ ਹੁਸ਼ਿਆਰਪੁਰ ਜ਼ਿਲ੍ਹਾ ਹੀ ਸੀ ਪਰ ਸ਼ਹੀਦ ਭਗਤ ਸਿੰਘ ਨਗਰ, ਜਲੰਧਰ ਤੇ ਕਪੂਰਥਲਾ ਦੇ ਮਰਜੀਵੜੇ ਵੀ ਘੱਟ ਨਹੀਂ ਸਨ। ਵਿਜੈ ਦੀ ਨਵੀਂ ਪੁਸਤਕ 'ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ' (ਨਵਯੁਗ ਪਬਲਿਸ਼ਰਜ਼ ਨਵੀਂ ਦਿੱਲੀ, ਪੰਨੇ 224, ਮੁੱਲ 400 ਰੁਪਏ) ਬੱਬਰ ਮਰਜੀਵੜਿਆਂ ਦੀ ਮੂੰਹ ਬੋਲਦੀ ਗਾਥਾ ਹੈ।

ਬੱਬਰ ਅਕਾਲੀ ਲਹਿਰ 1921 ਤੋਂ 1944 ਤਕ ਸਰਗਰਮ ਰਹੀ। ਕਦੇ ਟੁੱਟਵੇਂ ਰੂਪ ਵਿਚ ਤੇ ਕਦੇ ਲਗਾਤਾਰ। ਇਸ ਦੀਆਂ ਜੜ੍ਹਾਂ 1857 ਦੇ ਗ਼ਦਰ, ਰੌਲਟ ਐਕਟ ਦੇ ਵਿਰੋਧ, ਸਾਕਾ ਜੱਲ੍ਹਿਆਂਵਾਲਾ ਬਾਗ਼ ਤੇ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਸੁਧਾਰ ਲਹਿਰ ਪ੍ਰਤੀ ਗੋਰੀ ਸਰਕਾਰ ਦੇ ਗੰਦੇ ਵਤੀਰੇ ਵਿਚ ਸਨ। ਇਸ ਲਹਿਰ ਦੇ ਪ੍ਰਮੁੱਖ ਆਗੂ ਕਿਰਤੀ ਕਿਸਾਨ ਗੋਰੀ ਫ਼ੌਜ ਦੇ ਸਾਬਕਾ ਸਿਪਾਹੀ, ਅਮਰੀਕਾ ਤੇ ਕੈਨੇਡਾ ਵਿਚ ਗ਼ਦਰ ਲਹਿਰ ਨੂੰ ਪਰਨਾਏ ਹਿੰਦੁਸਤਾਨ ਆ ਕੇ ਵਧਣ ਵਾਲੇ ਜੁਝਾਰੂ ਪੁਰਖੇ ਸਨ। ਇਨ੍ਹਾਂ ਸਭਨਾ ਦਾ ਮੰਤਵ ਅੰਗਰੇਜ਼ੀ ਰਾਜ ਦਾ ਖ਼ਾਤਮਾ ਕਰ ਕੇ ਸਵਰਾਜ ਸਥਾਪਤ ਕਰਨਾ ਸੀ। ਇਸ ਲਹਿਰ ਤੋਂ ਉੱਤਰੀ ਹਿੰਦੁਸਤਾਨ ਦੇ ਸਾਰੇ ਹਿੰਦੂ, ਮੁਸਲਮਾਨ, ਸਿੱਖ ਤੇ ਈਸਾਈ ਪ੍ਰਭਾਵਿਤ ਹੋਏ ਅਤੇ ਕੁਝ ਇਕ ਸਰਕਾਰੀ ਪਿੱਠੂਆਂ ਨੂੰ ਛੱਡ ਕੇ ਸਭਨਾਂ ਨੇ ਸਿਰ ਧੜ ਦੀ ਬਾਜ਼ੀ ਲਾਈ ਤੇ ਸੁਤੰਤਰਤਾ ਦੀ ਨੀਂਹ ਰੱਖੀ।

ਇਹ ਲਹਿਰ ਮਾਸਟਰ ਮੋਤਾ ਸਿੰਘ ਦੇ ਦਿਮਾਗ਼ ਦੀ ਕਾਢ ਸੀ ਪਰ ਇਸਨੂੰ ਕਿਸ਼ਨ ਸਿੰਘ ਬੜਿੰਗ ਨੇ ਜ਼ੋਰਦਾਰ ਢੰਗ ਨਾਲ ਅੱਗੇ ਵਧਾਇਆ। ਅਸਲ ਵਿਚ ਇਸਦੀ ਨੀਂਹ 1921 ਦੀ ਹੁਸ਼ਿਆਰਪੁਰ ਵਾਲੀ ਸਿੱਖ ਐਜੂਕੇਸ਼ਨਲ ਕਾਨਫਰੰਸ ਵੇਲੇ ਰੱਖੀ ਗਈ ਜਿਸ ਵਿਚ ਦੁਆਬੇ ਸਮੇਤ, ਮਾਝਾ, ਮਾਲਵਾ ਤੇ ਅਜੋਕੇ ਪਾਕਿਸਤਾਨ ਦੇ ਚੋਣਵੇਂ ਯੋਧੇ ਸ਼ਾਮਲ ਸਨ। ਇਸ ਵਿਚ ਮੋਤਾ ਸਿੰਘ ਤੇ ਕਿਸ਼ਨ ਸਿੰਘ ਦੇ ਹਮ-ਖਿਆਲਾਂ ਨੇ ਨਨਕਾਣਾ ਸਾਹਿਬ ਨਾਲ ਸਬੰਧਤ ਗੋਰੇ ਅਫ਼ਸਰਾਂ ਤੇ ਹਿੰਦੁਸਤਾਨੀ ਮਹੰਤਾਂ ਨੂੰ ਸੋਧਣ ਦਾ ਫੈਸਲਾ ਕੀਤਾ। ਮਾੜੀ ਗੱਲ ਇਹ ਕਿ ਇਨ੍ਹਾਂ ਵਿਚੋਂ ਬੇਲਾ ਸਿੰਘ ਤੇ ਗੰਡਾ ਸਿੰਘ ਮਈ 1921 ਨੂੰ ਲਾਹੌਰ ਦੇ ਰੇਲਵੇ ਸਟੇਸ਼ਨ 'ਤੇ ਹੀ ਫੜੇ ਗਏ ਤੇ ਇਨ੍ਹਾਂ ਨੂੰ ਪੰਜ ਸਾਲ ਸਲਾਖਾਂ ਪਿੱਛੇ ਕੱਟਣੇ ਪਏ। ਪ੍ਰਮੁੱਖ ਆਗੂ ਗ੍ਰਿਫ਼ਤਾਰੀ ਵਾਰੰਟ ਜਾਰੀ ਹੁੰਦੇ ਸਾਰ ਹੀ ਮਫ਼ਰੂਰ ਹੋ ਗਏ।

ਇਨ੍ਹਾਂ ਨੇ ਆਪਣੇ ਜਥਿਆਂ ਦਾ ਨਾਮਕਰਨ ਚੱਕਰਵਰਤੀ ਰੱਖਿਆ ਤੇ ਇਨ੍ਹਾਂ ਨੂੰ ਉਭਾਰਨ ਲਈ ਬੱਬਰਾਂ ਨੇ ਅਗਸਤ 1922 ਵਿਚ 'ਬੱਬਰ ਅਕਾਲੀ ਦੁਆਬਾ' ਨਾਂ ਦਾ ਅਖ਼ਬਾਰ ਵੀ ਕੱਢਿਆ। ਇਸਦੇ ਇਕ ਸਾਲ ਵਿਚ 19 ਅੰਕ ਛਪੇ ਤੇ ਬੱਬਰ ਵਾਲੰਟੀਅਰਾਂ ਨੇ ਪਿੰਡਾਂ ਵਿਚ ਵੀ ਪਹੁੰਚਾਏ ਤੇ ਕੁਝ ਸੈਨਿਕ ਇਕਾਈਆਂ ਵਿਚ ਵੀ। ਇਨ੍ਹਾਂ ਨੂੰ ਫੜਨ ਫੜਾਉਣ ਲਈ ਗੋਰੀ ਸਰਕਾਰ ਨੇ ਵੱਡੇ ਨਕਦ ਇਨਾਮਾਂ ਤੇ ਬਾਰ ਬਸਤੀਆਂ ਵਿਚ ਮੁਰੱਬੇ ਅਲਾਟ ਕਰਨ ਦੇ ਵੱਡੇ ਐਲਾਨ ਵੀ ਕੀਤੇ।

ਪੁਸਤਕ ਵਿਚ 'ਬੱਬਰ ਅਕਾਲੀ ਦੁਆਬਾ' ਦਾ ਵਿਸਥਾਰਤ ਜ਼ਿਕਰ ਹੈ। ਛਾਪੇਖਾਨਿਆਂ ਤੇ ਡੁਪਲੀਕੇਟ ਮਸ਼ੀਨਾਂ ਸਮੇਤ ਇਸ ਵਿਚ ਹੁਸ਼ਿਆਰਪੁਰ, ਜਲੰਧਰ, ਨਵਾਂ ਸ਼ਹਿਰ, ਕਪੂਰਥਲਾ, ਲੁਧਿਆਣਾ, ਸੰਗਰੂਰ, ਗੁਰਦਾਸਪੁਰ ਦੇ ਸਰਗਰਮ ਪਿੰਡਾਂ ਤੋਂ ਬਿਨਾ ਹਿਮਾਚਲ ਦੇ ਊਨਾ ਤੇ ਹੁਣ ਪਾਕਿਸਤਾਨ ਦਾ ਅੰਗ ਬਣੇ, ਲਾਹੌਰ, ਲਾਇਲਪੁਰ, ਗੁਜਰਾਂਵਾਲਾ ਤੇ ਸਿਆਲਕੋਟ ਵਿਚ ਪੈਂਦੇ ਉਨ੍ਹਾਂ ਪਿੰਡਾਂ ਦਾ ਜ਼ਿਕਰ ਵੀ ਹੈ, ਜਿੱਥੋਂ ਦੇ ਸਿਰ ਲੱਥਾਂ ਨੇ ਇਸ ਲਹਿਰ ਵਿਚ ਹਿੱਸਾ ਲਿਆ। ਗੜ੍ਹਸ਼ੰਕਰ ਤੇ ਨਵਾਂ ਸ਼ਹਿਰ ਨੇੜਲੇ ਰੁੜਕੀ ਖਾਸ ਤੇ ਜੱਸੋਵਾਲ ਦਾ ਨਾਂ ਉਚੇਚੇ ਤੌਰ ਉੱਤੇ ਇਸ 'ਚ ਸ਼ਾਮਲ ਹੈ।

ਇਸ ਲਹਿਰ ਨੇ ਆਪਣੇ ਅੰਤਲੇ ਪੜਾਅ ਵਿਚ ਯੁੱਗ ਪਲਟਾਊ ਦਲ ਦਾ ਰੂਪ ਧਾਰ ਲਿਆ ਜਿਸ ਵਿਚ ਅਜੀਤ ਅਖ਼ਬਾਰ ਦੇ ਸੰਸਥਾਪਕ ਸਾਧੂ ਸਿੰਘ ਹਮਦਰਦ ਦੀ ਦਿਲਚਸਪੀ ਤੇ ਯੋਗਦਾਨ ਦਾ ਵਿਸ਼ੇਸ਼ ਵਰਣਨ ਹੈ। ਉਨ੍ਹਾਂ ਸ਼ਹੀਦੀ ਮੁਕਾਬਲਿਆਂ ਦਾ ਵੀ ਜਿਨ੍ਹਾਂ ਵਿਚ ਵਲਾਇਤ ਬੈਠੇ ਊਧਮ ਸਿੰਘ ਸੁਨਾਮ ਵਰਗੇ ਕਈ ਹੋਰ ਨਵੀਂ ਦਿਲਚਸਪੀ ਰੱਖਦੇ ਸਨ। ਸਿੱਖਾਂ ਵਲੋਂ ਵਿੱਢੀ ਇਸ ਲਹਿਰ ਵਿਚ ਹਿੰਦੂ-ਮੁਸਲਿਮ ਹਮਸਾਇਆਂ ਦੇ ਯੋਗਦਾਨ ਦਾ ਵਿਸ਼ੇਸ਼ ਵਰਨਣ ਹੈ। ਬੱਬਰਾਂ ਉੱਤੇ ਚੱਲੇ ਮੁਕੱਦਮਿਆਂ, ਪ੍ਰਮੁੱਖ ਘਟਨਾਵਾਂ, ਤੇ ਇਸ ਲਹਿਰ ਵਿਚ ਭਾਗ ਲੈਣ ਵਾਲੇ ਸੈਨਿਕ ਸੂਰਬੀਰਾਂ ਦਾ ਵੀ।


ਪੁਸਤਕ ਦੱਸਦੀ ਹੈ ਕਿ ਬੱਬਰ ਅਕਾਲੀ ਕੈਦ ਕੱਟਦੇ ਸਮੇਂ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਇਕ ਦੂਜੇ ਨਾਲ ਕਾਵਿਕ ਤੁਕਬੰਦੀ ਦੀ ਖੇਡ ਖੇਡਦੇ ਤੇ ਮਜ਼ੇ ਲੈਂਦੇ ਸਨ। ਇਕ ਵਾਰੀ ਹਰੀ ਸਿੰਘ ਨਾਮੀ ਕੈਦੀ ਨੇ ਸਰਕਾਰੀ ਵਕੀਲ ਦੀ ਵਾਰ ਪਿੰਡੀ ਦਾਸ ਤੇ ਪੁਲੀਸ ਅਧਿਕਾਰੀ ਮੀਰ ਫ਼ਜ਼ਲ ਅਲਫਾਸ ਤੇ ਹੋਰਨਾਂ ਦੀ ਮਜ਼ਰੀ ਵਿਚ ਤੁਰਤ ਫੁਰਤ ਤਿਆਰ ਕੀਤੀਆਂ ਹੇਠ ਲਿਖੀਆਂ ਤੁਕਾਂ ਵੀ ਸੁਣਾਈਆਂ:

ਕੇਸ ਪੁੱਟਦੇ ਓ ਡਾਂਗਾਂ ਮਾਰਦੇ ਹੋ,
ਖਾਹ-ਮੁਖਾਹ ਪਏ ਤਾੜਦੇ ਲਾਲੀਆਂ ਨੂੰ।
ਨਾਂ ਅਸੀਂ ਚੋਰ-ਡਾਕੂ
ਨਾ ਅਸੀਂ ਸੰਨ੍ਹ ਮਾਰੀ,
ਨਾ ਅਸੀਂ ਜਾਣਦੇ ਬੱਬਰ ਅਕਾਲੀਆਂ ਨੂੰ।

ਮੁੱਕਦੀ ਗੱਲ ਇਹ ਕਿ ਕੁਝ ਬਾਤਾਂ ਤੇ ਬਿਆਨਾਂ ਨੂੰ ਮੁੜ-ਮੁੜ ਦੁਹਰਾਉਣ ਦੇ ਬਾਵਜੂਦ ਇਹ ਰਚਨਾ ਏਨੀ ਜਾਣਕਾਰੀ ਭਰਪੂਰ ਹੈ ਕਿ ਇਤਿਹਾਸ ਦੇ ਪਾਠਕਾਂ ਤੇ ਰਚਨਹਾਰਿਆਂ ਲਈ ਖਾਸ ਮਹੱਤਤਾ ਰੱਖਦੀ ਹੈ।

### ਤੁਰ ਗਿਆ ਕਵੀ ਤੇ ਵਿਗਿਆਨੀ ਗੁਰੂਮੇਲ ਸਿੰਘ ਸਿੱਧੂ

ਪਿੰਡ ਪਾਸਲਾ ਦਾ ਜੰਮਪਲ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦਾ ਵਿਦਿਆਰਥੀ ਤੇ



ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਫਰਿਜ਼ਨੋ ਦੇ ਜੈਨੇਟਿਕਸ ਤੇ ਬਾਇਓਟੈਕਨਾਲੋਜੀ ਵਿਭਾਗ ਦਾ ਮੁਖੀ ਗੁਰੂਮੇਲ ਸਿੰਘ ਸਿੱਧੂ ਵੀ ਅਲਵਿਦਾ ਕਹਿ ਗਿਆ ਹੈ। ਉਸਨੇ ਅੱਧੀ ਦਰਜਨ ਕਾਵਿ-ਸੰਗ੍ਰਹਿ ਤੇ ਦੋ-ਤਿੰਨ ਆਲੋਚਨਾ ਦੀਆਂ ਪੁਸਤਕਾਂ ਲਿਖਣ ਤੋਂ ਬਿਨਾਂ ਏਡਜ਼ ਦੀ ਬਿਮਾਰੀ ਬਾਰੇ ਇਕ ਖੋਜ ਭਰਪੂਰ ਪੁਸਤਕ ਵੀ ਲਿਖੀ ਸੀ। ਕੈਲੀਫੋਰਨੀਆ ਵਿਚ ਪੰਜਾਬੀ ਸਾਹਿਤ ਤੇ ਸਭਿਆਚਾਰ ਦਾ ਡੰਕਾ ਹੀ ਨਹੀਂ ਵਜਾਇਆ ਸਾਇੰਸ ਤੇ ਟੈਕਨਾਲੋਜੀ ਬਾਰੇ ਵੀ ਅਨੇਕ ਪੇਪਰ ਲਿਖੇ। ਉਹ ਆਪਣੀ ਕਿਸਮ ਦੀ ਵਾਹਿਦ ਹਸਤੀ ਸੀ।

ਉਹ ਕੈਨੇਡਾ ਨਿਵਾਸੀ ਪੰਜਾਬੀ ਕਵੀ ਰਵਿੰਦਰ ਰਵੀ ਦਾ ਸੰਗੀ, ਸਾਥੀ ਤੇ ਕੁੜਮ ਵੀ ਸੀ ਤੇ ਮੇਰੇ ਤੇ ਦਲਜੀਤ ਸਰਾਂ ਵਰਗੇ ਪਿੱਛੇ ਰਹਿ ਗਏ ਸਾਹਿਤ ਰਸੀਆਂ ਦਾ ਮਿੱਤਰ ਵੀ। ਸਾਡੇ ਸਾਰਿਆਂ ਵਲੋਂ ਉਸਦੇ ਬਾਲ ਪਰਿਵਾਰ ਨੂੰ ਭਾਣਾ ਮੰਨਣ ਦੀ ਅਰਦਾਸ!

ਅੰਤਿਕਾ

ਗੁਰੂਮੇਲ ਸਿੱਧੂ

ਅਸਾਂ ਤਾਂ ਵਤਨ ਦੇ ਲਈ ਧੜਾਂ ਉੱਤੋਂ ਸਿਰ ਕਟਾਏ ਸਨ,
ਉਨ੍ਹਾਂ 'ਤੇ ਕਿਸੇ ਕੁੱਲਾ, ਕਿਸੇ ਟੋਪੀ, ਕਿਸੇ ਪਗੜੀ ਸਜਾ ਦਿੱਤੀ।
ਆਪਣੇ ਹਿੱਤਾਂ ਲਈ ਸਿਰਾਂ ਉੱਤੇ ਟੰਗ ਕੇ ਧਰਮ ਦੀ ਕਲਗੀ,
ਸਿਰ-ਲੱਥਾਂ ਦੀ ਮੁਕੱਦਸ ਵਫ਼ਾਈ ਵੀ ਬੇਵਫ਼ਾ ਬਣਾ ਦਿੱਤੀ।

# ਕਲਾ, ਸਾਹਿਤ, ਸੱਭਿਆਚਾਰ, ਗਿਆਨ-ਵਿਗਿਆਨ ਦੇ ਭਰ ਵਹਿੰਦੇ ਦਰਿਆ ਦੀ ਅਲਵਿਦਾਈ

ਪਿਛਲੇ ਦਿਨੀਂ ਮਰਹੂਮ ਡਾ. ਗੁਰੁਮੇਲ ਸਿੱਧੂ ਬਾਰੇ ਆਪੋ-ਆਪਣੀਆਂ ਯਾਦਾਂ ਨੂੰ ਸਾਂਝਿਆਂ ਕਰਨ ਲਈ, ਉਨ੍ਹਾਂ ਦੇ ਪਰਿਵਾਰ ਨੇ ਭਾਵਭਿੰਨਾ ਜਸ਼ਨੀ ਇਕੱਠ 'ਇੱਕ ਸ਼ਾਮ, ਗੁਰਮੇਲ ਦੇ ਨਾਮ' ਆਯੋਜਿਤ ਕੀਤਾ, ਜਿਸ ਵਿਚ ਅਮਰੀਕਾ ਅਤੇ ਕੈਨੇਡਾ ਤੋਂ ਰਿਸ਼ਤੇਦਾਰਾਂ, ਸਾਹਿਤ ਅਤੇ ਸਮਾਜਿਕ ਸਰੋਕਾਰਾਂ ਲਈ ਕੰਮ ਕਰਦੀਆਂ ਜਥੇਬੰਦੀਆਂ ਦਾ ਇਕ ਵੱਡਾ ਕਾਫਲਾ ਸ਼ਾਮਿਲ ਹੋਇਆ। ਸਾਰਿਆਂ ਦੇ ਮਨਾਂ ਵਿਚ ਉਨ੍ਹਾਂ ਦੇ ਸਦੀਵੀ ਵਿਛੋੜੇ ਦਾ ਦਰਦ ਅਤੇ ਉਨ੍ਹਾਂ ਨਾਲ ਬਿਤਾਏ ਪਲਾਂ ਦੀ ਤਸੱਲੀ ਵੀ ਸੀ।

**ਅਵਤਾਰ ਗੋਂਦਾਰਾ**
**ਫੋਨ: 559 375 2589**

ਸੰਖੇਪ ਜਿਹੀ ਬੀਮਾਰੀ ਤੋਂ ਬਾਅਦ, ਕਵੀ, ਲੇਖਕ, ਖੋਜੀ ਅਤੇ ਵਿਗਿਆਨੀ ਡਾ. ਗੁਰੁਮੇਲ ਸਿੱਧੂ ਨੇ ਕੈਲੇਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੇ ਹਸਪਤਾਲ ਵਿਚ 5 ਅਕਤੂਬਰ ਦੀ ਰਾਤ ਨੂੰ ਆਖਰੀ ਸਾਹ ਲਿਆ।

ਜਲੰਧਰ ਜ਼ਿਲ੍ਹੇ ਦੇ ਪਿੰਡ ਪਾਸਲਾ 'ਚ ਜੰਮੇ ਡਾ.ਸਿੱਧੂ ਨੇ ਲੁਧਿਆਣਾ ਦੀ ਖੇਤੀਬਾੜੀ ਯੂਨੀਵਰਸਿਟੀ ਤੋਂ ਐਮ ਐਸ ਸੀ ਕਰਕੇ, ਕੈਨੇਡਾ ਦੀ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਜੈਨੇਟਿਕਸ ਵਿਚ ਸ਼ੋਧ-ਪ੍ਰਬੰਧ ਲਿਖ ਕੇ ਪੀਐਚਡੀ ਦੀ ਉਪਾਧੀ ਹਾਸਲ ਕੀਤੀ। ਅੱਠ ਦਹਾਕਿਆਂ ਦੀ ਘਟਨਾਵਾਂ ਭਰੀ ਜ਼ਿੰਦਗੀ ਜਿਉਣ ਵਾਲੇ ਸਿੱਧੂ ਨੇ ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ 'ਚ ਪੜ੍ਹਾਇਆ।

ਸਮਾਗਮ ਦਾ ਸੰਚਾਲਨ ਕਰ ਰਹੇ, ਵਿਸ਼ਵ ਸਾਹਿਤ ਅਕਾਦਮੀ ਦੇ ਸਕੱਤਰ ਅਤੇ ਸ਼ਾਇਰ ਹਰਜਿੰਦਰ ਕੰਗ ਨੇ ਉਨ੍ਹਾਂ ਦੀ ਤੁਲਨਾ 'ਵਹਿੰਦੇ ਦਰਿਆ' ਨਾਲ ਕੀਤੀ, ਜਿਸ ਵਿਚ ਗੀਤ, ਕਵਿਤਾ, ਲੇਖ, ਇਤਿਹਾਸ, ਸੱਭਿਆਚਾਰ, ਗਿਆਨ, ਵਿਗਿਆਨ, ਧਰਮ ਆਦਿ ਨਾਲ ਸੰਬੰਧਿਤ ਵਿਸ਼ਿਆਂ ਦੇ ਚੋਅ ਆ ਕੇ ਸ਼ਾਮਿਲ ਹੁੰਦੇ ਰਹੇ ਅਤੇ ਉਸ ਦੀ ਰਵਾਨੀ ਨੂੰ ਦੁਬਾਲਾ ਕਰਦੇ ਰਹੇ। ਕੰਗ ਨੇ ਉਨ੍ਹਾਂ ਦੇ ਪਰਿਵਾਰਕ ਸਟੋਰ 'ਇੰਡੀਕਾ' ਵਿਚ ਹੋਈ ਪਹਿਲੀ ਮੁਲਾਕਾਤ ਬਾਰੇ ਦੱਸਿਆ, ਜਿੱਥੇ ਗੋਰਸਰੀ ਨਾਲ ਗੀਤਾਂ ਅਤੇ ਸਾਹਿਤ ਦੀਆਂ ਗੱਲਾਂ ਵੀ ਹੁੰਦੀਆਂ।

ਅਮਰੀਕਾ ਵਿਚ ਪੰਜਾਬੀ ਸੱਭਿਆਚਾਰ, ਸਾਹਿਤ ਜਾਂ ਗਦਰੀ ਬਾਬਿਆਂ ਨਾਲ ਜੁੜੀ ਸ਼ਾਇਦ ਹੀ ਕੋਈ ਜਥੇਬੰਦੀ ਹੋਵੇ, ਜਿਸ ਨੂੰ ਡਾ. ਸਿੱਧੂ ਨੇ ਆਪਣੀ ਸੋਹਬਤ ਅਤੇ ਸਿਆਣਪ ਨਾਲ ਨਾ ਨਿਵਾਜਿਆ ਹੋਵੇ। ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਦੇਖ-ਰੇਖ ਵਿਚ ਹੋਏ ਇਸ ਸਮਾਗਮ ਵਿਚ ਇੰਡੋ ਅਮੈਰੀਕਨ ਹੈਰੀਟਜ ਫੋਰਮ, ਇੰਡੋ ਅਮੈਰੀਕਨ ਹੈਰੀਟੇਜ ਐਸੋਸੀਏਸ਼ਨ, ਨਿਊ ਯਾਰਕ ਤੋਂ ਇੰਡੋ ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਅਤੇ ਹੋਰ ਕਈ ਸਾਹਿਤ ਸਭਾਵਾਂ ਦੇ ਨੁਮਾਇੰਦੇ ਸ਼ਾਮਿਲ ਹੋਏ। ਜਥੇਬੰਦਕ ਸਾਂਝ ਦੇ ਨਾਲ, ਆਏ ਸਾਥੀਆਂ ਨੇ ਉਨ੍ਹਾਂ ਨਾਲ ਆਪਣੀਆਂ ਨਿੱਜੀ ਸਾਂਝਾਂ ਨੂੰ ਵੀ ਸਾਂਝਾ ਕੀਤਾ।





ਕਵੀ ਅਤੇ ਰੇਡੀਓ ਹੋਸਟ ਸੰਤੋਖ ਮਿਨਹਾਸ ਨੇ ਕਿਹਾ ਕਿ ਉਹ ਉਨ੍ਹਾਂ ਦੀ 'ਐਕਸਟੈਂਡਡ ਫੈਮਿਲੀ' ਦਾ ਹਿੱਸਾ ਸੀ। ਮਿਨਹਾਸ ਨੇ ਆਪਣੀ 'ਬਾਜ ਵਾਲਾ ਪਾਸਪੋਰਟ' ਕਿਤਾਬ ਦਾ ਨਾਂ 'ਉਕਾਬ ਵਾਲਾ ਪਾਸਪੋਰਟ' ਵੀ ਡਾ. ਸਿੱਧੂ ਦੇ ਕਹਿਣ 'ਤੇ ਹੀ ਬਦਲਿਆ ਸੀ। ਆਪਣੀਆਂ ਬੈਠਕਾਂ ਦਾ ਕਿੱਸਾ ਦੱਸਦਿਆਂ, ਉਸ ਨੇ ਡਾ. ਸਿੱਧੂ ਦੀ ਇਕਬਾਲੀਆ ਬਿਆਨ ਵਾਲੀ ਕਵਿਤਾ ਸੁਣਾਈ:

'ਕਲਮ ਹੈ ਨਾ ਕਾਗਜ਼ ਹੈ, ਨਾ ਸਿਆਹੀ ਨਾ ਦਵਾਤ
ਡੋਬ ਕੇ ਲਹੂ ਵਿਚ ਪੋਟਿਆਂ ਨੂੰ ਲਿਖ ਰਿਹਾ ਹਾਂ,
ਦੇਹ ਦੇ ਸਫੇ ਤੇ' ਜ਼ਿੰਦਗੀ ਦੀ ਕਿਤਾਬ'।

ਆਪਣੀ ਦੋਸਤੀ ਦਾ ਜ਼ਿਕਰ ਕਰਦਿਆਂ ਡਾ. ਹਰਚਰਨ ਸਿੰਘ ਚੰਨ ਨੇ ਕਿਹਾ ਕਿ ਉਹ ਜਦੋਂ ਵੀ ਮਿਲਦੇ, ਡਾ. ਗੁਰੁਮੇਲ ਨਾਲ ਜੈਨੇਟਿਕਸ ਬਾਰੇ ਵਿਚਾਰ-ਚਰਚਾ ਕਰਦੇ, ਜਿਸ ਵਿਚ ਬੜਾ ਕੁਝ ਨਵਾਂ ਸਿੱਖਣ ਲਈ ਹੁੰਦਾ।

ਪਾਕਿਸਤਾਨੀ ਸ਼ਾਇਰ ਅਸ਼ਰਫ ਗਿੱਲ ਨੇ ਕਿਹਾ ਕਿ ਡਾ. ਗੁਰੁਮੇਲ ਸਿਰਫ ਕਵੀ ਹੀ ਨਹੀਂ, ਵਧੀਆ ਗਾਇਕ ਵੀ ਸੀ। ਆਪਣਾ ਇਹ ਹੁਨਰ ਉਹ ਦੂਜਿਆਂ ਨਾਲ ਘੱਟ ਹੀ ਸਾਂਝਾ ਕਰਦਾ।

ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਮੈਂਬਰ ਹਰਜਿੰਦਰ ਢੇਸੀ ਨੇ ਵੀ ਉਨ੍ਹਾਂ ਨਾਲ ਆਪਣੇ ਪਰਿਵਾਰਕ ਰਿਸ਼ਤੇ ਦੀ ਗੱਲ ਕੀਤੀ। ਉਸ ਨੇ ਕਿਹਾ ਕਿ ਡਾ. ਸਿੱਧੂ ਦੀ ਅਚਨਚੇਤ ਮੌਤ ਦੁਖਦਾਈ ਹੈ ਅਤੇ ਇਹ ਵੈਰਾਗ ਦਾ ਸਮਾਂ ਹੈ।

ਨਾਵਲਕਾਰ ਸਾਧੂ ਸਿੰਘ ਸੰਘਾ ਨੇ ਕਿਹਾ ਕਿ ਉਨ੍ਹਾਂ ਦੇ ਨਾਵਲ 'ਤਿੜਕਦੀ ਹਵੇਲੀ' ਦਾ ਸਰਵਰਕ ਡਾ. ਸਿੱਧੂ ਦੀ ਰਾਇ ਨਾਲ ਹੀ ਸੰਪੰਨ ਹੋਇਆ ਸੀ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਹਵਾਲੇ ਨਾਲ ਬੇ ਏਰੀਏ ਤੋਂ ਆਏ ਕਵੀ ਜਗਜੀਤ ਨੌਸ਼ਹਿਰਵੀ ਦਾ ਕਹਿਣਾ ਸੀ ਕਿ ਡਾ. ਸਿੱਧੂ ਨੇ ਉਸ ਨੂੰ ਆਪਣੇ ਪਰਾਂ ਹੇਠ ਲੈ ਕੇ ਉਡਣਾ ਸਿਖਾਇਆ। ਪਿਛਲੇ ਦੋ ਦਹਾਕਿਆਂ ਤੋਂ ਕੈਲੇਫੋਰਨੀਆ ਵਿਚ ਹੋਈਆਂ ਸਾਹਿਤਕ ਸਰਗਰਮੀਆਂ ਵਿਚ ਉਨ੍ਹਾਂ ਦਾ ਮੁੱਖ ਯੋਗਦਾਨ ਰਿਹਾ। ਡਾ. ਸਿੱਧੂ ਦਾ ਪੰਜਾਬੀ ਦੇ ਨਾਮਵਰ ਕਵੀਆਂ ਨਾਲ ਹੀ ਨਾਤਾ ਨਹੀਂ ਸੀ, ਸਗੋਂ ਉਹ ਦੁਨੀਆਂ ਭਰ ਦੇ ਲੇਖਕਾਂ ਦੇ ਜਾਣੂੰ ਸਨ, ਜੋ ਜਦੋਂ ਵੀ ਕੈਲੇਫੋਰਨੀਆ ਆਉਂਦੇ, ਉਨ੍ਹਾਂ ਦੀ ਮਹਿਮਾਨਨਿਵਾਜ਼ੀ ਦਾ ਸੁੱਖ ਮਾਣਦੇ। ਉਸ ਨੇ ਕਿਹਾ ਕਿ ਡਾ. ਸਿੱਧੂ ਦੀ ਦੇਖ-ਰੇਖ ਵਿਚ ਦੋ ਰੋਜ਼ਾ ਅਤੇ ਵੱਡੀਆਂ ਵਿਸ਼ਵ ਕਾਨਫਰੰਸਾਂ ਹੋਈਆਂ, ਜਿਨ੍ਹਾਂ ਵਿਚ ਦੇਸਾਂ-ਵਿਦੇਸ਼ਾਂ ਤੋਂ ਆਏ ਲੇਖਕਾਂ ਨੇ ਭਾਗ ਲਿਆ।

ਕਵੀ ਦਲਜੀਤ ਰਿਆੜ ਨੇ ਆਪਣੀ ਉਦਾਸੀ ਜ਼ਾਹਰ ਕਰਦਿਆਂ ਕਿਹਾ ਡਾ. ਸਿੱਧੂ ਨਾਲ ਉਨ੍ਹਾਂ ਦਾ ਵਿਸ਼ੇਸ਼ ਲਗਾਓ ਸੀ।

ਆਪਣੇ ਸਕੂਲੀ ਦਿਨਾਂ ਨੂੰ ਯਾਦ ਕਰਦਿਆਂ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਸਰਗਰਮ ਮੈਂਬਰ ਅਤੇ ਕਵੀ ਕੁਲਵਿੰਦਰ ਨੇ ਕਿਹਾ ਉਹ ਬੰਡਾਲਾ ਦੇ ਉਸੇ ਸਕੂਲ ਵਿਚ ਪੜ੍ਹਿਆ ਜਿੱਥੇ ਵੀਹ ਵਰ੍ਹੇ ਪਹਿਲਾਂ ਡਾ. ਸਿੱਧੂ ਪੜ੍ਹਿਆ ਅਤੇ ਫੁੱਟਬਾਲ ਦਾ ਨਾਮੀ ਖਿਡਾਰੀ ਸੀ। ਉਸ ਨੇ ਇੱਕ ਸਾਹਿਤਕ ਸਮਾਗਮ ਵਿਚ ਡਾ. ਸਿੱਧੂ ਦੁਆਰਾ ਪੜ੍ਹੀ ਗਜ਼ਲ ਦਾ ਸ਼ਿਅਰ ਸੁਣਾਇਆ:

ਰਹਿ ਨਾ ਜਾਏ ਏਸ ਦਾ ਕਿਰਿਆ-ਕਰਮ, ਬਾਲਣ ਖੁਣੋਂ
ਰੁੱਖ ਏਨਾਂ ਆਖ ਕੇ, ਅਰਥੀ ਦੇ ਅੱਗੇ ਹੋ ਗਿਆ।

ਸ਼ਰਧਾਂਜਲੀ ਦਿੰਦਿਆਂ ਨਿਊ ਯਾਰਕ ਤੋਂ ਆਏ ਮਨਮੋਹਨ ਪੁਨੀ ਨੇ ਕਿਹਾ ਕਿ ਉਸ ਦਾ ਰਾਹ-ਦਰਸਾਵਾ ਚਲਿਆ ਗਿਆ ਹੈ। ਉਸ ਨੇ ਕਿਹਾ ਕਿ ਸਾਡੀ ਸੱਚੀ ਸ਼ਰਧਾਂਜਲੀ ਇਹੋ ਬਣਦੀ ਹੈ ਕਿ ਅਸੀਂ ਡਾ. ਸਿੱਧੂ ਰਚਿਤ ਸਾਹਿਤ ਨੂੰ ਪੜ੍ਹਦੇ ਰਹੀਏ ਅਤੇ ਉਨ੍ਹਾਂ ਦੇ ਸਮਾਜਿਕ ਫਿਕਰਾਂ ਨੂੰ ਆਪਣੀ ਸੋਚ ਦਾ ਹਿੱਸਾ ਬਣਾਈਏ।

ਉਨ੍ਹਾਂ ਬਾਰੇ ਕਹਾਣੀਕਾਰ ਤਰਲੋਕ ਸਿੰਘ ਮਿਨਹਾਸ, ਕੈਨੇਡਾ ਤੋਂ ਆਏ ਡਾ. ਵੀਰਿੰਦਰ ਅਟਵਾਲ, ਨਿਊ ਯਾਰਕ ਤੋਂ ਗੁਰਿੰਦਰ ਪੁਨੀ ਨੇ ਵੀ ਯਾਦਾਂ ਨੂੰ ਸਾਂਝਿਆਂ ਕੀਤਾ।

ਕੈਨੇਡਾ ਤੋਂ ਆਏ ਡਾ ਸਿੱਧੂ ਦੇ ਜਿਗਰੀ ਦੋਸਤ ਭੁਪਿੰਦਰ ਦਾ ਗੱਚ ਭਰਿਆ ਹੋਇਆ ਸੀ ਅਤੇ ਉਹ ਸਿਰਫ ਇਹੀ ਬੋਲ ਸਕੇ:

ਆਗਾਜ਼ ਤੋ ਹੋਤਾ ਹੈ, ਅੰਜਾਮ ਨਹੀਂ ਹੋਤਾ
ਜਬ ਮੇਰੇ ਫਸਾਨੇ ਮੇਂ, ਤੇਰਾ ਨਾਮ ਨਹੀਂ ਹੋਤਾ।

ਇਸ ਅੱਲਵਿਦਾਈ ਜਸ਼ਨ ਨੂੰ ਸਮੇਟਦਿਆਂ, ਹਰਜਿੰਦਰ ਕੰਗ ਨੇ ਪੰਜਾਬ ਕਲਚਰ ਸੁਸਾਇਟੀ ਦੇ ਦਲਜੀਤ ਸਰਾਂ, ਡਾ. ਗੁਰਿੰਦਰ ਸਿੱਧੂ, ਪੀਪਲਜ਼ ਫਾਉਂਡੇਸ਼ਨ, ਐਡਮੈਂਟਨ ਤੋਂ ਡਾ. ਕਾਲੀਆ, ਐਮ ਐਲ ਏ ਜਸਬੀਰ ਦਿਓਲ ਦੁਆਰਾ ਘੱਲੇ ਸ਼ੋਕ ਸੁਨੇਹੇ ਪੜ੍ਹ ਕੇ ਸੁਣਾਏ।

ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਬਲਜੀਤ ਔਲਖ ਨੇ ਕਿਹਾ ਕਿ ਇਹ ਗਾਥਾ ਮੁੱਕੀ ਨਹੀਂ ਅਤੇ ਉਸ ਨੇ ਹਾਜ਼ਰੀਨ ਨੂੰ ਸੱਦਾ ਦਿੱਤਾ ਕਿ ਉਸ ਦੇ ਫਾਰਮ ਹਾਊਸ ਉਪਰ ਡਾ. ਸਿੱਧੂ ਨਮਿਤ ਯਾਦਗਾਰੀ ਸਾਹਿਤਕ ਜਾਂ ਸਭਿਆਚਾਰਕ ਸਰਗਰਮੀਆਂ ਨੂੰ ਭਵਿੱਖ ਵਿਚ ਜਾਰੀ ਰੱਖਿਆ ਜਾਵੇ।

# ਸੋਸ਼ਲ ਮੀਡੀਆ ਦੀ ਚੁਣੌਤੀ

ਪ੍ਰਸਿੱਧ ਪੱਤਰਕਾਰ ਪੀ. ਸਾਈਨਾਥ ਜਦੋਂ ਪੰਜਾਬ ਦੇ ਪਿੰਡਾਂ ਵਿਚ ਖੁਦਕਸ਼ੀ ਕਰ ਗਏ ਕਿਸਾਨਾਂ ਅਤੇ ਮਜ਼ਦੂਰਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤਾਂ ਕਰਨ ਲਈ ਆਏ ਤਾਂ ਫੋਟੋ ਖਿੱਚਣ ਤੋਂ ਪਹਿਲਾਂ ਪਰਿਵਾਰ ਦੇ ਜੀਅ ਨੂੰ ਪੁੱਛਦੇ, "ਜੇ ਤੁਸੀਂ ਮੈਨੂੰ ਆਗਿਆ ਦਿਓ ਤਾਂ ਮੈਂ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਫੋਟੋ ਖਿੱਚ ਸਕਦਾ ਹਾਂ।" ਮਸਲਾ ਨੈਤਿਕਤਾ ਦਾ ਹੈ, ਉਨ੍ਹਾਂ ਆਪਣੀ ਸੰਸਥਾ 'ਪੀਪਲਜ਼ ਆਰਕਾਈਵਜ਼ ਫਾਰ ਰੂਰਲ ਇੰਡੀਆ' ਵਿਚ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ 700 ਫੋਟੋਗ੍ਰਾਫਰ ਪੱਤਰਕਾਰਾਂ ਲਈ ਇਹ ਪਿਰਤ ਪਾਈ ਹੋਈ ਹੈ: ਜਦੋਂ ਵੀ ਕਿਸੇ ਇਨਸਾਨ ਦੀ ਫੋਟੋ ਖਿੱਚਣੀ ਹੋਵੇ ਤਾਂ ਉਸ ਤੋਂ ਪਹਿਲਾਂ ਆਗਿਆ ਲੈਣੀ ਹੈ। ਜਦੋਂ ਵੀ ਕੋਈ ਇੰਟਰਵਿਊ ਰਿਕਾਰਡ ਕਰਨੀ ਹੋਵੇ ਤਾਂ ਉਸ ਦੀ ਆਗਿਆ ਵੀ ਲਈ ਜਾਵੇ। ਇਕ ਪਾਸੇ ਇਹ ਪੱਧਰ ਅਤੇ ਦੂਸਰੇ ਪਾਸੇ ਰੋਜ਼ਾਨਾ ਵੱਖ ਵੱਖ ਸੋਸ਼ਲ ਮੀਡੀਆ ਵਿਚ ਪਤਾ ਨਹੀਂ ਕਦੋਂ ਕੋਈ ਕਿਸੇ ਦੀ ਫੋਟੋ ਬਿਨਾ ਪੁੱਛਿਆਂ ਖਿੱਚ ਕੇ ਪਾ ਦੇਵੇ ਅਤੇ ਮੀਡੀਆ ਵਿਚ ਉਛਾਲ ਦੇਵੇ! ਇਸ ਦਾ ਜਿੰਨਾ ਭਿਆਨਕ ਨੁਕਸਾਨ ਸਮਾਜ ਵਿਚ ਹੋ ਰਿਹਾ ਹੈ, ਉਸ ਤੋਂ ਹਰ ਸੰਜੀਦਾ ਸ਼ਖਸ ਪ੍ਰੇਸ਼ਾਨ ਅਤੇ ਚਿੰਤਤ ਹੈ। ਹਾਲ ਹੀ ਵਿਚ ਪ੍ਰਾਈਵੇਟ ਅਦਾਰੇ, ਚੰਡੀਗੜ੍ਹ ਯੂਨੀਵਰਸਿਟੀ ਵਿਚ ਵਾਪਰੀ ਘਟਨਾ ਨੇ ਹਰ ਸੰਜੀਦਾ ਸ਼ਖਸ ਨੂੰ ਸੋਚਣ ਲਈ ਮਜਬੂਰ ਕੀਤਾ ਹੈ ਕਿ ਅਸੀਂ ਕਿਹੋ ਜਿਹੇ ਸਮਿਆਂ ਵਿਚ ਦਾਖਲ ਹੋ ਚੁੱਕੇ ਹਾਂ।

**ਡਾ. ਕੁਲਦੀਪ ਸਿੰਘ**
**ਫੋਨ: +91-98151-15429**

ਯੂਨੀਵਰਸਿਟੀਆਂ ਵਿਚ ਕਿਸ ਕਿਸਮ ਦੇ ਵਿਚਾਰ ਪਨਪਣੇ ਚਾਹੀਦੇ ਹਨ, ਇਸ ਬਾਰੇ ਪ੍ਰਸਿੱਧ ਵਿਗਿਆਨੀ ਪ੍ਰੋ. ਯਸ਼ਪਾਲ ਨੇ ਲਿਖਿਆ, "ਯੂਨੀਵਰਸਿਟੀਆਂ ਵਿਚ ਵਿਚਾਰਾਂ ਦੇ ਵਿਕਾਸ ਤੋਂ ਮੇਰਾ ਭਾਵ ਹੈ, ਇਹ ਅਜਿਹਾ ਸਥਾਨ ਹੁੰਦਾ ਹੈ ਜਿਥੇ ਨਵੇਂ ਵਿਚਾਰਾਂ ਦੇ ਵਿਕਸਿਤ ਹੋਣ ਲਈ ਤਾਕਤਵਰ ਜੜ੍ਹਾਂ ਲੱਗਦੀਆਂ ਹਨ ਅਤੇ ਸਮੁੱਚੀ ਦੁਨੀਆ ਦਾ ਗਿਆਨ ਅਗਾਂਹ ਵਿਕਸਿਤ ਹੁੰਦਾ ਹੈ। ਖੂਬਸੂਰਤ ਮਨ ਨਵੇਂ ਵਿਚਾਰਾਂ ਨੂੰ ਲੈ ਕੇ ਨਵੀਂ ਦੁਨੀਆ ਉਸਾਰਨ ਦੇ ਸੁਪਨੇ ਹੀ ਨਹੀਂ ਲੈਂਦੇ ਬਲਕਿ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਸੰਸਾਰ ਸਿਰਜਣ ਲਈ ਕਾਰਜ ਕਰਦੇ ਹਨ।" ਉਚੇਰੀ ਸਿੱਖਿਆ ਦੇ ਖੇਤਰ ਵਿਚ ਜਿਸ ਪੱਧਰ 'ਤੇ ਲੜਕੀਆਂ ਨੇ ਪ੍ਰਵੇਸ਼ ਕੀਤਾ ਹੈ, ਉਸ ਨੇ ਸਭ ਦੇ ਹੌਸਲੇ ਬੁਲੰਦ ਕੀਤੇ ਹਨ। ਯੂਨੈਸਕੋ ਨੇ 2010 ਵਿਚ ਇਕ ਅਧਿਐਨ ਦੌਰਾਨ ਸਾਹਮਣੇ ਲਿਆਂਦਾ ਸੀ ਕਿ 'ਭਾਰਤ ਵਿਚ ਸਭ ਤੋਂ ਵੱਧ ਉਚੇਰੀ ਸਿੱਖਿਆ ਵਿਚ ਪੜ੍ਹਨ ਵਾਲੀਆਂ ਲੜਕੀਆਂ ਦੀ ਗਿਣਤੀ 54 ਫ਼ੀਸਦ ਚੰਡੀਗੜ੍ਹ ਵਿਚ ਹੈ ਅਤੇ ਸਭ ਤੋਂ ਘੱਟ ਝਾਰਖੰਡ ਵਿਚ 7 ਫ਼ੀਸਦ ਹੈ।' 1970 ਵਿਚ ਜਿੱਥੇ 11 ਲੱਖ ਲੜਕੀਆਂ ਅਤੇ 18 ਲੱਖ ਲੜਕੇ ਪੜ੍ਹਦੇ ਸਨ, ਉਥੇ 2007 ਵਿਚ 75 ਲੱਖ ਲੜਕੀਆਂ ਅਤੇ 78 ਲੱਖ ਲੜਕੇ ਪੜ੍ਹਦੇ ਸਨ। ਇਹ ਵਰਤਾਰਾ ਇਸ ਤਰ੍ਹਾਂ ਵਾਪਰਿਆ ਕਿ ਅੱਜ ਮੁਲਕ ਦੀਆਂ ਵਿਦਿਅਕ ਸੰਸਥਾਵਾਂ ਵਿਚ ਲੜਕੀਆਂ ਦੀ ਫ਼ੀਸਦ 50 ਤੋਂ ਵੀ ਵਧ ਗਈ ਹੈ; ਕਹਿਣ ਦਾ ਭਾਵ, ਜਿਸ ਪੱਧਰ 'ਤੇ ਉਚੇਰੀ ਸਿੱਖਿਆ ਵਿਚ ਲੜਕੀਆਂ ਨੇ ਪ੍ਰਵੇਸ਼ ਕੀਤਾ ਹੈ, ਇਹ ਦਰਸਾਉਂਦਾ ਹੈ ਕਿ ਅੱਜ ਦੀ ਦੁਨੀਆ ਵਿਚ ਲੜਕੀਆਂ ਹਰ ਖੇਤਰ ਵਿਚ ਆਪਣੀ ਸ਼ਖਸੀਅਤ ਨਿਖਾਰ ਰਹੀਆਂ ਹਨ, ਨਾਲ ਹੀ ਉਨ੍ਹਾਂ ਅੰਦਰ ਆਪਣੀ ਹੋਂਦ ਦਾ ਅਹਿਸਾਸ ਵੀ ਵਧ ਰਿਹਾ ਹੈ।

ਪਿਛਲੇ ਡੇਢ ਦਹਾਕੇ ਤੋਂ ਜਿਸ ਤਰ੍ਹਾਂ ਸੋਸ਼ਲ ਮੀਡੀਆ ਦੇ ਨਵੇਂ ਪਲੇਟਫਾਰਮ ਆਏ ਹਨ, ਉਨ੍ਹਾਂ ਨੇ ਵੱਡੇ ਪੱਧਰ 'ਤੇ ਕਈ ਕਿਸਮ ਦੀ ਤਬਦੀਲੀ ਨੂੰ ਜਨਮ ਦਿੱਤਾ ਹੈ। 2004 ਵਿਚ ਜਦੋਂ ਫੇਸਬੁੱਕ ਸ਼ੁਰੂ ਹੋਈ ਤਾਂ ਉਨ੍ਹਾਂ ਆਪਣਾ ਮਕਸਦ ਮਿਥਿਆ ਸੀ, "ਲੋਕਾਂ ਨੂੰ ਤਾਕਤ ਇਸ ਪਲੇਟਫਾਰਮ ਰਾਹੀਂ ਦਿੱਤੀ ਜਾ ਰਹੀ ਹੈ ਕਿ ਉਹ ਹੋਰ ਖੁੱਲ੍ਹ ਕੇ ਵਿਚਰਨ, ਜੁੜਨ ਅਤੇ ਆਪਸੀ ਲੈਣ-ਦੇਣ ਕਰਨ।" 2005 ਵਿਚ ਯੂਟਿਊਬ ਨੇ ਸ਼ੁਰੂਆਤ ਵੇਲੇ ਆਪਣਾ ਮਾਟੋ ਰੱਖਿਆ: "ਬੁਰੇ ਨਾ ਬਣੋ, ਖੁਸ਼ ਨੂੰ ਪ੍ਰਸਤੁਤ ਕਰੋ।" ਟਵਿਟਰ ਨੇ 2006 ਵਿਚ ਸ਼ੁਰੂਆਤ ਵੇਲੇ ਕਿਹਾ: "ਵਿਚਾਰ ਸਿਰਜੋ ਅਤੇ ਉਨ੍ਹਾਂ ਦਾ ਲੈਣ-ਦੇਣ ਕਰੋ ਤਾਂ ਕਿ ਇਹ ਜਾਣਕਾਰੀ ਤੁਰੰਤ ਸਭ ਹੱਦਾਂ ਬੰਨੇ ਤੋੜ ਕੇ ਪਹੁੰਚ ਸਕੇ।" ਇਨ੍ਹਾਂ ਵੱਡੇ ਸੋਸ਼ਲ ਮੀਡੀਆ ਮੰਚਾਂ ਬਾਰੇ 2006 ਵਿਚ ਕਾਰਪੋਰੇਟ ਘਰਾਣਿਆਂ ਦੇ ਪ੍ਰਸਿੱਧ ਮੈਗਜ਼ੀਨ 'ਟਾਈਮ' ਨੇ ਅਮਰੀਕਾ ਦੀ ਸਿਲੀਕਾਨ ਵੈਲੀ ਜਿਥੋਂ ਤਕਨਾਲੋਜੀ ਦਾ ਇਹ ਵੱਡਾ ਦੌਰ ਸ਼ੁਰੂ ਹੋਇਆ, ਬਾਰੇ ਕਿਹਾ, "2006 ਦਾ ਸਭ ਤੋਂ ਵੱਡਾ ਖਿਤਾਬ 'ਤੁਹਾਨੂੰ' ਦਿੰਦੇ ਹਾਂ ਕਿਉਂਕਿ ਤੁਸੀਂ ਅਜੋਕੀ ਜਾਣਕਾਰੀ ਭਰਪੂਰ ਸਦੀ ਨੂੰ ਕੰਟਰੋਲ ਕਰ ਰਹੇ ਹੋ ਅਤੇ ਤੁਹਾਡੇ ਉਸਾਰੇ ਸੰਸਾਰ ਨੂੰ ਜੀ ਆਇਆਂ ਆਖਦੇ ਹਾਂ।"

ਹਕੀਕਤ ਵਿਚ ਵੀ ਇਹੀ ਵਾਪਰਿਆ ਕਿ ਅਜੋਕੀ ਦੁਨੀਆ ਵਿਚ ਸੋਸ਼ਲ ਮੀਡੀਆ ਪਲੇਟਫਾਰਮਾਂ ਉਪਰ ਪੰਜ ਵੱਡੇ ਨਾਂ ਛਾਏ ਹੋਏ ਹਨ ਜਿਨ੍ਹਾਂ ਵਿਚ ਗੂਗਲ, ਐਪਲ, ਫੇਸਬੁੱਕ, ਐਮਾਜ਼ੋਨ ਅਤੇ ਮਾਈਕਰੋਸਾਫਟ ਜਿਨ੍ਹਾਂ ਦੇ ਸੰਸਾਰ ਪੱਧਰ 'ਤੇ ਫੈਲੇ ਤਕਨਾਲੋਜੀ ਦੇ ਖੇਤਰ ਵਾਲੇ ਹਰ ਹਿੱਸੇ ਰਾਹੀਂ ਪੰਜ ਟ੍ਰਿਲੀਅਨ ਡਾਲਰ ਤੋਂ ਵੱਧ ਦੀ ਪੂੰਜੀ ਇਕੱਤਰ ਹੋ ਚੁੱਕੀ ਹੈ ਅਤੇ ਅਗਾਂਹ ਵਧ ਰਹੀ ਹੈ। ਇਸ ਕਾਰਨ ਸਿਆਸੀ ਅਤੇ ਆਰਥਿਕ ਦੁਨੀਆ ਦੀਆਂ ਗਤੀਵਿਧੀਆਂ ਵਿਚ ਵੀ ਵੱਡੀ ਤਬਦੀਲੀ ਵਾਪਰ ਰਹੀ ਹੈ; ਇਥੋਂ ਤੱਕ ਸੱਭਿਆਚਾਰਕ ਕਦਰਾਂ ਕੀਮਤਾਂ ਤੋਂ ਲੈ ਕੇ ਰੋਜ਼ਾਨਾ ਜੀਵਨ ਦੇ ਜਿਉਣ ਢੰਗਾਂ ਵਿਚ ਵੀ ਇਹ ਸਭ ਕੁਝ ਪ੍ਰਵੇਸ਼ ਕਰ ਚੁੱਕਾ ਹੈ। ਕਰੋੜਾਂ ਲੋਕ ਜੋ ਸੋਸ਼ਲ ਮੀਡੀਆ ਨਾਲ ਜੁੜੇ ਹਨ, ਵੱਖੋ-ਵੱਖਰੇ ਮੁਲਕਾਂ ਵਿਚ ਆਪੋ-ਆਪਣੀਆਂ ਸੋਚਣ ਢੰਗ ਗਤੀਵਿਧੀਆਂ, ਨਸਲੀ ਇੱਛਾਵਾਂ, ਸੈਕਸ ਦੇ ਪੱਧਰ ਦੇ ਰੁਝਾਨ, ਵੱਖ ਵੱਖ ਲਾਲਸਾਵਾਂ ਅਤੇ ਜੀਵਨ ਜਾਚ ਦੇ ਵੱਖਰੇ-ਵੱਖਰੇ ਢੰਗ ਹਾਸਲ ਕਰਨ ਲਈ ਪ੍ਰਤੀ ਵਿਅਕਤੀ 144 ਮਿੰਟ ਵੱਖ ਵੱਖ ਸੋਸ਼ਲ ਮੀਡੀਏ ਦੇ ਪਲੇਟਫਾਰਮ 'ਤੇ ਜਾ ਕੇ ਲਗਾਉਂਦਾ ਹੈ। ਇਸ ਵਿਚ ਸਕਰੋਲਿੰਗ, ਵਿਚਾਰ ਪ੍ਰਗਟ, ਲਿਖਣਾ, ਪੋਸਟਾਂ ਪਾਉਣੀਆਂ, ਪੜ੍ਹਨਾ, ਪਸੰਦ ਕਰਨਾ, ਲੈਣ-ਦੇਣ ਕਰਨਾ ਆਦਿ ਸ਼ਾਮਿਲ ਹਨ।

ਤੱਥ ਇਹ ਹਨ ਕਿ 2005 ਵਿਚ 5 ਫ਼ੀਸਦ ਅਮਰੀਕੀ ਨੌਜਵਾਨ ਸੋਸ਼ਲ ਪਲੇਟਫਾਰਮਾਂ 'ਤੇ ਜਾਂਦੇ ਸਨ, ਇਨ੍ਹਾਂ ਦੀ ਗਿਣਤੀ 2011 ਵਿਚ 50 ਫ਼ੀਸਦ ਹੋ ਗਈ ਅਤੇ ਅੱਜ 2022 ਵਿਚ ਇਹ 80 ਫ਼ੀਸਦ ਤੋਂ ਵੱਧ ਤੱਕ ਪਹੁੰਚ ਗਈ ਹੈ। 2020 ਵਿਚ 4.5 ਅਰਬ ਲੋਕ ਸੰਸਾਰ ਪੱਧਰ 'ਤੇ ਇੰਟਰਨੈਟ ਦੀ ਵਰਤੋਂ ਕਰਨ ਲੱਗੇ ਜਿਨ੍ਹਾਂ ਵਿਚੋਂ 3.8 ਅਰਬ ਕਿਸੇ ਨਾ ਕਿਸੇ ਸਮਾਜਿਕ ਪਲੇਟਫਾਰਮ ਦੀ ਵਰਤੋਂ ਕਰਦੇ ਹਨ। ਇਸ ਤੋਂ ਵੀ ਅਗਾਂਹ, ਇਕ ਸੈਕਿੰਡ ਵਿਚ ਟਵਿਟਰ ਪਲੇਟਫਾਰਮ 'ਤੇ 8952 ਨਵੀਆਂ ਟਵੀਟ ਹੁੰਦੀਆਂ ਹਨ ਅਤੇ ਯੂਟਿਊਬ ਉਪਰ ਇਕ ਸੈਕਿੰਡ ਵਿਚ 83831 ਵੀਡੀਓ ਲੋਡ ਕੀਤੀਆਂ ਜਾਂਦੀਆਂ ਹਨ। ਇਕ ਮਿੰਟ ਵਿਚ 317,000 ਜਣੇ ਆਪਣਾ ਸਟੇਟਸ ਅਪਡੇਟ ਕਰਦੇ ਹਨ। ਇਸੇ ਤਰ੍ਹਾਂ 147,000 ਨਵੀਆਂ ਫੋਟੋਆਂ ਪਾਉਂਦੇ ਹਨ ਅਤੇ 54000 ਇਕ ਦੂਸਰੇ ਨਾਲ ਆਪਣੀ ਪਸੰਦ ਸਾਂਝੀ ਕਰਦੇ ਹਨ। ਇਸ ਕਰਕੇ ਹੀ ਅਜੋਕੇ ਦੌਰ ਨੂੰ ਕਈ 'ਸਾਈਬਰ ਯੂਟੋਪੀਅਨ' ਦਾ ਸਮਾਂ ਆਖਦੇ ਹਨ।

ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਦੀ ਦਿਸ਼ਾ ਅਤੇ ਦਸ਼ਾ ਵੀ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕੀ ਹੈ। ਕਰੋਨਾ ਦੇ ਦੌਰ ਵਿਚ ਆਈ ਨਵੀਂ ਸਿੱਖਿਆ ਨੀਤੀ-2020 ਨੇ ਸਿੱਖਿਆ ਦੇ ਖੇਤਰ ਵਿਚ ਪੜ੍ਹਨ ਪੜ੍ਹਾਉਣ ਦੀ ਕਿਰਿਆ ਨੂੰ ਤਕਨਾਲੋਜੀ ਦੇ ਢੰਗ-ਤਰੀਕਿਆਂ ਨਾਲ ਤਬਦੀਲ ਕਰ ਦਿੱਤਾ। ਜਿਸ ਤਰ੍ਹਾਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਕਲਾਸ ਰੂਮ ਤਬਾਹ ਹੋਏ ਹਨ, ਅਧਿਆਪਨ ਵਾਲਾ ਸਭਿਆਚਾਰ ਸੰਕਟ ਵਿਚ ਘਿਰ ਗਿਆ ਹੈ। ਇਸ ਦੇ ਨਾਲ ਹੀ ਜੋ ਸਭਿਆਚਾਰ ਦੇ ਕਾਇਦੇ ਕਾਨੂੰਨ ਅਤੇ ਮਨੁੱਖੀ ਕਦਰਾਂ ਕੀਮਤਾਂ ਨਾਲ ਜੁੜੇ ਹੋਏ ਸਨ, ਉਹ ਸੰਕਟਗ੍ਰਸਤ ਹੋ ਗਏ ਹਨ।

ਅਧਿਆਪਕ ਅਤੇ ਵਿਦਿਆਰਥੀ ਦਾ ਮਿਲ ਬੈਠ ਕੇ ਪੜ੍ਹਨ ਪੜ੍ਹਾਉਣ ਦਾ ਸਿਲਸਿਲਾ ਬੁਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਸਿੱਖਿਅਕ ਕਿਸਮ ਦਾ ਸਭਿਆਚਾਰ ਉਸਾਰਨ ਦੀ ਸਪੇਸ ਵੀ ਘਟ ਗਈ ਹੈ। ਪਿਛਲੇ ਦੌਰ ਵਿਚ ਵੱਖ ਵੱਖ ਖੋਜਾਂ ਨੇ ਸਿੱਧ ਕੀਤਾ ਹੈ ਕਿ ਨੌਜਵਾਨ ਪੀੜ੍ਹੀ ਵਿਚ ਜੋ ਵੀਡੀਓਜ਼ ਦੇਖੀਆਂ ਜਾ ਰਹੀਆਂ ਹਨ, ਉਹ ਕਿਸੇ ਨਾ ਕਿਸੇ ਰੂਪ ਵਿਚ ਅਪਰਾਧ ਵਧਾਉਣ ਅਤੇ ਕੀਤੇ ਅਪਰਾਧ ਦਿਖਾਉਣ ਵਾਲੀਆਂ ਹਨ। ਇਸੇ ਤਰ੍ਹਾਂ ਸੈਕਸ ਨੂੰ ਉਤੇਜਤ ਕਰਨ ਵਾਲੀਆਂ ਵੀਡੀਓ ਨੌਜਵਾਨਾਂ 'ਤੇ ਅਸਰ ਪਾ ਰਹੀਆਂ ਹਨ। ਇਸ ਕਰਕੇ ਜਦੋਂ ਵੀ ਕੋਈ ਘਟਨਾ ਸੋਸ਼ਲ ਮੀਡੀਆ ਵਿਚ ਕਿਸੇ ਦੀ ਨਿੱਜੀ ਜ਼ਿੰਦਗੀ ਅਤੇ ਨਿੱਜਤਾ ਨੂੰ ਪ੍ਰਭਾਵਤ ਕਰਨ ਵਾਲੀ ਬਾਹਰ ਆਉਂਦੀ ਹੈ ਤਾਂ ਇਹ ਸਮੁੱਚੇ ਰੂਪ ਵਿਚ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਪ੍ਰਭਾਵਤ ਕਰਦੀ ਹੈ।

ਇਸ ਕਰਕੇ ਜਦੋਂ ਵੀ ਪੰਜਾਬ ਵਿਚ ਲੜਕੀਆਂ ਦੇ ਹੱਕਾਂ ਤੋਂ ਲੈ ਕੇ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨਾਲ ਸਬੰਧਿਤ ਕੋਈ ਵੀ ਘਟਨਾਕ੍ਰਮ ਸਾਹਮਣੇ ਆਉਂਦਾ ਹੈ ਤਾਂ ਉਹ ਇਕਦਮ ਹਰਕਤ ਵਿਚ ਆ ਜਾਂਦੀਆਂ ਹਨ। ਪ੍ਰਾਈਵੇਟ ਅਦਾਰੇ ਇਨ੍ਹਾਂ ਨੂੰ ਜਿੰਨਾ ਮਰਜ਼ੀ ਲਕੋਈ ਜਾਣ, ਇਹ ਲੁਕੇ ਨਹੀਂ ਰਹਿੰਦੇ, ਬਾਹਰ ਆ ਹੀ ਜਾਂਦੇ ਹਨ। ਅੱਜ ਦੇ ਦੌਰ ਵਿਚ ਨਿੱਜੀ ਆਜ਼ਾਦੀਆਂ ਤੋਂ ਲੈ ਕੇ ਸਮਾਜਿਕ ਅਤੇ ਸਿਆਸੀ ਆਜ਼ਾਦੀਆਂ ਵਾਲੀਆਂ ਪਹਿਲਕਦਮੀਆਂ ਆਪੋ-ਆਪਣੇ ਢੰਗ ਨਾਲ ਦੁਨੀਆ ਦੇ ਹਰ ਹਿੱਸੇ ਵਿਚ ਵਾਪਰ ਰਹੀਆਂ ਹਨ। ਹੁਣ ਮਸਲਾ ਇਹ ਹੈ ਕਿ ਨਵੀਂ ਪੀੜ੍ਹੀ ਆਪਣੇ ਵਿਚਾਰਾਂ, ਜੀਵਨ ਜਾਚ ਅਤੇ ਹੱਦਬੰਦੀਆਂ ਦੇ ਪ੍ਰਸੰਗ ਵਿਚ ਸੋਸ਼ਲ ਮੀਡੀਆ ਨੂੰ ਕਿਵੇਂ ਲੈਂਦੀ ਹੈ ਅਤੇ ਨਵੀਂ ਸੋਚ ਦੇ ਪੈਮਾਨੇ ਉਚੇਰੀਆਂ ਵਿਦਿਅਕ ਸੰਸਥਾਵਾਂ ਵਿਚ ਕਿਵੇਂ ਖੜ੍ਹੀ ਕਰਦੀ ਹੈ ਜਿਨ੍ਹਾਂ ਨਾਲ ਸਮਾਜਿਕ ਚੇਤਨਾ ਅਤੇ ਸਰੋਕਾਰਾਂ ਨਾਲ ਜੁੜੇ ਹੋਣ। ਅਜਿਹੀ ਆਸ ਨੌਜਵਾਨ ਪੀੜ੍ਹੀ ਤੋਂ ਹੈ।


## ਗੁਜਰਾਤ ਹਿੰਸਾ: 'ਸਿਟ' ਨੇ ਮੋਦੀ ਨੂੰ ਕਲੀਨ ਚਿੱਟ ਕਿਵੇਂ ਦਿੱਤੀ-3

# ਜਿੱਥੇ ਸਵਾਲ ਉਠਾਉਣਾ ਵੀ ਗੁਨਾਹ ਹੋ ਗਿਆ...

***ਗੁਜਰਾਤ ਵਿਚ 2002 ਵਿਚ ਹੋਈ ਭਿਆਨਕ ਫਿਰਕੂ ਹਿੰਸਾ ਦੇ ਮਾਮਲੇ ਵਿਚ ਭਾਰਤ ਦੀ ਸੁਪਰੀਮ ਕੋਰਟ ਨੇ ਸੂਬੇ ਦੇ ਉਸ ਵਕਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਖਿਲਾਫ ਦੋਸ਼ ਖਾਰਜ ਕਰ ਦਿੱਤੇ। ਉਘੇ ਪੱਤਰਕਾਰ ਹਰਤੋਸ਼ ਸਿੰਘ ਬਲ ਨੇ ਇਸ ਸਮੁੱਚੇ ਮਾਮਲੇ ਬਾਰੇ ਲੰਮੀ ਰਿਪੋਰਟ ਤਿਆਰ ਕੀਤੀ ਹੈ ਜਿਸ ਵਿਚ ਉਹ ਤੱਥ ਉਜਾਗਰ ਕੀਤੇ ਹਨ ਜਿਨ੍ਹਾਂ ਨੂੰ ਅਦਾਲਤ ਨੇ ਗੌਲਿਆ ਹੀ ਨਹੀਂ। ਇਸ ਲੰਮੀ ਰਿਪੋਰਟ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਰਿਪੋਰਟ ਦੀ ਤੀਜੀ ਅਤੇ ਆਖਰੀ ਕਿਸ਼ਤ ਪੇਸ਼ ਹੈ।***

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਸਿਟ ਦਾ ਸਿਟਾ: 'ਇਹ ਦੋਸ਼ ਸਥਾਪਤ ਨਹੀਂ ਕਿ ਗੋਧਰਾ ਕਤਲੇਆਮ ਵਿਚ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਨੂੰ ਅਹਿਮਦਾਬਾਦ ਲਿਆਉਣ ਦਾ ਮੁੱਖ ਮੰਤਰੀ ਦਾ ਫੈਸਲਾ ਸ਼ਹਿਰ ਵਿਚ ਲਾਸ਼ਾਂ ਦਾ ਜਲੂਸ ਕੱਢਣ ਲਈ ਸੀ। ਇਸ ਤੋਂ ਇਲਾਵਾ, ਇਹ ਦੋਸ਼ ਵੀ ਕਿ ਲਾਸ਼ਾਂ ਨੂੰ ਜੈਦੀਪ ਪਟੇਲ ਨੂੰ ਸੌਂਪਿਆ ਗਿਆ ਸੀ, ਸਥਾਪਿਤ ਨਹੀਂ ਕਿਉਂਕਿ ਉਹ ਸਿਰਫ ਗੋਧਰਾ ਤੋਂ ਅਹਿਮਦਾਬਾਦ ਤੱਕ ਲਾਸ਼ਾਂ ਨਾਲ ਗਿਆ ਸੀ ਅਤੇ ਲਾਸ਼ਾਂ ਪੁਲਿਸ ਦੀ ਸੁਰੱਖਿਆ ਅਤੇ ਫਿਰ ਸੋਲਾ ਸਿਵਲ ਹਸਪਤਾਲ ਦੇ ਅਧਿਕਾਰੀਆਂ, ਪ੍ਰਸ਼ਾਸਨਕ ਅਤੇ ਪੁਲਿਸ ਅਧਿਕਾਰੀਆਂ ਦੀ ਹਿਰਾਸਤ 'ਚ ਰਹੀਆਂ। ਜੈਯੰਤੀ ਰਵੀ ਦੀ ਇੱਛਾ ਦੇ ਖਿਲਾਫ ਲਾਸ਼ਾਂ ਅਹਿਮਦਾਬਾਦ ਲਿਜਾਣ ਦਾ ਦੋਸ਼ ਗ਼ਲਤ ਸਾਬਤ ਹੋਇਆ। ਐੱਮ.ਐੱਲ. ਨਲਵਈਆ ਮਾਮਲਤਦਾਰ ਨੇ ਜੈਦੀਪ ਪਟੇਲ ਨੂੰ ਲਾਸ਼ਾਂ ਸੌਂਪਣ ਦਾ ਸਰਟੀਫਿਕੇਟ ਜਾਰੀ ਕਰ ਕੇ ਗ਼ੈਰ-ਜ਼ਿੰਮੇਵਾਰਾਨਾ ਕੰਮ ਕੀਤਾ ਸੀ। ਇਸ ਕੇਸ ਨਾਲ ਸਬੰਧਤ ਸਬੂਤ ਸਨ। ਇਸ ਕੁਤਾਹੀ ਲਈ ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ।'



ਸਾਰੇ ਸਬੂਤ ਦਰਸਾਉਂਦੇ ਹਨ ਕਿ ਲਾਸ਼ਾਂ ਸੱਚਮੁੱਚ ਜੈਦੀਪ ਪਟੇਲ ਨੂੰ ਸੌਂਪੀਆਂ ਗਈਆਂ ਸਨ, ਸਿਟ 28 ਫਰਵਰੀ ਨੂੰ

**ਹਰਤੋਸ਼ ਸਿੰਘ ਬਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਅਹਿਮਦਾਬਾਦ ਵਿਚ ਲਾਸ਼ਾਂ ਦੇ ਜਲੂਸ ਬਾਰੇ ਵੀ ਸਬੂਤ ਦਿੰਦੀ ਹੈ। ਸਿਟ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ "ਗੋਧਰਾ ਕਤਲੇਆਮ ਦੀਆਂ 12 ਸੜੀਆਂ ਹੋਈਆਂ ਲਾਸ਼ਾਂ ਸੋਲਾ ਸਿਵਲ ਹਸਪਤਾਲ ਤੋਂ ਅਹਿਮਦਾਬਾਦ ਸ਼ਹਿਰ ਦੇ ਰਾਮੋਲ ਵਿਚ ਲਿਆਂਦੀਆਂ ਗਈਆਂ ਸਨ।" ਰਿਪੋਰਟ ਕਹਿੰਦੀ ਹੈ ਕਿ ਇਹ ਸਾਰੇ ਇਸੇ ਇਲਾਕੇ ਦੇ ਸਨ ਅਤੇ ਅਧਿਕਾਰੀਆਂ ਨੇ ਇਹ ਯਕੀਨੀ ਬਣਾਇਆ ਕਿ ਲਾਸ਼ਾਂ ਵਾਹਨਾਂ ਵਿਚ ਲਿਜਾਈਆਂ ਜਾਣ, ਪੈਦਲ ਨਹੀਂ "ਕਿਉਂਕਿ ਇਸ ਨਾਲ ਤਣਾਅ ਵਧ ਜਾਣ ਸੀ।" ਡਿਪਟੀ ਕਮਿਸ਼ਨਰ ਪੁਲਿਸ ਆਰ.ਜੇ. ਸਵਾਨੀ "ਮ੍ਰਿਤਕ ਦੇ ਰਿਸ਼ਤੇਦਾਰਾਂ ਅਤੇ ਸ਼ੁਭਚਿੰਤਕਾਂ ਨੂੰ ਹਰ ਇਕ ਦੇਹ ਨੂੰ ਇਕ ਵਾਹਨ ਵਿਚ ਲਿਜਾਣ ਲਈ ਮਨਾਉਣ ਵਿਚ ਸਫਲ ਹੋਇਆ ਅਤੇ ਅੰਤਿਮ ਸੰਸਕਾਰ ਦੇ ਜਲੂਸ ਨੂੰ ਰਾਮੋਲ-ਖੋਖਰਾ ਤੋਂ ਲੱਗਭੱਗ 4 ਕਿਲੋਮੀਟਰ ਦੂਰ ਹਾਟਕੇਸ਼ਵਰ ਸ਼ਮਸ਼ਾਨਘਾਟ ਤੱਕ ਪੁਲਿਸ ਦੇ ਪਹਿਰੇ ਹੇਠ ਲਿਜਾਇਆ ਗਿਆ। ਤਕਰੀਬਨ ਦੋ ਵਜੇ ਅੰਤਿਮ ਸੰਸਕਾਰ ਕੀਤਾ ਗਿਆ ਅਤੇ ਇਸ ਤੋਂ ਬਾਦ ਹਾਈਵੇਅ 'ਤੇ ਇਕੱਠੀ ਹੋਈ ਭੀੜ ਖਿੰਡ ਗਈ।"

ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਸ ਦਿਨ ਸਵੇਰੇ ਜਾਂ ਦੁਪਹਿਰ ਵੇਲੇ, 12 ਵਾਹਨਾਂ ਦਾ ਜਲੂਸ ਜਿਨ੍ਹਾਂ ਵਿਚੋਂ ਹਰ ਇਕ ਵਿਚ ਇਕ ਲਾਸ਼ ਸੀ, ਪੁਲਿਸ ਦੇ ਪਹਿਰੇ ਹੇਠ ਅਹਿਮਦਾਬਾਦ ਦੀਆਂ ਸੜਕਾਂ ਉੱਪਰ ਚਾਰ ਕਿਲੋਮੀਟਰ ਤੱਕ ਅੱਗੇ ਗਿਆ। ਕਿਉਂਕਿ ਸਿਟ ਨੇ ਇਸ ਤੋਂ ਇਲਾਵਾ ਇਸ ਜਲੂਸ ਦਾ ਕੋਈ ਜ਼ਿਕਰ ਨਹੀਂ ਕੀਤਾ, ਇਸ ਲਈ ਅਸੀਂ ਇਹ ਫੈਸਲਾ ਕਰਨ ਦੀ ਸਥਿਤੀ ਵਿਚ ਨਹੀਂ ਹਾਂ ਕਿ ਜਲੂਸ ਦਾ ਪ੍ਰਭਾਵ ਕੀ ਸੀ, ਲਾਸ਼ਾਂ ਲਿਜਾਣ ਵਾਲੇ ਵਾਹਨਾਂ ਦੀ ਕਿਸਮ ਕੀ ਸੀ ਅਤੇ ਲਾਸ਼ਾਂ ਦੇ ਇਸ ਜਲੂਸ ਦੀ ਕੀ ਸਥਿਤੀ ਸੀ।

ਸਿਟ ਦੀ ਪੂਰੀ ਰਿਪੋਰਟ ਵਿਚ ਆਰ.ਬੀ. ਸ੍ਰੀਕੁਮਾਰ ਦਾ ਅਹਿਮ ਸਥਾਨ ਹੈ। ਰਿਪੋਰਟ ਦਾ ਵੱਡਾ ਹਿੱਸਾ ਉਨ੍ਹਾਂ ਦੋਸ਼ਾਂ ਦੀ ਜਾਂਚ ਹੈ ਜੋ ਉਸ ਸਮੇਂ ਦੇ ਰਾਜ ਦੀ ਖੁਫੀਆ ਬਿਊਰੋ ਦੇ ਮੁਖੀ ਰਹੇ ਸ੍ਰੀਕੁਮਾਰ ਦੇ ਲਿਖੇ ਅਧਿਕਾਰਕ ਨੋਟਸ ਅਤੇ ਨਾਨਾਵਤੀ-ਸ਼ਾਹ ਕਮਿਸ਼ਨ ਦੇ ਸਾਹਮਣੇ ਉਸ ਵੱਲੋਂ ਪੇਸ਼ ਕੀਤੇ ਹਲਫਨਾਮਿਆਂ ਵਿਚ ਸਾਹਮਣੇ ਆਏ ਹਨ। ਇਕ ਤਰ੍ਹਾਂ ਨਾਲ ਕਹੀਏ ਤਾਂ ਸਿਟ ਦੀ ਰਿਪੋਰਟ ਬਹੁਤ ਹੱਦ ਤੱਕ ਸ੍ਰੀਕੁਮਾਰ ਦੁਆਰਾ ਪੇਸ਼ ਕੀਤੇ ਸਾਰੇ ਸਬੂਤਾਂ ਉੱਪਰ ਪ੍ਰਤੀਕਿਰਿਆ ਹੀ ਹੈ।

ਸਿਟ ਦੀ ਰਿਪੋਰਟ ਅਨੁਸਾਰ, ਸ੍ਰੀਕੁਮਾਰ ਨੇ ਸਿਟ ਨੂੰ ਦੱਸਿਆ ਕਿ 9 ਅਪਰੈਲ ਤੋਂ 18 ਸਤੰਬਰ 2002 ਦਰਮਿਆਨ ਉਸ ਨੇ ਸਰਕਾਰ ਅਤੇ ਪੁਲਿਸ ਡਾਇਰੈਕਟਰ ਨੂੰ ਕਈ ਰਿਪੋਰਟਾਂ ਭੇਜੀਆਂ ਸਨ ਜਿਨ੍ਹਾਂ ਵਿਚ ਸੰਘ ਪਰਿਵਾਰ ਦੇ ਹਮਾਇਤੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਦੀਆਂ ਹਨ ਅਤੇ ਸਰਕਾਰੀ ਮਹਿਕਮੇ 'ਚ ਮੁਸਲਿਮ ਵਿਰੋਧੀ ਪੱਖਪਾਤ ਦਰਸਾਉਂਦੀਆਂ ਹਨ। ਨਾਲ ਇਹ ਵੀ ਦਰਸਾਉਂਦੀਆਂ ਹਨ ਕਿ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਦਰਕਿਨਾਰ ਕਰ ਦਿੱਤਾ ਗਿਆ। ਉਸ ਵੱਲੋਂ ਭੇਜੀਆਂ ਰਿਪੋਰਟਾਂ ਵਿਚੋਂ ਇਕ ਦਾ ਸਿਰਲੇਖ ਸੀ- "ਅਹਿਮਦਾਬਾਦ ਸ਼ਹਿਰ ਵਿਚ ਮੌਜੂਦਾ ਫਿਰਕੂ ਦ੍ਰਿਸ਼।" ਇਹ ਰਿਪੋਰਟ ਦੱਸਦੀ ਹੈ ਕਿ ਕਿਵੇਂ ਘੱਟ-ਗਿਣਤੀ ਭਾਈਚਾਰਾ ਅਜੋਕੇ ਸਮੇਂ ਵਿਚ ਡਰਿਆ ਹੋਇਆ ਮਹਿਸੂਸ ਕਰ ਰਿਹਾ ਹੈ ਕਿਉਂਕਿ ਉਸ ਨੂੰ ਬਜਰੰਗ ਦਲ ਅਤੇ ਵੀ.ਐੱਚ.ਪੀ. ਦੇ ਕੱਟੜਪੰਥੀ ਫਿਰਕੂ ਅਨਸਰਾਂ ਦੇ ਰਹਿਮ 'ਤੇ ਛੱਡ ਦਿੱਤਾ ਗਿਆ।

ਹਿੰਸਾ ਵਿਚ ਮਾਰੇ ਮੁਸਲਮਾਨਾਂ ਅਤੇ ਹਿੰਦੂਆਂ ਦੀ ਗਿਣਤੀ ਦੇ ਅੰਕੜਿਆਂ ਨੂੰ ਸੂਚੀਬੱਧ ਕਰਨ ਤੋਂ ਬਾਅਦ ਰਿਪੋਰਟ 'ਚ ਵਿਸਤਾਰ ਨਾਲ ਦੱਸਿਆ ਗਿਆ ਹੈ ਕਿ ਸ੍ਰੀਕੁਮਾਰ ਨੇ ਸਰਕਾਰ ਨੂੰ ਕੀ ਦੱਸਿਆ। ਇਹ ਵੀ.ਐੱਚ.ਪੀ. ਅਤੇ ਇਸ ਦੇ ਵਿੰਗ ਬਜਰੰਗ ਦਲ ਦੇ ਨੇਤਾਵਾਂ ਦੀਆਂ ਨੁਕਸਾਨਦੇਹ ਕਾਰਗੁਜ਼ਾਰੀਆਂ ਦਾ ਪਰਦਾਫਾਸ਼ ਕਰਦਾ ਹੈ। ਸਿਟ ਨੇ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਕਿ ਕੀ ਭਾਜਪਾ, ਵੀ.ਐੱਚ.ਪੀ. ਅਤੇ ਬਜਰੰਗ ਦਲ ਇੱਕੋ ਸੰਘ ਪਰਿਵਾਰ ਦਾ ਹਿੱਸਾ ਹਨ ਜਾਂ ਦਰਅਸਲ ਰਾਜ ਦੇ ਖੁਫੀਆ ਵਿੰਗ ਦੇ ਸੇਵਾਮੁਕਤ ਮੁਖੀ ਸ੍ਰੀਕੁਮਾਰ ਹੀ ਸਰਕਾਰ 'ਤੇ ਦੋਸ਼ ਲਗਾ ਰਹੇ ਸਨ। ਇਸ ਤਰ੍ਹਾਂ ਇਹ ਸੱਚ ਸੀ ਕਿ ਹਿੰਸਾ ਤੋਂ ਬਾਅਦ ਸਰਕਾਰ ਨੇ ਉਸ ਦੀਆਂ ਕਾਰਵਾਈਆਂ ਪ੍ਰਤੀ ਦੁਸ਼ਮਣਾਨਾ ਰੁਖ ਅਪਣਾਉਣਾ ਸ਼ੁਰੂ ਕਰ ਦਿੱਤਾ ਸੀ।

ਰਿਪੋਰਟ ਨੋਟ ਕਰਦੀ ਹੈ:

'ਸ੍ਰੀਕੁਮਾਰ ਨੇ ਕਿਹਾ ਕਿ ਦੰਗਿਆਂ ਦੇ ਮੁੱਖ ਸ਼ਿਕਾਰ ਹੋਣ ਦੇ ਨਾਤੇ, ਮੁਸਲਿਮ ਭਾਈਚਾਰੇ ਦੇ ਅੰਦਰ ਅਪਰਾਧਿਕ ਨਿਆਂ ਪ੍ਰਣਾਲੀ ਦੇ ਵਿਰੁੱਧ ਬੇਵਿਸ਼ਵਾਸੀ ਸੀ ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਇਹ ਉਨ੍ਹਾਂ ਦੇ ਵਿਰੁੱਧ ਬਹੁਤ ਪੱਖਪਾਤੀ ਸੀ। ਮੁਸਲਮਾਨਾਂ ਨੇ ਦੋਸ਼ ਲਗਾਇਆ ਕਿ ਪੁਲਿਸ ਅਧਿਕਾਰੀ ਉਨ੍ਹਾਂ ਦੇ ਕੇਸਾਂ ਵਿਚ ਐੱਫ.ਆਈ.ਆਰ. ਦਰਜ ਕਰਨ ਵਿਚ ਨਿਰਪੱਖ ਨਹੀਂ ਕਿਉਂਕਿ ਉਨ੍ਹਾਂ ਵੱਲੋਂ ਸ਼ਿਕਾਇਤ ਕਰਤਾਵਾਂ ਨੂੰ ਸ਼ਿਕਾਇਤਾਂ ਦਰਜ ਕਰਾਉਣ ਤੋਂ ਰੋਕਣ, ਜੁਰਮ ਦੀ ਸਮੱਗਰੀ ਨੂੰ ਘਟਾਉਣ ਲਈ ਦਬਾਅ ਪਾਊ ਹੱਥਕੰਡੇ ਵਰਤੇ ਸਨ ਅਤੇ ਕਈ ਵਾਰ ਤਾਂ ਪੁਲਿਸ ਅਧਿਕਾਰੀ ਖੁਦ ਸ਼ਿਕਾਇਤ ਕਰਤਾ ਬਣ ਗਏ ਅਤੇ ਖਾਸ ਮੁਲਜ਼ਮਾਂ ਦਾ ਪੱਖ ਪੂਰਨ ਲਈ ਉਨ੍ਹਾਂ ਦੇ ਨਾਂ ਛੱਡ ਦਿੱਤੇ ਗਏ। ਇਸ ਤੋਂ ਇਲਾਵਾ, ਇਕ ਐੱਫ.ਆਈ.ਆਰ. ਦਰਜ ਕਰਨ ਲਈ ਵੱਖ-ਵੱਖ ਸਮੇਂ ਦੀਆਂ ਕਈ ਵੱਖ-ਵੱਖ ਅਪਰਾਧਿਕ ਕਾਰਵਾਈਆਂ ਨੂੰ ਇਕੱਠਾ ਕਰ ਲਿਆ ਗਿਆ।.... ਸ੍ਰੀਕੁਮਾਰ ਨੇ ਅੱਗੇ ਦੱਸਿਆ ਕਿ ਬਹੁਗਿਣਤੀ ਮੁਸਲਮਾਨਾਂ ਨੇ ਸ਼ਿਕਾਇਤ ਕੀਤੀ ਹੈ ਕਿ ਪੁਲਿਸ ਅਧਿਕਾਰੀ ਐੱਫ.ਆਈ.ਆਰ. ਵਿਚ ਨਾਮ ਹੋਣ ਦੇ ਬਾਵਜੂਦ ਹਿੰਦੂ ਨੇਤਾਵਾਂ ਨੂੰ ਗ੍ਰਿਫਤਾਰ ਕਰਨ ਤੋਂ ਗੁਰੇਜ਼ ਕਰਦੇ ਸਨ।'


ਸ੍ਰੀਕੁਮਾਰ ਦੀ ਰਿਪੋਰਟ ਵਿਚ ਉਨ੍ਹਾਂ ਵੱਲੋਂ ਉਠਾਏ ਗਏ ਮੁੱਦਿਆਂ ਨਾਲ ਨਜਿੱਠਣ ਲਈ ਕਈ ਠੋਸ ਉਪਾਅ ਵੀ ਸੁਝਾਏ ਗਏ ਹਨ ਪਰ ਤਤਕਾਲੀ ਵਧੀਕ ਮੁੱਖ ਸਕੱਤਰ (ਗ੍ਰਹਿ ਮਾਮਲੇ) ਅਸ਼ੋਕ ਨਰਾਇਣ ਨੇ ਸਿਟ ਨੂੰ ਦੱਸਿਆ ਕਿ "ਚਿੱਠੀ ਵਿਚ ਆਮ ਨਿਰੀਖਣ ਅਤੇ ਠੋਸ ਵੇਰਵੇ ਗ਼ਾਇਬ ਸਨ।" ਨਰਾਇਣ ਨੇ ਫਿਰ ਸ੍ਰੀਕੁਮਾਰ ਨਾਲ ਇਸ ਮਾਮਲੇ 'ਤੇ ਚਰਚਾ ਕੀਤੀ ਅਤੇ ਉਸ ਨੂੰ ਉਸ ਦੇ ਪੱਧਰ 'ਤੇ "ਜਿੱਥੋਂ ਤੱਕ ਸੰਭਵ ਹੋ ਸਕੇ" ਕਾਰਵਾਈ ਕਰਨ ਲਈ ਕਿਹਾ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਨਰਾਇਣ ਨੂੰ "ਚੇਤੇ ਨਹੀਂ ਕਿ ਉਸ ਨੇ ਮੁੱਖ ਮੰਤਰੀ ਨੂੰ ਇਹ ਚਿੱਠੀ ਦਿਖਾਈ ਸੀ ਜਾਂ ਨਹੀਂ।"

ਪੁਲਿਸ ਦੇ ਡਾਇਰੈਕਟਰ ਜਨਰਲ ਕੇ. ਚੱਕਰਵਰਤੀ ਨੇ ਸਿਟ ਨੂੰ ਦੱਸਿਆ ਕਿ ਸ੍ਰੀਕੁਮਾਰ ਦੁਆਰਾ ਉਠਾਏ ਜ਼ਿਆਦਾਤਰ ਨੁਕਤਿਆਂ ਨਾਲ "ਉਸ ਨੇ ਮਾਰਚ ਅਤੇ ਅਪਰੈਲ 2002 ਦੇ ਮਹੀਨਿਆਂ ਵਿਚ ਨਜਿੱਠ ਲਿਆ ਸੀ।" ਉਸ ਨੇ ਕਿਹਾ ਕਿ ਅਹਿਮਦਾਬਾਦ ਪੁਲਿਸ ਕਮਿਸ਼ਨਰ ਪੀ.ਸੀ. ਪਾਂਡੇ ਵੱਲੋਂ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਜਬਰਨ ਵਸੂਲੀਆਂ ਅਤੇ ਫਿਰਕਾਪ੍ਰਸਤੀ ਨੂੰ ਭੜਕਾਉਣ ਵਾਲੇ ਪੈਂਫਲੇਟ ਛਾਪਣ/ਵੰਡਣ 'ਚ ਲੱਗੇ ਹੋਣ ਫਿਰੌਤੀਆਂ ਵਸੂਲਣ ਦੀਆਂ ਅਣਚਾਹੀਆਂ ਸਰਗਰਮੀਆਂ ਬਾਰੇ ਰਿਪੋਰਟ ਭੇਜੀ ਗਈ ਸੀ"; ਕਿ ਉਸ ਨੇ ਇਹ ਰਿਪੋਰਟ ਨਰਾਇਣ ਨਾਲ ਸਾਂਝੀ ਕੀਤੀ ਸੀ, "ਜਿਸ ਨੇ ਕਿਹਾ ਕਿ ਉਹ ਇਸ ਨੂੰ ਸਰਕਾਰ ਦੇ ਧਿਆਨ ਵਿਚ ਲਿਆਵੇਗਾ।"


ਬਾਅਦ ਦੀਆਂ ਰਿਪੋਰਟਾਂ ਵਿਚ ਸ੍ਰੀਕੁਮਾਰ ਨੇ ਇਨ੍ਹਾਂ ਵਿਚੋਂ ਕੁਝ ਨੁਕਤੇ ਦੁਹਰਾਏ ਅਤੇ ਸੁਝਾਅ ਦਿੱਤਾ ਕਿ ਜੁਲਾਈ 2002 ਵਿਚ ਅਹਿਮਦਾਬਾਦ ਵਿਚ ਕੱਢੀ ਜਾਣ ਵਾਲੀ ਸਾਲਾਨਾ ਰੱਥ ਯਾਤਰਾ ਨਹੀਂ ਕੱਢੀ ਜਾਣੀ ਚਾਹੀਦੀ। ਸਰਕਾਰ ਇਸ ਨਾਲ ਸਹਿਮਤ ਨਹੀਂ ਸੀ। 20 ਅਗਸਤ 2008 ਤੱਕ ਸ੍ਰੀਕੁਮਾਰ ਨੇ ਇਕ ਹੋਰ ਚਿੱਠੀ ਲਿਖੀ ਜਿਸ ਵਿਚ ਕਿਹਾ ਸੀ ਕਿ "ਫਿਰਕੂ ਤਣਾਅ ਜਾਰੀ ਹੈ ਅਤੇ ਹਿੰਦੂਆਂ ਤੇ ਮੁਸਲਮਾਨਾਂ ਵਿਚ ਫਿਰਕੂ ਪਾੜਾ ਬਹੁਤ ਜ਼ਿਆਦਾ ਤੱਕ ਵਧ ਗਿਆ ਹੈ।" ਨਰਾਇਣ ਨੇ ਸਰਕਾਰ ਦੀ ਤਰਫੋਂ ਪੱਤਰ ਦਾ ਜਵਾਬ ਦਿੰਦਿਆਂ ਕਿਹਾ ਕਿ ਸ੍ਰੀਕੁਮਾਰ ਦਾ ਮੁਲਾਂਕਣ ਹੋਰ ਏਜੰਸੀਆਂ ਜਿਵੇਂ ਮਾਲੀਆ ਅਤੇ ਜ਼ਿਲਾ ਅਥਾਰਟੀਆਂ ਤੋਂ ਪ੍ਰਾਪਤ ਫੀਡਬੈਕ ਨਾਲ ਮੇਲ ਨਹੀਂ ਖਾਂਦਾ।"

ਸਿਟ ਦੀ ਰਿਪੋਰਟ ਵਿਚ ਨੋਟ ਕੀਤਾ ਗਿਆ ਹੈ ਕਿ ਇਨ੍ਹਾਂ ਚਿੱਠੀਆਂ ਵਾਲੀ ਫਾਈਲ ਨਹੀਂ ਮਿਲੀ। "ਹਾਲਾਂਕਿ ਅਸ਼ੋਕ ਨਰਾਇਣ ਅਤੇ ਕੇ. ਚਕਰਾਵਰਤੀ ਦੇ ਬਿਰਤਾਂਤਾਂ, ਰੱਥ ਯਾਤਰਾ ਦੇ ਤੱਥਾਂ ਅਤੇ ਏ.ਸੀ.ਐੱਸ. (ਗ੍ਰਹਿ) ਵਿਚਕਾਰ ਹੋਈ ਚਰਚਾ ਦੇ ਨਾਲ-ਨਾਲ ਸ੍ਰੀਕੁਮਾਰ ਨੂੰ ਭੇਜੇ ਗਏ ਜਵਾਬ ਨੂੰ ਦੇਖਦੇ ਹੋਏ ਇਹ ਨਹੀਂ ਕਿਹਾ ਜਾ ਸਕਦਾ ਕਿ ਚਿੱਠੀਆਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਰਿਪੋਰਟ ਵਿਚ ਗੁੰਮ ਹੋਈ ਫਾਈਲ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਜਿਸ ਵਿਚ ਦਰਅਸਲ ਟਿੱਪਣੀਆਂ ਹੋਣੀਆਂ ਸਨ ਜਿਸ ਨੇ ਚਿੱਠੀਆਂ ਦੇਖੀਆਂ ਅਤੇ ਇਸ ਸਬੰਧੀ ਜੋ ਕਾਰਵਾਈ ਕੀਤੀ ਗਈ, ਉਸ ਦੇ ਵੇਰਵੇ ਹੋਣੇ ਸਨ। ਨਾ ਹੀ ਇਹ ਜ਼ਿਕਰ ਕੀਤਾ ਗਿਆ ਹੈ ਕਿ ਵੀ.ਐੱਚ.ਪੀ. ਅਤੇ ਬਜਰੰਗ ਦਲ ਵਿਰੁੱਧ ਕੀ ਕਾਰਵਾਈ ਕੀਤੀ ਗਈ ਸੀ। ਫਾਈਲ ਦੀ ਸਹੂਲਤ ਵਾਲੀ ਗੈਰ-ਮੌਜੂਦਗੀ 'ਚ, ਸਾਡੇ ਕੋਲ ਪਹਿਲੀ ਚਿੱਠੀ ਦੇ ਜਵਾਬ ਵਿਚ ਕੀਤੀ ਕਾਰਵਾਈ ਬਾਰੇ ਕੇਵਲ ਨਰਾਇਣ ਅਤੇ ਚਕਰਵਰਤੀ ਦੇ ਬਿਆਨ ਹਨ। ਇਸ ਨੂੰ ਦੇਖਦੇ ਹੋਏ ਕਿ ਚਿੱਠੀ ਵਿਚ ਪੁਲਿਸ ਫੋਰਸ 'ਤੇ ਮੁਸਲਮਾਨਾਂ ਦੇ ਵਿਰੁੱਧ ਕਾਨੂੰਨ ਵਿਵਸਥਾ ਤੰਤਰ ਦੇ ਪੱਖਪਾਤੀ ਹੋਣ ਦਾ ਦੋਸ਼ ਲਗਾਇਆ ਸੀ, ਵਾਸਤਵ ਵਿਚ ਉਨ੍ਹਾਂ ਜਵਾਬਦੇਹ ਲੋਕਾਂ - ਗ੍ਰਹਿ ਮੰਤਰਾਲੇ ਦੇ ਸਭ ਤੋਂ ਸੀਨੀਅਰ ਨੌਕਰਸ਼ਾਹ ਅਤੇ ਰਾਜ ਦੇ ਪੁਲਿਸ ਮੁਖੀ - ਦੀ ਗਵਾਹੀ ਨੂੰ ਫਿਰ ਦੋਸ਼ਾਂ ਨੂੰ ਹੀ ਖਾਰਜ ਕਰ ਦੇਣ ਲਈ ਵਰਤਿਆ ਜਾਂਦਾ ਹੈ।



*ਆਰ.ਬੀ. ਸ੍ਰੀਕੁਮਾਰ*



*ਸੰਜੀਵ ਭੱਟ*

ਸ੍ਰੀਕੁਮਾਰ ਨੇ ਜੋ ਖੁਲਾਸਾ ਕੀਤਾ ਉਸ ਦੇ ਆਧਾਰ 'ਤੇ ਇਕ ਹੋਰ ਦੋਸ਼ ਨਾਲ ਨਜਿੱਠਣ ਦੌਰਾਨ ਇਨ੍ਹਾਂ ਹੀ ਅਫਸਰਾਂ ਨੂੰ ਤਲਬ ਕੀਤਾ ਜਾਂਦਾ ਹੈ ਜੋ ਉਸੇ ਰਿਪੋਰਟ 'ਤੇ ਆਧਾਰਿਤ ਹੈ ਜੋ ਹੁਣ ਫਾਈਲ ਉੱਪਰ ਮੌਜੂਦ ਨਹੀਂ ਹੈ। ਸਟੇਟ ਇੰਟੈਲੀਜੈਂਸ ਬਿਊਰੋ ਨੇ ਸਿਫਾਰਸ਼ ਕੀਤੀ ਸੀ ਕਿ ਕੁਝ ਅਧਿਕਾਰੀਆਂ ਦੇ ਤਬਾਦਲੇ ਕਰ ਦੇਣੇ ਚਾਹੀਦੇ ਹਨ। 24 ਅਪਰੈਲ ਨੂੰ ਖੁਫੀਆ ਵਿਭਾਗ ਦੇ ਵਧੀਕ ਡਾਇਰੈਕਟਰ ਜਨਰਲ ਦਾ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਨਾਰਾਇਣ ਅਤੇ ਚਕਰਵਰਤੀ ਨੂੰ ਲਿਖੇ ਨੋਟ ਵਿਚ ਸ੍ਰੀਕੁਮਾਰ ਨੇ ਸੁਝਾਅ ਦਿੱਤਾ ਕਿ "ਉਨ੍ਹਾਂ ਸ਼ਹਿਰਾਂ ਅਤੇ ਜ਼ਿਲ੍ਹਿਆਂ ਵਿਚ ਜਿੱਥੇ ਦੰਗਿਆਂ ਦੌਰਾਨ ਪੁਲਿਸ ਜਾਂ ਤਾਂ ਬੇਹਰਕਤ ਰਹੀ ਜਾਂ ਉਸ ਨੇ ਦੰਗਈਆਂ ਨਾਲ ਮਿਲ ਕੇ ਸਹਿਯੋਗੀ ਭੂਮਿਕਾ ਨਿਭਾਈ, ਉੱਥੇ ਇਸ ਵੇਲੇ ਤਾਇਨਾਤ ਅਧਿਕਾਰੀਆਂ ਨੂੰ ਹਾਲਾਤ ਦੇ ਮੱਦੇਨਜਰ ਕਾਰਜਕਾਰੀ ਅਹੁਦਿਆਂ ਤੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ" ਪਰ ਸ੍ਰੀਕੁਮਾਰ ਦੇ ਨਾਨਾਵਤੀ ਕਮਿਸ਼ਨ ਨੂੰ ਦਿੱਤੇ ਹਲਫਨਾਮੇ ਅਨੁਸਾਰ ਸੀਨੀਅਰ ਪੁਲਿਸ ਅਧਿਕਾਰੀ ਕੇ.ਪੀ.ਐੱਸ. ਗਿੱਲ ਦੇ ਰਾਜ ਵਿਚ ਆਉਣ ਤੱਕ ਅਜਿਹਾ ਨਹੀਂ ਕੀਤਾ ਗਿਆ।

4 ਮਈ 2002 ਨੂੰ ਸ੍ਰੀਕੁਮਾਰ ਨੇ ਸਿਟ ਨੂੰ ਦੱਸਿਆ, ਗਿੱਲ ਜਿਸ ਨੂੰ ਮੋਦੀ ਦੇ ਸੁਰੱਖਿਆ ਸਲਾਹਕਾਰ ਵਜੋਂ ਨਿਯੁਕਤ ਕੀਤਾ ਸੀ, ਨੇ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਚਕਰਵਰਤੀ, ਸ੍ਰੀਕੁਮਾਰ ਅਤੇ ਪਾਂਡੇ ਤੋਂ ਇਲਾਵਾ ਹਾਜ਼ਰ ਅਧਿਕਾਰੀਆਂ ਵਿਚ ਕਾਨੂੰਨ ਅਤੇ ਵਿਵਸਥਾ ਦੇ ਵਧੀਕ ਡਾਇਰੈਕਟਰ ਜਨਰਲ ਮਨੀ ਰਾਮ ਅਤੇ ਅਹਿਮਦਾਬਾਦ ਪੁਲਿਸ ਦੇ ਸੰਯੁਕਤ ਕਮਿਸ਼ਨਰ ਐੱਮ.ਕੇ. ਟੰਡਨ ਸ਼ਾਮਲ ਸਨ। ਸ੍ਰੀਕੁਮਾਰ ਨੇ ਕਿਹਾ, "ਚਕਰਵਰਤੀ ਅਤੇ ਪਾਂਡੇ ਨੇ ਕਿਹਾ ਕਿ ਪ੍ਰਭਾਵੀ ਪੁਲਿਸ ਉਪਾਵਾਂ ਕਾਰਨ ਸਥਿਤੀ ਆਮ ਸੀ ਪਰ ਮਨੀਰਾਮ ਜੋ ਰਾਜ ਵਿਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਜ਼ਿੰਮੇਵਾਰ ਹੈ, ਉਨ੍ਹਾਂ ਦੇ ਜਾਇਜ਼ੇ ਨਾਲ ਪੂਰੀ ਤਰ੍ਹਾਂ ਅਸਹਿਮਤ ਸੀ।"

ਸ੍ਰੀਕੁਮਾਰ ਦੇ ਦਾਅਵੇ ਦੀ ਹਾਮੀ ਮਨੀਰਾਮ ਦਾ ਉਹ ਬਿਆਨ ਭਰਦਾ ਹੈ ਜਿਸ ਵਿਚ ਉਸ ਨੇ ਕਿਹਾ ਕਿ ਉਸ ਨੇ ਗਿੱਲ ਨੂੰ ਸੂਚਿਤ ਕੀਤਾ ਕਿ "ਅਹਿਮਦਾਬਾਦ ਸ਼ਹਿਰ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਤਣਾਅ ਹੈ" ਅਤੇ ਜੋ ਪੁਲਿਸ ਅਧਿਕਾਰੀ "ਆਪਣੇ ਅਧਿਕਾਰ ਖੇਤਰਾਂ ਵਿਚ ਦੰਗਾ ਨਾ ਰੋਕ ਸਕਣ ਲਈ ਜ਼ਿੰਮੇਵਾਰ ਸਨ ਅਤੇ ਜਿਨ੍ਹਾਂ ਦੇ ਹੁੰਦਿਆਂ ਜਾਨ-ਮਾਲ ਦਾ ਨੁਕਸਾਨ ਹੋਇਆ, ਉਨ੍ਹਾਂ ਦੇ ਕੱਦਾਵਰ ਹੋਣ ਦੀ ਪਰਵਾਹ ਕੀਤੇ ਬਿਨਾ ਉਨ੍ਹਾਂ ਦਾ ਤੁਰੰਤ ਤਬਾਦਲਾ ਕਰ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਥਾਂ 'ਤੇ ਚੰਗੇ ਅਧਿਕਾਰੀ ਨਿਯੁਕਤ ਕਰਨੇ ਚਾਹੀਦੇ ਹਨ।" ਮਨੀਰਾਮ ਨੇ ਇਹ ਵੀ ਕਿਹਾ ਕਿ "ਜਿੱਥੇ ਵੀ ਅਸਰਦਾਰ ਕਾਰਵਾਈ ਕਰਨ ਵਾਲੇ ਅਧਿਕਾਰੀ ਤਾਇਨਾਤ ਕੀਤੇ ਸਨ", ਜਿਵੇਂ ਸੌਰਾਸ਼ਟਰ ਅਤੇ ਦੱਖਣੀ ਗੁਜਰਾਤ ਵਿਚ, ਉੱਥੇ "ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਕਾਬੂ ਵਿਚ ਸੀ।"

ਸ੍ਰੀਕੁਮਾਰ ਨੇ ਅੱਗੇ ਗਵਾਹੀ ਦਿੱਤੀ ਕਿ ਗਿੱਲ ਨੇ ਉਸ ਨੂੰ 8 ਮਈ ਨੂੰ ਕਿਹਾ ਸੀ ਕਿ ਅਹਿਮਦਾਬਾਦ ਵਿਚ ਫੈਸਲਾ ਲੈਣ ਵਾਲੇ ਪੱਧਰ ਦੇ ਜ਼ਿਆਦਾਤਰ ਪੁਲਿਸ ਅਧਿਕਾਰੀਆਂ ਦੇ ਤਬਾਦਲੇ ਕੀਤੇ ਜਾਣਗੇ ਅਤੇ ਉਨ੍ਹਾਂ ਦੀ ਥਾਂ 'ਤੇ ਨਵੀਂ ਟੀਮ ਲਗਾਈ ਜਾਵੇਗੀ। ਇਸ ਦੇ ਜਵਾਬ ਵਿਚ ਚਕਰਵਰਤੀ ਨੇ ਕਿਹਾ ਕਿ ਗਿੱਲ ਨਾਲ ਸ਼ੁਰੂਆਤੀ ਵਿਚਾਰ-ਵਟਾਂਦਰੇ ਦੌਰਾਨ ਉਸ ਨੇ ਅਤੇ ਨਰਾਇਣ ਨੇ "ਸਮਝਿਆ ਕਿ ਮੁੱਖ ਮੰਤਰੀ ਅਹਿਮਦਾਬਾਦ ਸ਼ਹਿਰ ਦੇ ਸੀਨੀਅਰ ਅਧਿਕਾਰੀਆਂ ਦੇ ਤਬਾਦਲੇ ਕਰਨਾ ਚਾਹੁੰਦਾ ਸੀ ਅਤੇ ਬਦਲਵੇਂ ਸੁਝਾਅ ਚਾਹੁੰਦਾ ਸੀ।" ਚਕਰਵਰਤੀ ਨੇ ਕਿਹਾ ਕਿ ਉਸ ਨੇ ਆਪਣੇ ਸੁਝਾਅ ਨਰਾਇਣ ਨੂੰ ਦੇ ਦਿੱਤੇ ਜਿਸ ਨੇ ਨੋਟ ਤਿਆਰ ਕੀਤਾ ਜਿਸ ਨੂੰ ਮੋਦੀ ਨੇ ਮਨਜ਼ੂਰੀ ਦੇ ਦਿੱਤੀ ਅਤੇ ਮਈ ਦੇ ਪਹਿਲੇ ਹਫਤੇ ਦੇ ਅੰਤ 'ਚ ਤਬਾਦਲੇ ਲਾਗੂ ਹੋ ਗਏ। ਉਸ ਨੇ ਦੱਸਿਆ ਕਿ ਅਧਿਕਾਰ ਖੇਤਰ ਦੇ ਅਧਿਕਾਰੀਆਂ ਦੇ ਤਬਾਦਲੇ ਨਾਲ ਸਬੰਧਿਤ ਮਾਮਲਾ ਪਹਿਲਾਂ ਹੀ ਵਿਚਾਰ ਅਧੀਨ ਸੀ ਅਤੇ ਇਹ ਮਨੀਰਾਮ ਜਾਂ ਸ੍ਰੀਕੁਮਾਰ ਦੇ ਜ਼ੋਰ ਦੇਣ 'ਤੇ ਨਹੀਂ ਲਿਆ ਗਿਆ ਸੀ। ਸਿਟ ਨੇ ਨਤੀਜਾ ਕੱਢਿਆ- "ਇਸ ਦੇ ਮੱਦੇਨਜ਼ਰ ਸ੍ਰੀਕੁਮਾਰ ਦਾ ਇਹ ਇਲਜ਼ਾਮ ਕਿ 24.04.2002 ਨੂੰ ਸਟੇਟ ਆਈ.ਬੀ. ਵੱਲੋਂ ਸੁਝਾਏ ਅਧਿਕਾਰ ਖੇਤਰ ਦੇ ਅਧਿਕਾਰੀਆਂ ਦੇ ਤਬਾਦਲੇ ਮੁੱਖ ਮੰਤਰੀ ਦੇ ਸਲਾਹਕਾਰ ਕੇ.ਪੀ.ਐੱਸ. ਗਿੱਲ ਦੇ ਆਉਣ ਤੱਕ ਨਹੀਂ ਕੀਤੇ ਸਨ, ਇਸ ਲਈ ਬੇਬੁਨਿਆਦ ਹਨ।"

ਇਹ ਕੋਈ ਸਪੱਸ਼ਟ ਸਿੱਟਾ ਨਹੀਂ ਹੈ। ਇਸ ਮਾਮਲੇ 'ਚ ਮਨੀਰਾਮ ਸ੍ਰੀਕੁਮਾਰ ਦੇ ਬਿਰਤਾਂਤ ਦੀ ਹਾਮੀ ਭਰਦਾ ਹੈ। ਇਸ ਤੋਂ ਇਲਾਵਾ, ਮੀਟਿੰਗ 'ਚ, ਜਿੱਥੇ ਤਬਾਦਲਿਆਂ ਦਾ ਸੁਝਾਅ ਦਿੱਤਾ ਗਿਆ ਸੀ, ਚਕਰਵਰਤੀ ਅਤੇ ਪਾਂਡੇ, ਜੋ ਕਿ ਤਬਾਦਲੇ ਕੀਤੇ ਗਏ ਅਧਿਕਾਰੀਆਂ ਵਿਚ ਸ਼ਾਮਲ ਸਨ, ਨੇ ਦਾਅਵਾ ਕੀਤਾ ਕਿ ਰਾਜ ਵਿਚ ਪੁਲੀਸਿੰਗ ਨੂੰ ਲੈ ਕੇ ਕੋਈ ਸਮੱਸਿਆ ਨਹੀਂ ਹੈ। ਜੇਕਰ ਡਾਇਰੈਕਟਰ ਜਨਰਲ ਦਾ ਇਹ ਵਿਚਾਰ ਸੀ ਤਾਂ ਉਸ ਨੇ ਕੁਝ ਸਮੇਂ ਬਾਦ ਹੀ ਕਈ ਸੀਨੀਅਰ ਅਧਿਕਾਰੀਆਂ ਦੇ ਤਬਾਦਲਿਆਂ ਦੀ ਸਿਫਾਰਸ਼ ਕਿਵੇਂ ਕੀਤੀ?

ਇਕ ਸੌਖਾ ਤਰੀਕਾ ਸੀ ਜਿਸ ਨਾਲ ਇਸ ਮੁੱਦੇ ਨੂੰ ਹੱਲ ਕੀਤਾ ਜਾ ਸਕਦਾ ਸੀ: ਗਿੱਲ ਦੀ ਗਵਾਹੀ ਲੈ ਕੇ ਪਰ ਸਿਟ ਨੇ ਅਜਿਹਾ ਨਾ ਕਰਨ ਦਾ ਫੈਸਲਾ ਕੀਤਾ। ਇਸ ਪ੍ਰਸੰਗ 'ਚ ਸੁਪਰੀਮ ਕੋਰਟ ਦਾ ਫੈਸਲਾ ਕਹਿੰਦਾ ਹੈ:

'ਹੋਰਾਂ ਵਿਚੋਂ ਇਸ ਵਿਸ਼ਲੇਸਣ ਦੀ ਇਸ ਆਧਾਰ 'ਤੇ ਆਲੋਚਨਾ ਕੀਤੀ ਗਈ ਹੈ ਕਿ ਕੇ.ਪੀ.ਐੱਸ. ਗਿੱਲ ਦੀ ਸਿਟ ਵੱਲੋਂ ਜਾਂਚ ਨਹੀਂ ਕੀਤੀ ਗਈ ਹੈ। ਸਿਟ ਵੱਲੋਂ ਗਿੱਲ ਦੀ ਜਾਂਚ ਨਾ ਕਰਨ ਨਾਲ ਇਸ ਪਹਿਲੂ ਉੱਪਰ ਅੰਤਿਮ ਰਿਪੋਰਟ ਵਿਚ ਸਿਟ ਵੱਲੋਂ ਉਂਵ ਚੰਗੀ ਤਰ੍ਹਾਂ ਸੋਚੀ ਵਿਚਾਰ ਕੇ ਬਣਾਈ ਰਾਇ ਉੱਪਰ ਕੋਈ ਪ੍ਰਤੀਕੂਲ ਅਸਰ ਨਹੀਂ ਪੈ ਸਕਦਾ ਹੈ। ਕਿਸੇ ਵੀ ਹਾਲਤ ਵਿਚ, ਮਈ 2002 ਦੇ ਪਹਿਲੇ ਹਫਤੇ ਦੇ ਅੰਤ ਤੱਕ ਐੱਸ.ਆਈ.ਬੀ. ਦੀ ਸਿਫਾਰਿਸ਼ (ਮਿਤੀ 24-4-2002) ਦੇ ਤਬਾਦਲੇ ਦੇ ਹੁਕਮਾਂ ਨੂੰ ਲਾਗੂ ਨਾ ਕਰਨ ਨਾਲ ਉੱਚ ਪੱਧਰ 'ਤੇ ਵੱਡੀ ਅਪਰਾਧਿਕ ਸਾਜ਼ਿਸ਼ ਰਚਣ ਅਤੇ ਫਰਵਰੀ 2002 ਤੋਂ ਬਾਅਦ ਤੋਂ ਪੂਰੇ ਰਾਜ ਵਿਚ ਹਿੰਸਾ ਨੂੰ ਸ਼ਹਿਰ ਦੇਣ ਦੇ ਇਲਜ਼ਾਮ ਬਾਰੇ ਕੋਈ ਸਿੱਧਾ ਸਬੰਧ ਨਹੀਂ ਮਿਲਦਾ ਹੈ। ਦੇਖਿਆ ਜਾਵੇ ਤਾਂ ਸਿਟ ਦੀ ਰਾਇ 'ਚ ਕੋਈ ਨੁਕਸ ਨਹੀਂ ਲੱਭਿਆ ਜਾ ਸਕਦਾ... ਇਸ ਸਬੰਧ ਵਿਚ ਸਿਟ ਦੀ ਰਾਏ ਸ਼ਲਾਘਾਯੋਗ ਦ੍ਰਿਸ਼ਟੀਕੋਣ ਹੈ ਅਤੇ ਮੈਜਿਸਟਰੇਟ ਦੇ ਨਾਲ-ਨਾਲ ਹਾਈ ਕੋਰਟ ਵਿਚ ਵੀ ਇਸ ਦੀ ਸ਼ਲਾਘਾ ਕੀਤੀ ਗਈ ਸੀ।'

***(ਬਾਕੀ ਸਫਾ 25 'ਤੇ)***

# ਸਿਆਸੀ ਕੈਦੀਆਂ ਦੀ ਰਿਹਾਈ ਅਤੇ ਅਤਿਵਾਦ ਵਿਰੋਧੀ ਕਾਨੂੰਨ

ਭਾਰਤ ਵਿਚ ਅਤਿਵਾਦ ਵਿਰੋਧੀ ਕਾਨੂੰਨਾਂ ਦੀ ਦੁਰਵਰਤੋਂ ਅਤੇ ਇਨ੍ਹਾਂ ਕਾਨੂੰਨਾਂ ਅਧੀਨ ਜੇਲ੍ਹਾਂ ਵਿਚ ਬੰਦ ਕੈਦੀਆਂ ਦੀ ਬੇਲੋੜੀ ਨਜ਼ਰਬੰਦੀ ਨੂੰ ਲੈ ਕੇ ਅਕਸਰ ਹੀ ਬਹਿਸ ਚੱਲਦੀ ਰਹਿੰਦੀ ਹੈ। ਸਿੱਖ ਬੰਦੀਆਂ ਦਾ ਮਸਲਾ ਕਾਫ਼ੀ ਸਮੇ ਤੋਂ ਚਰਚਾ ਵਿਚ ਹੈ। ਬਹੁਤੇ ਕੈਦੀ ਆਪਣੀਆਂ ਮਿੱਥੀਆਂ ਸਜ਼ਾਵਾਂ ਤੋਂ ਵੀ ਦੁੱਗਣਾ ਸਮਾਂ ਜੇਲ੍ਹਾਂ ਵਿਚ ਬਿਤਾ ਚੁੱਕੇ ਹਨ। ਇਵੇਂ ਹੀ ਮਾਓਵਾਦੀਆਂ ਨਾਲ ਸੰਬੰਧ ਰੱਖਣ ਦੇ ਦੋਸ਼ਾਂ ਅਧੀਨ ਫੜੇ ਗਏ ਭਾਰਤ ਦੇ ਉਘੇ ਚਿੰਤਕਾਂ ਅਤੇ ਲੇਖਕਾਂ ਨੂੰ ਬਿਨਾ ਮੁਕੱਦਮਾ ਚਲਾਏ ਹੀ

ਕਰਮ ਬਰਸਟ
ਸੰਪਰਕ: 94170-73831

ਪਿਛਲੇ ਚਾਰ ਸਾਲਾਂ ਤੋਂ ਨਜ਼ਰਬੰਦ ਕੀਤਾ ਹੋਇਆ ਹੈ।

ਪ੍ਰੋ. ਜੀ ਐਨ ਸਾਈਂਬਾਬਾ ਨੂੰ ਬੰਬੇ ਹਾਈਕੋਰਟ ਨੇ ਅੱਠ ਸਾਲਾਂ ਦੀ ਨਜ਼ਰਬੰਦੀ ਮਗਰੋਂ ਰਿਹਾਅ ਕੀਤਾ ਸੀ, ਪਰ ਅਗਲੇ ਹੀ ਦਿਨ ਮਹਾਰਾਸ਼ਟਰ ਸਰਕਾਰ ਦੀ ਅਪੀਲ 'ਤੇ ਸਿਖਰਲੀ ਅਦਾਲਤ ਨੇ ਇਹ ਰਿਹਾਈ ਰੱਦ ਕਰ ਦਿੱਤੀ ਹੈ। ਹੋਰ ਵੀ ਚਿੰਤਾ ਵਾਲੀ ਗੱਲ ਇਹ ਕਿ ਸੁਪਰੀਮ ਕੋਰਟ ਦੇ ਮਾਣਯੋਗ ਜੱਜ ਨੇ ਉਨ੍ਹਾਂ ਵੱਲੋਂ ਸਿਹਤ ਦੇ ਅਧਾਰ 'ਤੇ ਘਰ ਵਿਚ ਨਜ਼ਰਬੰਦ ਕਰਨ ਦੀ ਅਪੀਲ ਵੀ ਇਸ ਬਿਨਾ 'ਤੇ ਰੱਦ ਕਰ ਦਿੱਤੀ ਕਿ ਉਹ ਘਰ ਬੈਠ ਕੇ ਵੀ ਅਤਿਵਾਦੀ ਸਰਗਰਮੀਆਂ ਨੂੰ ਅੰਜਾਮ ਦੇ ਸਕਦੇ ਹਨ। ਚੇਤੇ ਰਹੇ ਕਿ ਪ੍ਰੋ ਸਾਈਂਬਾਬਾ ਸਰੀਰਕ ਤੌਰ ਤੇ ਪੂਰੀ ਤਰ੍ਹਾਂ ਅਪਾਹਜ ਹੈ। ਮਾਣਯੋਗ ਜੱਜ ਦੀ ਟਿੱਪਣੀ ਸੀ ਕਿ 'ਕਿਸੇ ਅਪਰਾਧੀ ਠਹਿਰਾਏ ਬੰਦੇ ਦੀ ਵਾਰਦਾਤ ਵਿਚ ਨਿੱਜੀ



ਸ਼ਮੂਲੀਅਤ ਮਾਇਨੇ ਨਹੀਂ ਰੱਖਦੀ, ਉਹ ਬਾਹਰ ਰਹਿ ਕੇ ਕਿਸੇ ਹੋਰ ਕੋਲੋਂ ਵੀ ਵਾਰਦਾਤਾਂ ਕਰਵਾ ਸਕਦਾ ਹੈ। ਦਿਮਾਗੀ ਬੰਦੇ ਅਸਲ ਅਪਰਾਧੀਆਂ ਨਾਲੋਂ ਵੱਧ ਖ਼ਤਰਨਾਕ ਹੁੰਦੇ ਹਨ।' ਅਜਿਹੀ ਟਿੱਪਣੀ ਕੋਈ ਮੁਕੱਦਮਾ ਚਲਾਉਣ ਵਾਲੀ ਏਜੰਸੀ ਕਰਦੀ ਤਾਂ ਸਮਝ ਆਉਂਦਾ ਹੈ ਪਰ ਇਸ ਮਾਮਲੇ ਵਿਚ ਨਿਆਂ ਕਰਨ ਵਾਲੀ ਹਸਤੀ ਵਲੋਂ ਕੀਤੀ ਅਜਿਹੀ ਟਿੱਪਣੀ ਜਮਹੂਰੀਅਤ ਦੀ ਖ਼ਤਰਨਾਕ ਦਿਸ਼ਾ ਵੱਲ ਇਸ਼ਾਰਾ ਕਰਦੀ ਹੈ।

ਭਾਰਤ ਵਿਚ ਅਪਰਾਧ ਰੋਕੂ ਕਾਨੂੰਨਾਂ ਦੀ ਨਾਜਾਇਜ਼ ਵਰਤੋਂ ਪ੍ਰਤੀ ਸ਼ਹਿਰੀ ਹੱਕਾਂ ਦੀਆਂ ਕੌਮਾਂਤਰੀ ਜਥੇਬੰਦੀਆਂ ਵੀ ਸਮੇਂ ਸਮੇਂ 'ਤੇ ਚਿੰਤਾ ਪ੍ਰਗਟ ਕਰਦੀਆਂ ਆ ਰਹੀਆਂ ਹਨ। ਪਿਛੇ ਜਿਹੇ ਹੀ ਸਵੀਡਨ ਅਧਾਰਤ 'ਜਮਹੂਰੀਅਤ ਦੀਆਂ ਵੰਨਗੀਆਂ (ਵੀ-ਡੈਮ) ਦੀ ਸੰਸਥਾ', ਅਮਰੀਕਾ ਦੀ ਸਵੈ-ਸੇਵੀ ਸੰਸਥਾ 'ਫਰੀਡਮ ਹਾਊਸ' ਅਤੇ ਇਕਨੌਮਿਸਟ ਰਸਾਲੇ ਦੇ ਬੌਧਿਕ ਵਿੰਗ ਵਰਗੀਆਂ ਤਿੰਨ ਮਸ਼ਹੂਰ ਜਥੇਬੰਦੀਆਂ ਨੇ ਸਰਵੇਖਣ ਕਰਵਾ ਕੇ ਭਾਰਤ ਨੂੰ ਕ੍ਰਮਵਾਰ 'ਚੁਣੀ ਹੋਈ ਤਾਨਾਸ਼ਾਹੀ', 'ਅੰਸ਼ਕ ਖੁੱਲ੍ਹੀ ਜਮਹੂਰੀਅਤ' ਅਤੇ 'ਨੁਕਸਦਾਰ ਜਮਹੂਰੀਅਤ' ਮੰਨਿਆ ਹੈ। ਇਨ੍ਹਾਂ ਸੰਸਥਾਵਾਂ ਵੱਲੋਂ ਕੀਤੇ ਦਾਅਵੇ ਮੁਤਾਬਕ, ਇਸ ਨਤੀਜੇ 'ਤੇ ਪਹੁੰਚਣ ਲਈ ਫਰੀਡਮ ਹਾਊਸ ਨੇ 195 ਦੇਸ਼ਾਂ ਤੇ 15 ਅਧੀਨ ਇਲਾਕਿਆਂ, ਵੀ-ਡੈਮ ਨੇ 202 ਦੇਸ਼ਾਂ ਅਤੇ ਇਕਨੌਮਿਸਟ ਦੇ ਬੌਧਿਕ ਵਿੰਗ ਨੇ 165 ਦੇਸ਼ਾਂ ਅਤੇ 2 ਖ਼ਿਤਿਆਂ ਨੂੰ ਆਪਣੇ ਸਰਵੇਖਣ ਦਾ ਵਿਸ਼ਾ ਬਣਾਇਆ ਸੀ।

ਇਨ੍ਹਾਂ ਤਿੰਨੋਂ ਅਦਾਰਿਆਂ ਦੇ ਅਧਿਐਨਾਂ ਨੇ ਭਾਰਤੀ ਲੋਕਤੰਤਰ ਵਿਚ ਦਿਨੋਂ-ਦਿਨ ਸੁੰਗੜ ਰਹੀ ਜਮਹੂਰੀ ਸਪੇਸ ਲਈ ਸਪਸ਼ਟ ਤੌਰ 'ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਅਧਿਐਨਾਂ ਨੇ ਇਸ਼ਾਰਾ ਕੀਤਾ ਹੈ ਕਿ ਭਾਜਪਾ ਹਕੂਮਤ ਮਨੁੱਖੀ ਅਧਿਕਾਰ ਸਮੂਹਾਂ 'ਤੇ ਵਿਆਪਕ ਹਮਲੇ ਕਰਨ, ਚਿੰਤਕਾਂ, ਪੱਤਰਕਾਰਾਂ ਅਤੇ ਜਮਹੂਰੀ ਸੰਗਠਨਾਂ ਦੇ ਕਾਰਕੁਨਾਂ ਨੂੰ ਡਰਾਉਣ ਅਤੇ ਘੱਟ ਗਿਣਤੀ ਭਾਈਚਾਰਿਆਂ, ਖਾਸ ਕਰਕੇ ਮੁਸਲਮਾਨਾਂ 'ਤੇ ਦੇਸ਼ ਪੱਧਰੀ ਹਮਲਿਆਂ ਕਾਰਨ ਸੰਸਾਰ ਪੱਧਰ 'ਤੇ ਆਲੋਚਨਾ ਦਾ ਪਾਤਰ ਬਣੀ ਹੋਈ ਹੈ। ਸਰਕਾਰ ਨੇ ਇਨ੍ਹਾਂ ਦੋਸ਼ਾਂ ਦਾ ਜਵਾਬ ਦੇਣ ਦੀ ਥਾਂ ਉਹੀ ਸਿੱਕੇਬੰਦ ਪ੍ਰਕਿਰਿਆ ਪੇਸ਼ ਕੀਤੀ ਹੈ ਕਿ 'ਇਨ੍ਹਾਂ ਸੰਸਥਾਵਾਂ ਨੂੰ ਭਾਰਤ ਬਾਰੇ ਕੁੱਝ ਬੋਲਣ ਤੋਂ ਪਹਿਲਾਂ ਆਪੋ-ਆਪਣੇ ਦੇਸ਼ਾਂ ਦੀ ਜਮਹੂਰੀਅਤ ਵੱਲ ਨਜ਼ਰ ਮਾਰ ਲੈਣੀ ਚਾਹੀਦੀ ਹੈ।'

ਇਸੇ ਵਰ੍ਹੇ ਦੋ ਅਜਿਹੇ ਅਹਿਮ ਮਾਮਲੇ ਸਾਡੇ ਸਾਹਮਣੇ ਆਏ ਹਨ ਜਿਨ੍ਹਾਂ ਨੇ ਦੇਸ਼ ਵਿਚ ਜਮਹੂਰੀਅਤ ਨੂੰ ਹੋਏ ਵੱਡੇ ਨੁਕਸਾਨ ਨੂੰ ਸਾਹਮਣੇ ਲਿਆਂਦਾ ਹੈ। ਪੁਲੀਸ, ਕਾਰਜਪਾਲਿਕਾ, ਵੱਖ-ਵੱਖ ਪੱਧਰ ਦੇ ਪ੍ਰਬੰਧਕੀ ਅਦਾਰਿਆਂ ਦੀ ਨਾਜਾਇਜ਼ ਧੱਕੇਸ਼ਾਹੀ ਅਤੇ ਇੱਥੋਂ ਤੱਕ ਕਿ ਹੇਠਲੇ ਦਰਜੇ ਦੀਆਂ ਅਦਾਲਤਾਂ ਦੀ ਉਦਾਸੀਨਤਾ ਪ੍ਰਤੱਖ ਦਿਖਾਈ ਦਿੰਦੀ ਹੈ। ਦਸੰਬਰ 2001 ਵਿਚ ਗੁਜਰਾਤ ਦੇ ਸੂਰਤ ਸ਼ਹਿਰ ਵਿਖੇ ਗੁਜਰਾਤ, ਮੱਧਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ, ਤਾਮਿਲਨਾਡੂ, ਪੱਛਮੀ ਬੰਗਾਲ, ਬਿਹਾਰ, ਰਾਜਸਥਾਨ ਅਤੇ ਉਤਰ ਪ੍ਰਦੇਸ਼ ਤੋਂ ਕਿਸੇ ਸੈਮੀਨਾਰ ਵਿਚ ਭਾਗ ਲੈਣ ਆਏ ਮੁਸਲਿਮ ਵਿਦਿਆਰਥੀ ਜਥੇਬੰਦੀ ਦੇ ਮੈਂਬਰਾਂ ਵਿਚੋਂ 122 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ 'ਗੈਰ ਕਾਨੂੰਨੀ ਸਰਗਰਮੀਆਂ (ਰੋਕੂ) ਕਾਨੂੰਨ -1967' ਤਹਿਤ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਸੀ। ਪੁਲੀਸ ਪ੍ਰਸ਼ਾਸਨ ਅਤੇ ਹੇਠਲੇ ਨਿਆਂਇਕ ਅਦਾਰਿਆਂ ਦੀ ਸੋਚੀ ਸਮਝੀ ਢਿੱਲ-ਮੱਠ ਕਾਰਨ ਪੂਰੇ 19 ਸਾਲ ਇਹ ਮੁਕੱਦਮਾ ਲਟਕਦਾ ਰਿਹਾ ਅਤੇ ਅੰਤ ਨੂੰ ਜ਼ਿਲ੍ਹਾ ਅਦਾਲਤ ਨੇ 'ਸਬੂਤਾਂ ਦੀ ਅਣਹੋਂਦ' ਕਰਕੇ ਸਭਨਾਂ ਨੂੰ ਰਿਹਾਅ ਕਰ ਦਿੱਤਾ। ਇਨ੍ਹਾਂ 19 ਸਾਲਾਂ ਦੌਰਾਨ ਵੱਖ-ਵੱਖ ਸਮਿਆਂ 'ਤੇ ਪੰਜ ਵਿਅਕਤੀ ਮੌਤ ਨੂੰ ਪਿਆਰੇ ਹੋ ਗਏ।

ਦੂਜਾ ਮਾਮਲਾ ਸਤੰਬਰ 2002 ਨੂੰ ਅਕਸ਼ਰਧਾਮ ਮੰਦਰ ਵਿਚ ਹੋਏ ਬੰਬ ਧਮਾਕੇ ਨਾਲ ਸਬੰਧਤ ਸੀ। ਸ਼ੱਕ ਦੇ ਅਧਾਰ 'ਤੇ ਛੇ ਮੁਸਲਮਾਨ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਕੇ ਪੋਟਾ ਕਾਨੂੰਨ ਅਧੀਨ ਨਜ਼ਰਬੰਦ ਕਰ ਦਿੱਤਾ ਗਿਆ। ਅਲੱਗ ਅਲੱਗ ਅਦਾਲਤਾਂ ਵਿਚਦੀ ਲੰਘਦਿਆਂ ਇਨ੍ਹਾਂ ਕਥਿਤ ਮੁਜਰਮਾਂ ਨੂੰ ਸੁਪਰੀਮ ਕੋਰਟ ਨੇ ਪੂਰੇ 12 ਸਾਲਾਂ ਬਾਅਦ ਬਿਨਾਂ ਸ਼ਰਤ ਬਰੀ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਦੇਸ਼ ਦੀ ਅਖੰਡਤਾ ਅਤੇ ਸੁਰੱਖਿਆ ਨਾਲ ਜੁੜੇ ਅਜਿਹੇ ਗੰਭੀਰ ਮਾਮਲੇ ਦੀ ਜਾਂਚ ਏਜੰਸੀਆਂ ਵੱਲੋਂ ਕੀਤੀ ਘਟੀਆ ਜਾਂਚ ਅਤੇ ਸਬੰਧਤ ਅਧਿਕਾਰੀਆਂ ਦੀ ਅਯੋਗਤਾ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ। ਅਦਾਲਤ ਨੇ ਕਿਹਾ: 'ਇੰਨੀਆਂ ਕੀਮਤੀ ਜਾਨਾਂ ਲੈਣ ਲਈ ਜ਼ਿੰਮੇਵਾਰ ਅਸਲ ਦੋਸ਼ੀਆਂ 'ਤੇ ਕੇਸ ਦਰਜ ਕਰਨ ਦੀ ਬਜਾਏ, ਪੁਲਿਸ ਨੇ ਬੇਕਸੂਰ ਲੋਕਾਂ ਨੂੰ ਫੜਿਆ ਅਤੇ ਉਨ੍ਹਾਂ 'ਤੇ ਗੰਭੀਰ ਦੋਸ਼ ਲਾਏ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਬਾਅਦ ਵਿਚ ਹੇਠਲੀਆਂ ਅਦਾਲਤਾਂ ਵਲੋਂ ਸਜ਼ਾ ਸੁਣਾਈ ਗਈ।'

ਸਿਖਰਲੀ ਅਦਾਲਤ ਦਾ ਇਕ ਹੋਰ ਫਿਟਕਾਰ ਪਾਊ ਨਿਰੀਖਣ ਇਹ ਸੀ: 'ਇੱਥੇ, ਅਸੀਂ ਜਾਂਚ ਪੱਧਰ ਤੋਂ ਲੈ ਕੇ ਪੋਟਾ (ਅਤਿਵਾਦ ਦੀ ਰੋਕਥਾਮ ਐਕਟ) ਦੇ ਤਹਿਤ ਦੋਸ਼ੀ ਵਿਅਕਤੀਆਂ ਵਿਰੁੱਧ ਮੁਕੱਦਮਾ ਚਲਾਉਣ ਲਈ ਰਾਜ ਸਰਕਾਰ ਵਲੋਂ ਮਨਜ਼ੂਰੀ ਦੇਣ ਤੱਕ, ਵੱਖ-ਵੱਖ ਪੜਾਵਾਂ 'ਤੇ ਇਸ ਕੇਸ ਨੂੰ ਚਲਾਉਣ ਵਿਚ ਪੈਦਾ ਹੋਏ ਵਿਗਾੜਾਂ ਨੂੰ ਨੋਟ ਕਰ ਰਹੇ ਹਾਂ। ਪੋਟਾ ਦੀ ਵਿਸ਼ੇਸ਼ ਅਦਾਲਤ ਵੱਲੋਂ ਬਿਨਾ ਵਜ੍ਹਾ ਵਿਅਕਤੀਆਂ ਨੂੰ ਦੋਸ਼ੀ ਠਹਿਰਾ ਕੇ ਸਜ਼ਾ ਸੁਣਾਈ ਗਈ ਅਤੇ ਹਾਈ ਕੋਰਟ ਦੁਆਰਾ



ਇਸ ਦੀ ਪੁਸ਼ਟੀ ਕੀਤੀ ਗਈ। ਜਦੋਂ ਸਾਡੇ ਸਾਹਮਣੇ ਇਸ ਦੇਸ਼ ਦੇ ਨਾਗਰਿਕਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਅਜਿਹੀ ਘੋਰ ਉਲੰਘਣਾ ਕੀਤੀ ਗਈ ਹੋਵੇ ਤਾਂ ਅਸੀਂ, ਸੁਪਰੀਮ ਕੋਰਟ ਹੋਣ ਦੇ ਨਾਤੇ, ਅਸੀਂ ਇੱਥੇ ਹੱਥ ਜੋੜ ਕੇ ਬੈਠਣਾ ਬਰਦਾਸ਼ਤ ਨਹੀਂ ਕਰ ਸਕਦੇ।'

ਜਾਂਚ ਏਜੰਸੀਆਂ ਦੀ ਵਧੀਕੀ ਦੇ ਲਿਹਾਜ਼ ਨਾਲ ਸੂਰਤ ਅਤੇ ਅਕਸ਼ਰਧਾਮ ਦੇ ਦੋਵੇਂ ਮਾਮਲੇ ਇੱਕੋ ਜਿਹੇ ਹਨ। ਪਰ ਸੂਰਤ ਦਾ ਮਾਮਲਾ ਉਨ੍ਹਾਂ ਲੋਕਾਂ ਦੀ ਗਿਣਤੀ ਤੋਂ ਵੀ ਵੱਖਰਾ ਹੈ ਜਿਨ੍ਹਾਂ ਨੂੰ ਕੈਦ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸੈਂਕੜੇ ਨੌਜਵਾਨ, ਮਰਦ ਅਤੇ ਔਰਤਾਂ ਨੂੰ ਬੇਵਜ੍ਹਾ ਤਸੀਹਿਆਂ ਅਤੇ ਖੱਜਲ ਖੁਆਰੀਆਂ ਦਾ ਸਾਹਮਣਾ ਕਰਨਾ ਪਿਆ। ਜਿਸ ਤਰੀਕੇ ਨਾਲ ਇਹ ਕੇਸ ਦੋ ਦਹਾਕਿਆਂ ਤੱਕ ਚੱਲਿਆ, ਉਹ ਅਤਿਵਾਦ ਵਿਰੋਧੀ ਕਾਨੂੰਨਾਂ ਤਹਿਤ ਦਰਜ ਮਾਮਲਿਆਂ ਵਿਚ ਸੁਰੱਖਿਆ ਏਜੰਸੀਆਂ ਦੀ ਜਵਾਬਦੇਹੀ ਦੀ ਵੱਡੀ ਘਾਟ ਵੱਲ ਵੀ ਇਸ਼ਾਰਾ ਕਰਦਾ ਹੈ। ਅਕਸ਼ਰਧਾਮ ਅਤੇ ਸੂਰਤ ਦੋਵਾਂ ਦੇ ਫੈਸਲਿਆਂ ਤੋਂ ਬਾਅਦ, ਮਨੁੱਖੀ ਅਧਿਕਾਰ ਕਾਰਕੁਨਾਂ ਨੇ ਉਨ੍ਹਾਂ ਨਿਰਦੋਸ਼ਾਂ ਲਈ ਆਰਥਿਕ ਅਤੇ ਸਮਾਜਿਕ ਮੁਆਵਜ਼ੇ ਦੀ ਮੰਗ ਕੀਤੀ, ਜਿਨ੍ਹਾਂ ਨੂੰ ਉਨ੍ਹਾਂ ਅਪਰਾਧਾਂ ਲਈ ਜੇਲ੍ਹ ਵਿਚ ਰੱਖਿਆ ਗਿਆ ਸੀ ਜੋ ਉਨ੍ਹਾਂ ਨੇ ਕੀਤੇ ਹੀ ਨਹੀਂ ਸਨ, ਪਰੰਤੂ ਫੇਰ ਵੀ ਨਿਆਂਪਾਲਿਕਾ ਅਤੇ ਕਾਰਜਪਾਲਿਕਾ ਵੱਲੋਂ ਇਨ੍ਹਾਂ ਮੰਗਾਂ ਪ੍ਰਤੀ ਕੋਈ ਵੀ ਢੁਕਵਾਂ ਜਵਾਬ ਨਹੀਂ ਦਿੱਤਾ ਗਿਆ।

ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਜਾਂਚ ਏਜੰਸੀਆਂ ਦੇ ਕਿਸੇ ਵੀ ਅਧਿਕਾਰੀ ਨੂੰ ਸਬੰਧਤ ਵਿਅਕਤੀਆਂ ਨੂੰ ਗੈਰ-ਕਾਨੂੰਨੀ ਪੁਲਿਸ ਹਿਰਾਸਤ ਵਿਚ ਰੱਖਣ, ਨਕਲੀ ਸਬੂਤ ਘੜਨ ਅਤੇ ਤੱਥਾਂ ਨੂੰ ਛੁਪਾਉਣ ਜਾਂ ਬੇਗੁਨਾਹਾਂ 'ਤੇ ਤਸ਼ੱਦਦ ਕਰਨ ਵਰਗੇ ਗੰਭੀਰ ਅਪਰਾਧਾਂ ਲਈ ਮਾਮੂਲੀ ਪੁੱਛ-ਗਿੱਛ ਤੱਕ ਵੀ ਨਹੀਂ ਕੀਤੀ ਗਈ।

ਵਿਸ਼ੇਸ਼ ਗੱਲ ਇਹ ਹੈ ਕਿ ਗੈਰ-ਕਾਨੂੰਨੀ ਸਰਗਰਮੀਆਂ (ਰੋਕੂ) ਕਾਨੂੰਨ 1967 ਤੋਂ ਲਾਗੂ ਹੈ, ਪਰ ਫੇਰ ਵੀ 1985 ਵਿਚ ਸਿੱਖ ਖਾੜਕੂਵਾਦ ਨੂੰ ਕੁਚਲਣ ਲਈ ਟਾਡਾ (ਅਤਿਵਾਦੀ ਅਤੇ ਭੰਨ-ਤੋੜ ਦੀਆਂ ਕਾਰਵਾਈਆਂ ਰੋਕੂ ਕਾਨੂੰਨ) ਹੋਂਦ ਵਿਚ ਆਇਆ। ਇਸਦੀ ਵੱਡੇ ਪੈਮਾਨੇ 'ਤੇ ਦੁਰਵਰਤੋਂ ਅਤੇ ਆਲੋਚਨਾ ਹੋਣ ਕਰਕੇ ਇਸਨੂੰ 1995 ਵਿਚ ਵਾਪਸ ਲੈ ਲਿਆ ਗਿਆ ਪਰ ਇਕ ਅਹਿਮ ਗੱਲ ਕਾਇਮ ਰੱਖ ਲਈ ਕਿ ਜਿਹੜੇ ਬੰਦਿਆਂ 'ਤੇ ਟਾਡਾ ਲੱਗ ਚੁੱਕਿਆ ਹੈ, ਉਨ੍ਹਾਂ ਦੇ ਕੇਸਾਂ ਦਾ ਨਿਪਟਾਰਾ ਟਾਡਾ ਦੀਆਂ ਧਾਰਾਵਾਂ ਅਨੁਸਾਰ ਹੀ ਹੋਵੇਗਾ। ਇਸੇ ਕਰਕੇ ਲੱਗਭਗ 9 ਸਿੱਖ ਬੰਦੀ ਗੁਰਦੀਪ ਸਿੰਘ ਖੇੜਾ (32 ਸਾਲ), ਦਵਿੰਦਰਪਾਲ ਸਿੰਘ ਭੁੱਲਰ (28 ਸਾਲ), ਬਲਵੰਤ ਸਿੰਘ ਰਾਜੋਆਣਾ (27 ਸਾਲ) ਜਗਤਾਰ ਸਿੰਘ ਹਵਾਰਾ (27 ਸਾਲ), ਲਖਵਿੰਦਰ ਸਿੰਘ ਲੱਖਾ (27 ਸਾਲ), ਗੁਰਮੀਤ ਸਿੰਘ (27 ਸਾਲ), ਸ਼ਮਸ਼ੇਰ ਸਿੰਘ (27 ਸਾਲ), ਪਰਮਜੀਤ ਸਿੰਘ ਭਿਓਰਾ (25 ਸਾਲ), ਅਤੇ ਜਗਤਾਰ ਸਿੰਘ ਤਾਰਾ (17 ਸਾਲ) ਭਾਵ ਆਪਣੀਆਂ ਵੱਧ ਤੋਂ ਵੱਧ ਸਜ਼ਾਵਾਂ ਭੁਗਤ ਲੈਣ ਤੋਂ ਬਾਅਦ ਵੀ ਜੇਲ੍ਹਾਂ ਵਿਚ ਬੰਦ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਆਜ਼ਾਦ ਭਾਰਤ ਦੀਆਂ ਸਰਕਾਰਾਂ ਨੇ ਅੰਗਰੇਜ਼ ਹਕੂਮਤ ਵੇਲੇ ਦੇ ਭਾਰਤੀ ਦੰਡ ਵਿਧਾਨ-1872 ਵਰਗੇ ਦਮਨਕਾਰੀ ਧਾਰਾਵਾਂ ਵਾਲੇ ਕਾਨੂੰਨ ਦੇ ਹੁੰਦਿਆਂ ਟਾਡਾ, ਪੋਟਾ ਅਤੇ ਯੂ.ਏ.ਪੀ.ਏ. ਵਰਗੇ ਹੋਰ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਮਹਿਸੂਸ ਕਿਉਂ ਕੀਤੀ, ਜਦੋਂਕਿ ਸਰਕਾਰੀ ਅੰਕੜਿਆਂ ਮੁਤਾਬਕ ਹੀ ਇਨ੍ਹਾਂ ਕਾਨੂੰਨਾਂ ਤਹਿਤ ਸਿਰਫ ਦੋ ਫੀਸਦੀ ਲੋਕਾਂ ਨੂੰ ਹੀ ਸਜ਼ਾ ਹੋਈ ਹੈ। ਦੁੱਖ ਦੀ ਗੱਲ ਤਾਂ ਇਹ ਵੀ ਹੈ ਕਿ ਕਾਲੇ ਕਾਨੂੰਨਾਂ ਦੀਆਂ ਨਾਕਾਮੀਆਂ ਦੇ ਬਾਵਜੂਦ ਵੀ ਟਾਡਾ ਤੇ ਪੋਟਾ ਦੀਆਂ ਖ਼ਤਰਨਾਕ ਧਾਰਾਵਾਂ ਨੂੰ ਯੂ.ਏ.ਪੀ.ਏ. ਵਿਚ ਸ਼ਾਮਲ ਕੀਤਾ ਗਿਆ, ਜੋ ਕਿ ਅਤਿਵਾਦੀ ਕਾਰਵਾਈਆਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨਾਲ ਨਜਿੱਠਣ ਵਾਲੀਆਂ ਧਾਰਾਵਾਂ ਦਾ ਮਿਸ਼ਰਣ ਸੀ। ਟਾਡਾ ਅਤੇ ਪੋਟਾ ਦੋਵਾਂ ਦੀ ਵਰਤੋਂ ਮੁੱਖ ਤੌਰ 'ਤੇ ਘੱਟ ਗਿਣਤੀਆਂ ਵਿਰੁੱਧ ਕੀਤੀ ਗਈ। ਪੰਜਾਬ ਵਿਚ ਹਜ਼ਾਰਾਂ ਸਿੱਖਾਂ ਨੂੰ ਟਾਡਾ ਅਧੀਨ ਨਜ਼ਰਬੰਦ ਕੀਤਾ ਗਿਆ, ਜਦੋਂ ਕਿ ਗੁਜਰਾਤ ਦੇ ਸੈਂਕੜੇ ਮੁਸਲਮਾਨਾਂ ਵਿਰੁੱਧ ਪੋਟਾ ਲੱਦ ਦਿੱਤਾ ਗਿਆ। ਇਸ ਵੇਲੇ ਯੂ.ਏ.ਪੀ.ਏ. ਅਜਿਹਾ ਕਾਨੂੰਨ ਬਣ ਗਿਆ ਹੈ, ਜੋ ਬਿਨਾ ਕਿਸੇ ਭਿੰਨ-ਭੇਦ ਦੇ 'ਸ਼ਹਿਰੀ ਨਕਸਲੀਆਂ', ਮੁਸਲਮਾਨਾਂ, ਦਲਿਤਾਂ ਅਤੇ ਆਦਿ-ਵਾਸੀਆਂ ਉਪਰ ਥੋਕ ਰੂਪ ਵਿਚ ਲਾਗੂ ਕੀਤਾ ਜਾ ਰਿਹਾ ਹੈ।

ਜਮਹੂਰੀ ਅਧਿਕਾਰ ਸੰਗਠਨਾਂ ਦੀ ਤਾਲਮੇਲ ਕਮੇਟੀ ਨੇ ਆਪਣੀ 2012 ਦੀ ਰਿਪੋਰਟ 'ਕਾਨੂੰਨ ਦੀ ਦਹਿਸ਼ਤ: ਯੂ. ਏ .ਪੀ. ਏ. ਅਤੇ ਰਾਸ਼ਟਰੀ ਸੁਰੱਖਿਆ ਦੀ ਮਿੱਥ' ਵਿਚ ਵਿਆਖਿਆ ਕੀਤੀ ਹੈ ਕਿ ਕਿਵੇਂ ਦੋਸ਼ੀ ਨੂੰ ਅਣਮਿੱਥੇ ਸਮੇਂ ਲਈ ਸਲਾਖਾਂ ਪਿੱਛੇ ਰੱਖਣ ਅਤੇ ਜ਼ਮਾਨਤ ਤੋਂ ਇਨਕਾਰ ਕਰਨ ਦੀ ਵਿਵਸਥਾ ਕੀਤੀ ਗਈ ਸੀ। ਕਾਨੂੰਨ ਨੂੰ ਇਸਦੀ ਵਰਤੋਂ ਦੇ ਢੰਗ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਯੂ.ਏ.ਪੀ.ਏ. ਦਾ ਉਦੇਸ਼ ਸਰਕਾਰ ਨੂੰ ਇਜਾਜ਼ਤ ਦੇਣਾ ਹੈ ਕਿ ਉਹ ਆਪਣੇ ਸਿਆਸੀ ਵਿਰੋਧੀਆਂ ਜਾਂ ਯਥਾਸਥਿਤੀ 'ਤੇ ਸਵਾਲ ਉਠਾਉਣ ਵਾਲਿਆਂ ਉਪਰ ਗ਼ੈਰਕਾਨੂੰਨੀ ਹੋਣ ਦਾ ਠੱਪਾ ਲਗਾ ਸਕੇ। ਗ੍ਰਿਫਤਾਰੀ ਅਤੇ ਜ਼ਮਾਨਤ ਜਾਂ ਬਰੀ ਹੋਣ ਦੇ ਵਿਚਕਾਰਲੇ ਸਮੇਂ ਵਿਚ ਇਸ ਕਾਨੂੰਨ ਦੀ ਅਸਾਧਾਰਣ ਪ੍ਰਕਿਰਤੀ ਪੂਰੀ ਤਰ੍ਹਾਂ ਗੈਰ ਜਮਹੂਰੀ ਹੈ। ਯੂ.ਏ.ਪੀ.ਏ. ਨਿਆਂ-ਸ਼ਾਸਤਰ ਦੇ ਬੁਨਿਆਦੀ ਸਿਧਾਂਤਾਂ ਦੀ ਉਲੰਘਣਾ ਕਰਦਾ ਹੈ। ਇਹ 'ਬੇਗੁਨਾਹ ਮੰਨ ਕੇ ਚੱਲਣ ਦੀ ਧਾਰਨਾ ਦੇ ਉਲਟ ਪਹਿਲਾਂ ਹੀ ਦੋਸ਼ੀ ਮੰਨ ਕੇ ਕਾਰਵਾਈ ਸ਼ੁਰੂ ਕਰਨ ਦਾ ਮੌਕਾ ਦਿੰਦਾ ਹੈ। ਇਸ ਲਈ ਨਿਰਪੱਖ ਮੁਕੱਦਮੇ ਦੀ ਸੰਭਾਵਨਾ ਨੂੰ ਪਹਿਲਾਂ ਹੀ ਸੀਮਿਤ ਕਰ ਦਿੰਦਾ ਹੈ। ਕਿਸੇ ਇਕ ਕੇਸ 'ਚੋਂ ਬਰੀ ਹੋਣ ਦੀ ਸੂਰਤ ਵਿਚ ਯੂ.ਏ.ਪੀ.ਏ. ਵਰਗੇ ਕਾਨੂੰਨ ਕਿਸੇ ਵੀ ਵਿਅਕਤੀ ਨੂੰ ਤੁਰੰਤ ਕਿਸੇ ਹੋਰ ਕੇਸ ਵਿਚ ਫਸਾਉਣ ਅਤੇ ਉਸ ਨੂੰ ਮੁੜ ਗ੍ਰਿਫਤਾਰ ਕਰਨ ਦੀ ਇਜਾਜ਼ਤ ਦਿੰਦੇ ਹਨ। ਨਜ਼ਰਬੰਦੀ ਦੀ ਪੂਰੀ ਮਿਆਦ ਆਪਣੇ-ਆਪ ਵਿਚ ਹੀ ਸਜ਼ਾ ਦੇਣ ਦੇ ਬਰਾਬਰ ਬਣ ਜਾਂਦੀ ਹੈ।'

ਚਿੰਤਾਜਨਕ ਗੱਲ ਇਹ ਹੈ ਕਿ ਟਾਡਾ ਅਤੇ ਪੋਟਾ ਖ਼ਤਮ ਹੋਣ ਦੇ ਬਾਵਜੂਦ ਟਾਡਾ ਤਹਿਤ ਗ੍ਰਿਫਤਾਰ ਕੀਤੇ ਗਏ ਕਈ ਲੋਕ ਦੇਸ਼ ਭਰ ਦੀਆਂ ਜੇਲ੍ਹਾਂ ਵਿਚ ਬੰਦ ਹਨ। ਰੱਦ ਹੋ ਚੁੱਕੇ ਕਾਨੂੰਨਾਂ ਅਨੁਸਾਰ ਮੁਕੱਦਮੇ ਜਾਰੀ ਹਨ। ਸੁਪਰੀਮ ਕੋਰਟ ਨੇ ਅਕਸ਼ਰਧਾਮ ਮਾਮਲੇ ਵਿਚ ਟਿੱਪਣੀ ਕੀਤੀ ਸੀ ਕਿ ਸੰਸਦ ਨੇ ਨਿਆਂਪਾਲਿਕਾ ਅਤੇ ਨਾਗਰਿਕਾਂ ਨੂੰ ਅਜਿਹੀ ਸਥਿਤੀ ਵਿਚ ਲਿਆ ਕੇ ਖੜ੍ਹਾ ਕਰ ਦਿੱਤਾ ਜੋ ਊਲ ਜਲੂਲ (ਐਬਸਰਡ) ਰੰਗਮੰਚ ਦੀਆਂ ਸੀਮਾਵਾਂ ਨਾਲ ਮੇਲ ਖਾਂਦੀ ਹੈ। ਪੋਟਾ ਨੂੰ 2004 ਵਿਚ ਰੱਦ ਕਰ ਦਿੱਤਾ ਗਿਆ ਸੀ। ਫਿਰ ਵੀ, ਇਸ ਨੂੰ ਲਾਗੂ ਕੀਤਾ ਜਾਣਾ ਅੱਜ ਤੱਕ ਜਾਰੀ ਹੈ। ਪੁਲਿਸ ਦੁਆਰਾ ਸ਼ਕਤੀਆਂ ਦੀ ਦੁਰਵਰਤੋਂ ਕਰਨ ਸਦਕਾ ਕਥਿਤ ਦੋਸ਼ੀ ਵਿਅਕਤੀਆਂ ਦੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੁੰਦੀ ਹੈ। ਸਿਖਰਲੀ ਅਦਾਲਤ ਦੀ ਫਿਕਰਮੰਦੀ ਦੇ ਸਨਮੁਖ ਕਾਲੇ ਕਾਨੂੰਨਾਂ ਦੀ ਅਮਲਦਾਰੀ ਦਾ ਮੁਲਾਂਕਣ ਅਣਸਰਦੀ ਲੋੜ ਹੈ ਅਤੇ ਸਜ਼ਾ ਪੂਰੀ ਕਰ ਚੁੱਕੇ ਬੰਦੀਆਂ ਨੂੰ ਫੌਰੀ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

## *ਦਿਲ ਵਾਲੀ ਗੱਲ*

ਦਿਲ ਮੇਰਾ ਚਾਹਵੇ ਹੋਵੇਂ ਸੱਜਣਾ ਤੂੰ ਕੋਲ ਵੇ।
ਸੁਣੀਂ ਜਾਵਾਂ ਮਿੱਠੇ-ਮਿੱਠੇ ਮੈਂ ਤਾਂ ਤੇਰੇ ਬੋਲ ਵੇ।
ਬਿਰਹੋਂ ਦਾ ਸੱਲ ਮੈਨੂੰ ਵੱਢ-ਵੱਢ ਖਾਣ ਲੱਗੇ,
ਪੰਛੀਆਂ ਦਾ ਜੋੜਾ ਜਦੋਂ ਕਰੇ ਕੋਈ ਕਲੋਲ ਵੇ।
ਪੈਲ ਪਾ ਕੇ ਮੋਰਨੀ ਨੂੰ ਕਰਦਾ ਏ ਮੋਰ ਖੁਸ਼,
ਹੱਥਾਂ ਉਤੇ ਚੁੱਕ ਮੈਨੂੰ ਤੂੰ ਵੀ ਕਦੇ ਤੋਲ ਵੇ।
ਸਾਉਣ ਦੇ ਮਹੀਨੇ ਤਾਂਘ ਮਿਲਣੇ ਦੀ ਵਧ ਜਾਵੇ,
ਹੁੰਦਾ ਏ ਪਿਆਰ ਦਾ ਖ਼ਜ਼ਾਨਾ ਅਨਮੋਲ ਵੇ।
ਦਿਲ ਵਾਲੀ ਗੱਲ ਸਾਂਝੀ ਹੁੰਦੀ ਨਾ ਹਰੇਕ ਨਾਲ,
ਤੇਰੇ ਨਾਲ ਦੁੱਖ-ਸੁੱਖ ਸਕਾਂ ਮੈਂ ਫਰੋਲ ਵੇ।
ਵਾਰ-ਵਾਰ ਜੀਵਨ ਮਨੁੱਖਾ ਨਹੀਉਂ ਮਿਲਦਾ,
ਆਜਾ ਮੇਰੀ ਤੱਤੜੀ ਦੀ ਜਿੰਦ ਨਾ ਤੂੰ ਰੋਲ ਵੇ।

ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'
ਯੂਬਾ ਸਿਟੀ,ਕੈਲੀਫੋਰਨੀਆ (ਅਮਰੀਕਾ)

# ਨੁਸਰਤ ਫਤਿਹ ਅਲੀ ਖਾਨ: ਸੁਰਾਂ ਦੀ ਛਹਿਬਰ

1960 ਵਾਲੇ ਦਹਾਕੇ ਵਿਚ ਫੈਸਲਾਬਾਦ ਦੇ ਬਜ਼ੁਰਗ ਸਾਈਂ ਮੁਹੰਮਦ ਬਖਸ਼ ਉਰਫ ਲਸੂੜੀ ਸ਼ਾਹ ਦੇ ਦਰਬਾਰ ਵਿਚ ਛੋਟੀ ਉਮਰ ਦਾ ਮੁੰਡਾ ਪਰਮਾਤਮਾ ਅਤੇ ਮੁਹੰਮਦ ਸਾਹਿਬ ਦੀ ਕਦਰਦਾਨੀ ਵਿਚ ਨਾਤੀਆ ਕਲਾਮ ਪੜ੍ਹਦਾ ਸੀ। ਇਹ ਕੋਈ ਵੱਡੀ ਗੱਲ ਨਹੀਂ ਸੀ ਪਰ ਕਿਸੇ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਪੰਜਾਬ ਦੇ ਇਸ ਮੁੰਡੇ ਨੂੰ ਆਉਣ ਵਾਲੇ ਸਮੇਂ ਵਿਚ ਸੰਗੀਤ ਦੀ ਦੁਨੀਆ ਦਾ 'ਸ਼ਹਿਨਸ਼ਾਹ-ਏ-ਕਵਾਲੀ' ਕਿਹਾ ਜਾਵੇਗਾ। ਉਸ ਨੌਜਵਾਨ ਦਾ ਸਬੰਧ ਕਵਾਲ ਘਰਾਨੇ ਨਾਲ ਹੀ ਸੀ। ਉਸ ਦੇ ਵਰਗੇ ਕਈ ਨੌਜਵਾਨਾਂ ਨੂੰ ਬਚਪਨ ਵਿਚ ਹੀ ਸੁਰ, ਤਾਲ ਅਤੇ ਲੈਅ ਸਿਖਾ ਦਿੱਤੀ ਜਾਂਦੀ ਸੀ, ਚਾਹੇ ਉਹ ਚਾਹੁੰਦੇ ਹੋਣ ਜਾਂ ਨਾ ਪਰ ਉਸ ਮੁੰਡੇ ਦੀ ਸੁਰਾਂ ਵਿਚ ਅਜਿਹੀ ਲੈਅ ਅਤੇ ਉੱਚੀ ਸੁਰ ਸੀ ਕਿ ਸੁਣਨ ਵਾਲੇ ਸੁਰਾਂ ਵਿਚ ਹੀ ਗੁਆਚ ਜਾਂਦੇ।



**ਈਮਾਦ ਖਾਲਿਦ**

ਭਾਰਤ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਜਲੰਧਰ ਤੋਂ ਆਏ ਇੱਕ ਪਰਿਵਾਰ ਵਿਚ ਜਨਮੇ ਇਸ ਮੁੰਡੇ ਦਾ ਨਾਮ ਨੁਸਰਤ ਫਤਿਹ ਅਲੀ ਖਾਨ ਰੱਖਿਆ ਗਿਆ ਸੀ। ਉਨ੍ਹਾਂ ਦਾ ਪਰਿਵਾਰ ਪਟਿਆਲਾ ਦੇ ਸੰਗੀਤ ਘਰਾਣੇ ਨਾਲ ਸਬੰਧ ਰੱਖਦਾ ਸੀ ਪਰ ਇਹ ਉਹ ਸਮਾਂ ਸੀ ਜਦੋਂ ਨੁਸਰਤ ਨੂੰ ਕੋਈ ਨਹੀਂ ਜਾਣਦਾ ਸੀ। ਹਾਂ ਸਾਰਿਆਂ ਨੂੰ ਇਹ ਜ਼ਰੂਰ ਪਤਾ ਸੀ ਕਿ ਉਹ ਉਸ ਸਮੇਂ ਦੇ ਮਕਬੂਲ ਕਵਾਲ ਉਸਤਾਦ ਫਤਿਹ ਅਲੀ ਖਾਨ ਦਾ ਬੇਟਾ ਹੈ।

ਨੁਸਰਤ ਨੇ ਬਚਪਨ ਤੋਂ ਹੀ ਸੰਗੀਤ ਨੂੰ ਆਪਣਾ ਜਨੂਨ ਬਣਾ ਲਿਆ ਸੀ ਅਤੇ ਮਹਿਜ਼ 10 ਸਾਲ ਦੀ ਉਮਰ ਵਿਚ ਹੀ ਤਬਲੇ ਵਿਚ ਮੁਹਾਰਤ ਹਾਸਲ ਕਰ ਲਈ ਸੀ। 1960 ਦੇ ਦਹਾਕੇ ਦੇ ਸ਼ੁਰੂ ਵਿਚ ਹੀ ਆਪਣੇ ਪਿਤਾ ਉਸਤਾਦ ਫਤਿਹ ਅਲੀ ਖਾਨ ਦੀ ਮੌਤ ਤੋਂ ਬਾਅਦ ਉਨ੍ਹਾਂ ਨੇ ਆਪਣੇ ਚਾਚੇ ਉਸਤਾਦ ਮੁਬਾਰਕ ਅਲੀ ਖਾਨ ਅਤੇ ਸਲਾਮਤ ਅਲੀ ਖਾਨ ਤੋਂ ਕਵਾਲੀ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ। ਸੱਤਰਵੇਂ ਦਹਾਕੇ ਵਿਚ ਚਾਚੇ ਮੁਬਾਰਕ ਅਲੀ ਖਾਨ ਦੀ ਮੌਤ ਤੋਂ ਬਾਅਦ ਆਪਣੇ ਕਵਾਲ ਘਰਾਨੇ ਦੀ ਵਾਗਡੋਰ ਸੰਭਾਲ ਲਈ। ਫੈਸਲਾਬਾਦ ਦੇ ਮਸ਼ਹੂਰ ਝੰਗ ਬਾਜ਼ਾਰ ਦੇ ਇੱਕ ਦਰਬਾਰ ਤੋਂ ਆਪਣਾ ਸੰਗੀਤਕ ਸਫਰ ਸ਼ੁਰੂ ਕਰਨ ਵਾਲੇ ਇਸ ਲੜਕੇ 'ਤੇ ਪਹਿਲੀ ਪਾਰਖੀ ਨਜ਼ਰ ਮੀਆਂ ਰਹਿਮਤ ਦੀ ਪਈ ਜੋ ਫੈਸਲਾਬਾਦ ਵਿਚ ਹੀ ਗ੍ਰਾਮੋਫੋਨ ਰਿਕਾਰਡਜ਼ ਦੀ ਦੁਕਾਨ ਦਾ ਮਾਲਕ ਸੀ। ਉਸ ਦੇ ਨੁਸਰਤ ਦੇ ਪਿਤਾ ਉਸਤਾਦ ਫਤਿਹ ਅਲੀ ਖਾਨ ਨਾਲ ਚੰਗੇ ਸਬੰਧ ਸਨ।

ਰਹਿਮਤ ਗ੍ਰਾਮੋਫੋਨ ਰਿਕਾਰਡਿੰਗ ਸਟੂਡੀਓ ਦੇ ਮਾਲਕ ਮੀਆਂ ਰਹਿਮਤ ਦੇ ਬੇਟੇ ਮੀਆਂ ਅਸਦ ਉਸਤਾਦ ਨੁਸਰਤ ਅਲੀ ਖਾਨ ਬਾਰੇ ਦੱਸਦੇ ਹਨ ਕਿ ਉਨ੍ਹਾਂ ਨਾਲ ਜੁੜੀਆਂ ਕਈ ਯਾਦਾਂ ਹਾਲੇ ਵੀ ਤਾਜ਼ਾ ਹਨ। ਉਹ ਦੱਸਦੇ ਹਨ ਕਿ ਉਨ੍ਹਾਂ ਦੇ ਪਿਤਾ ਨੁਸਰਤ ਦੇ ਪਰਿਵਾਰ ਨੂੰ 1960 ਦੇ ਦਹਾਕੇ ਤੋਂ ਜਾਣਦੇ ਸਨ। ਉਨ੍ਹਾਂ ਦੱਸਿਆ, "ਸਭ ਤੋਂ ਪਹਿਲਾਂ ਮੇਰੇ ਪਿਤਾ ਦੀ ਮੁਲਾਕਾਤ ਨੁਸਰਤ ਦੇ ਪਿਤਾ ਨਾਲ ਹੋਈ ਸੀ ਜੋ ਫੈਸਲਾਬਾਦ ਦੇ ਮਕਬੂਲ ਕਵਾਲ ਸਨ। ਨੁਸਰਤ ਨਾਲ ਮੇਰੇ ਪਿਤਾ ਦੀ ਜਾਣ-ਪਛਾਣ ਤਾਂ ਬਚਪਨ ਤੋਂ ਹੀ ਸੀ ਪਰ ਜਦੋਂ ਆਪਣੇ ਚਾਚਾ ਉਸਤਾਦ ਮੁਬਾਰਕ ਖਾਨ ਦੀ ਮੌਤ ਤੋਂ ਬਾਅਦ ਨੁਸਰਤ ਨੇ ਆਪਣੇ ਕਵਾਲ ਘਰਾਣੇ ਦੇ ਕੰਮ ਦੀ ਜ਼ਿੰਮੇਵਾਰੀ ਲਈ ਤਾਂ ਮੇਰੇ ਪਿਤਾ ਨੇ ਉਨ੍ਹਾਂ ਨੂੰ ਬਤੌਰ ਗਾਇਕ ਨੋਟਿਸ ਕੀਤਾ।"

ਮੀਆਂ ਅਸਦ ਦੱਸਦੇ ਹਨ, "ਸ਼ੁਰੂਆਤ ਵਿਚ ਨੁਸਰਤ ਫੈਸਲਾਬਾਦ ਦੇ ਸੂਫੀ ਬਜ਼ੁਰਗ ਸਾਈਂ ਮੁਹੰਮਦ ਬਖਸ਼ ਅਲਮਾਰੂਫ ਬਾਬਾ ਲਸੂੜੀ ਸ਼ਾਹ ਦੇ ਦਰਬਾਰ 'ਤੇ ਨਾਤੀਆ ਕਲਾਮ ਪੜ੍ਹਦੇ ਅਤੇ ਕਵਾਲੀਆਂ ਗਾਉਂਦੇ ਸਨ। ਉਨ੍ਹਾਂ ਦਾ ਘਰ ਵੀ ਦਰਬਾਰ ਦੇ ਸਾਹਮਣੇ ਹੀ ਸੀ।" ਮੀਆਂ ਅਸਦ ਮੁਤਾਬਿਕ, ਉਸਤਾਦ ਨੁਸਰਤ ਨੇ ਕਵਾਲੀ ਤੋਂ ਪਹਿਲਾਂ ਤਬਲਾ ਵਜਾਉਣ ਦੀ ਸਿੱਖਿਆ ਲਈ ਸੀ ਅਤੇ ਤਬਲਾ ਵਜਾਉਣ ਵਿਚ ਉਨ੍ਹਾਂ ਨੂੰ ਬਹੁਤ ਮੁਹਾਰਤ ਹਾਸਲ ਸੀ। ਉਨ੍ਹਾਂ ਨੇ ਆਪਣੇ ਪਿਤਾ ਤੋਂ ਸੁਣੇ ਕਿੱਸੇ ਦਾ ਜ਼ਿਕਰ ਕਰਦਿਆਂ ਕਿਹਾ, "ਨੁਸਰਤ ਜਦੋਂ 10-11 ਸਾਲ ਦੇ ਸਨ ਤਾਂ ਕਵਾਲੀ ਦੀ ਇੱਕ ਮਹਿਫਲ ਵਿਚ ਕੋਈ ਤਬਲਾ ਵਜਾਉਣ ਵਾਲਾ ਨਹੀਂ ਸੀ ਮਿਲ ਰਿਹਾ ਤਾਂ ਨੁਸਰਤ ਨੂੰ ਤਬਲਾ ਵਜਾਉਣ ਲਈ ਕਿਹਾ ਗਿਆ। ਉਥੇ ਉਨ੍ਹਾਂ ਨੇ ਇੰਨਾ ਮਗਨ ਹੋ ਕੇ ਤਬਲਾ ਵਜਾਇਆ ਕਿ ਗਾਉਣ ਵਾਲਾ ਤਾਂ ਥੱਕ ਗਿਆ ਅਤੇ ਸੁਣਨ ਵਾਲਿਆਂ 'ਤੇ ਉਨ੍ਹਾਂ ਨੇ ਕੋਈ ਜਾਦੂ ਜਿਹਾ ਕਰ ਦਿੱਤਾ।"

ਮੀਆਂ ਅਸਦ ਦਾ ਉਸਤਾਦ ਨੁਸਰਤ ਨੂੰ ਮਿਲਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਿਆ ਸੀ, ਕਦੀ ਗ੍ਰਾਮੋਫੋਨ ਰਿਕਾਰਡਿੰਗ ਸਟੂਡੀਓ ਅਤੇ ਕਦੀ ਘਰ; ਹਾਲਾਂਕਿ ਉਨ੍ਹਾਂ ਦਾ ਨੁਸਰਤ ਨਾਲ ਪੇਸ਼ੇਵਰ ਸਬੰਧ 1992 ਵਿਚ ਬਣਿਆ ਜਦੋਂ ਉਹ ਆਪਣੇ ਪਿਤਾ ਦੇ ਕਾਰੋਬਾਰ ਵਿਚ ਉਨ੍ਹਾਂ ਦਾ ਹੱਥ ਵੰਡਾਉਣ ਲੱਗੇ। ਮੀਆਂ ਅਸਦ ਦੱਸਦੇ ਹਨ ਕਿ ਉਨ੍ਹਾਂ ਦੇ ਪਿਤਾ 1970ਦੇ ਦਹਾਕੇ 'ਚ ਨੁਸਰਤ ਨੂੰ ਆਪਣੇ ਰਿਕਾਰਡਿੰਗ ਸਟੂਡੀਓ ਲੈ ਆਏ ਜਿਥੋਂ ਉਨ੍ਹਾਂ ਨੇ ਆਪਣੀਆਂ ਕਵਾਲੀਆਂ ਅਤੇ ਗ਼ਜ਼ਲਾਂ ਦੀ ਰਿਕਾਰਡਿੰਗ ਸ਼ੁਰੂ ਕੀਤੀ ਅਤੇ ਫਿਰ ਤਰੱਕੀ ਅਤੇ ਸ਼ੋਹਰਤ ਦੀਆਂ ਮੰਜ਼ਿਲਾਂ ਨੂੰ ਛੂੰਹਦੇ ਤੁਰੇ ਗਏ। ਮੀਆਂ ਅਸਦ ਦੱਸਦੇ ਹਨ ਕਿ ਰਹਿਮਤ ਗ੍ਰਾਮੋਫੋਨ ਸਟੂਡੀਓ ਵਿਚ ਰਿਕਾਰਡ ਕੀਤੀਆਂ ਨੁਸਰਤ ਦੀਆਂ ਸ਼ੁਰੂਆਤੀ ਕਵਾਲੀਆਂ ਵਿਚੋਂ ਇੱਕ 'ਯਾਦਾਂ ਵਿਛੜੇ ਸਜਣ ਦੀਆਂ' ਅਤੇ ਦੂਸਰੀ 'ਅਲੀ ਮੌਲਾ, ਅਲੀ ਮੌਲਾ' ਸਨ ਜੋ ਦੁਨੀਆ ਭਰ 'ਚ ਮਕਬੂਲ ਹੋਈਆਂ। ਇਨ੍ਹਾਂ ਤੋਂ ਇਲਾਵਾ ਹੋਰ ਵੀ ਸੈਂਕੜੇ ਕਵਾਲੀਆਂ ਰਿਕਾਰਡ ਕੀਤੀਆਂ ਗਈਆਂ।

ਮੀਆਂ ਅਸਦ ਮੁਤਾਬਿਕ ਰਹਿਮਤ ਗ੍ਰਾਮੋਫੋਨ ਹਾਊਸ ਰਿਕਾਰਡਿੰਗ ਕੰਪਨੀ ਨੇ ਨੁਸਰਤ ਦੇ 100 ਤੋਂ ਵੱਧ ਮਿਊਜ਼ਿਕ ਐਲਬਮ ਰਿਕਾਰਡ ਕਰ ਕੇ ਮਾਰਕਿਟ ਵਿਚ ਰਿਲੀਜ਼ ਕੀਤੇ ਜਿਨ੍ਹਾਂ ਵਿਚ ਸੂਫੀ ਬੁੱਲ੍ਹੇ ਸ਼ਾਹ ਕਲਾਮਾਂ ਸਮੇਤ ਹੋਰ ਦੂਸਰੇ ਲੇਖਕਾਂ ਦੇ ਕਲਾਮ ਵੀ ਸ਼ਾਮਲ ਸਨ। ਅਜਿਹੇ ਇੱਕ ਸ਼ਖਸ ਇਲਿਆਸ ਹੁਸੈਨ ਹਨ ਜੋ ਨੁਸਰਤ ਦੇ ਜਵਾਨੀ ਦੇ ਦਿਨਾਂ ਤੋਂ ਉਨ੍ਹਾਂ ਦੇ ਸ਼ਗਿਰਦ ਹਨ ਅਤੇ ਉਸ ਦੀ ਕਵਾਲ ਪਾਰਟੀ ਵਿਚ ਸ਼ਾਮਿਲ ਹੁੰਦੇ ਆਏ ਸਨ। 58 ਸਾਲਾਂ ਦੇ ਇਲਿਆਸ ਹੁਸੈਨ ਕਹਿੰਦੇ ਹਨ, "ਸਾਡਾ ਖਾਨਦਾਨ ਫਤਿਹ ਅਲੀ ਖਾਨ ਦੇ ਘਰਾਣੇ ਦੀ ਕਈ ਪੁਸ਼ਤਾਂ ਤੋਂ ਸੇਵਾ ਕਰ ਰਿਹਾ ਹੈ। ਮੈਂ 1975 ਤੋਂ ਨੁਸਰਤ ਫਤਿਹ ਅਲੀ ਖਾਨ ਨੂੰ ਜਾਣਦਾ ਹਾਂ। ਮੈਂ ਸਕੂਲ ਜਾਂਦਾ ਬੱਚਾ ਸੀ ਅਤੇ ਆਪਣੇ ਪਿਤਾ ਨਾਲ ਉਨ੍ਹਾਂ ਦੇ ਘਰ ਕੰਮ ਕਰਨ ਜਾਂਦਾ ਸੀ। ਮੈਂ ਉਨ੍ਹਾਂ ਦਾ ਸ਼ਗਿਰਦ ਸੀ ਅਤੇ 1983 ਤੋਂ ਲੈ ਕੇ 1997 ਵਿਚ ਉਨ੍ਹਾਂ ਦੀ ਮੌਤ ਤੱਕ ਉਨ੍ਹਾਂ ਦੀ ਕਵਾਲ ਪਾਰਟੀ ਵਿਚ ਸ਼ਾਮਲ ਰਿਹਾ।"

ਉਨ੍ਹਾਂ ਕਿਹਾ, "ਮੇਰੇ ਦਾਦਾ ਅਤੇ ਪਿਤਾ ਵੀ ਇਸ ਘਰਾਣੇ ਵਿਚ ਸ਼ਗਿਰਦ ਸਨ, ਸਾਨੂੰ ਇਸ ਘਰਾਣੇ ਨਾਲ ਇਸ਼ਕ ਸੀ।" ਉਹ ਕਹਿੰਦੇ ਹਨ, "10 ਸਾਲ ਦੀ ਉਮਰ ਵਿਚ ਜਦੋਂ ਮੈਂ ਉਨ੍ਹਾਂ ਦੇ ਘਰ ਜਾਣਾ ਸ਼ੁਰੂ ਕੀਤਾ ਤਾਂ ਰਾਹਤ ਫਤਿਹ ਅਲੀ ਖਾਨ ਦੇ ਪਿਤਾ ਉਸਤਾਦ ਫਾਰੂਖ ਫਤਿਹ ਅਲੀ ਖਾਨ ਨੇ ਕਿਹਾ ਕਿ ਮੈਂ ਪ੍ਰੌਂਮਪਟ ਦਾ ਕੰਮ ਸਿੱਖਾਂ। ਹੌਲੀ-ਹੌਲੀ ਮੈਨੂੰ ਉਸਤਾਦ ਨੁਸਰਤ ਅਤੇ ਫਾਰੁਖ ਫਤਿਹ ਅਲੀ ਖਾਨ ਨੇ ਇਹ ਸਿਖਾਉਣਾ ਸ਼ੁਰੂ ਕਰ ਦਿੱਤਾ।" ਉਹ ਦੱਸਦੇ ਹਨ ਕਿ ਇਸ ਤੋਂ ਬਾਅਦ ਕਲਾਮ ਚੁਣਨਾ, ਪੜ੍ਹਨਾ, ਲਿਖਣਾ ਸਭ ਨੁਸਰਤ ਫਤਿਹ ਅਲੀ ਖਾਨ ਨੇ ਹੀ ਉਨ੍ਹਾਂ ਨੂੰ ਸਿਖਾਇਆ। ਇਲਿਆਸ ਹੁਸੈਨ ਯਾਦ ਕਰਦੇ ਹੋਏ ਕਹਿੰਦੇ ਹਨ ਕਿ ਰਹਿਮਤ ਗ੍ਰਾਮੋਫੋਨ ਤੋਂ ਰਿਕਾਰਡ ਕਰਵਾਈਆਂ ਮਸ਼ਹੂਰ ਕਵਾਲੀਆਂ ਵਿਚ 'ਜਲਪਾਲ ਨਬੀ ਮੇਰੇ ਦਰਦ ਦੀ ਦਵਾ' ਅਤੇ ਗ਼ਜ਼ਲਾਂ ਵਿਚ 'ਯਾਦਾਂ ਵਿਛੜੇ ਸਜਨ ਦੀਆਂ ਆਈਆਂ' ਵੀ ਸ਼ਾਮਲ ਹਨ।

ਮੀਆਂ ਅਸਦ ਉਸਤਾਦ ਨੁਸਰਤ ਅਲੀ ਖਾਨ ਦੀ ਪਹਿਲੀ ਸੋਲੋ ਰਿਕਾਰਡਿੰਗ ਦਾ ਕਿੱਸਾ ਕੁਝ ਇਸ ਤਰ੍ਹਾਂ ਦੱਸਦੇ ਹਨ, "ਇਹ ਅੱਸੀਵਾਂ ਦਹਾਕਾ ਸੀ ਅਤੇ ਇੱਕ ਦਿਨ ਉਸਤਾਦ ਨੁਸਰਤ ਅਲੀ ਖਾਨ ਰਿਕਾਰਡਿੰਗ ਲਈ ਹਮੇਸ਼ਾ ਵਾਂਗ ਸਮੇਂ ਤੋਂ ਪਹਿਲਾਂ ਆ ਗਏ ਅਤੇ ਉਡੀਕ ਦੇ ਬਾਵਜੂਦ ਉਨ੍ਹਾਂ ਦੇ ਸਾਥੀ ਸਮੇਂ 'ਤੇ ਨਾ ਪਹੁੰਚੇ, ਇਸ ਤੋਂ ਮੇਰੇ ਪਿਤਾ ਨੇ ਉਨ੍ਹਾਂ ਨੂੰ ਪੰਜਾਬੀ ਵਿਚ ਹੀ ਕਿਹਾ, "ਆਓ ਖਾਨ ਸਾਹਿਬ, ਅੱਜ ਸੋਲੋ ਹੀ ਰਿਕਾਰਡ ਕਰਦੇ ਹਾਂ।"

"ਇਸ 'ਤੇ ਨੁਸਰਤ ਫਤਿਹ ਅਲੀ ਖਾਂ ਸਾਹਿਬ ਪਹਿਲਾਂ ਤਾਂ ਪਰੇਸ਼ਾਨ ਹੋਏ ਪਰ ਫਿਰ ਮੇਰੇ ਪਿਤਾ ਦੇ ਜ਼ਿਦ ਕਰਨ 'ਤੇ ਹਾਮੀ ਭਰ ਦਿੱਤੀ ਅਤੇ ਫੌਰਨ ਸਟੂਡੀਓ ਵਿਚ ਮੌਜੂਦ ਸ਼ਾਇਰ ਤੋਂ ਗ਼ਜ਼ਲ ਲਿਖਵਾਈ ਗਈ ਅਤੇ ਉਨ੍ਹਾਂ ਨੇ ਪਹਿਲੀ ਵਾਰ ਸੋਲੋ ਰਿਕਾਰਡਿੰਗ ਦੀ ਸ਼ੁਰੂਆਤ ਕੀਤੀ।" ਮੀਆਂ ਅਸਲ ਕਹਿੰਦੇ ਹਨ, "ਉਨ੍ਹਾਂ ਦੀ ਸ਼ੁਰੂਆਤੀ ਸੋਲੋ ਰਿਕਾਰਡਿੰਗ ਜਿਹੜੀ ਸਭ ਤੋਂ ਵੱਧ ਮਸ਼ਹੂਰ ਹੋਈ, 'ਸੁਣ ਚਰਖੇ ਦੀ ਮਿੱਠੀ ਮਿੱਠੀ ਕੂਕ' ਸੀ। ਜਦੋਂ ਇਹ ਗ਼ਜ਼ਲ ਬਾਜ਼ਾਰ ਵਿਚ ਆਈ ਤਾਂ ਉਨ੍ਹਾਂ ਦੀ ਗਾਇਕੀ ਨੂੰ ਨਵੀਂ ਤਰ੍ਹਾਂ ਦੀ ਪ੍ਰਸਿੱਧੀ ਮਿਲੀ। ਇਸ ਕਰਕੇ ਕਈ ਗਾਇਕ ਅਤੇ ਕਲਾਕਾਰ ਸਾਡੇ ਨਾਲ ਨਾਰਾਜ਼ ਵੀ ਹੋ ਗਏ ਕਿ ਸ਼ਾਇਦ ਹੁਣ ਖਾਨ ਸਾਹਿਬ ਨੂੰ ਉਨ੍ਹਾਂ ਦੀ ਜ਼ਰੂਰਤ ਨਹੀਂ ਰਹੇਗੀ।"

ਰਹਿਮਤ ਗ੍ਰਾਮੋਫੋਨ ਦੇ ਮਾਲਕ ਮੀਆਂ ਅਸਦ ਯਾਦ ਕਰਦੇ ਹੋਏ ਕਹਿੰਦੇ ਹਨ ਕਿ ਨੁਸਰਤ ਦਾ ਉਨ੍ਹਾਂ ਦੇ ਪਿਤਾ ਨਾਲ ਸਬੰਧ ਬਹੁਤ ਗਹਿਰਾ ਅਤੇ ਦੋਸਤਾਨਾ ਸੀ, ਉਹ ਗੱਲਬਾਤਾਂ ਦੇ ਸ਼ੌਕੀਨ ਸਨ ਅਤੇ ਅਕਸਰ ਦੁਕਾਨ 'ਤੇ ਆ ਜਾਂਦੇ ਸੀ, "ਭਾਰੀ ਸਰੀਰ ਕਾਰਨ ਉਨ੍ਹਾਂ ਨੂੰ ਉਥੇ ਬੈਠਣ ਵਿਚ ਖਾਸੀ ਦਿੱਕਤ ਆਉਂਦੀ ਸੀ। ਇਸ ਲਈ ਮੇਰੇ ਵੱਡੇ ਭਰਾ ਨੇ ਉਨ੍ਹਾਂ ਲਈ ਖਾਸ ਸੋਫਾ ਬਣਵਾਇਆ ਤਾਂ ਕਿ ਉਹ ਉਸ 'ਤੇ ਬੈਠ ਸਕਣ।"





ਉਸਤਾਦ ਨੁਸਰਤ ਦੇ ਸ਼ਾਗਿਰਦ ਅਤੇ ਸਾਥੀ ਰਹੇ ਇਲਿਆਸ ਹੁਸੈਨ ਕਹਿੰਦੇ ਹਨ, "ਖਾਨ ਸਾਹਿਬ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਕਿੰਨਾ ਵੀ ਲੰਮਾ ਸ਼ੋਅ ਕਰਨ ਕਰ ਕੇ ਵਾਪਸ ਹੋਟਲ ਵਿਚਲੇ ਆਪਣੇ ਕਮਰੇ ਵਿਚ ਆਉਂਦੇ ਕਹਿੰਦੇ ਕਿ ਉਨ੍ਹਾਂ ਦਾ ਹਰਮੋਨੀਅਮ ਕਮਰੇ ਵਿਚ ਰੱਖ ਦਿੱਤਾ ਜਾਵੇ, ਅਸੀਂ ਆਪਣੀ ਨੀਂਦ ਪੂਰੀ ਕਰ ਕੇ ਜਦੋਂ ਉੱਠਦੇ ਤਾਂ ਉਨ੍ਹਾਂ ਨੂੰ ਉਸ ਦੇ ਰਿਆਜ਼ ਕਰਦਿਆਂ ਦੇਖਦੇ।" ਇਲਿਆਸ ਹੁਸੈਨ ਮੁਤਾਬਿਕ, ਉਸਤਾਦ ਸੌਣ ਵੇਲੇ ਵੀ ਆਪਣਾ ਹਰਮੋਨੀਅਮ ਬਿਸਤਰੇ 'ਤੇ ਰੱਖਦੇ ਅਤੇ ਉਨ੍ਹਾਂ ਦੀ ਇੱਕ ਉਂਗਲੀ ਹਰਮੋਨੀਅਮ 'ਤੇ ਹੀ ਰਹਿੰਦੀ ਸੀ। ਉਹ ਕਹਿੰਦੇ ਹਨ ਕਿ ਸਫਰ ਦੌਰਾਨ ਜਦੋਂ ਜਹਾਜ਼ ਵਿਚ ਹਰਮੋਨੀਅਮ ਨਹੀਂ ਸੀ ਹੁੰਦਾ ਤਾਂ ਉਸਤਾਦ ਨੁਸਰਤ ਸੀਨੇ ਜਾਂ ਪੇਟ 'ਤੇ ਹੀ ਉਂਗਲੀਆਂ ਰੱਖ ਕੇ ਸੁਰਾਂ ਦਾ ਰਿਆਜ਼ ਕਰਿਆ ਕਰਦੇ ਸਨ। ਉਹ ਦੱਸਦੇ ਹਨ, "ਮੈਂ ਸਾਰੀ ਉਮਰ ਉਨ੍ਹਾਂ ਨੂੰ ਕਦੀ ਹਰਮੋਨੀਅਮ ਤੋਂ ਬਿਨਾਂ ਨਹੀਂ ਦੇਖਿਆ।"

ਮੀਆਂ ਅਸਦ ਉਸਤਾਦ ਨੁਸਰਤ ਫਤਿਹ ਅਲੀ ਖਾਨ ਦੀ ਸੰਗੀਤ ਅਤੇ ਸੁਰਾਂ ਨੂੰ ਲੈ ਕੇ ਸਮਝ ਦਾ ਕਿੱਸਾ ਸੁਣਾਉਂਦੇ ਹਨ, "ਇੱਕ ਨਿੱਜੀ ਸਮਾਗਮ ਵਿਚ ਜਦੋਂ ਉਸਤਾਦ ਨੁਸਰਤ ਗਾ ਰਹੇ ਸੀ ਤਾਂ ਉਨ੍ਹਾਂ ਦੇ ਸੰਗੀਤ 'ਤੇ ਲੋਕ ਨੋਟ ਸੁੱਟ ਰਹੇ ਸਨ। ਇਸੇ ਦੌਰਾਨ ਉਨ੍ਹਾਂ ਨੇ ਇੱਕ ਸਾਜ਼ਿੰਦੇ ਵੱਲ ਇਸ਼ਾਰਾ ਕੀਤਾ ਅਤੇ ਕਿਹਾ ਹਰਮੋਨੀਅਮ ਦਾ ਸੁਰ ਠੀਕ ਨਹੀਂ, ਦੇਖੋ ਇਸ ਵਿਚ ਕੀ ਦਿੱਕਤ ਹੈ। ਜਦੋਂ ਧਿਆਨ ਨਾਲ ਦੇਖਿਆ ਗਿਆ ਤਾਂ ਉਸ ਵਾਜੇ ਦੀ ਹਵਾ ਵਾਲੀ ਜਗ੍ਹਾ ਇੱਕ ਹਜ਼ਾਰ ਦਾ ਨੋਟ ਫਸਿਆ ਹੋਇਆ ਸੀ ਜਿਹੜਾ ਸੁਰ ਨੂੰ ਦਬਾ ਰਿਹਾ ਸੀ।"

ਮੀਆਂ ਅਸਦ ਕਹਿੰਦੇ ਹਨ ਕਿ ਉਸਤਾਦ ਨੁਸਰਤ ਬੇਹੱਦ ਮਿਲਣਸਾਰ, ਇਮਾਨਦਾਰ ਅਤੇ ਦੂਸਰਿਆਂ ਦਾ ਲਿਹਾਜ਼ ਕਰਨ ਵਾਲੇ ਵਿਅਕਤੀ ਸਨ ਅਤੇ ਉਹ ਬੇਹੱਦ ਹੀ ਸੰਵੇਦਨਸ਼ੀਲ ਇਨਸਾਨ ਵੀ ਸਨ। ਉਹ ਕਹਿੰਦੇ ਹਨ, "ਜਿਵੇਂ ਮੇਰੇ ਪਿਤਾ ਨੇ ਉਨ੍ਹਾਂ ਨੂੰ ਆਪਣੇ ਰਿਕਾਰਡਿੰਗ ਸਟੂਡੀਓ ਜ਼ਰੀਏ ਬਰੇਕ ਦਿੱਤੀ, ਉਸ ਤੋਂ ਬਾਅਦ ਉਹ ਮੇਰੇ ਪਿਤਾ ਨੂੰ ਬਹੁਤ ਮੰਨਦੇ ਸਨ ਅਤੇ ਉਨ੍ਹਾਂ ਨੂੰ ਆਪਣਾ ਵੱਡਾ ਭਰਾ ਕਹਿੰਦੇ ਸਨ ਜਦਕਿ ਦੋਨਾਂ ਦੀ ਉਮਰ ਵਿਚ ਬਹੁਤਾ ਫਾਸਲਾ ਨਹੀਂ ਸੀ।" ਮੀਆਂ ਅਸਦ ਕਹਿੰਦੇ ਹਨ ਕਿ ਉਨ੍ਹਾਂ ਦਿਨਾਂ ਵਿਚ ਨੁਸਰਤ ਨੂੰ ਪ੍ਰਸਿੱਧੀ ਮਿਲੀ ਤਾਂ ਰਹਿਮਤ ਗ੍ਰਾਮੋਫੋਨ ਦਾ ਨਾਮ ਵੀ ਉੱਚਾ ਹੋਇਆ। ਉਹ ਨੁਸਰਤ ਦੇ ਨਰਮ ਸੁਭਾਅ ਦਾ ਕਿੱਸਾ ਸੁਣਾਉਂਦੇ ਹਨ ਕਿ ਨੁਸਰਤ ਜਦੋਂ 90 ਵਾਲੇ ਦਹਾਕੇ ਵਿਚ ਸ਼ੁਹਰਤ ਦੀਆਂ ਬੁਲੰਦੀਆਂ 'ਤੇ ਸਨ, ਉਦੋਂ ਉਨ੍ਹਾਂ ਨੂੰ ਮਿਲਣ ਮੇਰੇ ਪਿਤਾ ਅਤੇ ਭਰਾ ਲਾਹੌਰ ਗਏ, "ਉਸ ਸਮੇਂ ਕੋਈ ਵਿਦੇਸ਼ੀ ਗਰੁੱਪ ਉਨ੍ਹਾਂ ਨੂੰ ਮਿਲਣ ਆਇਆ ਹੋਇਆ ਸੀ ਤਾਂ ਮੇਰੇ ਪਿਤਾ ਅਤੇ ਭਰਾ ਨੂੰ ਉਨ੍ਹਾਂ ਦੇ ਸਟਾਫ ਨੇ ਇੰਤਜ਼ਾਰ ਕਰਨ ਨੂੰ ਕਹਿ ਦਿੱਤਾ। ਘੰਟਾ ਹੋ ਗਿਆ। ਇਸ ਗੱਲ ਦਾ ਪਤਾ ਜਦੋਂ ਖਾਨ ਸਾਹਿਬ ਨੂੰ ਲੱਗਿਆ ਤਾਂ ਫੌਰਨ ਮੁਲਾਕਾਤ ਛੱਡ ਕੇ ਨੰਗੇ ਪੈਰੀਂ ਬਾਹਰ ਭੱਜੇ ਆਏ ਅਤੇ ਫੌਰਨ ਮੇਰੇ ਪਿਤਾ ਅਤੇ ਵੱਡੇ ਭਰਾ ਨੂੰ ਅੰਦਰ ਲੈ ਗਏ ਅਤੇ ਆਪਣੇ ਸਟਾਫ ਨੂੰ ਕਿਹਾ ਕਿ ਤੁਹਾਨੂੰ ਪਤਾ ਹੈ ਕਿ ਇਹ ਕੌਣ ਹੈ?"

ਮੀਆਂ ਅਸਦ ਕਹਿੰਦੇ ਹਨ ਕਿ ਉਸਤਾਦ ਨੁਸਰਤ ਵਿਚ ਕਈ ਦੂਸਰੇ ਕਲਾਕਾਰਾਂ ਦੀ ਤਰ੍ਹਾਂ ਪੈਸੇ ਦਾ ਲਾਲਚ ਨਹੀਂ ਸੀ। ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਪਿਤਾ ਜਦੋਂ ਕਦੀ ਵੀ ਕਿਤੇ ਪ੍ਰਫਾਰਮ ਕਰਨ ਨੂੰ ਕਹਿੰਦੇ, ਉਹ ਕਰ ਦਿੰਦੇ। ਉਹ ਨਾ ਕਦੀ ਪੈਸਿਆਂ ਦਾ ਪੁੱਛਦੇ ਅਤੇ ਨਾ ਹੀ ਮੰਗਦੇ। ਇਲਿਆਸ ਹੁਸੈਨ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ 'ਜਿਸ ਕਿਸੇ ਨੇ ਵੀ ਪਿਆਰ ਨਾਲ ਉਸਤਾਦ ਨੁਸਰਤ ਨੂੰ ਕਵਾਲੀ ਗਾਉਣ ਲਈ ਕਿਹਾ, ਉਹ ਬਿਨਾ ਪੈਸਿਆਂ ਦੇ ਇਸ ਨੂੰ ਕਬੂਲ ਕਰ ਲੈਂਦੇ ਸਨ।' ਉਹ ਦੱਸਦੇ ਹਨ ਕਿ ਜਦੋਂ ਕੋਈ ਮੱਧ ਵਰਗ ਦਾ ਵਿਅਕਤੀ ਉਨ੍ਹਾਂ ਨੂੰ ਸੱਦਾ ਦਿੰਦਾ ਤਾਂ ਉਹ ਆਪਣੇ ਸਟਾਫ ਨੂੰ ਕਹਿ ਦਿੰਦੇ ਕਿ ਇਸ ਵਿਅਕਤੀ ਨੂੰ ਪੈਸਿਆਂ ਲਈ ਤੰਗ ਨਾ ਕਰਨ। ਇਲਿਆਸ ਹੁਸੈਨ ਕਹਿੰਦੇ ਹਨ, "ਮੇਰਾ ਉਸਤਾਦ ਦਰਵੇਸ਼ ਸੀ। ਮੈਨੂੰ ਉਸ ਦੇ ਨਾਲ ਰਹਿੰਦੇ ਹੋਏ ਕਦੀ ਮਹਿਸੂਸ ਹੀ ਨਹੀਂ ਹੋਇਆ ਕਿ ਉਹ ਕਿਸ ਕਦਰ ਖਾਸ ਸ਼ਖਸੀਅਤ ਸਨ। ਉਨ੍ਹਾਂ ਨੂੰ ਜ਼ਮੀਨ 'ਤੇ ਵੀ ਬਿਠਾ ਦਿੰਦੇ ਤਾਂ ਉਹ ਬੈਠ ਜਾਂਦੇ।"

ਇਲਿਆਸ ਹੁਸੈਨ ਦਾ ਕਹਿਣਾ ਹੈ ਕਿ ਜਦੋਂ 1992 ਵਰਲਡ ਕੱਪ ਤੋਂ ਬਾਅਦ ਇਮਰਾਨ ਖਾਨ ਨੇ ਸ਼ੌਕਤ ਖਾਨ ਹਸਪਤਾਲ ਬਣਵਾਉਣ ਦਾ ਐਲਾਨ ਕੀਤਾ ਤਾਂ ਇਸ ਕੰਮ ਲਈ ਪੈਸੇ ਇਕੱਠੇ ਕਰਨ ਲਈ ਉਨ੍ਹਾਂ ਨੇ ਨੁਸਰਤ ਫਤਿਹ ਅਲੀ ਖਾਨ ਨਾਲ ਯੂਰਪ ਅਤੇ ਅਮਰੀਕਾ ਦਾ ਟੂਰ ਕੀਤਾ। ਇਲਿਆਸ ਹੁਸੈਨ ਕਹਿੰਦੇ ਹਨ ਕਿ ਉਨ੍ਹਾਂ ਦੇ ਉਸਤਾਦ ਨੇ ਇਸ ਕੰਮ ਵਿਚ ਇਮਰਾਨ ਖਾਨ ਦਾ ਪੂਰਾ ਸਾਥ ਦਿੱਤਾ ਅਤੇ ਸਾਰੇ ਸ਼ੋਅ ਬਿਨਾ ਕੋਈ ਪੈਸਾ ਲਿਆਂ ਮੁਫਤ ਕੀਤੇ। ਨੁਸਰਤ ਸਿਰਫ ਆਪਣੇ ਪ੍ਰਸ਼ੰਸਕਾਂ ਅਤੇ ਵੱਡੀਆਂ ਹਸਤੀਆਂ ਨਾਲ ਹੀ ਨਹੀਂ ਬਲਕਿ ਆਪਣੇ ਸਾਜ਼ਿੰਦਿਆਂ ਅਤੇ ਸਾਥੀਆਂ ਨਾਲ ਵੀ ਬਹੁਤ ਚੰਗੇ ਅੰਦਾਜ਼ ਵਿਚ ਪੇਸ਼ ਆਉਂਦੇ ਹਨ।

ਮੀਆਂ ਅਸਦ ਦੱਸਦੇ ਹਨ ਕਿ ਜਦੋਂ ਵੀ ਉਹ ਰਿਕਾਰਡਿੰਗ ਲਈ ਸਟੂਡੀਓ ਆਉਂਦੇ ਤਾਂ ਘੰਟਾ ਦੋ ਘੰਟੇ ਪਹਿਲਾ ਆ ਜਾਂਦੇ ਪਰ ਉਨ੍ਹਾਂ ਦੀ ਕਵਾਲੀ ਪਾਰਟੀ ਦੇ ਲੋਕ ਬਹੁਤ ਦੇਰ ਨਾਲ ਆਉਂਦੇ ਪਰ ਖਾਨ ਸਾਹਿਬ ਇਸ ਗੱਲ 'ਤੇ ਕਦੀ ਵੀ ਗੁੱਸਾ ਨਾ ਕਰਦੇ। ਇਲਿਆਸ ਹੁਸੈਨ ਦਾ ਕਹਿਣਾ ਹੈ ਕਿ ਉਸਤਾਦ ਨੁਸਰਤ ਆਪਣੇ ਪਾਰਟੀ ਦੇ ਸਾਥੀਆਂ ਨੂੰ ਸਿਰਫ ਘਰ ਵਿਚ ਹੀ ਝਿੜਕਦੇ। ਉਹ ਕਹਿੰਦੇ ਸਨ ਕਿ ਜਿਹੜੀ ਵੀ ਗ਼ਲਤੀ ਹੋਵੇ ਘਰ ਵਿਚ ਹੀ ਹੋਣੀ ਚਾਹੀਦੀ ਹੈ, ਪ੍ਰਫਾਰਮੈਂਸ ਦੌਰਾਨ ਕੋਈ ਗਲਤੀ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਉਨ੍ਹਾਂ ਨੇ ਕਦੀ ਪ੍ਰਫਾਰਮੈਂਸ ਦੌਰਾਨ ਝਿੜਕਿਆ।

ਨੁਸਰਤ ਫਤਿਹ ਅਲੀ ਖਾਨ ਨੇ ਸੰਗੀਤ ਨੂੰ ਨਸਲ, ਰੰਗ, ਧਰਮ ਅਤੇ ਭਾਸ਼ਾ ਤੋਂ ਅਲੱਗ ਉਹ ਰੌਸ਼ਨੀ ਦਿੱਤੀ ਕਿ ਹਰ ਕੋਈ ਉਨ੍ਹਾਂ ਦੇ ਸੁਰਾਂ, ਧੁਨਾਂ ਅਤੇ ਸੰਗੀਤ ਦਾ ਦਿਵਾਨਾ ਹੋ ਗਿਆ। ਏਸ਼ੀਆ, ਯੂਰਪ ਜਾਂ ਅਮਰੀਕਾ ਹਰ ਜਗ੍ਹਾ ਉਨ੍ਹਾਂ ਨੂੰ ਸੰਗੀਤ ਦੀ ਦੁਨੀਆ ਦਾ ਬੇਤਾਜ ਬਾਦਸ਼ਾਹ ਅਤੇ ਸ਼ਹਿਨਸ਼ਾਹ ਕਵਾਲ ਕਿਹਾ ਜਾਣ ਲੱਗਿਆ। ਇਲਿਆਸ ਹੁਸੈਨ ਕਹਿੰਦੇ ਹਨ ਕਿ ਨੁਸਰਤ 'ਤੇ ਸੂਫੀਆਨਾ ਕਲਾਮ ਦਾ ਇੰਨਾ ਰੂਹਾਨੀ ਅਸਰ ਹੁੰਦਾ ਕਿ ਉਹ ਉਸ ਵਿਚ ਗੁਆਚ ਜਾਂਦੇ ਤੇ ਉਨ੍ਹਾਂ ਦੀਆਂ ਅੱਖਾਂ ਨਮ ਹੋ ਜਾਂਦੀਆਂ। ਉਹ ਕਹਿੰਦੇ ਹਨ, "ਯੂਰਪ ਦੇ ਦੌਰੇ ਵੇਲੇ ਉਨ੍ਹਾਂ ਨੇ 'ਅੱਲਾ ਹੂ ਅੱਲਾ ਹੂ' ਗਾਇਆ ਤਾਂ ਗੋਰਿਆ ਨੂੰ ਇਹ ਸਮਝ ਨਹੀਂ ਆਉਂਦਾ ਸੀ ਪਰ ਉਹ ਦੀਵਾਨੇ ਹੋ ਕੇ ਝੂਮਦੇ ਰਹਿੰਦੇ ਹਨ, ਉਨ੍ਹਾਂ ਨੂੰ ਫਰਾਂਸ ਵਿਚ ਲੋਕਾਂ ਨੇ 'ਮਿਸਟਰ ਅੱਲ੍ਹਾ ਹੂ' ਦਾ ਖਿਤਾਬ ਦਿੱਤਾ।" ਇਲਿਆਸ ਹੁਸੈਨ ਕਹਿੰਦੇ ਹਨ ਕਿ ਨੁਸਰਤ ਯੂਰਪ ਵਿਚ ਕਿਤੇ ਵੀ ਜਾਂਦੇ ਤਾਂ ਲੋਕ ਉਨ੍ਹਾਂ ਨੂੰ 'ਮਿਸਟਰ ਅੱਲ੍ਹਾ ਹੂ' ਕਹਿ ਕੇ ਬੁਲਾਉਂਦੇ।

ਜਪਾਨ ਵਿਚ ਜਦੋਂ ਉਨ੍ਹਾਂ ਨੇ ਫੁਕੂਓਕਾ ਦੇ ਸੰਗੀਤ ਮੇਲੇ ਵਿਚ ਪ੍ਰਫਾਰਮ ਕੀਤਾ ਤਾਂ ਜਪਾਨ ਦੇ ਲੋਕਾਂ ਨੇ ਉਨ੍ਹਾਂ ਨੂੰ ਸੁਰਾਂ ਅਤੇ ਗਾਇਕੀ ਲਈ 'ਸਿੰਗਿੰਗ ਬੁੱਧਾ' ਯਾਨੀ ਸੰਗੀਤ ਦੇ ਦੇਵਤਾ ਦਾ ਖਿਤਾਬ ਦਿੱਤਾ। ਨੁਸਰਤ ਫਤਿਹ ਅਲੀ ਖਾਨ ਦੀ ਆਵਾਜ਼ ਦੇ ਜਾਦੂ ਤੋਂ ਸ਼ਾਇਦ ਹੀ ਕੋਈ ਬਚਿਆ ਹੋਵੇ। ਮੀਆਂ ਅਸਦ ਉਸੇ ਦਾ ਕਿੱਸਾ ਸੁਣਾਉਂਦੇ ਹਨ, ਉਨ੍ਹਾਂ ਦੇ ਵੱਡੇ ਭਰਾ ਦੇ ਵਿਆਹ ਵਿਚ ਚੋਟੀ ਦੇ ਗਾਇਕ ਆਏ। ਉਸੇ ਦੌਰਾਨ ਨੁਸਰਤ 'ਵਾਰੀ ਆਂ ਸਾਈਆਂ ਤੇਰੇ ਵਾਰੀ ਆਂ' ਗਾ ਰਹੇ ਸਨ ਅਤੇ ਇਸ 'ਤੇ ਅਤਾਉੱਲ੍ਹਾ ਈਸਾਖੇਲਵੀ ਝੂਮ ਰਹੇ ਸਨ। ਇਲਿਆਸ ਹੁਸੈਨ ਅਮਰੀਕਾ ਵਿਚ ਹੋਏ ਲਾਈਵ ਸ਼ੋਅ ਦਾ ਕਿੱਸਾ ਸੁਣਾਉਂਦੇ ਹਨ ਕਿ ਜਦੋਂ ਉਸਤਾਦ ਨੁਸਰਤ 'ਮੇਰਾ ਪੀਆ ਘਰ ਆਇਆ' ਗਾਉਣ ਲੱਗੇ ਤਾਂ ਗੋਰੇ ਵੀ ਝੂਮਣ ਲੱਗੇ, ਇੱਕ ਔਰਤ ਇੰਨਾ ਨੱਚੀ ਕਿ ਪੈਰਾਂ ਵਿਚੋਂ ਖੂਨ ਵਗਣ ਲੱਗਿਆ।

ਰਹਿਮਤ ਗ੍ਰਾਮੋਫੋਨ ਦੇ ਮਾਲਕ ਮੀਆਂ ਰਹਿਮਤ ਦੇ ਬੇਟੇ ਮੀਆਂ ਅਸਦ ਦਾ ਦਾਅਵਾ ਕਿ ਅੱਜ ਵੀ ਉਨ੍ਹਾਂ ਕੋਲ ਉਸਤਾਦ ਨੁਸਰਤ ਫਤਿਹ

*(ਬਾਕੀ ਅਗਲੇ ਸਫੇ 'ਤੇ)*

# ਜਿੱਥੇ ਸਵਾਲ ਉਠਾਉਣਾ ਵੀ ਗੁਨਾਹ ਹੋ ਗਿਆ...

*(ਸਫਾ 22 ਦਾ ਬਾਕੀ)*

ਪਰ ਅਸੀਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ ਕਿ ਕੀ ਕੋਈ ਅਪਰਾਧਿਕ ਸਾਜ਼ਿਸ਼ ਸੀ। ਇਸ ਦੀ ਬਜਾਇ ਅਸੀਂ ਇਹ ਫੈਸਲਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਕਿ ਸਿਟ ਵੱਲੋਂ ਇਕੱਠੇ ਕੀਤੇ ਸਬੂਤਾਂ ਦੇ ਆਧਾਰ 'ਤੇ ਕਿਹੜੇ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ। ਜਦੋਂ ਅਸੀਂ ਅਜਿਹਾ ਕਰਦੇ ਹਾਂ ਤਾਂ ਸਾਨੂੰ ਇਕ ਤਸਵੀਰ ਮਿਲਦੀ ਹੈ ਜੋ ਸ੍ਰੀਕੁਮਾਰ ਦੇ ਪੁਲਿਸ ਬਲ ਦਾ ਪਤਨ ਹੋ ਚੁੱਕਾ ਹੋਣ, ਮੁਸਲਮਾਨਾਂ ਪ੍ਰਤੀ ਪੱਖਪਾਤੀ ਅਤੇ ਹਿੰਸਾ ਨੂੰ ਰੋਕਣ ਵਿਚ ਬੇਅਸਰ ਹੋਣ ਦੇ ਦਾਅਵੇ ਦੀ ਹਮਾਇਤ ਕਰਦੀ ਹੈ। ਗਿੱਲ ਦੇ ਆਉਣ ਨਾਲ ਹੀ ਸ੍ਰੀਕੁਮਾਰ ਅਤੇ ਮਨੀਰਾਮ ਦੀ ਸਲਾਹ 'ਤੇ ਤਬਾਦਲੇ ਹੋਏ ਅਤੇ ਦਰ ਅਸਲ ਇਨ੍ਹਾਂ ਤਬਦੀਲੀਆਂ ਤੋਂ ਤੁਰੰਤ ਬਾਅਦ ਸੂਬੇ ਵਿਚ ਫਿਰਕੂ ਹਿੰਸਾ ਘਟ ਗਈ ਸੀ।

ਸ੍ਰੀਕੁਮਾਰ ਵੱਲੋਂ ਮੋਦੀ ਸਰਕਾਰ ਖਿਲਾਫ ਬਣਾਇਆ ਕੇਸ ਇੱਥੇ ਖਤਮ ਨਹੀਂ ਹੁੰਦਾ ਪਰ ਕਿਉਂਕਿ ਇਸ ਦੌਰਾਨ ਉਸ ਵੱਲੋਂ ਰੱਖੇ ਗਏ ਰਜਿਸਟਰ 'ਤੇ ਸਿਟ ਵੱਲੋਂ ਪੁੱਛਗਿੱਛ ਕੀਤੀ ਗਈ ਹੈ, ਇਸ ਲਈ ਇਸ ਰਿਪੋਰਟ ਵਿਚ ਇਸ ਉੱਪਰ ਭਰੋਸਾ ਨਹੀਂ ਕੀਤਾ ਗਿਆ।

ਸਿਟ ਨੇ 2002 ਦੀ ਗੁਜਰਾਤ ਹਿੰਸਾ ਨਾਲ ਸਬੰਧਤ ਬਹੁਤ ਸਾਰੇ ਸਬੂਤ ਰਿਕਾਰਡ 'ਤੇ ਲਿਆਂਦੇ ਹਨ ਪਰ ਉਨ੍ਹਾਂ ਸਬੂਤਾਂ ਦੀ ਵਰਤੋਂ ਕਈ ਗ਼ਲਤ ਸਿਟੇ ਕੱਢਣ ਲਈ ਕੀਤੀ ਗਈ। ਇਸ ਨੇ ਵਾਰ-ਵਾਰ ਸਿਰਫ ਉਨ੍ਹਾਂ ਅਧਿਕਾਰੀਆਂ 'ਤੇ ਭਰੋਸਾ ਕੀਤਾ ਹੈ ਜੇ ਉਨ੍ਹਾਂ 'ਤੇ ਦੋਸ਼ ਲਗਾਏ ਦੋਸ਼ ਸਥਾਪਿਤ ਕੀਤੇ ਜਾਂਦੇ ਤਾਂ ਉਹ ਰਾਜ ਵਿਚ ਕਾਨੂੰਨ ਵਿਵਸਥਾ ਦੀ ਅਸਫਲਤਾ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਏ ਜਾਂਦੇ। ਇਸ ਦੇ ਉਲਟ ਜਦੋਂ ਸ੍ਰੀਕੁਮਾਰ ਦੀ ਗਵਾਹੀ ਸਰਕਾਰ ਦੇ ਬਿਰਤਾਂਤ ਨੂੰ ਕਮਜ਼ੋਰ ਕਰਦੀ ਹੈ ਤਾਂ ਉਸ ਨੂੰ ਸਿਟ ਵੱਲੋਂ ਗ਼ੈਰ-ਭਰੋਸੇਯੋਗ ਗਵਾਹ ਵਜੋਂ ਲਿਆ ਗਿਆ।

ਰਿਪੋਰਟ ਕਹਿੰਦੀ ਹੈ: 'ਆਰ.ਬੀ. ਸ੍ਰੀਕੁਮਾਰ ਦੀ ਗਵਾਹੀ ਇਸ ਤੱਥ ਤੋਂ ਪ੍ਰੇਰਿਤ ਹੈ ਕਿ ਉਸ ਨੇ ਵਧੀਕ ਡੀ.ਜੀ. (ਇੰਟੈਲੀਜੈਂਸ) ਵਜੋਂ ਆਪਣੀ ਤਾਇਨਾਤੀ ਦੌਰਾਨ ਡੇਟਾ/ਸਬੂਤ ਇਕੱਠੇ ਕਰਨੇ ਸ਼ੁਰੂ ਕੀਤਾ ਸੀ। ਇਸ ਤੋਂ ਬਾਅਦ ਉਸ ਨੇ ਗ੍ਰਹਿ ਸਕੱਤਰ ਜੀ.ਸੀ. ਮੁਰਮੂ ਅਤੇ ਸਰਕਾਰੀ ਵਕੀਲ ਅਰਵਿੰਦ ਪਾਂਡਿਆ ਨਾਲ ਕਮਿਸ਼ਨ ਦੇ ਸਾਹਮਣੇ ਆਪਣੀ ਗੱਲਬਾਤ ਗੁਪਤ ਤੌਰ 'ਤੇ ਰਿਕਾਰਡ ਕੀਤੀ ਤਾਂ ਜੋ ਉਸ 'ਤੇ ਦਬਾਅ ਪਾਉਣ ਦਾ ਦੋਸ਼ ਲਗਾਇਆ ਜਾ ਸਕੇ। ਉਸ ਨੇ ਗ੍ਰਹਿ ਵਿਭਾਗ ਵਿਚ ਬਜਟ ਅਤੇ ਤਾਲਮੇਲ ਲਈ ਅੰਡਰ-ਸੈਕਟਰੀ ਦਿਨੇਸ਼ ਕਪਾੜੀਆ ਨਾਲ ਆਪਣੀ ਗੱਲਬਾਤ ਵੀ ਰਿਕਾਰਡ ਕੀਤੀ ਸੀ ਜਿਸ ਨੂੰ ਬਾਅਦ ਵਿਚ ਸਰਕਾਰ ਵਿਰੁੱਧ ਸਬੂਤ ਵਜੋਂ ਵਰਤਿਆ ਜਾਣਾ ਸੀ। ਹੈਰਾਨੀ ਦੀ ਗੱਲ ਹੈ ਕਿ ਉਸ ਨੇ ਫਰਵਰੀ 2005 ਵਿਚ ਤਰੱਕੀ ਨਾ ਹੋਣ ਤੱਕ ਇਹ ਸਾਰੀਆਂ ਗੱਲਾਂ ਗੁਪਤ ਰੱਖੀਆਂ ਅਤੇ 09-04-2005 ਨੂੰ ਕਮਿਸ਼ਨ ਅੱਗੇ ਦਾਇਰ ਕੀਤੇ ਆਪਣੇ ਤੀਜੇ ਹਲਫਨਾਮੇ ਵਿਚ ਇਨ੍ਹਾਂ ਨੂੰ ਜਨਤਕ ਕੀਤਾ। ਇਸ ਲਈ ਸ੍ਰੀਕੁਮਾਰ ਦੀਆਂ ਇਹ ਸਾਰੀਆਂ ਕਾਰਵਾਈਆਂ ਹਿਤਾਂ ਤੋਂ ਪ੍ਰੇਰਿਤ ਜਾਪਦੀਆਂ ਹਨ।' ਇਹ ਵਿਸ਼ਲੇਸਣ ਇਸ ਤੱਥ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦਾ ਹੈ ਕਿ ਅਪਰੈਲ 2002 ਤੋਂ ਸ੍ਰੀਕੁਮਾਰ ਨੇ ਮੋਦੀ ਪ੍ਰਸ਼ਾਸਨ ਦੇ ਅਧੀਨ ਪੁਲਿਸ ਦੀ ਨਾਕਾਮੀ ਦੇ ਨਾਲ-ਨਾਲ ਵੀ.ਐੱਚ.ਪੀ. ਅਤੇ ਬਜਰੰਗ ਦਲ ਨੂੰ ਮਿਲ ਰਹੀ ਸਰਕਾਰੀ ਹਮਾਇਤ ਨੂੰ ਉਜਾਗਰ ਕਰਨ ਲਈ ਬਹੁਤ ਜ਼ਿਆਦਾ ਜੋਖਮ ਉਠਾਏ ਸਨ। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਸ ਨੂੰ ਇਹ ਸ਼ੱਕ ਨਹੀਂ ਰਿਹਾ ਹੋਵੇਗਾ ਕਿ ਸਰਕਾਰ ਉਸ ਵਿਰੁੱਧ ਕਾਰਵਾਈ ਕਰੇਗੀ ਅਤੇ ਇਸ ਦੀ ਤਿਆਰੀ ਕਰੇਗੀ।



*ਗੁਜਰਾਤ ਹਿੰਸਾ ਤੋਂ ਬਾਅਦ ਦਾ ਮੰਜ਼ਰ।*

ਸ੍ਰੀਕੁਮਾਰ ਦੇ ਦੋਸ਼ਾਂ ਦੇ ਸਬੰਧ ਵਿਚ ਕਿ ਮੁੱਖ ਮੰਤਰੀ ਵੱਲੋਂ ਕਈ ਗ਼ੈਰ-ਕਾਨੂੰਨੀ ਜ਼ੁਬਾਨੀ ਹਦਾਇਤਾਂ ਦਿੱਤੀਆਂ ਸਨ ਅਤੇ ਉਸ ਨੇ ਇਸ ਸਬੰਧੀ ਰਜਿਸਟਰ ਲਗਾ ਰੱਖਿਆ ਸੀ, ਤਤਕਾਲੀ ਆਈ.ਜੀ.ਪੀ. (ਪ੍ਰਸ਼ਾਸਨ) ਓ.ਪੀ. ਮਾਥੁਰ ਨੇ ਕਿਹਾ ਹੈ ਕਿ 18.04.2002 ਨੂੰ ਜਦੋਂ ਉਸ ਵੱਲੋਂ ਉਨ੍ਹਾਂ ਪੰਨਿਆਂ ਦੀ ਗਿਣਤੀ ਨੂੰ ਪ੍ਰਮਾਣਿਤ ਕੀਤਾ ਗਿਆ ਸੀ, ਉਦੋਂ ਰਜਿਸਟਰ ਪੂਰੀ ਤਰ੍ਹਾਂ ਖਾਲੀ ਸੀ ਅਤੇ ਸ੍ਰੀਕੁਮਾਰ ਨੇ ਅਜਿਹਾ ਰਜਿਸਟਰ ਰੱਖਣ ਦੇ ਉਦੇਸ਼ ਦਾ ਖੁਲਾਸਾ ਨਹੀਂ ਕੀਤਾ ਸੀ। ਇਹ ਗੱਲ ਰਿਪੋਰਟ ਕਹਿੰਦੀ ਹੈ- "ਮਾਥੁਰ ਅਨੁਸਾਰ, ਰਜਿਸਟਰ ਵਿਚ ਕੋਈ 'ਗੁਪਤ' ਮੋਹਰ ਨਹੀਂ ਸੀ ਅਤੇ ਨਾ ਹੀ ਕੋਈ ਸਿਰਲੇਖ ਸੀ ਅਤੇ ਨਾ ਹੀ ਵਧੀਕ ਡੀ.ਜੀ., ਸੀ.ਆਈ.ਡੀ. (ਇੰਟੈਲੀਜੈਂਸ) ਦੇ ਦਫਤਰ ਦੇ ਸਰਕੂਲਰ ਦੀ ਮੋਹਰ ਸੀ। ਮਾਥੁਰ ਅਨੁਸਾਰ ਸ੍ਰੀਕੁਮਾਰ ਨੇ ਪਹਿਲੀ ਐਂਟਰੀ 16.04.2002 ਨੂੰ, ਦੂਜੀ ਤੇ ਤੀਜੀ ਐਂਟਰੀ 17.04.2002 ਅਤੇ ਚੌਥੀ ਐਂਟਰੀ 18.04.2002 ਨੂੰ ਕੀਤੀ ਸੀ ਜਿਸ ਤੋਂ ਪਤਾ ਲੱਗਦਾ ਹੈ ਕਿ ਸ੍ਰੀਕੁਮਾਰ ਨੇ ਇਹ ਐਂਟਰੀਆਂ ਨਾ ਸਿਰਫ ਪਹਿਲਾਂ ਦੀਆਂ ਤਰੀਕਾਂ ਵਿਚ ਦਰਜ ਕੀਤੀਆਂ ਸਨ ਸਗੋਂ ਬਾਅਦ ਵਿਚ ਟਿਕਟਾਂ ਵੀ ਚਿਪਕਾ ਦਿੱਤੀਆਂ।

ਦਿਲਚਸਪ ਗੱਲ ਇਹ ਹੈ ਕਿ ਰਿਪੋਰਟ ਵਿਚ ਸਿਟ ਨੂੰ ਸ੍ਰੀਕੁਮਾਰ ਦੇ ਕਈ ਬਿਆਨ ਦਿੱਤੇ ਗਏ ਹਨ ਪਰ ਇਕ ਵੀ ਜਗ੍ਹਾ ਅਜਿਹੀ ਨਹੀਂ ਹੈ ਜਿੱਥੇ ਸ੍ਰੀਕੁਮਾਰ ਨੂੰ ਇਨ੍ਹਾਂ ਦੋਸ਼ਾਂ ਬਾਰੇ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਹੋਵੇ। ਸਿਟ ਨੇ ਜੋ ਕੁਝ ਵੀ ਇਕੱਠਾ ਕੀਤਾ ਹੈ, ਉਹ ਸਿਰਫ ਇੰਨਾ ਕੁ ਹੈ ਜਿੱਥੇ ਮਾਥੁਰ ਨੇ ਜੋ ਉਸੇ ਸਰਕਾਰ ਦੇ ਅਧਿਕਾਰੀ ਹਨ, ਉਨ੍ਹਾਂ ਵਿਰੁੱਧ ਬਿਆਨ ਦਿੱਤਾ ਹੈ। ਸ੍ਰੀਕੁਮਾਰ ਨੂੰ ਮਾਥੁਰ ਦੇ ਦਾਅਵਿਆਂ ਦਾ ਜਵਾਬ ਦੇਣ ਦਾ ਮੌਕਾ ਨਹੀਂ ਦਿੱਤਾ ਗਿਆ।

ਇਸ ਦੇ ਬਾਵਜੂਦ ਉਸ ਦੇ ਸਹਿ-ਦੋਸ਼ੀ ਸੰਜੀਵ ਭੱਟ ਦੀ ਗਵਾਹੀ ਨੂੰ ਖਾਰਜ ਕਰਨ ਲਈ ਸ੍ਰੀਕੁਮਾਰ ਦੀ ਗੱਲ ਉੱਪਰ ਭਰੋਸਾ ਕੀਤਾ ਗਿਆ। ਰਿਪੋਰਟ ਵਿਚ 2011 ਦੀ ਮੀਡੀਆ ਇੰਟਰਵਿਊ ਦਾ ਹਵਾਲਾ ਦਿੱਤਾ ਹੈ ਜਿਸ ਵਿਚ ਸ੍ਰੀਕੁਮਾਰ ਨੇ ਕਿਹਾ ਸੀ ਕਿ ਭੱਟ ਨੇ ਉਸ ਨੂੰ 27 ਫਰਵਰੀ 2002 ਨੂੰ ਮੋਦੀ ਦੀ ਰਿਹਾਇਸ਼ 'ਤੇ ਮੀਟਿੰਗ ਵਿਚ ਸ਼ਾਮਲ ਹੋਣ ਦੀ ਸੂਚਨਾ ਕਦੇ ਵੀ ਨਹੀਂ ਦਿੱਤੀ ਸੀ। ਇਸ ਵਿਚ ਕਿਹਾ ਗਿਆ ਹੈ ਕਿ ਸ੍ਰੀਕੁਮਾਰ ਨੇ ਅੱਗੇ ਕਿਹਾ ਕਿ ਉਸ ਸਮੇਂ ਨਾਨਾਵਤੀ-ਸ਼ਾਹ ਜਾਂਚ ਕਮਿਸ਼ਨ ਦੇ ਸਾਹਮਣੇ ਹਲਫਨਾਮਾ ਦਾਇਰ ਕਰਦੇ ਵਕਤ ਉਸ ਨੇ ਸਟੇਟ ਆਈ.ਬੀ. ਦੇ ਸਾਰੇ ਅਧਿਕਾਰੀਆਂ ਨੂੰ ਗੋਧਰਾ ਦੰਗਿਆਂ ਸਬੰਧੀ ਪ੍ਰਸੰਗਿਕ ਜਾਣਕਾਰੀ ਅਤੇ ਦਸਤਾਵੇਜ਼ ਮੁਹੱਈਆ ਕਰਵਾਉਣ ਲਈ ਕਿਹਾ ਸੀ ਪਰ ਸੰਜੀਵ ਭੱਟ ਨੇ ਉਨ੍ਹਾਂ ਨੂੰ ਮੀਟਿੰਗ ਬਾਰੇ ਜਾਣਕਾਰੀ ਨਹੀਂ ਦਿੱਤੀ।

1984 ਦੀ ਸਿੱਖ ਵਿਰੋਧੀ ਹਿੰਸਾ ਦੀ ਜਾਂਚ ਲਈ ਬਣਾਏ ਜਾਂਚ ਕਮਿਸ਼ਨਾਂ ਬਾਰੇ ਆਪਣੀ ਪਹਿਲੀ ਰਿਪੋਰਟ ਵਿਚ ਮੈਂ ਦੋਵਾਂ ਕਮਿਸ਼ਨਾਂ ਦੀਆਂ ਰਿਪੋਰਟਾਂ ਬਾਰੇ ਲਿਖਿਆ ਸੀ: "ਦੋਵਾਂ ਨੇ ਹੀ ਕਈ ਪੀੜਤਾਂ ਅਤੇ ਚਸ਼ਮਦੀਦ ਗਵਾਹਾਂ ਦੀਆਂ ਗਵਾਹੀਆਂ ਦਰਜ ਕੀਤੀਆਂ ਅਤੇ ਉਨ੍ਹਾਂ ਵਿਚੋਂ ਕੁਝ ਦੋਸ਼ੀਆਂ ਨੂੰ, ਉਨ੍ਹਾਂ ਪੁਲਿਸ ਅਧਿਕਾਰੀਆਂ ਸਮੇਤ ਜੋ ਬੁਰੀ ਤਰ੍ਹਾਂ ਪ੍ਰਭਾਵਿਤ ਇਲਾਕਿਆਂ ਵਿਚ ਡਿਊਟੀ 'ਤੇ ਸਨ, ਗ੍ਰਿਫਤਾਰ ਕੀਤਾ ਗਿਆ। ਫਿਰ ਵੀ ਰਿਕਾਰਡ ਕੀਤੀ ਗਵਾਹੀ ਅਤੇ ਕੱਢੇ ਗਏ ਨਤੀਜੇ ਪੂਰੀ ਤਰ੍ਹਾਂ ਬੇਮੇਲ ਹਨ - ਕਮਿਸ਼ਨਾਂ ਦੀਆਂ ਆਪਣੀਆਂ ਟਿੱਪਣੀਆਂ ਉਨ੍ਹਾਂ ਦੇ ਨਤੀਜਿਆਂ ਦਾ ਖੰਡਨ ਕਰਦੀਆਂ ਹਨ। ਇਸੇ ਤਰ੍ਹਾਂ, ਇੱਥੇ ਵੀ ਸਿਟ ਨੇ ਖੁਦ ਹੀ ਇਕੱਠੇ ਕੀਤੇ ਸਬੂਤਾਂ ਦੀ ਗੰਭੀਰਤਾ ਨੂੰ ਵਾਰ-ਵਾਰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੋਦੀ ਨੂੰ ਅਜਿਹਾ ਸਪੱਸ਼ਟੀਕਰਨ ਦੇ ਕੇ ਬਚਣ ਦਿੱਤਾ ਗਿਆ ਜਿਸ ਦਾ ਉਸ ਇੰਟਰਵਿਊ ਨਾਲ ਕੋਈ ਸਬੰਧ ਨਹੀਂ ਸੀ। ਹਿੰਸਾ ਦੌਰਾਨ ਸਖਤ ਕਾਰਵਾਈ ਕਰਨ ਵਾਲਿਆਂ ਅਤੇ ਸੰਘ ਪਰਿਵਾਰ ਦੇ ਲੋਕਾਂ ਨੂੰ ਫੜਨ ਦੀ ਕੋਸ਼ਿਸ਼ ਕਰਨ ਵਾਲਿਆਂ ਦਾ ਤਬਾਦਲਾ ਕਰਨ ਦੇ ਜੋ ਗੰਭੀਰ ਦੋਸ਼ ਸਰਕਾਰ 'ਤੇ ਲੱਗੇ, ਉਨ੍ਹਾਂ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਕਿ ਤਬਾਦਲੇ ਕਰਨਾ ਸਰਕਾਰ ਦਾ ਵਿਸ਼ੇਸ਼ ਅਧਿਕਾਰ ਹੈ। ਪੁਲਿਸ ਗੋਲੀਬਾਰੀ ਵਿਚ ਮਾਰੇ ਮੁਸਲਮਾਨਾਂ ਦੀ ਗਿਣਤੀ ਨੂੰ ਖਾਰਜ ਕਰਨਾ ਹੋਰ ਵੀ ਮੁਸ਼ਕਿਲ ਹੈ।

ਫਿਰਕੂ ਹਿੰਸਾ ਦੇ ਜਾਂਚ ਕਮਿਸ਼ਨ ਦਾ ਆਦੇਸ਼, ਜਿਵੇਂ 1984 ਲਈ ਮਿਸ਼ਰਾ ਕਮਿਸਨ ਜਾਂ 2002 ਲਈ ਨਾਨਾਵਤੀ-ਸ਼ਾਹ ਕਮਿਸ਼ਨ, ਸੁਪਰੀਮ ਕੋਰਟ ਵੱਲੋਂ ਸਿਟ ਨੂੰ ਸੌਂਪੇ ਕੰਮ ਤੋਂ ਬਹੁਤ ਵੱਖਰਾ ਹੈ, ਜਿਸ ਨੇ ਖਾਸ ਦੋਸ਼ਾਂ ਉੱਪਰ ਗ਼ੌਰ ਕਰਨਾ ਸੀ ਪਰ ਇਕੱਠੇ ਕੀਤੇ ਸਬੂਤਾਂ ਅਤੇ ਨਤੀਜਿਆਂ ਵਿਚਲਾ ਅੰਤਰ ਇਨ੍ਹਾਂ ਸਾਰਿਆਂ ਵਿਚ ਸਪੱਸ਼ਟ ਹੈ।

1984 ਦੀਆਂ ਘਟਨਾਵਾਂ ਨੂੰ ਤਕਰੀਬਨ ਚਾਰ ਦਹਾਕੇ ਅਤੇ 2002 ਦੀ ਹਿੰਸਾ ਨੂੰ ਦੋ ਦਹਾਕੇ ਹੋ ਚੁੱਕੇ ਹਨ। ਦੋਵਾਂ ਹੀ ਮਾਮਲਿਆਂ ਵਿਚ ਪ੍ਰਸ਼ਾਸਨ ਦੀ ਪੂਰੀ ਜ਼ਿੰਮੇਵਾਰੀ ਵਾਲੇ ਵਿਅਕਤੀ ਨੇ ਜਾਂ ਤਾਂ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ, ਜਿਵੇਂ ਰਾਜੀਵ ਗਾਂਧੀ ਦੇ ਮਾਮਲੇ 'ਚ ਹੋਇਆ ਸੀ, ਜਾਂ ਉਹ ਬਾਅਦ ਵਿਚ ਪ੍ਰਧਾਨ ਮੰਤਰੀ ਬਣ ਗਿਆ, ਜਿਵੇਂ ਮੋਦੀ ਦੇ ਮਾਮਲੇ 'ਚ ਹੋਇਆ। ਦੋਵਾਂ ਨੇ ਕਤਲਾਂ ਨੂੰ 'ਕਿਰਿਆ ਦੀ ਪ੍ਰਤੀਕਿਰਿਆ' ਕਹਿੰਦੇ ਹੋਏ ਜਨਤਕ ਬਿਆਨ ਦਿੱਤੇ, ਤੇ ਦੋਵਾਂ ਨੂੰ ਘੱਟ ਗਿਣਤੀ ਬਾਰੇ ਭੜਕਾਊ ਟਿੱਪਣੀਆਂ ਕਰਨ ਤੋਂ ਬਾਅਦ ਚੋਣ ਮੁਹਿੰਮਾਂ ਦਾ ਲਾਭ ਮਿਲਿਆ। ਇੱਥੋਂ ਤੱਕ ਕਿ ਜੇ ਅਸੀਂ ਸਿਆਸੀ ਦੋਸ਼ਾਂ ਦੇ ਸਵਾਲ ਨੂੰ ਪਾਸੇ ਰੱਖ ਦਿੰਦੇ ਹਾਂ ਤਾਂ ਇਹ ਕਿਵੇਂ ਸੰਭਵ ਹੈ ਕਿ ਹਿੰਸਾ ਨਾਲ ਨਜਿੱਠਣ 'ਚ ਅਸਫਲ ਰਹਿਣ ਲਈ ਕਿਸੇ ਸੀਨੀਅਰ ਪੁਲਿਸ ਅਧਿਕਾਰੀ 'ਤੇ ਕਾਰਵਾਈ ਨਹੀਂ ਕੀਤੀ ਗਈ?

ਸ਼ਾਇਦ ਹੁਣ ਅਸੀਂ ਜੋ ਕੁਝ ਦੇਖ ਰਹੇ ਹਾਂ, ਉਹ ਨਿਆਂ ਦਾ ਮਿਲ ਸਕਣ ਦਾ ਕੋਈ ਵਿਕਸਤ ਰੂਪ ਹੈ। ਇਹ ਵਿਡੰਬਨਾ ਹੈ ਕਿ ਕਤਲੇਆਮ ਦੇ ਸਮੇਂ ਗੁਜਰਾਤ ਪੁਲਿਸ ਦੇ ਡਾਇਰੈਕਟਰ ਜਨਰਲ ਅਤੇ ਅਹਿਮਦਾਬਾਦ ਦੇ ਪੁਲਿਸ ਕਮਿਸ਼ਨਰ ਨੇ ਅਜਿਹੀ ਪੁਲਿਸ ਦੀ ਅਗਵਾਈ ਕਰਨ ਲਈ ਇਕ ਵੀ ਦਿਨ ਜੇਲ੍ਹ ਵਿਚ ਨਹੀਂ ਬਿਤਾਇਆ ਜਿਸ ਨੇ ਮੁਸਲਮਾਨਾਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ; ਜਦੋਂਕਿ ਜਿਸ ਵਿਅਕਤੀ ਨੇ ਇਸ ਨਾਕਾਮੀ ਨੂੰ ਉਜਾਗਰ ਕਰਨ ਲਈ ਜੋਖਮ ਉਠਾਇਆ, ਉਹ ਹੁਣ ਜੇਲ੍ਹ ਵਿਚ ਹੈ। 1984 ਵਾਲੇ ਮਾਮਲੇ ਨੇ ਸਾਡੀ ਨਿਆਂ ਪ੍ਰਣਾਲੀ ਨੂੰ ਬਿਹਤਰ ਨਹੀਂ ਬਣਾਇਆ ਸਗੋਂ ਇਸ ਨੇ ਇਸ ਨੂੰ ਹੋਰ ਬਦਤਰ ਬਣਾ ਦਿੱਤਾ ਹੈ। ਸਟੇਟ ਅਤੇ ਨਿਆਂ ਪ੍ਰਣਾਲੀ 1984 ਦੇ ਕੇਸ ਵਿਚ ਸਰਕਾਰ ਦੇ ਆਚਰਨ ਬਾਰੇ ਉਠਾਏ ਸਵਾਲਾਂ ਦਾ ਤਸੱਲੀਬਖਸ਼ ਜਵਾਬ ਦੇਣ ਵਿਚ ਅਸਮਰੱਥ ਰਹੀ ਸੀ, ਜਦੋਂਕਿ 2002 ਦੇ ਮਾਮਲੇ ਵਿਚ ਕੀ ਅਸੀਂ ਇਹ ਮੰਨ ਲਈਏ ਕਿ ਅਸੀਂ ਉਸ ਮੁਕਾਮ 'ਤੇ ਪਹੁੰਚ ਗਏ ਹਾਂ ਜਿੱਥੇ ਸਵਾਲ ਉਠਾਉਣ ਦੇ ਅਮਲ ਨੂੰ ਵੀ ਨੂੰ ਅਪਰਾਧ ਐਲਾਨਿਆ ਜਾ ਰਿਹਾ ਹੈ? ***(ਸਮਾਪਤ)***

# ਨੁਸਰਤ ਫਤਿਹ ਅਲੀ ਖਾਨ

*(ਪਿਛਲੇ ਸਫੇ ਦੀ ਬਾਕੀ)*

ਅਲੀ ਖਾਨ ਦੇ ਗਾਣਿਆਂ ਦੀ ਪੰਜਾਹ ਘੰਟਿਆਂ ਦੀ ਅਜਿਹੀ ਰਿਕਾਰਡਿੰਗ ਹੈ ਜੋ ਕਦੀ ਮਾਰਕਿਟ ਵਿਚ ਨਹੀਂ ਆਈ। ਉਹ ਦੱਸਦੇ ਹਨ ਕਿ ਉਨ੍ਹਾਂ ਦੇ ਪਿਤਾ ਅਤੇ ਵੱਡੇ ਭਰਾ ਅਰਸ਼ਦ ਦੀ ਮੌਤ ਤੋਂ ਬਾਅਦ ਇਸ ਕੰਪਨੀ ਨੂੰ ਖਤਮ ਕਰਕੇ ਤਮਾਮ ਚੀਜ਼ਾਂ ਨੂੰ ਬੰਦ ਕਰ ਕੇ ਰੱਖ ਦਿੱਤਾ ਗਿਆ। ਉਸਤਾਦ ਨੁਸਰਤ ਫਤਿਹ ਅਲੀ ਖਾਨ ਦੂਸਰੇ ਕਲਾਕਾਰਾਂ ਦੀ ਬਹੁਤ ਮਦਦ ਕਰਦੇ ਸੀ। ਇਲਿਆਸ ਹੁਸੈਨ ਕਹਿੰਦੇ ਹਨ ਕਿ ਇੰਨੀ ਕਾਮਯਾਬੀ ਦੇ ਬਾਵਜੂਦ ਉਹ ਦੂਸਰੇ ਕਲਾਕਾਰਾਂ ਨੂੰ ਨਹੀਂ ਸਨ ਭੁੱਲਦੇ। ਉਨ੍ਹਾਂ ਨੇ ਫੈਸਲਾਬਾਦ ਦੇ ਇੱਕ ਮਸ਼ਹੂਰ ਸੋਲੋ ਗ਼ਜ਼ਲ ਗਾਇਕ ਇਜਾਜ਼ ਕੈੱਸਰ ਨੂੰ ਆਪਣੀਆਂ ਧੁਨਾਂ ਅਤੇ ਕਲਾਮ ਦੇ ਕੇ ਗਵਾਇਆ ਅਤੇ ਉਨ੍ਹਾਂ ਦੀ ਬਹੁਤ ਹੌਂਸਲਾ ਅਫਜ਼ਾਈ ਕੀਤੀ। ਇਲਿਆਸ ਹੁਸੈਨ ਦੱਸਦੇ ਹਨ ਕਿ ਉਹ ਉਸ ਦੀਆਂ ਰਿਕਾਰਡਿੰਗ ਵਿਦੇਸ਼ੀ ਪ੍ਰਮੋਟਰਾਂ ਨੂੰ ਸੁਣਾਉਂਦੇ ਸਨ ਤਾਂ ਕਿ ਇਜਾਜ਼ ਕੈੱਸਰ ਨੂੰ ਵੀ ਵਿਦੇਸ਼ੀ ਟੂਰ ਮਿਲ ਸਕਣ।

ਉਸਤਾਦ ਨੁਸਰਤ ਅਲੀ ਖਾਨ ਨੇ 90ਵੇਂ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿਚ ਲਾਹੌਰ ਵਿਚ ਆਪਣਾ ਸਟੂਡੀਓ ਸਰਗਮ ਬਣਾਇਆ ਅਤੇ ਫਿਰ ਬਹੁਤ ਸਾਰੀਆਂ ਰਿਕਾਰਡਿੰਗਜ਼ ਉਥੇ ਕਰਨ ਲੱਗੇ। ਉਹ 90ਵੇਂ ਦਹਾਕੇ ਦੇ ਸ਼ੁਰੂ ਵਿਚ ਹੀ ਫੈਸਲਾਬਾਦ ਤੋਂ ਲਾਹੌਰ ਆ ਗਏ ਸਨ। ਇਲਿਆਸ ਹੁਸੈਨ ਦੱਸਦੇ ਹਨ ਕਿ ਬਾਲੀਵੁੱਡ ਫਿਲਮ 'ਕੱਚੇ ਧਾਗੇ' ਦੇ ਗੀਤ ਲਈ ਜਦੋਂ ਉਹ ਭਾਰਤ ਗਏ ਤਾਂ ਹੋਟਲ ਦੀ ਲੌਬੀ ਵਿਚ ਉਨ੍ਹਾਂ ਦੇ ਪ੍ਰਸ਼ੰਸਕਾਂ ਅਤੇ ਕਲਾਕਾਰਾਂ ਦੀ ਲੰਮੀ ਲਾਈਨ ਲੱਗੀ ਹੋਈ ਸੀ। ਉਹ ਕਹਿੰਦੇ ਹਨ, "ਹੋਟਲ ਲੌਬੀ ਪੂਰੀ ਤਰ੍ਹਾਂ ਨਾਲ ਭਰ ਚੁੱਕੀ ਸੀ। ਆਮ ਲੋਕਾਂ ਦੇ ਨਾਲ-ਨਾਲ ਉਥੇ ਹੇਮਾ ਮਾਲਿਨੀ ਵਰਗੇ ਵੱਡੇ ਕਲਾਕਾਰ ਵੀ ਸਨ।"

ਇੰਗਲੈਂਡ ਦੇ ਦੌਰੇ ਦੌਰਾਨ ਹੀ ਨੁਸਰਤ ਦੀ ਮੌਤ ਹੋ ਗਈ। ਇਸ ਬਾਰੇ ਇਲਿਆਸ ਕਹਿੰਦੇ ਹਨ, "ਦੌਰੇ ਤੋਂ ਪਹਿਲਾਂ ਕਵਾਲ ਪਾਰਟੀ ਨੂੰ ਸਰਗਮ ਬੁਲਾਇਆ ਗਿਆ ਅਤੇ ਕਿਹਾ ਗਿਆ ਕਿ ਇੰਗਲੈਂਡ ਜਾ ਰਹੇ ਹਾਂ ਅਤੇ ਉਸ ਤੋਂ ਬਾਅਦ ਅਮਰੀਕਾ ਦਾ ਦੌਰਾ ਹੈ ਜਿਥੇ ਤੁਹਾਡੇ ਨਾਲ ਮੁਲਾਕਾਤ ਹੋਵੇਗੀ। ਹੁਣ ਮੇਰੀ ਤਬੀਅਤ ਠੀਕ ਨਹੀਂ ਰਹਿੰਦੀ, ਇਸ ਕਰਕੇ ਵਾਪਸ ਆ ਕੇ ਬਸ ਭਾਰਤ ਨੂੰ ਅਮਰੀਕਾ ਬਣਾ ਦੇਵਾਂਗੇ ਅਤੇ ਉਥੇ ਹੀ ਸ਼ੋਅ ਕਰਾਂਗੇ", ਪਰ ਉਨ੍ਹਾਂ ਨੂੰ ਸ਼ਾਇਦ ਇਹ ਪਤਾ ਨਹੀਂ ਸੀ ਕਿ ਉਨ੍ਹਾਂ ਦੇ ਜਾਣ ਤੋਂ ਬਾਅਦ ਵੀ ਪੂਰੀ ਦੁਨੀਆ ਉਨ੍ਹਾਂ ਦੀ ਕਵਾਲੀ 'ਤੇ ਝੂਮਦੀ ਰਹੇਗੀ।

ਉਸਤਾਦ ਨੁਸਰਤ ਅਲੀ ਖਾਨ ਦੀ ਇਕਲੌਤੀ ਧੀ ਨਿਦਾ ਨੁਸਰਤ ਹੈ ਜੋ ਹੁਣ ਕਨੇਡਾ ਰਹਿੰਦੀ ਹੈ। ਨਿਦਾ ਨੁਸਰਤ ਨੇ ਆਪਣੇ ਪਿਤਾ ਦੀਆਂ ਯਾਦਾਂ ਬਾਰੇ ਕਿਹਾ, "ਮੈਂ ਉਸ ਸਮੇਂ 13-14 ਸਾਲ ਦੀ ਸੀ ਜਦੋਂ ਉਨ੍ਹਾਂ ਦੀ ਮੌਤ ਹੋ ਗਈ। ਮੇਰਾ ਉਨ੍ਹਾਂ ਨਾਲ ਜ਼ਿਆਦਾ ਸਮਾਂ ਤਾਂ ਨਹੀਂ ਬੀਤਿਆ ਪਰ ਬਚਪਨ ਤੋਂ ਲੈ ਕੇ ਹੋਸ਼ ਸੰਭਾਲਣ ਦੇ ਬਾਅਦ ਦੇ 6-7 ਸਾਲਾਂ ਦੀਆਂ ਯਾਦਾਂ ਅੱਜ ਵੀ ਮੇਰੇ ਨਾਲ ਹਨ।" ਉਨ੍ਹਾਂ ਦਾ ਕਹਿਣਾ ਹੈ ਕਿ ਲੇਜੰਡਰੀ ਕਲਾਕਾਰ ਦੀ ਧੀ ਕਹਾਉਣ ਵਿਚ ਬਹੁਤ ਮਾਣ ਮਹਿਸੂਸ ਕਰਦੀ ਹੈ, ਉਨ੍ਹਾਂ ਵਰਗਾ ਕਲਾਕਾਰ ਅਤੇ ਪਿਤਾ ਸ਼ਾਇਦ ਹੀ ਕੋਈ ਹੋਵੇਗਾ। ਉਹ ਕਹਿੰਦੀ ਹੈ ਕਿ ਲੋਕ ਉਸ ਨੂੰ ਪੁੱਛਦੇ ਨੇ ਕਿ ਉਹ ਹੁਣ ਦੁਨੀਆ ਦੇ ਸਾਹਮਣੇ ਕਿਉਂ ਆਈ ਹੈ ਕਿਉਂਕਿ ਉਹ ਉਸ ਬਾਰੇ ਜ਼ਿਆਦਾ ਜਾਣਦੇ ਨਹੀਂ ਤਾਂ ਉਹ ਕਹਿੰਦੀ ਹੈ ਕਿ ਉਸ ਦੇ ਪਿਤਾ ਕੋਈ ਆਮ ਇਨਸਾਨ ਨਹੀਂ ਸਨ ਅਤੇ ਉਹ ਅੱਜ ਵੀ 16 ਅਗਸਤ ਦੇ ਦਿਨ ਜਿਸ ਦਿਨ ਉਸ ਦੇ ਪਿਤਾ ਦੀ ਮੌਤ ਹੋਈ ਸੀ, ਵਿਚ ਹੀ ਜਿਊਂਦੀ ਹੈ।

ਨਿਦਾ ਨੁਸਰਤ ਆਪਣੇ ਪਿਤਾ ਦੀ ਮੁਹੱਬਤ ਬਾਰੇ ਦੱਸਦੀ ਹੈ, "ਮੈਨੂੰ ਬਚਪਨ ਤੋਂ ਹੀ ਪੈੱਨ ਅਤੇ ਕਲਰ ਪੈਂਸਿਲਾਂ ਦਾ ਬਹੁਤ ਸ਼ੌਕ ਸੀ। ਉਹ ਦੁਨੀਆ ਵਿਚ ਜਿਥੇ ਵੀ ਜਾਂਦੇ ਅਲੱਗ-ਅਲੱਗ ਤਰ੍ਹਾਂ ਦੇ ਪੈੱਨ, ਕਲਰਿੰਗ ਬੁੱਕਸ ਅਤੇ ਕਲਰਜ਼ ਮੇਰੇ ਲਈ ਲੈ ਕੇ ਆਉਂਦੇ। ਉਨ੍ਹਾਂ ਦੇ ਸਮਾਨ ਵਿਚ ਅੱਧਾ ਸਮਾਨ ਮੇਰੀਆਂ ਚੀਜ਼ਾਂ ਦਾ ਹੁੰਦਾ।" ਉਹ ਦੱਸਦੀ ਹੈ ਕਿ ਰੁੱਝੇ ਹੋਣ ਕਾਰਨ ਉਸ ਦੇ ਪਿਤਾ ਪਰਿਵਾਰ ਨੂੰ ਬਹੁਤਾ ਸਮਾਂ ਨਹੀਂ ਸੀ ਦੇ ਸਕਦੇ ਅਤੇ ਇਸ ਗੱਲ ਦਾ ਉਨ੍ਹਾਂ ਨੂੰ ਅਹਿਸਾਸ ਸੀ। ਉਹ ਦੱਸਦੀ ਹੈ, "ਇਕ ਵਾਰ ਵਿਦੇਸ਼ ਤੋਂ ਜਦੋਂ ਸ਼ੋਅ ਕਰ ਕੇ ਉਹ ਵਾਪਸ ਆਏ ਤਾਂ ਮੈਨੂੰ ਗੋਦ ਵਿਚ ਬਿਠਾ ਕੇ ਕਹਿਣ ਲੱਗੇ ਕਿ ਉਹ ਹੁਣ ਮੇਰੇ ਨਾਲ ਸਮਾਂ ਬਿਤਾਉਣਗੇ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਬਾਬਾ ਹੁਣ ਤੁਸੀਂ ਕਿੰਨੇ ਦਿਨ ਮੇਰੇ ਨਾਲ ਰਹੋਗੇ ਤਾਂ ਇਸ ਗੱਲ 'ਤੇ ਜ਼ੋਰ-ਜ਼ੋਰ ਨਾਲ ਰੋਣ ਲੱਗੇ।" ਨਿਦਾ ਨੁਸਰਤ ਮੁਤਾਬਿਕ, ਉਸ ਦੇ ਪਿਤਾ ਬੇਹੱਦ ਸੰਵੇਦਨਸ਼ੀਲ ਸੁਭਾਅ ਦੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਵਿਦੇਸ਼ ਦੌਰਿਆਂ ਦੌਰਾਨ ਵੀ ਜੇ ਕਦੀ ਉਸ ਨੂੰ ਪਿਤਾ ਨਾਲ ਜਾਣ ਦਾ ਮੌਕਾ ਮਿਲਿਆ ਤਾਂ ਉਹ ਉਸ ਨੂੰ ਬਿਲਕੁਲ ਸਾਹਮਣੇ ਬਿਠਾਉਂਦੇ ਅਤੇ ਬ੍ਰੇਕ ਦੌਰਾਨ ਸਟੇਜ 'ਤੇ ਬੁਲਾ ਕੇ ਪੁੱਛਦੇ ਰਹਿੰਦੇ।





*ਇਕ ਚਿੱਤਰਕਾਰ ਦੀ ਨਜ਼ਰ ਵਿਚ ਨੁਸਰਤ ਅਤੇ (ਸੱਜੇ) ਸਟੇਜ ਉਤੇ ਸੁਰਾਂ ਦੀ ਛਹਿਬਰ।*

ਨਿਦਾ ਨੁਸਰਤ ਬਚਪਨ ਦਾ ਕਿੱਸਾ ਦੱਸਦੀ ਹੈ, "ਮੇਰੀ ਉਮਰ ਉਸ ਸਮੇਂ ਤਕਰੀਬਨ ਛੇ ਸਾਲ ਦੀ ਸੀ ਅਤੇ ਲੰਡਨ ਦੇ ਸ਼ੋਅ ਲਈ ਮੈਂ ਉਨ੍ਹਾਂ ਦੇ ਨਾਲ ਗਈ ਸੀ। ਘਰ ਤੋਂ ਜਲਦੀ ਨਿਕਲਣ ਕਰਕੇ ਮੇਰੀ ਮੂੰਹ ਵਿਚ ਰੱਖਣ ਵਾਲੀ ਨਿਪਲ ਘਰ ਰਹਿ ਗਈ, ਜਦੋਂ ਸ਼ੋਅ ਲਈ ਹਾਲ ਵਿਚ ਪਹੁੰਚੇ ਤਾਂ ਮੈਂ ਰੋਣਾ ਸ਼ੁਰੂ ਕਰ ਦਿੱਤਾ ਜਿਸ ਕਰ ਕੇ ਬਾਬਾ ਪਰੇਸ਼ਾਨ ਹੋ ਗਏ। ਉਹ ਮੈਨੂੰ ਪਰੇਸ਼ਾਨ ਨਹੀਂ ਸਨ ਦੇਖ ਸਕਦੇ, ਦੂਸਰੇ ਪਾਸੇ ਸ਼ੋਅ ਦੇ ਪ੍ਰਬੰਧਕ ਉਨ੍ਹਾਂ ਨੂੰ ਸ਼ੋਅ ਸ਼ੁਰੂ ਕਰ ਨੂੰ ਕਹਿ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਜਦੋਂ ਤੱਕ ਮੇਰੀ ਧੀ ਚੁੱਪ ਨਹੀਂ ਹੋਵੇਗੀ, ਮੈਂ ਇਹ ਸ਼ੋਅ ਸ਼ੁਰੂ ਨਹੀਂ ਕਰ ਸਕਦਾ। ਫਿਰ ਇੱਕ ਵਿਅਕਤੀ ਨੂੰ ਘਰ ਭੇਜ ਕੇ ਨਿਪਲ ਮੰਗਵਾਇਆ ਗਿਆ ਅਤੇ ਜਦੋਂ ਮੈਂ ਚੁੱਪ ਹੋ ਗਈ ਤਾਂ ਉਨ੍ਹਾਂ ਸ਼ੋਅ ਸ਼ੁਰੂ ਕੀਤਾ। ਸ਼ੋਅ ਦੌਰਾਨ ਵੀ ਉਹ ਮੇਰੇ ਕੋਲ ਆ ਕੇ ਮੈਨੂੰ ਪਿਆਰ ਕਰਦੇ ਰਹੇ।" ਉਹ ਕਹਿੰਦੀ ਹੈ ਕਿ ਜਦੋਂ ਉਸ ਦੇ ਪਿਤਾ ਦੀ ਕੋਈ ਐਲਬਮ ਆਉਂਦੀ ਸੀ, ਉਹ ਸਭ ਤੋਂ ਪਹਿਲਾਂ ਉਸ ਨੂੰ ਦਿੰਦੇ ਸਨ ਅਤੇ ਅਗਲੇ ਦਿਨ ਉਸ ਨੂੰ ਰਿਲੀਜ਼ ਕਰਦੇ ਸਨ, ਉਹ ਪਿਤਾ ਦੀ ਐਲਬਮ ਨੂੰ ਸਿਰਹਾਣੇ ਰੱਖ ਕੇ ਸੌਂਦੀ ਸੀ। ਜਦੋਂ ਨਿਦਾ ਨੂੰ ਪੁੱਛਿਆ ਗਿਆ ਕਿ ਕੀ ਕਦੀ ਨੁਸਰਤ ਨੇ ਉਸ ਨੂੰ ਗਾਉਣ ਲਈ ਕਿਹਾ ਤਾਂ ਨਿਦਾ ਨੇ ਕਿਹਾ, "ਸਾਡੇ ਘਰਾਣੇ ਦੀ ਪਰੰਪਰਾ ਹੈ ਕਿ ਔਰਤਾਂ ਨਹੀਂ ਗਾਉਂਦੀਆਂ ਪਰ ਜਦੋਂ ਕਦੀ ਉਹ ਘਰ ਹੁੰਦੇ ਸੀ ਤਾਂ ਰਿਆਜ਼ ਕਰਨ ਵੇਲੇ ਮੈਨੂੰ ਬੁਲਾ ਲੈਂਦੇ ਸਨ ਅਤੇ ਕਹਿੰਦੇ ਸੀ ਕਿ ਮੇਰੇ ਨਾਲ ਗਾਓ ਤਾਂ ਮੈਂ ਉਨ੍ਹਾਂ ਦੇ ਨਾਲ ਕੁਝ ਗੁਣਗੁਣਾ ਲੈਂਦੀ ਸੀ।"

ਉਹ ਦੱਸਦੀ ਹੈ ਕਿ ਪੇਸ਼ੇਵਾਰਨਾ ਤੌਰ 'ਤੇ ਉਨ੍ਹਾਂ ਨੇ ਕਦੀ ਕੁਝ ਨਹੀਂ ਗਾਇਆ ਪਰ ਹਾਲੇ ਵੀ ਘਰੇਲੂ ਪ੍ਰੋਗਰਾਮਾਂ ਵਿਚ ਉਹ ਗੁਣਗੁਣਾ ਲੈਂਦੀ ਹੈ। ਨੁਸਰਤ ਦੀ ਬੇਟੀ ਦਾ ਕਹਿਣਾ ਸੀ ਕਿ ਉਹ ਬਚਪਨ ਤੋਂ ਹੀ ਛੋਟੀਆਂ-ਛੋਟੀਆਂ ਗੱਲਾਂ ਤੋਂ ਡਰ ਜਾਂਦੀ ਸੀ। ਜੇ ਅੱਬਾ ਨਾਲ ਹੁੰਦੇ ਤਾਂ ਉਨ੍ਹਾਂ ਪਿੱਛੇ ਲੁਕ ਜਾਂਦੀ ਸੀ, "ਉਹ ਹਮੇਸ਼ਾ ਕਹਿੰਦੇ ਕਿ ਤੂੰ ਮੇਰੀ ਧੀ ਨਹੀਂ, ਮੇਰਾ ਪੁੱਤ ਹੈਂ, ਕਦੇ ਕਿਸੇ ਚੀਜ਼ ਤੋਂ ਘਬਰਾਉਣਾ ਨਹੀਂ ਅਤੇ ਹਮੇਸ਼ਾ ਹਰ ਚੀਜ਼ ਦਾ ਬਹਾਦਰੀ ਨਾਲ ਸਾਹਮਣਾ ਕਰਨਾ। ਮੈਨੂੰ ਅਤੇ ਮੇਰੀ ਮਾਂ ਨੂੰ ਹਮੇਸ਼ਾ ਇਸ ਗੱਲ ਦਾ ਦੁੱਖ ਰਹੇਗਾ ਕਿ ਕਾਸ਼! ਅਸੀਂ ਵੀ ਲੰਡਨ ਦੇ ਉਨ੍ਹਾਂ ਦੇ ਆਖਰੀ ਦੌਰੇ ਸਮੇਂ ਉਨ੍ਹਾਂ ਦੇ ਨਾਲ ਚਲੇ ਜਾਂਦੀਆਂ।"

***(ਬੀ.ਬੀ.ਸੀ. ਉਰਦੂ ਤੋਂ ਧੰਨਵਾਦ ਸਹਿਤ)***

# ਆਖ਼ਰੀ ਚਿੱਠੀ

## ਹਿੰਦੀ ਕਹਾਣੀ

ਅੱਜ ਵਿਨੋਦ ਬਾਬੂ ਬਹੁਤ ਉਦਾਸ ਹਨ। ਆਪਣੀ ਪਤਨੀ ਸੰਧਿਆ ਦੀ ਤੇਰ੍ਹਵੀਂ ਮਨਾ ਕੇ ਆਪਣੇ ਕਮਰੇ ਵਿਚ ਅੱਖਾਂ ਮੀਚ ਕੇ ਕੁਝ ਚਿਰ ਬੈਠਣਾ ਚਾਹੁੰਦੇ ਹਨ। ਪਰ ਜਿਉਂ ਹੀ ਅੱਖਾਂ ਬੰਦ ਕੀਤੀਆਂ, ਉਨ੍ਹਾਂ ਦੀਆਂ ਅੱਖਾਂ ਮੂਹਰੇ ਆਪਣੀ ਬੇਟੀ ਦਿਵਿਆ ਦਾ ਚਿਹਰਾ ਆ ਗਿਆ। ਅੱਜ ਵਿਨੋਦ ਜੀ ਨੂੰ ਆਪਣੀ ਇਕੱਲਤਾ ਦੀ ਚਿੰਤਾ ਹੋ ਰਹੀ ਹੈ। ਉਹ ਉਠੇ ਅਤੇ ਦਿਵਿਆ ਦੇ ਕਮਰੇ ਵਿਚ ਗਏ। ਉਥੇ ਜਾ ਕੇ ਉਨ੍ਹਾਂ ਨੇ ਦਿਵਿਆ ਨੂੰ ਆਪਣੇ ਬਿਸਤਰੇ 'ਤੇ ਉਦਾਸ ਲੇਟਿਆਂ ਵੇਖਿਆ ਅਤੇ ਉਹਦੇ ਸਿਰ 'ਤੇ ਪਿਆਰ ਨਾਲ ਹੱਥ ਫੇਰਦਿਆਂ ਕਿਹਾ, "ਮੈਨੂੰ ਪਤਾ ਹੈ ਕਿ ਅੱਜ ਤੂੰ ਕੀ ਮਹਿਸੂਸ ਕਰ ਰਹੀ ਏਂ? ਇਹ ਮੇਰੇ ਲਈ ਕਹਿ ਸਕਣਾ ਮੁਸ਼ਕਿਲ ਹੈ। ਪਰ ਬੇਟਾ, ਤੂੰ ਮੇਰੇ ਲਈ ਬਹੁਤ ਹੀ ਅਨਮੋਲ ਹੈਂ। ਅੱਜ ਤੱਕ ਤੇਰੇ ਨਾਲ ਜੋ ਬੇਇਨਸਾਫ਼ੀ ਹੋਈ ਹੈ, ਮੈਂ ਵੀ ਉਹਦੇ ਲਈ

**ਮੂਲ: ਅਦਿਤੀ ਸਿੰਘ ਭਦੌਰੀਆ**
**ਅਨੁ: ਪ੍ਰੋ. ਨਵ ਸੰਗੀਤ ਸਿੰਘ**
**ਫੋਨ: 94176-92015**

ਜ਼ਿੰਮੇਵਾਰ ਹਾਂ। ਤੇਰੀ ਮਾਂ ਨੇ ਜਿਸ ਤਰ੍ਹਾਂ ਤੇਰੇ ਅਤੇ ਤੇਰੇ ਭਰਾਵਾਂ ਵਿਚ ਭੇਦਭਾਵ ਕੀਤਾ ਹੈ, ਹੁਣ ਮੈਂ ਉਸਦਾ ਪਛਤਾਵਾ ਕਰਾਂਗਾ ਅਤੇ ਤੈਨੂੰ ਕਿਸੇ ਵੀ ਤਰ੍ਹਾਂ ਦੀ ਤਕਲੀਫ਼ ਨਹੀਂ ਹੋਣ ਦਿਆਂਗਾ।"

ਇੰਨਾ ਕਹਿ ਕੇ ਵਿਨੋਦ ਬਾਬੂ ਆਪਣੇ ਕਮਰੇ ਵਿਚ ਮੁੜ ਆਏ ਅਤੇ ਆਉਂਦਿਆਂ ਹੀ ਆਪਣੀ ਪਤਨੀ ਦੀ ਤਸਵੀਰ ਮੂਹਰੇ ਖੜ੍ਹੇ ਹੋ ਕੇ ਕਹਿਣ ਲੱਗੇ, "ਕਿਉਂ ਕੀਤਾ ਤੂੰ ਅਜਿਹਾ? ਆਖ਼ਰ ਕੀ ਕਮੀ ਸੀ ਮੇਰੇ ਪਿਆਰ ਵਿਚ...?"

ਉਹ ਆਪਣੀਆਂ ਅੱਖਾਂ ਬੰਦ ਕਰਕੇ ਅਤੀਤ ਵਿਚ ਚਲੇ ਗਏ, ਜਦੋਂ ਪਹਿਲੀ ਵਾਰੀ ਆਪਣੇ ਮਾਪਿਆਂ ਨਾਲ ਸੰਧਿਆ ਨੂੰ ਵੇਖਣ ਗਏ ਸਨ। ਸੰਧਿਆ ਦੀ ਸਾਦਗੀ ਨੇ ਵਿਨੋਦ ਬਾਬੂ ਅਤੇ ਉਨ੍ਹਾਂ ਦੇ ਪਰਿਵਾਰ ਦਾ ਮਨ ਮੋਹ ਲਿਆ ਅਤੇ ਸ਼ਾਦੀ ਪੱਕੀ ਹੋ ਗਈ। ਸੰਧਿਆ ਦੇ ਰੂਪ ਵਿਚ ਇਕ ਸੁਸ਼ੀਲ ਵਹੁਟੀ ਨਾਲ ਵਿਨੋਦ ਬਾਬੂ ਅਤੇ ਉਨ੍ਹਾਂ ਦੇ ਪਰਿਵਾਰ ਵਿਚ ਖੁਸ਼ੀਆਂ ਛਾ ਗਈਆਂ ਸਨ। ਵਿਨੋਦ ਬਾਬੂ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸਨ। ਪਰ ਸੰਧਿਆ ਦੇ ਆਉਣ ਪਿੱਛੋਂ ਉਨ੍ਹਾਂ ਦੇ ਘਰ ਵਿਚ ਬੇਟੀ ਦਾ ਵੀ ਆਗਮਨ ਹੋਇਆ। ਦੋਵਾਂ ਨੇ ਮਿਲ ਕੇ ਇੱਕ ਸੁਖੀ ਪਰਿਵਾਰ ਬਣਾਇਆ। ਇਸ ਖੁਸ਼ੀ ਨੂੰ ਚਾਰ ਚੰਨ ਲੱਗ ਗਏ, ਜਦੋਂ ਵਿਨੋਦ ਬਾਬੂ ਅਤੇ ਸੰਧਿਆ ਦੇ ਘਰ ਪਹਿਲੇ ਬੇਟੇ ਦਾ ਜਨਮ ਹੋਇਆ ਅਤੇ ਨਾਂ ਰੱਖਿਆ ਮੁਕੇਸ਼। ਪਰਿਵਾਰ ਵਧਣ ਲੱਗਿਆ। ਮੁਕੇਸ਼ ਪਿੱਛੋਂ ਛੋਟੇ ਬੇਟੇ ਰਤਨ ਦਾ ਜਨਮ ਹੋਇਆ।

ਸਮਾਂ ਆਪਣੀ ਚਾਲ ਚੱਲ ਰਿਹਾ ਸੀ। ਵਿਨੋਦ ਬਾਬੂ ਦੇ ਪਿਤਾ ਜੀ ਦੇ ਦੇਹਾਂਤ ਤੋਂ ਤਿੰਨ ਮਹੀਨੇ ਪਿੱਛੋਂ ਹੀ ਵਿਨੋਦ ਦੀ ਮਾਤਾ ਵੀ ਗੁਜ਼ਰ ਗਏ। ਇਸ ਮੁਸ਼ਕਿਲ ਸਮੇਂ ਵਿਚ ਸੰਧਿਆ ਦੇ ਤੀਜੀ ਵਾਰ ਮਾਂ ਬਣਨ ਦੀ ਖ਼ਬਰ ਨੇ ਹਲਕੀ ਜਿਹੀ ਖੁਸ਼ੀ ਦਿੱਤੀ। ਪਰ ਸੰਧਿਆ ਦੀ ਸਿਹਤ ਵਿਗੜ ਰਹੀ ਸੀ। ਇਸ ਲਈ ਉਹ ਆਪਣੇ ਪੇਕੇ ਚਲੀ ਗਈ। ਕੁਝ ਮਹੀਨਿਆਂ ਪਿੱਛੋਂ ਵਿਨੋਦ ਬਾਬੂ ਨੂੰ ਬੇਟੀ ਹੋਣ ਦੀ ਸੂਚਨਾ ਮਿਲੀ। ਉਹ ਖੁਸ਼ੀ-ਖੁਸ਼ੀ ਆਪਣੀ ਬੇਟੀ ਨੂੰ ਵੇਖਣ ਗਏ ਤਾਂ ਅੱਗੋਂ ਸੰਧਿਆ ਬੜੀ ਨਰਾਜ਼ ਸੀ। ਜਦੋਂ ਵਿਨੋਦ ਬਾਬੂ ਨੇ ਕਾਰਨ ਪੁੱਛਿਆ ਤਾਂ ਸੰਧਿਆ ਨੇ ਕਿਹਾ, "ਮੈਂ ਬੇਟੀ ਦੀ ਮਾਂ ਨਹੀਂ ਬਣਨਾ ਚਾਹੁੰਦੀ ਸਾਂ! ਕਿੰਨੀ ਮੁਸੀਬਤ ਦੀ ਗੱਲ ਹੈ!" ਸੰਧਿਆ ਦੀ ਗੱਲ ਸੁਣ ਕੇ ਵਿਨੋਦ ਬਾਬੂ ਹੈਰਾਨ ਤਾਂ ਬਹੁਤ ਹੋਏ ਪਰ ਉਨ੍ਹਾਂ ਨੂੰ ਲੱਗਿਆ ਕਿ ਸ਼ਾਇਦ ਸੰਧਿਆ ਥੱਕੀ ਹੋਈ ਹੋਵੇ। ਸੰਧਿਆ ਨੇ ਉਨ੍ਹਾਂ ਨੂੰ ਬੱਚਿਆਂ ਨਾਲ ਵੀ ਨਹੀਂ ਮਿਲਣ ਦਿੱਤਾ। ਉਹ ਬੱਚਿਆਂ ਨੂੰ ਬਿਨਾਂ ਮਿਲਿਆਂ ਹੀ ਪਰਤ ਆਏ।

ਜਦੋਂ ਕੁਝ ਮਹੀਨੇ ਪਿੱਛੋਂ ਵੀ ਸੰਧਿਆ ਘਰ ਨਾ ਪਰਤੀ ਤੇ ਨਾ ਹੀ ਵਿਨੋਦ ਬਾਬੂ ਨੂੰ ਮਿਲਣ ਆਉਣ ਦਿੱਤਾ ਤਾਂ ਉਹ ਪ੍ਰੇਸ਼ਾਨ ਹੋ ਗਏ। ਕਾਰਨ ਜਾਣਨ ਲਈ ਇੱਕ ਦਿਨ ਸੰਧਿਆ ਦੀ ਮਾਂ ਦੇ ਘਰ ਚਲੇ ਗਏ। ਸੰਧਿਆ ਦੇ ਸੁਭਾਅ ਵਿਚ ਆਈ ਤਬਦੀਲੀ ਨੂੰ ਉਹ ਸਮਝ ਨਾ ਸਕੇ।

ਸੰਧਿਆ ਤੋਂ ਕਾਰਨ ਪੁੱਛਿਆ ਤਾਂ ਉਹਨੇ ਕਿਹਾ, "ਮੈਂ ਅੱਗੇ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ ਹੈ। ਤੁਸੀਂ ਤਾਂ ਮੈਨੂੰ ਬੱਚੇ ਪੈਦਾ ਕਰਨ ਦੀ ਮਸ਼ੀਨ ਬਣਾ ਰਹੇ ਹੋ ਅਤੇ ਹਾਂ, ਮੈਂ ਸਿਰਫ਼ ਬੱਚੇ ਹੀ ਨਹੀਂ ਪਾਲਾਂਗੀ, ਆਪਣੇ ਲਈ ਵੀ ਕੁਝ ਕਰਾਂਗੀ।"

ਵਿਨੋਦ ਬਾਬੂ ਨੇ ਸੰਧਿਆ ਨੂੰ ਸਮਝਾਉਣਾ ਚਾਹਿਆ, "ਸੰਧਿਆ, ਤੂੰ ਘਰ ਚੱਲ। ਆਪਾਂ ਘਰ ਦੇ ਕੰਮਾਂ ਲਈ ਕੋਈ ਨੌਕਰ ਰੱਖ ਲਵਾਂਗੇ। ਤੂੰ ਜੋ ਕਰਨਾ ਚਾਹੁੰਦੀ ਹੈਂ, ਕਰ ਲਵੀਂ!"

ਸੰਧਿਆ ਨੇ ਵਿਨੋਦ ਬਾਬੂ ਦੀ ਗੱਲ ਨੂੰ ਅਣਸੁਣਿਆ ਕਰਕੇ ਭਾਵਹੀਣ ਚਿਹਰੇ ਨਾਲ ਕਿਹਾ, "ਮੁੰਡਿਆਂ ਨੂੰ ਹੋਸਟਲ ਭੇਜ ਦਿਓ, ਮੈਂ ਬੇਟੀ ਨਾਲ ਆਪਣੀ ਮਾਂ ਕੋਲ ਹੀ ਰਹਾਂਗੀ।"

ਇਹ ਸੁਣ ਕੇ ਵਿਨੋਦ ਬਾਬੂ ਦਾ ਗਲਾ ਭਰ ਆਇਆ, "ਤਲਾਕ ਚਾਹੁੰਦੀ ਹੈਂ?" ਰੋਣ-ਹਾਕੇ ਹੋ ਕੇ ਉਨ੍ਹਾਂ ਨੇ ਪੁੱਛਿਆ।

"ਨਹੀਂ, ਦੂਰੀ...।" ਕਹਿ ਕੇ ਸੰਧਿਆ ਨੇ ਘਰ ਦਾ ਬੂਹਾ ਬੰਦ ਕਰ ਲਿਆ।

ਭਾਰੀ ਮਨ ਨਾਲ ਵਿਨੋਦ ਬਾਬੂ ਆਪਣੇ ਘਰ ਪਰਤੇ। ਮਾਂ-ਪਿਉ ਦੀ ਮੌਤ ਪਿੱਛੋਂ ਉਹ ਬੜੇ ਟੁੱਟ ਚੁੱਕੇ ਸਨ। ਹੁਣ ਪਤਨੀ ਤੋਂ ਵੀ ਦੂਰੀ। ਉਹ ਇਸ ਮਾਨਸਿਕ ਸਥਿਤੀ ਵਿਚ ਨਹੀਂ ਸਨ ਕਿ ਬੇਟਿਆਂ ਦੀ ਦੇਖਭਾਲ ਖ਼ੁਦ ਕਰ ਸਕਣ।

ਕੁਝ ਹੀ ਸਮੇਂ ਵਿਚ ਹੱਸਦੇ-ਖੇਡਦੇ ਪਰਿਵਾਰ ਨੂੰ ਨਜ਼ਰ ਲੱਗ ਗਈ। ਸਭ ਕੁਝ ਖਿੰਡਰ ਗਿਆ। ਸੰਧਿਆ ਆਪਣੀ ਬੇਟੀ ਨਾਲ ਮਾਂ ਦੇ ਘਰੇ ਰਹਿਣ ਲੱਗੀ। ਉਹ ਆਪਣੇ ਪੁੱਤਰਾਂ ਨੂੰ ਮਿਲਣ ਜਾਂਦੀ ਪਰ ਨੌਕਰੀ ਕਰਨ ਕਰਕੇ ਹੁਣ ਸਮਾਂ ਨਾ ਕੱਢ ਸਕਦੀ। ਵਿਨੋਦ ਬਾਬੂ ਨੇ ਵੀ ਹੁਣ ਉਹਨੂੰ ਸਮਝਾਉਣਾ ਛੱਡ ਦਿੱਤਾ ਸੀ। ਉਨ੍ਹਾਂ ਨੇ ਬੇਟਿਆਂ ਅਤੇ ਘਰ ਦੇ ਕੰਮਾਂ ਵਿਚ ਖੁਦ ਨੂੰ ਬਿਜ਼ੀ ਕਰ ਲਿਆ। ਕੰਮ ਵਿਚ ਵਧਦੀਆਂ ਜ਼ਿੰਮੇਵਾਰੀਆਂ ਕਰਕੇ ਉਹ ਆਪਣੀ ਧੀ ਨੂੰ ਵੀ ਵਧੇਰੇ ਨਹੀਂ ਮਿਲ ਸਕਦੇ ਸਨ। ਅਸਲ ਵਿਚ ਸੰਧਿਆ ਨੂੰ ਵੇਖ ਕੇ ਉਨ੍ਹਾਂ ਦਾ ਮਨ ਦੁਖੀ ਹੁੰਦਾ। ਸੰਧਿਆ ਦਿਨੋਂ-ਦਿਨ ਬਦਲਦੀ



ਜਾ ਰਹੀ ਸੀ।

ਸਮਾਂ ਬੀਤਦਾ ਗਿਆ। ਦੋਵਾਂ ਬੇਟਿਆਂ ਨੂੰ ਚੰਗੇ ਥਾਈਂ ਨੌਕਰੀ ਮਿਲ ਗਈ ਅਤੇ ਦੋਹਾਂ ਦੀ ਸ਼ਾਦੀ ਵੀ ਹੋ ਗਈ। ਦੋਹਾਂ ਬੇਟਿਆਂ ਨੇ ਮਾਂ ਨੂੰ ਨਾਲ ਰਹਿਣ ਲਈ ਬੜਾ ਜ਼ੋਰ ਲਾਇਆ। ਪਰ ਸੰਧਿਆ ਨਿਰਲੇਪ ਰਹੀ। ਵਿਨੋਦ ਬਾਬੂ ਬੇਟਿਆਂ ਨਾਲ ਰਹਿਣ ਲੱਗ ਪਏ।

ਅਚਾਨਕ ਖ਼ਬਰ ਮਿਲੀ ਕਿ ਸੰਧਿਆ ਨੂੰ ਕੈਂਸਰ ਹੋ ਗਿਆ ਹੈ ਅਤੇ ਆਖ਼ਰੀ ਸਟੇਜ 'ਤੇ ਹੈ। ਸਾਰੇ ਹਸਪਤਾਲ ਪੁੱਜੇ। ਸੰਧਿਆ ਦੇ ਹੱਥ ਵਿਚ ਦਿਵਿਆ ਦਾ ਹੱਥ ਸੀ। ਅਤੇ ਦੋਹਾਂ ਦੇ ਚਿਹਰਿਆਂ 'ਤੇ ਡਰ ਸੀ। ਵਿਨੋਦ ਨੂੰ ਵੇਖਦੇ ਹੀ ਸੰਧਿਆ ਦੇ ਚਿਹਰੇ 'ਤੇ ਡਰ ਦੀ ਥਾਂ ਸ਼ਾਂਤੀ ਆ ਗਈ।

ਉਹਨੇ ਬੜੇ ਯਤਨ ਨਾਲ ਆਪਣੇ ਸਿਰਹਾਣੇ ਹੇਠ ਰੱਖਿਆ ਇਕ ਲਿਫਾਫਾ ਕੱਢਿਆ ਅਤੇ ਵਿਨੋਦ ਦੇ ਹੱਥ ਦਿੰਦਿਆਂ ਕਿਹਾ, "ਮੇਰੇ ਜਾਣ ਪਿੱਛੋਂ ਪੜ੍ਹਨਾ।" ਕਹਿ ਕੇ ਸੰਧਿਆ ਨੇ ਹਮੇਸ਼ਾ ਲਈ ਅੱਖਾਂ ਮੀਚ ਲਈਆਂ।

ਦਿਵਿਆ ਚੁੱਪ-ਚੁੱਪ ਰਹਿਣ ਲੱਗੀ। ਕਿਸੇ ਨਾਲ ਕੋਈ ਗੱਲ ਨਾ ਕਰਦੀ। ਬਸ ਸੰਧਿਆ ਦੀ ਫ਼ੋਟੋ ਕੋਲ ਖਾਮੋਸ਼ ਬੈਠੀ ਰਹਿੰਦੀ। ਮਾਂ-ਧੀ ਵਿਚ ਬਹੁਤ ਪਿਆਰ ਸੀ। ਸਹੇਲੀਆਂ ਵਾਂਗ ਰਹਿੰਦੀਆਂ ਸਨ। ਵਿਨੋਦ ਬਾਬੂ ਨੂੰ ਚੁਭਦਾ ਵੀ ਸੀ। ਜੋ ਪਿਆਰ ਸੰਧਿਆ ਆਪਣੀ ਬੇਟੀ ਨੂੰ ਦਿੰਦੀ ਸੀ, ਬੇਟਿਆਂ ਦੀ ਕਿਸਮਤ ਵਿਚ ਉਹ ਪਿਆਰ ਨਹੀਂ ਸੀ। ਇਹੀ ਕਾਰਨ ਸੀ ਕਿ ਉਹ ਬੇਟਿਆਂ ਵੱਲ ਵਧੇਰੇ ਝੁਕ ਗਏ।

ਇਹ ਸਭ ਸੋਚਦਿਆਂ ਵਿਨੋਦ ਬਾਬੂ ਦੀ ਅੱਖ ਖੁੱਲ੍ਹ ਗਈ। ਉਹ ਉਠੇ ਅਤੇ ਆਪਣੀ ਅਲਮਾਰੀ ਕੋਲ ਗਏ। ਅਲਮਾਰੀ ਖੋਲ੍ਹ ਕੇ ਸੰਧਿਆ ਦਾ ਦਿੱਤਾ ਲਿਫ਼ਾਫ਼ਾ ਕੱਢਿਆ, ਜੋ ਉਹ ਰੱਖ ਕੇ ਭੁੱਲ ਚੁੱਕੇ ਸਨ। ਸੰਧਿਆ ਨੇ ਹਸਪਤਾਲ ਵਿਚ ਇਹ ਕਹਿ ਕੇ ਦਿੱਤਾ ਸੀ ਕਿ ਮੇਰੇ ਪਿੱਛੋਂ ਪੜ੍ਹਨਾ। ਵਿਨੋਦ ਬਾਬੂ ਨੇ ਲਿਫ਼ਾਫ਼ਾ ਖੋਲ੍ਹਿਆ ਤੇ ਚਿੱਠੀ ਪੜ੍ਹਨ ਲੱਗੇ। ਚਿੱਠੀ ਸੰਧਿਆ ਦੀ ਖ਼ੂਬਸੂਰਤ ਲਿਖਾਈ ਵਿਚ ਸੀ:

ਪਿਆਰੇ ਵਿਨੋਦ,

ਮੈਨੂੰ ਪਤਾ ਹੈ ਕਿ ਤੁਸੀਂ ਮੇਰੇ ਨਾਲ ਨਾਰਾਜ਼ ਹੋ। ਤੁਸੀਂ ਮੈਨੂੰ ਸਭ ਕੁਝ ਦਿੱਤਾ, ਜਿਹਦੀ ਕਲਪਨਾ ਕੋਈ ਲੜਕੀ ਕਰਦੀ ਹੈ। ਬਹੁਤ ਸਾਰਾ ਪਿਆਰ ਅਤੇ ਇੱਜ਼ਤ। ਦੋਹਾਂ ਬੇਟਿਆਂ ਪਿੱਛੋਂ ਜਦੋਂ ਮਾਂ ਬਣਨ ਦੀ ਖ਼ਬਰ ਸੁਣੀ ਤਾਂ ਮੈਂ ਵੀ ਬੜੀ ਖੁਸ਼ ਹੋਈ। ਮੇਰੀ ਤਬੀਅਤ ਠੀਕ ਨਹੀਂ ਸੀ। ਮੈਂ ਮਾਂ ਕੋਲ ਆ ਗਈ। ਪਰ ਮੈਨੂੰ ਨਹੀਂ ਸੀ ਪਤਾ ਕਿ ਇਹ ਪਰਮਾਤਮਾ ਦੀ ਮਰਜ਼ੀ ਸੀ ਕਿ ਮੈਂ ਇਸ ਬੱਚੇ ਨੂੰ ਮਾਂ ਕੋਲ ਜਨਮ ਦਿਆਂ। ਦਿਵਿਆ ਦੇ ਜਨਮ ਪਿੱਛੋਂ ਮੈਂ ਤੁਹਾਨੂੰ ਕਿਹਾ ਕਿ ਮੈਂ ਅੱਗੇ ਪੜ੍ਹਨਾ ਚਾਹੁੰਦੀ ਹਾਂ ਅਤੇ ਬੇਟਿਆਂ ਨੂੰ ਵੀ ਦੂਰ ਕਰ ਦਿੱਤਾ, ਆਪਣੇ ਸਵਾਰਥ ਲਈ। ਦਿਵਿਆ ਨੂੰ ਵੀ ਤੁਹਾਨੂੰ ਜਾਂ ਕਿਸੇ ਨੂੰ ਮਿਲਣ ਨਹੀਂ ਦਿੱਤਾ। ਮੈਂ ਕਿਸੇ ਰਿਸ਼ਤੇਦਾਰ ਨਾਲ ਵੀ ਚੰਗਾ ਵਿਹਾਰ ਨਹੀਂ ਕੀਤਾ, ਜਿਸ ਕਰਕੇ ਸਾਰੇ ਮੈਥੋਂ ਦੂਰ ਹੋ ਗਏ।

ਮੈਂ ਸਭ ਕੁਝ ਆਪਣੀ ਬੇਟੀ ਲਈ ਕੀਤਾ। ਜਦੋਂ ਮੈਨੂੰ ਪਤਾ ਲੱਗਿਆ ਕਿ ਦਿਵਿਆ ਨਾ ਤਾਂ ਸਾਡੀ ਧੀ ਹੈ ਤੇ ਨਾ ਹੀ ਪੁੱਤਰ। ਮੈਂ ਡਰ ਗਈ ਸੀ ਕਿ ਕਿਤੇ ਲੋਕ ਉਹਨੂੰ ਆਪਣੇ ਮਨੋਰੰਜਨ ਦਾ ਸਾਧਨ ਨਾ ਬਣਾ ਲੈਣ! ਮੈਨੂੰ ਇਹੋ ਠੀਕ ਲੱਗਿਆ ਕਿ ਮੈਂ ਸਭ ਦੀਆਂ ਨਜ਼ਰਾਂ ਵਿਚ ਬੁਰੀ ਬਣ ਜਾਵਾਂ। ਪਰ ਆਪਣੀ ਧੀ ਨੂੰ ਬਚਾ ਲਵਾਂ। ਮੇਰੀ ਮਾਂ ਨੇ ਵੀ ਮੇਰੇ ਇਸ ਵਚਨ ਨੂੰ ਨਿਭਾਉਣ ਵਿਚ ਆਪਣੀ ਪੂਰੀ ਜ਼ਿੰਦਗੀ ਲਾ ਦਿੱਤੀ। ਮੈਨੂੰ ਮੁਆਫ਼ ਕਰ ਦੇਣਾ। ਮੈਂ ਤੁਹਾਥੋਂ ਵੀ ਇਹ ਗੱਲ ਛੁਪਾ ਲਈ, ਕਿਉਂਕਿ ਮੈਂ ਬਹੁਤ ਡਰ ਗਈ ਸਾਂ। ਤੁਸੀਂ ਇਹ ਗੱਲ ਕਿਸੇ ਨੂੰ ਨਾ ਦੱਸਣਾ। ਤੁਸੀਂ ਚਾਹੋ ਤਾਂ ਇਹਨੂੰ ਜ਼ਹਿਰ ਦੇ ਦੇਣਾ। ਅੱਜ ਮੈਨੂੰ ਪਤਾ ਲੱਗਿਆ ਹੈ ਕਿ ਮੈਂ ਵਧੇਰੇ ਦਿਨ ਨਹੀਂ ਬਚਾਂਗੀ, ਤਾਂ ਮੇਰੇ ਅੰਦਰ ਦਿਵਿਆ ਨੂੰ ਲੈ ਕੇ ਅਸੁਰੱਖਿਆ ਆ ਗਈ। ਹੁਣ ਇਹਦਾ ਕੀ ਬਣੇਗਾ...?

ਵਿਨੋਦ ਬਾਬੂ ਦੇ ਹੱਥਾਂ ਵਿਚੋਂ ਚਿੱਠੀ ਹੇਠਾਂ ਡਿੱਗ ਪਈ। ਅੱਜ ਉਹ ਆਪਣੀਆਂ ਹੀ ਨਜ਼ਰਾਂ ਵਿਚ ਡਿੱਗ ਪਏ ਸਨ। ਉਨ੍ਹਾਂ ਨੇ ਆਪਣੇ ਬੇਟਿਆਂ ਨੂੰ ਸੱਦਿਆ ਅਤੇ ਸੰਧਿਆ ਦੀ ਚਿੱਠੀ ਸਭ ਨੂੰ ਪੜ੍ਹਾਈ। ਸਭ ਦੀਆਂ ਨਜ਼ਰਾਂ ਵਿਚ ਆਪਣੀ ਮਾਂ ਲਈ ਸਨਮਾਨ ਸੀ।

ਉਦੋਂ ਹੀ ਵੱਡੀ ਵਹੁਟੀ ਨੇ ਕਿਹਾ, "ਅਸੀਂ ਮਾਂ ਦੀ ਕੁਰਬਾਨੀ ਨੂੰ ਵਿਅਰਥ ਨਹੀਂ ਜਾਣ ਦਿਆਂਗੇ। ਦਿਵਿਆ ਦੀਦੀ ਹਮੇਸ਼ਾ ਸਾਡੇ ਨਾਲ ਰਹੇਗੀ।" ਦਿਵਿਆ ਨੂੰ ਵੀ ਸੱਦਿਆ ਗਿਆ। ਵਿਨੋਦ ਬਾਬੂ ਨੇ ਦਿਵਿਆ ਦੇ ਸਿਰ ਉਤੇ ਹੱਥ ਰੱਖ ਕੇ ਕਿਹਾ, "ਮੈਨੂੰ ਸਭ ਕੁਝ ਪਤਾ ਲੱਗ ਗਿਆ ਹੈ। ਤੂੰ ਘਬਰਾ ਨਾ। ਇਹ ਤੇਰੀ ਮਾਂ ਦੀ ਤਪੱਸਿਆ ਦਾ ਹੀ ਫਲ ਹੈ। ਅੱਜ ਤੋਂ ਤੂੰ ਕਦੇ ਉਦਾਸ ਨਹੀਂ ਹੋਵੇਂਗੀ।"

ਵਿਨੋਦ ਬਾਬੂ ਦੇ ਛੋਟੇ ਬੇਟੇ ਨੇ ਆਪਣੀ ਨੌਕਰੀ ਛੱਡ ਦਿੱਤੀ ਅਤੇ ਆਪਣੇ ਵੱਡੇ ਭਰਾ ਕੋਲ ਆ ਕੇ ਆਪਣਾ ਕਾਰੋਬਾਰ ਸ਼ੁਰੂ ਕਰ ਲਿਆ, ਜਿਸ ਵਿਚ ਦਿਵਿਆ ਨੂੰ ਵੀ ਸ਼ਾਮਲ ਕੀਤਾ ਗਿਆ ਤਾਂ ਕਿ ਦਿਵਿਆ ਆਪਣੇ ਪੈਰਾਂ 'ਤੇ ਖੜ੍ਹੀ ਹੋ ਸਕੇ।

ਹੁਣ ਦਿਵਿਆ ਦੀਆਂ ਅੱਖਾਂ ਵਿਚ ਉਦਾਸੀ ਨਹੀਂ, ਸਗੋਂ ਆਪਣੀ ਮਾਂ ਪ੍ਰਤੀ ਆਦਰ ਤੇ ਪਿਆਰ ਸੀ। ਉਹਦੀ ਮਾਂ ਦੀ ਆਖ਼ਰੀ ਚਿੱਠੀ ਨੇ ਉਹਦੀ ਜ਼ਿੰਦਗੀ ਦੀ ਦਿਸ਼ਾ ਹੀ ਬਦਲ ਦਿੱਤੀ ਸੀ...।

# 'ਵਿਚ ਬੋਲੂੰਗਾ ਤੇਰੇ' ਨਾਲ ਮੁੜ ਸਰਗਰਮ ਹੋਇਆ ਜਿੰਮੀ ਸ਼ਰਮਾ

ਮੌਜੂਦਾ ਦੌਰ ਦੇ ਗਾਇਕੀ ਪ੍ਰਧਾਨ ਸਿਨਮੇ ਵਿਚ ਬਹੁਤੇ ਗਾਇਕ ਨਾਇਕ ਬਣ ਕੇ ਉੱਭਰੇ ਹਨ ਪ੍ਰੰਤੂ ਕੁਝ ਨਾਇਕ ਅਜਿਹੇ ਵੀ ਹਨ ਜੋ ਇਨ੍ਹਾਂ ਗਾਇਕਾਂ ਦੇ ਹੀ ਗੀਤਾਂ ਵਿਚ ਅਦਾਕਾਰੀ ਕਰ ਕੇ ਸਟਾਰ ਕਲਾਕਾਰ ਬਣੇ। ਅਜਿਹੇ ਅਦਾਕਾਰਾਂ 'ਚੋਂ ਇਕ ਨਾਂ ਹੈ ਜਿੰਮੀ ਸ਼ਰਮਾ, ਜੋ ਪਿਛਲੇ ਦੋ ਦਹਾਕਿਆਂ ਤੋਂ ਮਿਊਜ਼ਿਕ ਵੀਡੀਓਜ਼ ਦੇ ਖੇਤਰ ਦਾ ਜਾਣਿਆ ਪਛਾਣਿਆ ਚਿਹਰਾ ਹੈ। ਇਸੇ ਪਛਾਣ

**ਸੁਰਜੀਤ ਜੱਸਲ**
**ਫੋਨ: 98146-07737**

ਨੇ ਜਿੰਮੀ ਸ਼ਰਮਾ ਨੂੰ ਪੰਜਾਬੀ ਫ਼ਿਲਮਾਂ ਨਾਲ ਜੋੜਿਆ ਜੋ ਬਤੌਰ ਨਾਇਕ ਇਕ ਦਰਜਨ ਦੇ ਕਰੀਬ ਫ਼ਿਲਮਾਂ ਕਰ ਚੁੱਕਿਆ ਹੈ।


ਕੁਝ ਸਾਲਾਂ ਦੇ ਵਕਫ਼ੇ ਬਾਅਦ ਜਿੰਮੀ ਸ਼ਰਮਾ ਇਨ੍ਹੀਂ ਦਿਨੀਂ ਆਪਣੀ ਨਵੀਂ ਫ਼ਿਲਮ 'ਵਿਚ ਬੋਲੂੰਗਾ ਤੇਰੇ' ਨਾਲ ਮੁੜ ਸਰਗਰਮ ਹੋਇਆ ਹੈ। ਗੋਇਲ ਮਿਊਜ਼ਿਕ ਦੀ ਪੇਸ਼ਕਸ਼ ਤੇ ਵਿੰਨਰ ਫ਼ਿਲਮਜ਼ ਦੇ ਬੈਨਰ ਹੇਠ ਬਣੀ ਲੇਖਕ ਨਿਰਦੇਸ਼ਕ ਗੁਰਮੀਤ ਸਾਜਨ ਤੇ ਮਨਜੀਤ ਸਿੰਘ ਟੋਨੀ ਦੀ ਇਸ ਫ਼ਿਲਮ ਬਾਰੇ ਜਿੰਮੀ ਨੇ ਦੱਸਿਆ ਕਿ ਇਹ ਫ਼ਿਲਮ ਕਾਮੇਡੀ, ਰੁਮਾਂਸ ਤੇ ਟਰੈਜਡੀ ਆਧਾਰਤ ਮਨੋਰੰਜਨ ਭਰਪੂਰ ਕਹਾਣੀ ਹੈ ਜਿਸ ਵਿਚ ਬਤੌਰ ਨਾਇਕ ਉਸ ਨੇ ਪਟਵਾਰੀ ਦਾ ਕਿਰਦਾਰ ਨਿਭਾਇਆ ਹੈ ਜੋ ਫ਼ਿਲਮ ਦੀ ਨਾਇਕਾ ਨੂੰ ਪਿਆਰ ਕਰਦਾ ਹੈ। ਇਸ ਫ਼ਿਲਮ ਵਿਚ ਰਵਿੰਦਰ ਗਰੇਵਾਲ ਨੇ ਭੂਤ ਦਾ ਕਿਰਦਾਰ ਨਿਭਾਇਆ ਹੈ ਜਿਸ ਦੇ ਆਲੇ-ਦੁਆਲੇ ਸਾਰੀ ਫ਼ਿਲਮ ਘੁੰਮਦੀ ਹੈ। ਦਰਸ਼ਕ ਇਸ ਫ਼ਿਲਮ ਰਾਹੀਂ ਵੇਖਣਗੇ ਕਿ ਕਿਵੇਂ ਇਕ ਭੂਤ ਦੇ ਸਿਰ 'ਤੇ 'ਪਿਆਰ ਦਾ ਭੂਤ' ਸਵਾਰ ਹੁੰਦਾ ਹੈ। ਇਹ ਪਹਿਲੀ ਭੂਤਾਂ ਵਾਲੀ ਫ਼ਿਲਮ ਹੈ ਜੋ ਦਰਸ਼ਕਾਂ ਨੂੰ ਡਰਾਉਣ ਦੀ ਬਜਾਏ ਹਸਾਵੇਗੀ। ਇਹ ਫ਼ਿਲਮ ਹਰ ਉਮਰ ਦੇ ਦਰਸ਼ਕਾਂ ਦਾ ਮਨੋਰੰਜਨ ਕਰੇਗੀ। ਫ਼ਿਲਮ ਦੀ ਕਹਾਣੀ ਦੇ ਨਾਲ ਨਾਲ ਗੀਤ ਸੰਗੀਤ ਵੀ ਬਹੁਤ ਖ਼ੂਬਸੂਰਤ ਹੈ।



ਇਸ ਫ਼ਿਲਮ ਵਿਚ ਰਵਿੰਦਰ ਗਰੇਵਾਲ, ਮੋਲੀਨਾ ਸੋਢੀ, ਜਿੰਮੀ ਸ਼ਰਮਾ, ਗੁਰਮੀਤ ਸਾਜਨ, ਨਿਸ਼ਾ ਬਾਨੋ, ਅਨੀਤਾ ਮੀਤ, ਸੁੱਖੀ ਚਾਹਲ, ਮਨਜੀਤ ਮਨੀ, ਮਲਕੀਤ ਰੌਣੀ, ਪਰਮਿੰਦਰ ਕੌਰ ਗਿੱਲ, ਦਿਲਾਵਰ ਸਿੱਧੂ, ਸੁਖਦੇਵ ਬਰਨਾਲਾ, ਅੰਮ੍ਰਿਤਪਾਲ ਸਿੰਘ ਬਿੱਲਾ, ਸਤਿੰਦਰ ਕੌਰ, ਗੁਰਪ੍ਰੀਤ ਤੋਤੀ, ਜੱਸੀ ਮਾਨ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। 14 ਅਕਤੂਬਰ ਨੂੰ ਰਿਲੀਜ਼ ਹੋ ਰਹੀ ਇਹ ਪੰਜਾਬੀ ਸਿਨਮੇ ਨੂੰ ਇਕ ਨਵਾਂ ਮੋੜ ਦੇਵੇਗੀ। ਲੁਧਿਆਣਾ ਵਾਸੀ ਜਿੰਮੀ ਸ਼ਰਮਾ ਨੇ ਦੱਸਿਆ ਕਿ ਕਲਾ ਨਾਲ ਉਸਨੂੰ ਬਚਪਨ ਤੋਂ ਹੀ ਲਗਾਓ ਸੀ। ਬਾਡੀ ਬਿਲਡਰ ਬਣਦਾ ਬਣਦਾ ਉਹ ਅਚਾਨਕ ਮਾਡਲਿੰਗ ਵੱਲ ਆ ਗਿਆ। 500 ਤੋਂ ਵੱਧ ਗੀਤਾਂ ਵਿਚ ਅਦਾਕਾਰੀ ਕਰ ਚੁੱਕਿਆ ਜਿੰਮੀ ਸ਼ਰਮਾ 10 ਤੋਂ ਵੱਧ ਫ਼ਿਲਮਾਂ ਹੀਰੋ ਵਜੋਂ ਕਰ ਚੁੱਕਾ ਹੈ। ਉਸ ਨੇ 'ਮਰ ਜਾਵਾਂ ਗੁੜ ਖਾ ਕੇ', 'ਰਹੇ ਚੜ੍ਹਦੀਕਲਾ ਪੰਜਾਬ ਦੀ', 'ਪਿੰਕੀ ਮੋਗੇ ਵਾਲੀ 2', '25 ਕਿੱਲੇ', 'ਓਏ ਹੋਏ ਪਿਆਰ ਹੋ ਗਿਆ' ਆਦਿ ਸਮੇਤ ਤਿੰਨ ਹਿੰਦੀ ਫ਼ਿਲਮਾਂ 'ਏਕ ਕਹਾਣੀ ਜੂਲੀ ਕੀ, ਹਿਡਨ ਸਟਰਾਈਕ, ਰਕਤਧਾਰ' ਵੀ ਕੀਤੀਆਂ। ਗੀਤਾਂ ਦੀ ਗੱਲ ਕਰੀਏ ਤਾਂ 'ਅਜੇ ਸਫ਼ਾਰੀ ਸਮਝ ਸੋਹਣੀਏ 5911 ਨੂੰ (ਸੁਰਜੀਤ ਭੁੱਲਰ) ਡਾਂਗ ਵਰਗਿਆ ਯਾਰਾ, ਦੁੱਖ ਵਿਛੜੀ ਦਾ (ਧਰਮਪ੍ਰੀਤ), ਤੈਨੂੰ ਰੱਜ ਕੇ ਰਵਾਵਾਂ ਕਿਤੇ ਟੱਕਰੇਂ ਜੇ ਕੱਲਾ (ਜਸਵਿੰਦਰ ਬਰਾੜ), ਰੰਗਲੀ ਕੋਠੀ (ਅਮਰ ਅਰਸ਼ੀ), ਚੁੰਘਦੇ ਆ ਬੂਰੀਆਂ ਤੇ ਖੇਡਦੇ ਕਬੱਡੀਆਂ (ਪ੍ਰੀਤ ਬਰਾੜ), ਛੁੱਟੀਆਂ (ਜਸ਼ਨਦੀਪ), ਕਰ ਲਿਆ ਜਿੰਮ ਜੁਆਇਨ (ਮਿਸ ਪੂਜਾ-ਜਤਿੰਦਰ ਗਿੱਲ), ਡੋਰੀਆ (ਸਾਬਰ ਕੋਟੀ), ਕੈਂਠੇ ਵਾਲਾ ਧਾਰ ਕੱਢਦਾ (ਮਲਿਕਾ ਜੋਤੀ), ਗੱਲ ਚੱਕਲੀ ਮੁੰਡਿਆਂ ਨੇ (ਗੁਰਲੇਜ਼ ਅਖ਼ਤਰ) ਆਦਿ ਗੀਤਾਂ ਜ਼ਰੀਏ ਜਿੰਮੀ ਦਾ ਚਿਹਰਾ ਅੱਜ ਵੀ ਲੋਕਾਂ ਵਿਚ ਹਰਮਨ ਪਿਆਰਾ ਹੈ।

ਜਿੰਮੀ ਦਾ ਕਹਿਣਾ ਹੈ ਕਿ ਉਹ ਫ਼ਿਲਮਾਂ ਦੇ ਨਾਲ ਨਾਲ ਗੀਤਾਂ ਵਿਚ ਵੀ ਕੰਮ ਕਰਦਾ ਰਹੇਗਾ ਕਿਉਂਕਿ ਗੀਤਾਂ ਨਾਲ ਹੀ ਉਸਦੀ ਮੁੱਢਲੀ ਪਛਾਣ ਬਣੀ ਹੈ। ਭਵਿੱਖ ਵਿਚ ਉਸ ਦੀਆਂ ਦੋ ਪੰਜਾਬੀ ਫ਼ਿਲਮਾਂ ਅਤੇ ਇਕ ਵੈੱਬ ਸੀਰੀਜ਼ ਵੀ ਆ ਰਹੀ ਹੈ। ਫ਼ਿਲਮ 'ਵਿਚ ਬੋਲੂੰਗਾ ਤੇਰੇ' ਤੋਂ ਜਿੰਮੀ ਨੂੰ ਭਰਪੂਰ ਆਸਾਂ ਹਨ। 14 ਅਕਤੂਬਰ ਨੂੰ ਦੇਸ਼ ਵਿਦੇਸ਼ਾਂ ਵਿਚ ਰਿਲੀਜ਼ ਹੋ ਰਹੀ ਇਸ ਫ਼ਿਲਮ ਦਾ ਨਿਰਮਾਣ ਗੋਇਲ ਮਿਊਜ਼ਿਕ ਅਤੇ ਮਨਜੀਤ ਸਿੰਘ ਟੋਨੀ ਤੇ ਗੁਰਮੀਤ ਸਾਜਨ ਨੇ ਮਿਲ ਕੇ ਕੀਤਾ ਹੈ। ਇਸਦੇ ਸਹਿ ਨਿਰਮਾਤਾ ਬਾਗੀ ਸੰਧੂ ਰੁੜਕਾ ਕਲਾਂ (ਯੂ ਕੇ), ਗੁਰਮੀਤ ਫੋਟੋਜਨਿਕ ਤੇ ਪਰਵਿੰਦਰ ਬੱਤਰਾ ਹਨ। ਇਸ ਦੇ ਗੀਤ ਅਤੇ ਟਰੇਲਰ ਦਰਸ਼ਕਾਂ ਦੀ ਪਹਿਲਾਂ ਹੀ ਪਸੰਦ ਬਣੇ ਹੋਏ ਹਨ।

# ਭਾਰਤ ਦਾ ਵਿਕਾਸ ਅਤੇ ਵਧ ਰਹੀ ਨਾ-ਬਰਾਬਰੀ



**ਡਾ. ਸ. ਸ. ਛੀਨਾ**

ਵਸੋਂ ਦੇ ਹਿਸਾਬ ਭਾਰਤ ਦੁਨੀਆ ਦਾ ਦੂਜਾ ਵੱਡਾ ਦੇਸ਼ ਹੈ ਅਤੇ ਹੁਣ ਇਹ ਛੇਤੀ ਹੀ ਪਹਿਲਾ ਦੇਸ਼ ਬਣ ਜਾਵੇਗਾ। ਵਸੋਂ ਦੀ ਘਣਤਾ ਦੇ ਹਿਸਾਬ ਨਾਲ ਇਸ ਦੀ ਪ੍ਰਤੀ ਕਿਲੋਮੀਟਰ ਵਸੋਂ ਚੀਨ ਤੋਂ ਬਹੁਤ ਜ਼ਿਆਦਾ ਹੈ। ਹੁਣ ਉਤਪਾਦਨ ਦੇ ਹਿਸਾਬ ਭਾਰਤ ਨੇ ਇੰਗਲੈਂਡ ਦੇ ਉਤਪਾਦਨ ਨੂੰ ਪਛਾੜ ਦਿੱਤਾ ਹੈ ਅਤੇ ਇੰਗਲੈਂਡ ਦੀ ਜਗ੍ਹਾ ਭਾਰਤ ਦੁਨੀਆ ਦੀ ਪੰਜਵੀਂ ਆਰਥਿਕਤਾ ਬਣ ਗਿਆ ਹੈ। ਇੰਗਲੈਂਡ ਦਾ ਕੁੱਲ ਘਰੇਲੂ ਉਤਪਾਦਨ ਹੁਣ 816 ਅਰਬ ਡਾਲਰ ਹੈ ਅਤੇ ਭਾਰਤ ਦਾ 854 ਅਰਬ ਡਾਲਰ। ਭਾਰਤ ਤੋਂ ਉਪਰ ਵਾਲੇ ਚਾਰ ਦੇਸ਼ ਅਮਰੀਕਾ, ਚੀਨ, ਜਪਾਨ ਅਤੇ ਜਰਮਨੀ ਹਨ। ਪੰਜਵਾਂ ਦੇਸ਼ ਬਣ ਜਾਣ ਨਾਲ ਪ੍ਰਭਾਵ ਇਹ ਜਾਂਦਾ ਹੈ ਕਿ ਭਾਰਤ ਹੁਣ ਬਹੁਤ ਵਿਕਸਤ ਦੇਸ਼ ਹੈ ਅਤੇ ਇਥੇ ਕੋਈ ਵੀ ਆਰਥਿਕ ਸਮੱਸਿਆ ਨਹੀਂ ਕਿਉਂ ਜੋ ਇਸ ਦਾ ਕੁਲ ਘਰੇਲੂ ਉਤਪਾਦਨ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਫਰਾਂਸ ਅਤੇ ਹੋਰ ਸਭ ਯੂਰੋਪੀਅਨ ਵਿਕਸਤ ਦੇਸ਼ਾਂ ਤੋਂ ਕਿਤੇ ਅੱਗੇ ਹੈ।

ਉਂਝ ਕੀ ਇਸ ਵਿਕਾਸ ਵਿਚ ਹਰ ਇਕ ਨੂੰ ਬਰਾਬਰ ਹਿੱਸਾ ਮਿਲਿਆ ਹੈ? ਕੀ ਭਾਰਤ ਦੇ ਆਮ ਸ਼ਹਿਰੀ ਦਾ ਰਹਿਣ-ਸਹਿਣ ਵੀ ਉਨ੍ਹਾਂ ਵਿਕਸਤ ਦੇਸ਼ਾਂ ਆਸਟਰੇਲੀਆ, ਕੈਨੇਡਾ ਆਦਿ ਤੋਂ ਉਪਰ ਹੈ? ਇਸ ਦਾ ਉੱਤਰ ਹੈ: ਬਿਲਕੁਲ ਨਹੀਂ ਸਗੋਂ ਇਹ ਤਸਵੀਰ ਬਿਲਕੁਲ ਵੱਖਰੀ ਹੈ। ਕਈ ਵਾਰ ਕੁਲ ਘਰੇਲੂ ਉਤਪਾਦਨ ਅਤੇ ਪ੍ਰਤੀ ਵਿਅਕਤੀ ਆਮਦਨ ਦੇ ਤੱਥ ਵੀ ਆਮ ਜਨਤਾ ਦੀ ਆਰਥਿਕ ਹਾਲਤ ਦੀ ਠੀਕ ਠੀਕ ਤਸਵੀਰ ਪੇਸ਼ ਨਹੀਂ ਕਰਦੀ। ਵਿਸ਼ਾਲ ਦੇਸ਼ ਜਿਹੜਾ ਦੁਨੀਆ ਦੇ ਆਕਾਰ ਦਾ 2.4 ਫੀਸਦ ਅਤੇ ਵਸੋਂ ਦੇ ਹਿਸਾਬ ਦੁਨੀਆ ਦੀ 17.6 ਫੀਸਦ ਵਸੋਂ ਵਾਲਾ ਹੈ, ਦਾ ਘਰੇਲੂ ਉਤਪਾਦਨ ਭਾਵੇਂ ਇੰਗਲੈਂਡ ਤੋਂ ਵਧ ਗਿਆ ਹੈ ਪਰ ਭਾਰਤ ਆਰਥਿਕ ਸਮੱਸਿਆਵਾਂ ਨਾਲ ਘਿਰਿਆ ਹੋਇਆ ਦੇਸ਼ ਹੈ ਜਿਹੜੀਆਂ ਇੰਗਲੈਂਡ ਜਾਂ ਹੋਰ ਵਿਕਸਤ ਦੇਸ਼ਾਂ ਵਿਚ ਬਿਲਕੁਲ ਨਹੀਂ। ਅੱਜਕੱਲ੍ਹ ਭਾਰਤ ਵਿਚ ਬੇਰੁਜ਼ਗਾਰੀ ਦੀ ਦਰ 6 ਫੀਸਦ ਹੈ ਜਿਸ ਦਾ ਅਰਥ ਹੈ ਕਿ ਕੋਈ 8 ਕਰੋੜ ਵਿਅਕਤੀ ਉਤਪਾਦਨ ਵਿਚ ਕੋਈ ਯੋਗਦਾਨ ਨਹੀਂ ਪਾ ਰਹੇ।



ਭਾਰਤ ਨੇ ਭਾਵੇਂ ਆਪਣੀ ਆਰਥਿਕਤਾ ਨਾਲ ਇੰਗਲੈਂਡ ਦੀ ਆਰਥਿਕਤਾ ਨੂੰ ਪਛਾੜ ਦਿੱਤਾ ਹੈ ਪਰ ਇੰਗਲੈਂਡ ਵਿਚ ਪ੍ਰਤੀ ਵਿਅਕਤੀ ਆਮਦਨ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਤੋਂ ਤਕਰੀਬਨ 40 ਗੁਣਾ ਵੱਧ ਹੈ। ਲੋੜਾਂ, ਸੁੱਖ, ਅਰਾਮ ਅਤੇ ਐਸ਼ੋ-ਇਸ਼ਰਤ ਦੀ ਜਿਸ ਪੱਧਰ ਦਾ ਆਨੰਦ ਇੰਗਲੈਂਡ ਦਾ ਹਰ ਵਿਅਕਤੀ ਮਾਣ ਰਿਹਾ ਹੈ, ਉਹ ਕੁਝ ਕੁ ਭਾਰਤੀਆਂ ਦੇ ਹਿੱਸੇ ਆਉਂਦਾ ਹੈ। ਇਸ ਤਰ੍ਹਾਂ ਦਾ ਪੱਧਰ ਹੀ ਹੋਰ ਵਿਕਸਤ ਦੇਸ਼ਾਂ ਕੈਨੇਡਾ, ਆਸਟਰੇਲੀਆ ਆਦਿ ਵਿਚ ਹੈ ਜਿਨ੍ਹਾਂ ਦੀ ਆਰਥਿਕਤਾ ਭਾਰਤ ਤੋਂ ਪਿੱਛੇ ਰਹਿ ਗਈ ਹੈ। ਅੰਦਰੂਨੀ ਤੌਰ 'ਤੇ ਭਾਵੇਂ ਪ੍ਰਤੀ ਵਿਅਕਤੀ ਆਮਦਨ ਇਕ ਲੱਖ ਰੁਪਏ ਤੋਂ ਉਪਰ ਹੈ ਪਰ ਵੱਡੀ ਗਿਣਤੀ ਵਿਚ ਉਹ ਭਾਰਤੀ ਹਨ ਜਿਨ੍ਹਾਂ ਦੀ ਪ੍ਰਤੀ ਵਿਅਕਤੀ ਆਮਦਨ 10000 ਰੁਪਏ ਤੋਂ ਵੀ ਘੱਟ ਹੈ ਜਦੋਂਕਿ ਕੁਝ ਵਿਅਕਤੀਆਂ ਦੀ ਆਮਦਨ ਕਰੋੜਾਂ ਰੁਪਏ ਸਲਾਨਾ ਵੀ ਹੈ।

ਅਸਲੀਅਤ ਇਹ ਹੈ ਕਿ ਭਾਰਤ ਵਿਚ ਨਾ-ਬਰਾਬਰੀ ਇੰਨੀ ਜ਼ਿਆਦਾ ਹੈ ਕਿ ਇਸ ਤੋਂ ਆਮ ਭਾਰਤੀ ਦੇ ਆਰਥਿਕ ਮਿਆਰ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਜਿਹੜਾ ਵਿਕਾਸ ਸਾਹਮਣੇ ਆਇਆ ਹੈ, ਉਸ ਵਿਚ ਹਰ ਇਕ ਦਾ ਬਰਾਬਰ ਦਾ ਹਿੱਸਾ ਨਹੀਂ; ਕਈ ਲੋਕਾਂ ਦੀ ਆਮਦਨ ਬੇਅੰਤ ਵਧੀ ਹੈ ਜਦੋਂਕਿ ਕੁਝ ਲੋਕਾਂ ਦੀ ਜਾਂ ਤਾਂ ਘਟੀ ਹੈ ਜਾਂ ਫਿਰ ਬਿਲਕੁਲ ਮਾਮੂਲੀ ਵਧੀ ਹੈ। ਗਰੀਬੀ ਦੀ ਪਰਿਭਾਸ਼ਾ ਅਨੁਸਾਰ ਜਿਸ ਵਿਅਕਤੀ ਦਾ ਪਿੰਡਾਂ ਵਿਚ ਰੋਜ਼ਾਨਾ 27 ਰੁਪਏ ਖਰਚ ਹੈ ਅਤੇ ਸ਼ਹਿਰਾਂ ਵਿਚ 32 ਰੁਪਏ ਹੈ, ਉਹ ਗਰੀਬੀ ਦੀ ਰੇਖਾ ਤੋਂ ਉਪਰ ਹੈ, ਭਾਵੇਂ ਇੰਨੇ ਪੈਸਿਆਂ ਨਾਲ ਦੋ ਵਕਤ ਦਾ ਖਾਣਾ ਵੀ ਨਹੀਂ ਖਾਧਾ ਜਾ ਸਕਦਾ। ਫਿਰ ਵੀ ਦੇਸ਼ ਦੀ 22 ਫੀਸਦ ਜਾਂ 30 ਕਰੋੜ ਵਸੋਂ ਉਹ ਹੈ ਜਿਹੜੀ ਗਰੀਬੀ ਦੀ ਰੇਖਾ ਤੋਂ ਹੇਠਾਂ ਹੈ। ਦੇਸ਼ ਦੀ 67 ਫੀਸਦ ਵਸੋਂ ਨੂੰ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਲਈ ਸਸਤੀ ਕਣਕ ਅਤੇ ਚੌਲਾਂ ਦਾ ਇੰਤਜ਼ਾਮ ਕੀਤਾ ਗਿਆ ਹੈ। 8 ਕਰੋੜ ਲੋਕਾਂ ਕੋਲ ਆਪਣੇ ਘਰ ਨਹੀਂ।

ਕਿਸੇ ਦੇਸ਼ ਦੇ ਵਿਕਾਸ ਦਾ ਇਕ ਸੂਚਕ ਉਨ੍ਹਾਂ ਦੇਸ਼ਾਂ ਦਾ ਕੌਮਾਂਤਰੀ ਵਪਾਰ ਵੀ ਹੈ ਭਾਵੇਂ ਦੁਨੀਆ ਵਿਚ ਭਾਰਤ 17.6 ਫੀਸਦ ਵਸੋਂ ਵਾਲਾ ਦੇਸ਼ ਹੈ ਪਰ ਇਸ ਦਾ ਬਰਾਮਦ ਵਿਚ ਹਿੱਸਾ ਸਿਰਫ 2 ਫੀਸਦ ਹੈ ਜਦੋਂਕਿ ਦਰਾਮਦ ਵਿਚ 3 ਫੀਸਦ ਹੈ। ਦਰਾਮਦ ਦੇ ਜ਼ਿਆਦਾ ਹੋਣ ਕਰ ਕੇ ਭਾਰਤ ਦੀ ਕਰੰਸੀ ਦਾ ਮੁੱਲ ਇੰਨਾ ਘਟ ਗਿਆ ਹੈ ਕਿ 80 ਰੁਪਏ ਦੇ ਬਰਾਬਰ ਇਕ ਡਾਲਰ ਦਾ ਮੁੱਲ ਹੈ ਜਦੋਂਕਿ ਇੰਗਲੈਂਡ ਜਿਸ ਨੂੰ ਪਛਾੜ ਕੇ ਭਾਰਤ ਪੰਜਵੀਂ ਵੱਡੀ ਆਰਥਿਕਤਾ ਵਾਲਾ ਦੇਸ਼ ਬਣਿਆ ਹੈ, ਉਸ ਦੀ ਕਰੰਸੀ ਪੌਂਡ ਲਈ 100 ਰੁਪਏ ਦੇ ਬਰਾਬਰ ਦੇਣੇ ਪੈਂਦੇ ਹਨ। ਦੇਸ਼ ਦੇ ਘਰੇਲੂ ਉਤਪਾਦਨ ਨੂੰ 5 ਲੱਖ ਕਰੋੜ ਡਾਲਰ ਦੀ ਅਰਥ ਵਿਵਸਥਾ ਬਣਾਉਣ ਦਾ ਉਦੇਸ਼ ਸਾਹਮਣੇ ਹੈ ਪਰ ਅਜੇ ਤੱਕ ਇਹ ਅਰਥ ਵਿਵਸਥਾ 2.70 ਲੱਖ ਕਰੋੜ ਡਾਲਰ ਦੀ ਬਣੀ ਹੈ ਤੇ 5 ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਬਣਾਉਣ ਲਈ ਅਜੇ ਵੱਡੀਆਂ ਕੋਸ਼ਿਸ਼ਾਂ ਦੀ ਲੋੜ ਹੈ।

ਕੁੱਲ ਘਰੇਲੂ ਉਤਪਾਦਨ ਵਿਚ ਵਾਧਾ ਹੋਣਾ ਉਤਸ਼ਾਹਜਨਕ ਹੈ ਪਰ ਇਸ ਤੋਂ ਵੀ ਵੱਡੀ ਜ਼ਰੂਰਤ ਹੈ ਉਹ ਵਾਧਾ ਅਤੇ ਵਿਕਾਸ ਹਰ ਇਕ ਦੇ ਹਿੱਸੇ ਬਰਾਬਰ ਆਵੇ। ਆਰਥਿਕ ਨਾ-ਬਰਾਬਰੀ ਆਪਣੇ ਆਪ ਵਿਚ ਹੀ ਵਿਕਾਸ ਅਤੇ ਘਰੇਲੂ ਉਤਪਾਦਨ ਦੇ ਵਾਧੇ ਦੀ ਵੱਡੀ ਰੁਕਾਵਟ ਹੈ। ਭਾਰਤ ਦੀ ਸੁਤੰਤਰਤਾ ਦੇ ਸਮੇਂ ਜਿੰਨੀ ਨਾ-ਬਰਾਬਰੀ ਸੀ, ਹੁਣ ਉਸ ਤੋਂ ਕਿਤੇ ਜ਼ਿਆਦਾ ਵਧ ਚੁੱਕੀ ਹੈ। ਇਕ ਅੰਦਾਜ਼ੇ ਨਾਲ ਸਭ ਤੋਂ ਗਰੀਬ 10 ਫੀਸਦ ਵਸੋਂ ਦੇ ਹਿੱਸੇ ਸਿਰਫ 1 ਫੀਸਦ ਆਮਦਨ ਆਉਂਦੀ ਹੈ ਜਦੋਂਕਿ ਸਭ ਤੋਂ ਅਮੀਰ 10 ਫੀਸਦ ਵਸੋਂ ਦੇ ਹਿੱਸੇ 41 ਫੀਸਦ ਆਮਦਨ ਆਉਂਦੀ ਹੈ। ਘੱਟ ਆਮਦਨ ਵਾਲੀ 18 ਫੀਸਦ ਵਸੋਂ ਵਿਚ ਸਭ ਤੋਂ ਵੱਧ ਆਮਦਨ 6807 ਰੁਪਏ ਪ੍ਰਤੀ ਮਹੀਨਾ ਹੈ ਪਰ ਉਨ੍ਹਾਂ ਦਾ ਦੇਸ਼ ਦੀ ਕੁੱਲ ਆਮਦਨ ਵਿਚ ਸਿਰਫ 3 ਫੀਸਦ ਹਿੱਸਾ ਹੈ ਜਦੋਂਕਿ ਉਪਰ ਵਾਲੀ 27 ਫੀਸਦ ਵਸੋਂ ਦੀ ਔਸਤ ਆਮਦਨ 21 ਲੱਖ 68 ਹਜ਼ਾਰ 54 ਰੁਪਏ ਹੈ ਪਰ ਉਨ੍ਹਾਂ ਦੇ ਹਿੱਸੇ ਕੁਲ ਆਮਦਨ ਦਾ 61 ਫੀਸਦ ਹਿੱਸਾ ਹੈ ਜਦੋਂਕਿ ਮੱਧ ਦਰਜ ਦੀ ਔਸਤ ਆਮਦਨ 27235 ਰੁਪਏ ਪ੍ਰਤੀ ਮਹੀਨਾ ਹੈ ਜਿਨ੍ਹਾਂ ਕੋਲ 36 ਫੀਸਦ ਆਮਦਨ ਦਾ ਹਿੱਸਾ ਹੈ ਭਾਵੇਂ ਇਹ ਵਸੋਂ 55 ਫੀਸਦ ਦੇ ਬਰਾਬਰ ਹੈ। ਇਸ ਤਰ੍ਹਾਂ ਹੀ ਇਕ ਹੋਰ ਅੰਦਾਜ਼ੇ ਅਨੁਸਾਰ 40 ਫੀਸਦੀ ਘਟ ਆਮਦਨ ਵਾਲੀ ਵਸੋਂ ਦੇ ਹਿੱਸੇ ਸਿਰਫ 10 ਫੀਸਦ ਆਮਦਨ ਹੈ ਜਦੋਂਕਿ ਉਪਰ ਵਾਲੀ 20 ਫੀਸਦ ਵਸੋਂ ਦੇ ਹਿੱਸੇ 58 ਫੀਸਦ ਆਮਦਨ ਹੈ। ਇਨ੍ਹਾਂ ਤੱਥਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਾਰਤ ਦੀ ਵੱਡੀ ਸਮੱਸਿਆ ਆਮਦਨ ਦੀ ਨਾ-ਬਰਾਬਰੀ ਹੈ ਜਿਹੜੀ ਵਧ ਰਹੀ ਹੈ।

ਦੁਨੀਆ ਵਿਚ ਸਭ ਤੋਂ ਵੱਧ 3 ਕਰੋੜ ਬੱਚੇ, ਬਾਲ ਕਿਰਤ (ਮਜ਼ਦੂਰੀ) ਕਰਨ ਲਈ ਮਜਬੂਰ ਹਨ ਜਿਹੜੇ ਸੁਤੰਤਰਤਾ ਦੇ ਸਮੇਂ ਸਿਰਫ ਇਕ ਕਰੋੜ ਸਨ। ਬਾਲ ਮਜ਼ਦੂਰੀ ਕਰਨ ਵਾਲੇ ਬੱਚਿਆਂ ਦੀ ਗਿਣਤੀ ਵਧ ਰਹੀ ਹੈ। ਦੁਨੀਆ ਦੇ ਵਿਕਸਤ ਦੇਸ਼ਾਂ ਖਾਸਕਰ ਉਨ੍ਹਾਂ ਸਭ ਦੇਸ਼ਾਂ ਵਿਚ ਜਿਵੇਂ ਕੈਨੇਡਾ, ਆਸਟਰੇਲੀਆ, ਫਰਾਂਸ ਅਤੇ ਸਭ ਯੂਰੋਪੀਅਨ ਦੇਸ਼ਾਂ ਵਿਚ ਕਿਤੇ ਵੀ ਬਾਲ ਮਜ਼ਦੂਰੀ ਨਜ਼ਰ ਨਹੀਂ ਆਉਂਦੀ; ਇਥੋਂ ਤਕ ਕਿ ਡਰਾਇਵਰ ਅਤੇ ਘਰਾਂ ਵਿਚ ਨੌਕਰ ਵੀ ਨਹੀਂ ਹਨ ਕਿਉਂ ਜੋ ਉਨ੍ਹਾਂ ਨੌਕਰਾਂ ਦੀ ਵੀ ਓਨੀ ਹੀ ਤਨਖਾਹ ਹੈ ਜਿੰਨੀ ਉਨ੍ਹਾਂ ਨੂੰ ਨੌਕਰ ਰੱਖਣ ਵਾਲੇ ਦੀ ਹੈ। ਵਿਕਸਤ ਦੇਸ਼ਾਂ ਵਿਚ ਧਨ ਵੀ ਤਾਂ ਵੱਡੀ ਨਾ-ਬਰਾਬਰੀ ਹੈ ਪਰ ਆਮਦਨ ਦੀ ਨਾ-ਬਰਾਬਰੀ ਨਹੀਂ। ਸਮਾਜਿਕ ਸੁਰੱਖਿਆ ਦੀ ਜਿਹੜੀ ਪੱਧਰ ਉਨ੍ਹਾਂ ਵਿਕਸਤ ਦੇਸ਼ਾਂ ਵਿਚ ਹੈ ਜਿਵੇਂ ਬੇਰੁਜ਼ਗਾਰੀ ਭੱਤਾ, ਬੁਢਾਪਾ ਪੈਨਸ਼ਨ, ਸਿਹਤ ਬੀਮਾ, ਮੁਫਤ ਸਕੂਲ ਵਿਦਿਆ ਆਦਿ ਉਹ ਪੱਧਰ ਭਾਰਤ ਵਿਚ ਅਜੇ ਬਹੁਤ ਦੂਰ ਦੀ ਗੱਲ ਲੱਗਦੀ ਹੈ।

ਦੇਸ਼ ਦੇ ਕੁਲ ਘਰੇਲੂ ਉਤਪਾਦਨ ਵਿਚ ਹੋਰ ਵਾਧਾ ਹੋਣਾ ਚਾਹੀਦਾ ਹੈ ਪਰ ਉਸ ਵਿਕਾਸ ਵਿਚ ਹਰ ਇਕ ਦਾ ਬਰਾਬਰ ਹਿੱਸਾ ਬਣਨਾ ਚਾਹੀਦਾ ਹੈ। ਬਰਾਬਰੀ ਨਾਲ ਵਿਕਾਸ ਹੋਰ ਤੇਜ਼ ਹੋ ਸਕਦਾ ਹੈ। ਵਿਕਸਤ ਦੇਸ਼ਾਂ ਵਾਂਗ ਉਸ ਨੀਤੀ ਦੀ ਲੋੜ ਹੈ ਜਿਹੜੀ ਇਹ ਬਰਾਬਰੀ ਪੈਦਾ ਕਰੇ।

# ਇਰਾਨੀ ਔਰਤਾਂ ਦਾ ਘੋਲ

**ਸੁਧੀਂਦਰ ਕੁਲਕਰਨੀ**

ਮੈਂ ਜਿੰਨੇ ਵੀ ਬਾਹਰਲੇ ਮੁਲਕਾਂ ਵਿਚ ਘੁੰਮਿਆ ਹਾਂ, ਇਰਾਨ ਉਨ੍ਹਾਂ ਵਿਚੋਂ ਸਭ ਤੋਂ ਵੱਧ ਖ਼ੂਬਸੂਰਤ ਮੁਲਕਾਂ ਵਿਚ ਸ਼ੁਮਾਰ ਹੈ। ਦੁਨੀਆ ਭਰ ਵਿਚ ਜਿੰਨੀਆਂ ਵੀ ਜ਼ਬਾਨਾਂ ਬੋਲੀਆਂ ਜਾਂਦੀਆਂ ਹਨ, ਉਨ੍ਹਾਂ ਵਿਚੋਂ ਮੇਰੇ ਕੰਨਾਂ ਵਿਚ ਫ਼ਾਰਸੀ ਸਭ ਤੋਂ ਜ਼ਿਆਦਾ ਰਸ ਘੋਲਦੀ ਹੈ ਅਤੇ ਬੰਗਾਲੀ ਉਸ ਦੇ ਬਿਲਕੁਲ ਕਰੀਬ ਦੂਜੇ ਨੰਬਰ ਉਤੇ ਹੈ। ਫ਼ਾਰਸੀ ਕਲਾ, ਸੱਭਿਆਚਾਰ, ਤਹਿਜ਼ੀਬ ਅਤੇ ਅਧਿਆਤਮਕ ਰਵਾਇਤਾਂ ਲਾਸਾਨੀ ਹਨ। ਭਾਰਤ ਅਤੇ ਇਰਾਨ ਨੇ ਇਕ-ਦੂਜੇ ਉਤੇ ਡੂੰਘੇ ਅਸਰ ਪਾਏ ਹਨ ਪਰ ਅਜੋਕੇ ਇਰਾਨ ਦਾ ਇਕ ਸਿਆਹ ਪੱਖ ਵੀ ਹੈ ਜਿਸ ਨੂੰ ਇਸ ਵੇਲੇ ਸਾਰੀ ਦੁਨੀਆ ਦੇਖ ਰਹੀ ਹੈ।

'ਜ਼ਨ, ਜ਼ਿੰਦਗੀ, ਆਜ਼ਾਦੀ' (ਔਰਤਾਂ, ਜ਼ਿੰਦਗੀ, ਆਜ਼ਾਦੀ) ਦਾ ਨਾਅਰਾ ਅੱਜ ਇਰਾਨ ਵਿਚ ਸ਼ਹਿਰ ਦਰ ਸ਼ਹਿਰ, ਯੂਨੀਵਰਸਿਟੀ ਦਰ ਯੂਨੀਵਰਸਿਟੀ ਜ਼ੋਰ-ਸ਼ੋਰ ਨਾਲ ਸੁਣਾਈ ਦੇ ਰਿਹਾ ਹੈ ਅਤੇ ਔਰਤਾਂ ਜ਼ੋਰਦਾਰ ਰੋਸ ਮੁਜ਼ਾਹਰੇ ਕਰ ਰਹੀਆਂ ਹਨ। ਕਿਉਂ? ਮੁਲਕ ਵਿਚ ਇਸਲਾਮੀ ਹਕੂਮਤ ਨੇ ਔਰਤਾਂ ਦੇ ਘਰੋਂ ਬਾਹਰ ਜਾਣ, ਭਾਵ ਜਨਤਕ ਥਾਵਾਂ ਉਤੇ ਹਿਜਾਬ ਪਹਿਨਣਾ ਲਾਜ਼ਮੀ ਕਰਾਰ ਦਿੱਤਾ ਗਿਆ ਹੈ ਅਤੇ ਹੁਣ ਉਥੋਂ ਦੀਆਂ ਔਰਤਾਂ, ਖਾਸਕਰ ਮੁਟਿਆਰਾਂ ਇਸ ਦਮਨਕਾਰੀ ਕਾਨੂੰਨ ਵਿਰੁੱਧ ਘਰਾਂ ਤੋਂ ਬਾਹਰ ਸੜਕਾਂ 'ਤੇ ਨਿਕਲ ਆਈਆਂ ਹਨ। ਇਰਾਨ ਵਿਚ ਲਾਗੂ ਸ਼ਰੀਅਤ ਮੁਤਾਬਕ ਉਨ੍ਹਾਂ ਨੇ ਘਰੋਂ ਬਾਹਰ ਕਿਤੇ ਵੀ ਸੜਕਾਂ, ਦਫ਼ਤਰਾਂ, ਸਰਕਾਰੀ ਦਫ਼ਤਰਾਂ, ਸਕੂਲਾਂ ਜਾਂ ਕਾਲਜਾਂ ਵਿਚ, ਭਾਵ ਘਰ ਦੀ ਚਾਰਦੀਵਾਰੀ ਤੋਂ ਬਾਹਰ ਜਾਣਾ ਹੋਵੇ ਤਾਂ ਉਨ੍ਹਾਂ ਲਈ ਹਿਜਾਬ ਪਹਿਨਣਾ ਲਾਜ਼ਮੀ ਹੈ।

ਇਹ ਫਰਮਾਨ ਇਰਾਨ ਵਿਚ 1979 ਵਿਚ ਹੋਏ ਇਸਲਾਮੀ ਇਨਕਲਾਬ ਦੀ ਜਿੱਤ ਤੋਂ ਫੌਰੀ ਬਾਅਦ ਲਾਗੂ ਕੀਤਾ ਗਿਆ ਸੀ। ਇਸ ਇਨਕਲਾਬ ਰਾਹੀਂ ਮੁਲਕ ਦੇ ਭ੍ਰਿਸ਼ਟ ਤੇ ਪੱਛਮ ਪੱਖੀ ਬਾਦਸ਼ਾਹ (ਸ਼ਾਹ) ਦੀ ਰਾਜਸ਼ਾਹੀ ਦਾ ਤਖ਼ਤਾ ਉਲਟਾ ਦਿੱਤਾ ਗਿਆ ਸੀ। ਇਰਾਨੀ ਇਨਕਲਾਬ ਦੀ ਅਗਵਾਈ ਕਰਨ ਵਾਲੇ ਆਇਤੁੱਲ੍ਹਾ ਖੁਮੈਨੀ ਨੇ ਮੁਲਕ ਵਿਚ ਸਖ਼ਤ ਸ਼ੀਆ ਇਸਲਾਮੀ ਹਕੂਮਤ ਕਾਇਮ ਕਰ ਦਿੱਤੀ ਅਤੇ ਐਲਾਨ ਕੀਤਾ ਕਿ ਜੇ ਕੋਈ ਔਰਤ ਕਿਸੇ ਵੀ ਜਨਤਕ ਸਥਾਨ 'ਤੇ ਹਿਜਾਬ ਤੋਂ ਬਿਨਾ ਦੇਖੀ ਜਾਂਦੀ ਹੈ ਤਾਂ ਉਹ ਉਸ ਨੂੰ 'ਨਿਰਵਸਤਰ' ਦੇਖ ਲਏ ਜਾਣ ਵਰਗਾ ਹੋਵੇਗਾ। ਅਜਿਹਾ ਸਖ਼ਤ ਕਾਨੂੰਨ ਅਮਲ ਵਿਚ ਲਿਆਉਣ ਲਈ ਵੀ ਇੰਨੇ ਹੀ ਸਖ਼ਤ ਢਾਂਚੇ ਦੀ ਲੋੜ ਸੀ। ਇਸ ਲਈ ਇਰਾਨੀ ਸਰਕਾਰ ਨੇ 'ਇਖ਼ਲਾਕੀ ਪੁਲੀਸ' (ਗਸ਼ਤ-ਏ-ਅਰਸ਼ਦ) ਕਾਇਮ ਕੀਤੀ ਜਿਸ ਨੂੰ ਸਹੀ ਢੰਗ ਨਾਲ ਹਿਜਾਬ ਨਾ ਪਹਿਨਣ ਵਾਲੀਆਂ ਔਰਤਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਸਜ਼ਾ ਦੇਣ ਦੇ ਅਖ਼ਤਿਆਰ ਦਿੱਤੇ ਗਏ ਹਨ ਜਿਸ ਮੁਤਾਬਕ ਔਰਤਾਂ ਦੇ ਵਾਲਾਂ ਦੀ ਇਕ ਲਿਟ ਵੀ ਹਿਜਾਬ ਤੋਂ ਬਾਹਰ ਦਿਖਾਈ ਦੇਣੀ ਜੁਰਮ ਮੰਨਿਆ ਜਾਂਦਾ ਹੈ। ਆਇਤੁੱਲ੍ਹਾ ਖੁਮੈਨੀ ਤੋਂ ਬਾਅਦ ਉਨ੍ਹਾਂ ਦੇ ਜਾਨਸ਼ੀਨ ਵਜੋਂ 1989 ਵਿਚ ਇਰਾਨ ਦੇ ਸਿਖਰਲੇ ਆਗੂ ਬਣੇ ਆਇਤੁੱਲਾ ਖ਼ਮੈਨੀ ਨੇ ਵੀ ਹਿਜਾਬ ਕਾਨੂੰਨ ਨੂੰ ਲਾਗੂ ਕਰਨ ਵਿਚ ਕੋਈ ਢਿੱਲ ਨਹੀਂ ਦਿਖਾਈ।

ਇਹ ਸਖ਼ਤ ਕਾਨੂੰਨ ਅਮਲ ਵਿਚ ਲਿਆਉਣ ਲਈ ਹਜ਼ਾਰਾਂ ਇਰਾਨੀ ਔਰਤਾਂ ਨੂੰ ਸਜ਼ਾਵਾਂ ਦਿੱਤੀਆਂ ਜਾ ਚੁੱਕੀਆਂ ਹਨ। ਇਸ ਖਿਲਾਫ਼ ਬੀਤੇ ਚਾਰ ਦਹਾਕਿਆਂ ਦੌਰਾਨ ਪਹਿਲਾਂ ਵੀ ਕਈ ਵਾਰ ਅੰਦੋਲਨ ਤੇ ਮੁਜ਼ਾਹਰੇ ਹੋ ਚੁੱਕੇ ਹਨ ਪਰ ਇਸ ਸਮੇਂ ਇਰਾਨ ਵਿਚ ਹਿਜਾਬ ਖਿਲਾਫ਼ ਜਿਹੜਾ ਅੰਦੋਲਨ ਚੱਲ ਰਿਹਾ ਹੈ, ਇਹ ਹੁਣ ਤੱਕ ਦਾ ਸਭ ਤੋਂ ਵਿਆਪਕ ਤੇ ਵੱਡੇ ਪੱਧਰ 'ਤੇ ਫੈਲ ਚੁੱਕਾ ਵਿਦਰੋਹ ਹੈ।

ਜਦੋਂ ਸਮਾਜ ਵਿਚ ਗੁੱਸਾ ਵਧ ਰਿਹਾ ਹੋਵੇ ਤਾਂ ਇਸ ਨੂੰ ਵਿਆਪਕ ਪੱਧਰ 'ਤੇ ਅੱਗ ਦਾ ਭਾਂਬੜ ਬਣਾਉਣ ਲਈ ਮਹਿਜ਼ ਚੰਗਿਆੜੀ ਦੀ ਲੋੜ ਹੁੰਦੀ ਹੈ। ਇਸ ਵਾਰ ਇਸ ਮਾਮਲੇ ਨੂੰ ਭੜਕਾਉਣ ਵਾਲੀ ਘਟਨਾ ਸੀ 'ਇਖ਼ਲਾਕੀ ਪੁਲੀਸ' ਵੱਲੋਂ ਬੀਤੀ 16 ਸਤੰਬਰ ਨੂੰ 22 ਸਾਲਾ ਮੁਟਿਆਰ ਮਹਿਸਾ ਅਮੀਨੀ ਦਾ ਬੇਰਹਿਮੀ ਨਾਲ ਕੀਤਾ ਗਿਆ ਕਤਲ। ਉਸ ਦਾ ਜੁਰਮ ਸਿਰਫ਼ ਇਸਲਾਮੀ ਪਹਿਰਾਵੇ ਦਾ ਉਲੰਘਣ ਕਰਨਾ ਸੀ। ਇਸ ਅੰਦੋਲਨ ਦੌਰਾਨ ਹੁਣ ਤੱਕ 70 ਵਿਅਕਤੀਆਂ ਜਿਨ੍ਹਾਂ ਵਿਚੋਂ ਵਧੇਰੇ ਔਰਤਾਂ ਹਨ, ਦੀ ਪੁਲੀਸ ਦੀ ਗੋਲੀ ਨਾਲ ਮੌਤ ਹੋ ਚੁੱਕੀ ਹੈ ਪਰ ਇਹ ਸਰਕਾਰੀ ਜ਼ੁਲਮ ਵੀ ਇਰਾਨ ਦੀਆਂ ਦਲੇਰ ਮੁਸਲਿਮ ਔਰਤਾਂ ਨੂੰ ਆਪਣੇ ਘਰਾਂ ਤੋਂ ਬਾਹਰ ਨਿਕਲਣ, ਹਿਜਾਬ ਲਾਹ ਸੁੱਟਣ ਅਤੇ ਆਮ ਕਰ ਕੇ ਇਨ੍ਹਾਂ ਨੂੰ ਸਾੜ ਦੇਣ ਵਰਗੀਆਂ ਕਾਰਵਾਈਆਂ ਤੋਂ ਨਹੀਂ ਰੋਕ ਸਕਿਆ।

ਵੱਡੀ ਗਿਣਤੀ ਮਰਦ ਵੀ ਇਨ੍ਹਾਂ ਮੁਜ਼ਾਹਰਿਆਂ ਵਿਚ ਹਿੱਸਾ ਲੈ ਰਹੇ ਹਨ। ਦਿਲਚਸਪ ਗੱਲ ਹੈ ਕਿ ਇਸ ਅੰਦੋਲਨ ਦਾ ਸਭ ਤੋਂ ਮਕਬੂਲ ਗੀਤ ਜਿਹੜਾ ਛੇਤੀ ਹੀ ਹਿਜਾਬ ਵਿਰੋਧੀ ਅੰਦੋਲਨ ਦਾ ਤਰਾਨਾ ਬਣ ਗਿਆ, 25 ਸਾਲਾ ਨੌਜਵਾਨ ਸ਼ਰਵੀਨ ਹਾਜੀਪੁਰ ਨੇ ਗਾਇਆ ਹੈ। ਫ਼ਾਰਸੀ ਜ਼ੁਬਾਨ ਵਿਚ 'ਬਰਾਏ' ਨਾਮੀ ਉਸ ਦਾ ਇਹ ਉਦਾਸ ਸੰਗੀਤਕ ਵੀਡੀਓ ਸੋਸ਼ਲ ਮੀਡੀਆ ਉਤੇ ਦੁਨੀਆ ਭਰ ਵਿਚ 15 ਕਰੋੜ ਲੋਕ ਦੇਖ ਚੁੱਕੇ ਹਨ। ਗੀਤ ਰਿਲੀਜ਼ ਹੋਣ ਤੋਂ ਫੌਰੀ ਬਾਅਦ ਉਸ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਸੀ।

ਇਸਲਾਮੀ ਹਕੂਮਤ ਇਸ ਅੰਦੋਲਨ ਨੂੰ ਦਮਨ ਨਾਲ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿਉਂਕਿ ਇਹ ਹਿਜਾਬ ਵਿਰੋਧੀ ਅੰਦੋਲਨ ਹੁਣ ਖ਼ਮੈਨੀ ਵਿਰੋਧੀ ਅੰਦੋਲਨ ਵੀ ਬਣ ਗਿਆ ਹੈ। ਰੋਹ ਵਿਚ ਆਏ ਇਰਾਨੀ ਹੁਣ 'ਜ਼ਨ, ਜ਼ਿੰਦਗੀ, ਆਜ਼ਾਦੀ' ਦੇ ਨਾਲ ਹੀ ਇਕ ਹੋਰ ਨਾਅਰਾ 'ਤਾਨਾਸ਼ਾਹ ਦੀ ਮੌਤ' ਵੀ ਲਾ ਰਹੇ ਹਨ। ਖ਼ਮੈਨੀ ਨੇ ਅਮਰੀਕਾ ਅਤੇ ਇਜ਼ਰਾਈਲ ਉਤੇ ਇਸ ਅੰਦੋਲਨ ਨੂੰ ਹਵਾ ਦੇਣ ਦੇ ਦੋਸ਼ ਲਾਏ ਹਨ ਪਰ ਇਨ੍ਹਾਂ ਦੋਸ਼ਾਂ ਵਿਚ ਕੋਈ ਦਮ ਨਹੀਂ। ਧਰਮ ਦੇ ਨਾਂ 'ਤੇ ਹਕੂਮਤ ਕਰਨ ਵਾਲੇ ਇਰਾਨ ਦੇ ਹੁਕਮਰਾਨ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਪਰ ਉਹ ਆਪਣੇ ਆਪ ਨੂੰ ਸੁਧਾਰਨ ਦੀ ਥਾਂ ਇਸ ਅੰਦੋਲਨ ਵਿਚ ਉਮੀਦ ਮੁਤਾਬਕ 'ਵਿਦੇਸ਼ੀ' ਸਾਜ਼ਿਸ਼ ਦੇਖ ਰਹੇ ਹਨ।

ਇਰਾਨ ਦੇ ਹਿਜਾਬ ਵਿਰੋਧੀ ਅੰਦੋਲਨ ਨੇ ਭਾਰਤ ਸਮੇਤ ਦੁਨੀਆ ਭਰ ਦੇ ਮੁਸਲਿਮ ਸਮਾਜਾਂ ਨੂੰ ਅਹਿਮ ਸੁਨੇਹਾ ਦਿੱਤਾ ਹੈ। ਸਾਫ਼ ਲਫ਼ਜ਼ਾਂ ਵਿਚ ਆਖੀਏ ਤਾਂ ਇਹ ਸੁਨੇਹਾ ਹੈ: ਸੁਧਾਰ ਕਰੋ, ਤੇਜ਼ੀ ਨਾਲ ਸੁਧਾਰ ਕਰੋ। ਇਸਲਾਮੀ ਇਤਿਹਾਸ ਵਿਚ ਕਿਸੇ ਸਮੇਂ ਲਾਜ਼ਮੀ ਹਿਜਾਬ ਜਾਂ ਬੁਰਕੇ ਦੀ ਜੋ ਵੀ ਜ਼ਰੂਰਤ ਜਾਂ ਵਾਜਬੀਅਤ ਰਹੀ ਹੋਵੇ, ਹੁਣ 21ਵੀਂ ਸਦੀ ਵਿਚ ਅਜਿਹਾ ਕੁਝ ਨਹੀਂ ਹੈ। ਮੁਸਲਮਾਨ ਔਰਤਾਂ ਲਈ ਜਬਰੀ ਤੇ ਲਾਜ਼ਮੀ ਪਰਦਾ ਕਰਨ ਦਾ ਨਿਯਮ ਅਤੇ ਇਰਾਨ ਦੇ ਮਾਮਲੇ ਵਾਂਗ ਇਸ ਦੇ ਮਾਮੂਲੀ ਜਿਹੇ ਵੀ ਉਲੰਘਣ ਬਦਲੇ ਸਜ਼ਾਵਾਂ ਦੇਣਾ, ਸੰਯੁਕਤ ਰਾਸ਼ਟਰ ਵੱਲੋਂ ਤੈਅ ਵਿਆਪਕ ਮਨੁੱਖੀ ਹੱਕਾਂ ਦਾ ਨਿੰਦਣਯੋਗ ਉਲੰਘਣ ਹੈ।

ਹਿਜਾਬ ਪਹਿਨਣਾ ਇਸਲਾਮ ਵਿਚ ਲਾਜ਼ਮੀ ਨਹੀਂ ਹੈ, ਜਿਵੇਂ ਕਰਨਾਟਕ ਹਾਈ ਕੋਰਟ ਨੇ ਉਦੋਂ ਫੈਸਲਾ ਸੁਣਾਇਆ ਜਦੋਂ ਕੁਝ ਮੁਸਲਿਮ ਜਥੇਬੰਦੀਆਂ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਮੁਸਲਿਮ ਵਿਦਿਆਰਥਣਾਂ ਨੂੰ ਸਕੂਲਾਂ ਵਿਚ ਹਿਜਾਬ ਪਹਿਨਣ ਦੀ ਇਜਾਜ਼ਤ ਦਿੱਤੀ ਜਾਵੇ। ਕੀ ਸਾਨੀਆ ਮਿਰਜ਼ਾ, ਸੁਪਰੀਮ ਕੋਰਟ ਦੀ ਸਾਬਕਾ ਜੱਜ ਫਾਤਿਮਾ ਬੀਵੀ, ਨੋਬੇਲ ਇਨਾਮ ਜੇਤੂ ਮਲਾਲਾ ਯੂਸਫਜ਼ਈ ਅਤੇ ਬੰਗਲਾਦੇਸ਼ ਦੀ ਮੌਜੂਦਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਇਸ ਕਾਰਨ ਕਮਤਰ ਮੁਸਲਮਾਨ ਮੰਨਿਆ ਜਾ ਸਕਦਾ ਹੈ ਕਿ ਉਹ ਹਿਜਾਬ ਨਹੀਂ ਪਹਿਨਦੀਆਂ?

ਆਪਣੀਆਂ ਇਰਾਨ ਫੇਰੀਆਂ ਦੌਰਾਨ ਮੈਂ ਦੇਖਿਆ ਕਿ ਬਹੁਤ ਸਾਰੀਆਂ ਮੁਸਲਿਮ ਔਰਤਾਂ ਹਿਜਾਬ ਪਹਿਨਣਾ ਪਸੰਦ ਨਹੀਂ ਕਰਦੀਆਂ ਪਰ ਉਨ੍ਹਾਂ ਨੂੰ ਅਜਿਹਾ ਮਜਬੂਰੀ, ਸਜ਼ਾ ਦਿੱਤੇ ਜਾਣ ਅਤੇ ਬੇਇੱਜ਼ਤ ਕੀਤੇ ਜਾਣ ਦੇ ਡਰ ਕਾਰਨ ਕਰਨਾ ਪੈਂਦਾ ਹੈ। ਇਨ੍ਹਾਂ ਵਿਚੋਂ ਕਈ ਮੁਟਿਆਰਾਂ ਇਸ ਕਾਨੂੰਨ ਖਿਲਾਫ਼ ਆਪੋ-ਆਪਣੇ ਢੰਗਾਂ ਨਾਲ ਬਗਾਵਤ ਵੀ ਕਰਦੀਆਂ ਹਨ। ਜਿਉਂ ਹੀ ਉਹ 'ਇਖ਼ਲਾਕੀ ਪੁਲੀਸ' ਦੀਆਂ ਨਜ਼ਰਾਂ ਤੋਂ ਦੂਰ ਹੁੰਦੀਆਂ ਹਨ ਤਾਂ ਉਹ ਆਪਣੇ ਹਿਜਾਬ ਲਾਹ ਸੁੱਟਦੀਆਂ ਹਨ ਤੇ ਅਜਿਹੇ ਮੌਕੇ ਮਿਨੀ ਸਕਰਟਾਂ ਤੱਕ ਪਹਿਨਣਾ ਅਤੇ ਆਪਣੇ ਸਰੀਰ ਦਾ ਕਾਫੀ ਹਿੱਸਾ ਅਣਕੱਜਿਆ ਰੱਖ ਲੈਣਾ ਵੀ ਕੋਈ ਵੱਡੀ ਗੱਲ ਨਹੀਂ ਹੁੰਦੀ।

ਇਹ ਗੱਲ ਮੇਰੇ ਲਈ ਹੈਰਾਨ ਕਰਨ ਵਾਲੀ ਸੀ: ਸੱਚ ਹੈ ਕਿ ਮੁਸਲਿਮ ਔਰਤਾਂ ਨੂੰ ਪੱਛਮੀ ਤਹਿਜ਼ੀਬ ਦੀ ਰੀਸ ਕਰਨ ਦੀ ਲੋੜ ਨਹੀਂ ਪਰ ਕੀ ਬਿਕਨੀ ਅਤੇ ਬੁਰਕੇ ਦਰਮਿਆਨ ਕੋਈ ਵਿਚਕਾਰਲਾ ਰਾਹ ਨਹੀਂ ਹੋ ਸਕਦਾ? ਜੇ ਕੋਈ ਮੁਸਲਮਾਨ ਔਰਤ ਬੁਰਕਾ ਪਹਿਨਣਾ ਚਾਹੁੰਦੀ ਹੈ ਤਾਂ ਇਹ ਉਸ ਦੀ ਪਸੰਦ ਹੈ ਅਤੇ ਉਸ ਦੀ ਮਰਜ਼ੀ ਦਾ ਸਤਿਕਾਰ ਹੋਣਾ ਚਾਹੀਦਾ ਹੈ ਪਰ ਮੁਸਲਿਮ ਸਮਾਜ ਜਾਂ ਕਿਸੇ ਮੁਸਲਿਮ ਮੁਲਕ ਦੀ ਹਕੂਮਤ ਔਰਤਾਂ ਨੂੰ ਜਨਤਕ ਥਾਵਾਂ ਉਤੇ ਜਬਰੀ ਹਿਜਾਬ ਜਾਂ ਬੁਰਕਾ ਪਹਿਨਣ ਲਈ ਮਜਬੂਰ ਕਿਉਂ ਕਰੇ?

ਜੋ ਕੁਝ ਇਰਾਨ ਵਿਚ ਵਾਪਰ ਰਿਹਾ ਹੈ, ਉਹ ਦੂਜੇ ਮੁਸਲਿਮ ਬਹੁਗਿਣਤੀ ਮੁਲਕਾਂ ਵਿਚ ਵੀ ਵੱਖਰੇ ਤਰੀਕਿਆਂ ਨਾਲ ਅਫ਼ਸੋਸਨਾਕ ਸੱਚ ਹੈ। ਹਾਲੀਆ ਸਾਲਾਂ ਦੌਰਾਨ ਸਾਰੇ ਮੁਸਲਿਮ ਸੰਸਾਰ ਵਿਚ ਸੁਧਾਰਾਂ ਦੀ ਹਵਾ ਚੱਲ ਰਹੀ ਹੈ। ਸਾਊਦੀ ਅਰਬ ਵਿਚ ਹੁਣ ਔਰਤਾਂ ਨੂੰ ਕਾਰ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚ ਸਰਕਾਰ ਨੇ ਵਿਸ਼ਾਲ ਸਵਾਮੀਨਾਰਾਇਣ ਮੰਦਰ ਦੀ ਉਸਾਰੀ ਦੀ ਇਜਾਜ਼ਤ ਦਿੱਤੀ ਹੈ। ਪਾਕਿਸਤਾਨ ਵਿਚ ਵੀ ਸਖ਼ਤ ਇਸਲਾਮੀਕਰਨ ਦੀ ਪਕੜ ਢਿੱਲੀ ਪੈ ਰਹੀ ਹੈ ਜਿਥੇ ਵੱਡੀ ਗਿਣਤੀ ਔਰਤਾਂ ਨੂੰ ਹਿਜਾਬ ਤੋਂ ਬਿਨਾ ਘੁੰਮਦਿਆਂ ਦੇਖਿਆ ਜਾ ਸਕਦਾ ਹੈ ਪਰ ਇਸ ਤੋਂ ਉਲਟ ਰੁਝਾਨ ਵੀ ਦੇਖੇ ਜਾ ਸਕਦੇ ਹਨ। ਭਾਰਤ ਦੇ ਬਹੁਤ ਸਾਰੇ ਕਸਬਿਆਂ ਤੇ ਪਿੰਡਾਂ ਵਿਚ 40-50 ਸਾਲ ਪਹਿਲਾਂ ਸ਼ਾਇਦ ਹੀ ਕੋਈ ਬੁਰਕਾ ਜਾਂ ਹਿਜਾਬ ਦਿਖਾਈ ਦਿੰਦਾ ਹੋਵੇ ਪਰ ਹੁਣ ਭਾਈਚਾਰਕ ਦਬਾਅ ਕਾਰਨ ਇਹ ਬਹੁਤ ਆਮ ਬਣ ਗਏ ਹਨ।

ਆਖਿਆ ਜਾ ਸਕਦਾ ਹੈ ਕਿ ਮੁਸਲਿਮ ਸਮਾਜ ਵਿਚ ਅੰਦਰੂਨੀ ਸੁਧਾਰਾਂ ਦਾ ਪੈਂਡਾ ਬੜਾ ਲੰਮਾ ਹੈ। ਇਹ ਸੁਪਨਾ ਤਾਂ ਹੀ ਸਾਕਾਰ ਹੋ ਸਕਦਾ ਹੈ, ਜੇ ਖੁਦ ਮੁਸਲਮਾਨ ਤਬਦੀਲੀ ਦੀ ਮੰਗ ਕਰਨਗੇ। ਇਹੋ ਕਾਰਨ ਹੈ ਕਿ ਦਲੇਰ ਇਰਾਨੀ ਔਰਤਾਂ ਦਾ ਹਿਜਾਬ ਵਿਰੋਧੀ ਅੰਦੋਲਨ ਸੰਸਾਰ ਭਰ ਤੋਂ ਇਕਮੁੱਠਤਾ ਅਤੇ ਹਮਾਇਤ ਹਾਸਲ ਕਰਨ ਦਾ ਹੱਕਦਾਰ ਹੈ।

# 'ਨੇਸ਼ਨ ਸਟੇਟ' ਬਨਾਮ ਖਾਲਿਸਤਾਨ

***ਖਾਲਿਸਤਾਨ ਬਾਰੇ ਚਰਚਾ ਇਕ ਵਾਰ ਫਿਰ ਭਖੀ ਹੈ। ਇਸ ਵਕਤ ਜਦੋਂ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਆਰ.ਐਸ.ਐਸ. ਭਾਰਤ ਅੰਦਰ ਹਿੰਦੂ ਰਾਸ਼ਟਰ ਲਈ ਪੰਜੇ ਫੈਲਾ ਰਹੀਆਂ ਹਨ ਤਾਂ ਖਾਲਿਸਤਾਨ ਦੀ ਚਰਚਾ ਇਕ ਵੱਖਰਾ ਪ੍ਰਸੰਗ ਲੈ ਕੇ ਆਈ ਹੈ। ਇਹ ਖਦਸ਼ਾ ਇਸਾਈਆਂ ਨਾਲ ਟਕਰਾਅ ਨਾਲ ਵੀ ਪ੍ਰਗਟ ਹੋ ਰਿਹਾ ਹੈ। ਇਹ ਅਸਲ ਵਿਚ ਨੇਸ਼ਨ ਸਟੇਟ ਦੀਆਂ ਅਜਿਹੀਆਂ ਅਲਾਮਤਾਂ ਹਨ ਜੋ ਹਾਸ਼ੀਏ ਉਤੇ ਸੁੱਟੀ ਜਾਂਦੀ ਇਕ ਧਿਰ ਦੇ ਜੜ੍ਹੀ ਬੈਠ ਜਾਂਦੀਆਂ ਹਨ। ਸ. ਗੁਰਬਚਨ ਸਿੰਘ ਨੇ ਆਪਣੇ ਇਸ ਲੇਖ ਵਿਚ ਨੇਸ਼ਨ ਸਟੇਟ ਦੇ ਪ੍ਰਸੰਗ ਵਿਚ ਕੁਝ ਮਸਲੇ ਵਿਚਾਰੇ ਹਨ।***

ਕੁਝ ਲੋਕਾਂ ਨੂੰ ਖਾਲਿਸਤਾਨ ਸ਼ਬਦ ਨਾਲ ਉਂਝ ਹੀ ਨਾਜਾਇਜ਼ ਚਿੜ੍ਹ ਹੈ। ਸਿੱਖਾਂ ਲਈ ਖਾਲਿਸਤਾਨ ਸ਼ਬਦ ਸਿਰਫ ਉਦੋਂ ਪਵਿੱਤਰ ਬਣਿਆ ਜਦੋਂ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆ ਨੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ 18ਵੀਂ ਸਦੀ ਅੰਦਰ ਚਮਕੌਰ ਦੀ ਗੜ੍ਹੀ ਵਿਚ ਲੜੀ ਗਈ ਅਸਲੋਂ ਹੀ ਅਸਾਵੀਂ ਜੰਗ ਦੀ ਸਿੱਖ ਮਨਾਂ ਵਿਚ ਯਾਦ ਤਾਜ਼ਾ ਕਰਵਾਉਂਦਿਆਂ, ਇਹ ਬਚਨ ਉਚਾਰੇ ਕਿ 'ਜੇ ਭਾਰਤੀ ਫੌਜ ਨੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰ ਹਦੂਦ ਅੰਦਰ ਪੈਰ ਰੱਖਿਆ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।' ਪਰ ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਖਾਲਿਸਤਾਨ ਸ਼ਬਦ ਸੰਤਾਂ ਦੇ ਮਨ ਦੀ ਕਾਢ ਨਹੀਂ ਸੀ ਬਲਕਿ ਪਹਿਲੀ ਵਾਰ ਖਾਲਿਸਤਾਨ ਸ਼ਬਦ ਦੀ



ਵਰਤੋਂ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਆਪਣੇ ਸਰਕਾਰੀ ਦਸਤਾਵੇਜ਼ਾਂ ਵਿਚ ਕੀਤੀ ਸੀ।

'ਹਿੰਦੋਸਤਾਨ ਟਾਈਮਜ਼' ਦੇ ਸਾਬਕਾ ਸੰਪਾਦਕ ਤੇ ਔੜ ਦੇ

**ਗੁਰਬਚਨ ਸਿੰਘ**
**ਫੋਨ: +91-98156-98451**

ਪੰਜਾਬੀ ਹਿੰਦੂ ਦੁਰਗਾ ਦਾਸ ਨੇ ਆਪਣੀ ਕਿਤਾਬ 'ਇੰਡੀਆ ਫਰੋਮ ਕਰਜਨ ਟੂ ਨਹਿਰੂ ਐਂਡ ਆਫਟਰ' (ਸਫਾ 268-69) ਵਿਚ ਪ੍ਰਧਾਨ ਮੰਤਰੀ ਦਫਤਰ ਵਲੋਂ ਜਾਰੀ ਕੀਤੇ ਗਏ ਸਰਕਾਰੀ ਮਿਨਟਸ ਦਾ ਹਵਾਲਾ ਦੇਂਦਿਆ ਲਿਖਿਆ ਹੈ, ''ਪੰਡਿਤ ਨਹਿਰੂ ਨੇ (20 ਸਤੰਬਰ 1947 ਨੂੰ ਪੰਜਾਬੀ ਹਿੰਦੂਆਂ ਦੇ ਇਕ ਵਫਦ ਨੂੰ) ਜੁਆਬ ਦੇਂਦਿਆ ਕਿਹਾ ਕਿ ਇਕ ਦਿਨ ਪਹਿਲਾਂ ਮਾਸਟਰ ਤਾਰਾ ਸਿੰਘ ਉਸ ਨੂੰ ਮਿਲਿਆ ਸੀ ਅਤੇ ਉਸ ਨੇ ਸਿੱਖ ਆਗੂ ਨੂੰ ਪੁੱਛਿਆ ਸੀ ਕਿ ਕੀ ਉਸ ਦਾ ਭਾਈਚਾਰਾ ਖਾਲਿਸਤਾਨ ਚਾਹੁੰਦਾ ਹੈ। ਪੰਡਿਤ ਨਹਿਰੂ ਨੇ ਦੱਸਿਆ ਕਿ ਉਸ ਨੇ ਮਾਸਟਰ ਤਾਰਾ ਸਿੰਘ ਨੂੰ ਉਸ ਦਿਨ ਵਾਂਗ ਪਹਿਲਾਂ ਕਦੀ ਵੀ ਏਨੀ ਨਿਰਾਸ਼ਾਜਨਕ ਹਾਲਤ ਵਿਚ ਨਹੀਂ ਸੀ ਵੇਖਿਆ। ਸਿੱਖ ਆਗੂ ਨੇ ਖਾਲਿਸਤਾਨ ਦੇ ਕਿਸੇ ਵੀ ਵਿਚਾਰ ਨੂੰ ਪੂਰੇ ਜ਼ੋਰ ਨਾਲ ਨਕਾਰਦਿਆਂ ਕਿਹਾ ਕਿ ਭਾਰਤੀ ਲੋਕਾਂ ਦੇ ਮੁਕਾਬਲੇ ਸਿੱਖ ਬਹੁਤ ਹੀ ਛੋਟੀ ਜਿਹੀ ਗਿਣਤੀ ਵਿਚ ਹੋਣ ਕਾਰਨ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਲੜਨਾ ਨਹੀਂ ਚਾਹੁੰਣਗੇ। ਉਹ ਭਾਰਤ ਦੇ ਨਾਗਰਿਕ ਬਣਨਾ ਅਤੇ ਹਿੰਦੂਆਂ ਨਾਲ ਭਰਾਵਾਂ ਵਾਂਗ ਰਹਿਣਾ ਚਾਹੁੰਣਗੇ।''

ਖਾਲਿਸਤਾਨ ਸ਼ਬਦ ਉਦੋਂ ਦਾ ਕੇਂਦਰ ਸਰਕਾਰ ਦੀਆਂ ਫਾਈਲਾਂ ਵਿਚ ਤੁਰਿਆ ਆਉਂਦਾ ਹੈ। ਇਸ ਦੀ ਪੁਸ਼ਟੀ ਸਾਬਕਾ ਕੇਂਦਰੀ ਮੰਤਰੀ ਸਵਰਨ ਸਿੰਘ ਦੇ ਜਵਾਈ ਅਤੇ ਸਾਬਕਾ ਰਾਅ ਅਫਸਰ ਜੀ.ਬੀ.ਐਸ. ਸਿੱਧੂ ਨੇ ਆਪਣੀ ਕਿਤਾਬ 'ਦਿ ਖਾਲਿਸਤਾਨ ਸਾਜ਼ਿਸ਼' ਵਿਚ ਵੀ ਕੀਤੀ ਹੈ, ਕਿ ਕਿਵੇਂ ਕੇਦਰ ਸਰਕਾਰ ਪੰਜਾਬ ਦੀਆਂ ਹੱਕੀ ਮੰਗਾਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਲੱਗੇ 'ਧਰਮ ਯੁੱਧ ਮੋਰਚੇ' ਨੂੰ 'ਖਾਲਿਸਤਾਨੀ' ਰੂਪ ਦੇ ਕੇ ਦੇਸ ਭਰ ਦੇ ਹਿੰਦੂਆਂ ਨੂੰ ਇਸ ਸੰਘਰਸ਼ ਵਿਰੁੱਧ ਲਾਮਬੰਦ ਕਰਦੀ ਰਹੀ ਤੇ ਦੂਜੇ ਪਾਸੇ ਸੰਤ ਭਿੰਡਰਾਂਵਾਲੇ ਇਸ ਸਿੱਖ ਵਿਰੋਧੀ ਪ੍ਰਚਾਰ ਦੀ ਵਰਤੋਂ ਸਿੱਖ ਮਨਾਂ ਵਿਚ ਪੰਥਕ ਜਜ਼ਬਾ ਭਰਨ ਲਈ ਕਰਦੇ ਰਹੇ।

ਬੇਸ਼ਕ ਇੱਥੇ ਇਕ ਨੁਕਤਾ ਖਾਸ ਧਿਆਨ ਦੀ ਮੰਗ ਕਰਦਾ ਹੈ, ਕਿ 'ਖਾਲਿਸਤਾਨ' ਸ਼ਬਦ ਦਾ ਭਾਵਅਰਥ ਨਹਿਰੂਕਿਆਂ ਤੇ ਸੰਤ ਭਿੰਡਰਾਂਵਾਲੇ ਵਾਸਤੇ ਇਕੋ ਜਿਹਾ ਨਹੀਂ ਸੀ। ਨਹਿਰੂਕਿਆਂ ਵਾਸਤੇ ਖਾਲਿਸਤਾਨ ਸ਼ਬਦ ਦਾ ਅਰਥ ਹਿੰਦੋਸਤਾਨ ਅਤੇ ਪਾਕਿਸਤਾਨ ਵਰਗੀ ਇਕ ਹੋਰ 'ਨੇਸ਼ਨ ਸਟੇਟ' ਸੀ ਪਰ ਸੰਤਾਂ ਵਾਸਤੇ ਖਾਲਿਸਤਾਨ ਦਾ ਭਾਵ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਲੇਮੀ ਰਾਜ, ਬੇਗਮਪੁਰਾ ਤੇ ਅਕਾਲ ਪੁਰਖ ਦੀ ਸਿਧੀ ਸਰਪ੍ਰਸਤੀ ਹੇਠ ਕਾਇਮ ਸਿੱਖ ਪਾਤਸ਼ਾਹੀ ਸੀ, ਜਿਸ ਨੂੰ ਸਿੱਖ ਹਰ ਰੋਜ਼ ਆਪਣੀ ਅਰਦਾਸ ਵਿਚ 'ਰਾਜ ਕਰੇਗਾ ਖਾਲਸਾ' ਦੇ ਰੂਪ ਵਿਚ ਬੁਲੰਦ ਕਰਦੇ ਹਨ ਅਤੇ ਜਿਹੜਾ ਸਮੁੱਚੀ ਮਨੁੱਖ ਜਾਤੀ ਨੂੰ ਦਰਪੇਸ਼ ਮੌਜੂਦਾ ਭਿਆਨਕ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਇਕੋ-ਇਕ ਹੱਲ ਹੈ। ਇਸ ਦੀ ਪੁਸ਼ਟੀ ਸੰਤ ਆਪਣੀਆਂ ਤਕਰੀਰਾਂ ਵਿਚ ਅਕਸਰ ਕਰਦੇ ਰਹਿੰਦੇ ਸਨ।

ਨਹਿਰੂ ਤੇ ਪਟੇਲ ਕਿੰਨੇ ਕੁ ਦੇਸ਼ ਭਗਤ ਤੇ ਧਰਮ ਨਿਰਪੱਖ ਸਨ, ਇਸ ਦਾ ਪਤਾ ਉਨ੍ਹਾਂ ਦੀ ਸਿੱਖਾਂ ਤੇ ਮੁਸਲਮਾਨਾਂ ਪ੍ਰਤੀ ਅਪਨਾਈ ਰਾਜਨੀਤੀ ਤੋਂ ਲੱਗਦਾ ਹੈ। ਸਰਕਾਰੀ ਦਸਤਾਵੇਜ਼ ਇਸ ਸੱਚ ਦੀ ਪੁਸ਼ਟੀ ਕਰਦੇ ਹਨ ਕਿ ਇਨ੍ਹਾਂ ਦੋਹਾਂ ਨੇ ਮਿੱਥ ਕੇ ਤੇ ਸਾਮਰਾਜੀਆਂ ਨਾਲ ਮਿਲ ਕੇ 1947 ਵਿਚ ਸਿੱਖਾਂ ਦਾ ਕਤਲੇਆਮ ਕਰਵਾਇਆ ਅਤੇ ਸਿੱਖਾਂ ਤੇ ਮੁਸਲਮਾਨਾਂ ਵਿਚਕਾਰ ਮਿੱਥ ਕੇ ਦੁਸ਼ਮਣੀ ਪਵਾਈ। ਦੁਰਗਾ ਦਾਸ ਆਪਣੀ ਇਸੇ ਕਿਤਾਬ ਵਿਚ ਲਿਖਦਾ ਹੈ, ''ਪਟੇਲ ਨੇ ਮੈਨੂੰ ਦੱਸਿਆ ਕਿ ਤਾਰਾ ਸਿੰਘ ਦੀ ਚੁਣੌਤੀ ਨਾਲ ਨਜਿੱਠਣ ਲਈ ਤਿੰਨ ਪੱਖਾਂ ਨੇ ਮੇਰੀ ਬਹੁਤ ਸਹਾਇਤਾ ਕੀਤੀ। ਅਕਾਲੀ ਕੈਂਪ ਵਿਚ ਚੱਲ ਰਹੀ ਆਪਸੀ ਪਾਟੋਧਾੜ ਬਾਰੇ ਖੁਫੀਆ ਤੰਤਰ ਮੈਨੂੰ ਲਗਾਤਾਰ ਜਾਣਕਾਰੀ ਦੇਂਦਾ ਰਿਹਾ ਅਤੇ ਤਾਰਾ ਸਿੰਘ ਦੇ ਖ਼ਜ਼ਾਨਚੀ ਰੱਖਿਆ ਮੰਤਰੀ ਬਲਦੇਵ ਸਿੰਘ ਦੀ ਮਦਦ ਨਾਲ ਮੈਂ ਇਸ ਪਾਟੋਧਾੜ ਨੂੰ ਤਾਰਾ ਸਿੰਘ ਦੇ ਵਿਰੁੱਧ ਵਰਤਦਾ ਰਿਹਾ। ਦੂਜਾ, ਪੰਜਾਬ ਦਾ ਮੇਰਾ ਕਮਿਸ਼ਨਰ ਇਕ ਸਿਵਲ ਅਫਸਰ ਐਮ ਆਰ ਭਿਦੇ ਮੈਨੂੰ ਸਾਰੇ ਸਾਬਕਾ ਸਿੱਖ ਰਜਵਾੜਿਆਂ ਤੇ ਸਿੱਖ ਰਾਜਸੀ ਆਗੂਆਂ ਨੂੰ ਮੂਰਖ ਬਣਾਉਣ (ਤੇ ਖਰੀਦਣ) ਦੀਆਂ ਜੁਗਤਾਂ ਦੱਸਦਾ ਰਿਹਾ। ਤੀਜਾ ਪਟੇਲ ਨੇ ਇਕ ਸਿਵਲ ਅਫਸਰ ਸ਼ੰਕਰ ਪਰਸਾਦ ਨੂੰ ਅਜਮੇਰ ਤੋਂ ਦਿੱਲੀ ਬਦਲ ਕੇ ਉਸ ਨੂੰ ਚੀਫ ਕਮਿਸ਼ਨਰ ਨਿਯੁਕਤ ਕਰ ਲਿਆ, ਜਿਹੜਾ ਅਮਨ ਕਾਨੂੰਨ ਦਾ ਪ੍ਰਬੰਧ ਕਾਇਮ ਰੱਖਣ ਤੇ ਸ਼ਰਾਰਤੀ ਰਾਜਸੀ ਆਗੂਆਂ ਨਾਲ ਨਜਿੱਠਣ ਦਾ ਬੜਾ ਮਾਹਿਰ ਸੀ।'' (ਸਫਾ 280-81)

ਭਾਈ ਅੰਮ੍ਰਿਤਪਾਲ ਸਿੰਘ ਦਾ ਇਹ ਕਹਿਣਾ ਬਿਲਕੁਲ ਦਰੁਸਤ ਹੈ ਕਿ ਖਾਲਿਸਤਾਨ ਧਰਤੀ ਦੇ ਕਿਸੇ ਟੁਕੜੇ ਉਤੇ ਹੀ ਬਣੇਗਾ ਅਤੇ ਸ਼ੁਰੂਆਤ ਕਰਨ ਲਈ ਇਸ ਵਾਸਤੇ ਗੁਰੂਆਂ ਦੀ ਵਰੋਸਾਈ ਧਰਤੀ ਪੰਜਾਬ ਹੀ ਸਭ ਤੋਂ ਵਧੀਆ ਥਾਂ ਹੈ ਅਤੇ ਜੇ ਮਹਾਰਾਜਾ ਰਣਜੀਤ ਸਿੰਘ ਲਾਹੌਰ ਦੇ ਕਿਲੇ ਉਤੇ ਕਬਜ਼ਾ ਨਾ ਕਰਦਾ ਤਾਂ ਸਰਕਾਰੇ ਖਾਲਸਾ ਦਾ ਮੁੱਢ ਨਹੀਂ ਸੀ ਬੱਝ ਸਕਦਾ। ਪਰ ਇੱਥੇ ਖਾਸ ਧਿਆਨ ਦੇਣ ਦੀ ਲੋੜ ਇਹ ਹੈ ਕਿ ਖਾਲਿਸਤਾਨ ਦੀ ਵਿਆਖਿਆ ਕਿਸੇ ਵੀ ਤਰ੍ਹਾਂ 'ਨੇਸ਼ਨ ਸਟੇਟ' ਦੇ ਚੌਖਟੇ ਵਿਚ ਰਹਿ ਕੇ ਨਹੀਂ ਕੀਤੀ ਜਾਣੀ ਚਾਹੀਦੀ। ਪਿਛਲੇ ਲਗਪਗ ਤਿੰਨ ਸੌ ਸਾਲ ਦੇ ਸੰਸਾਰ ਇਤਿਹਾਸ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਮੌਜੂਦਾ ਮਾਇਆਧਾਰੀ 'ਨੇਸ਼ਨ ਸਟੇਟ' ਦਾ ਚੌਖਟਾ ਆਪਣੇ ਆਪ ਵਿਚ ਹੀ ਜਮਹੂਰੀਅਤ ਵਿਰੋਧੀ, ਘੱਟ ਗਿਣਤੀਆਂ ਦਾ ਦੁਸ਼ਮਣ ਅਤੇ ਗਰੀਬ-ਕਿਰਤੀ-ਕਿਸਾਨ-ਮਜ਼ਲੂਮ ਘਾਤੀ ਹੈ। ਸਿੱਖ ਮਸਲਾ ਵੀ 'ਇੰਡੀਅਨ ਨੇਸ਼ਨ ਸਟੇਟ' ਦਾ ਹੀ ਪੈਦਾ ਕੀਤਾ ਹੋਇਆ ਹੈ।

ਡਾ. ਗੁਰਭਗਤ ਸਿੰਘ ਦੀ ਕਿਤਾਬ 'ਵਿਸਮਾਦੀ ਪੂੰਜੀ' ਵਿਚ ਇਸ ਮਸਲੇ ਨੂੰ ਹੋਰ ਵੀ ਸਪੱਸ਼ਟ ਕੀਤਾ ਗਿਆ ਹੈ, ''ਅਜੋਕੇ ਦੌਰ ਵਿਚ ਵੱਡਾ ਮਸਲਾ ਇਹ ਹੈ ਕਿ ਵੱਖ-ਵੱਖ ਅੰਤਰ-ਰਾਸ਼ਟਰੀ ਸਭਿਆਚਾਰਾਂ ਦਾ ਸੰਵਾਦ ਕਿਵੇਂ ਸਥਾਪਿਤ ਕੀਤਾ ਜਾਵੇ। ਇਸ ਸੰਵਾਦ ਨਾਲ ਹੀ ਸੰਸਾਰ ਵਿਚ ਸ਼ਾਂਤੀ ਆ ਸਕਦੀ ਹੈ ਅਤੇ ਖੇੜਾ ਦੇਣ ਵਾਲਾ ਵਿਕਾਸ ਹੋ ਸਕਦਾ ਹੈ। ਇਸ ਸੰਵਾਦ ਲਈ ਇਕ ਵਧੀਆ ਗੱਲ ਇਹ ਵਾਪਰੀ ਹੈ ਕਿ ਹੁਣ ਅੰਤਰ-ਰਾਸ਼ਟਰੀ ਸਭਿਆਚਾਰਕ ਚਿੰਤਨ ਵਿਚ ''ਕੌਮ'' (ਨੇਸ਼ਨ) ਸ਼ਬਦ ਅਤੇ ਸੰਕਲਪ ਦਾ ਪਹਿਲਾਂ ਵਾਲਾ ਬੋਲਬਾਲਾ ਨਹੀਂ ਰਿਹਾ। ਅੱਜ ਅਸੀਂ ਇਹ ਸਮਝਦੇ ਹਾਂ ਕਿ ਹਰ ਵਿਲੱਖਣ ਖਿੱਤੇ ਜਾਂ ਧਰਤੀ ਦੇ ਲੋਕ ਇਕ ਸਭਿਆਚਾਰ ਹਨ, ਕੇਵਲ ਕੌਮ ਨਹੀਂ। ਕੌਮ ਇਕ ਸੌੜਾ ਸੰਕਲਪ ਹੈ। ਇਸ ਵਿਚ ਇਕ ਵਿਚਾਰਧਾਰਾ ਦੀ ਪ੍ਰਧਾਨਤਾ ਹੁੰਦੀ ਹੈ। ਆਮ ਤੌਰ ਉਤੇ ਜਿਹੜਾ ਵਰਗ ਤਾਕਤ ਵਿਚ ਹੁੰਦਾ ਹੈ, ਆਪਣੇ ਰਾਜਨੀਤਕ ਅਤੇ ਆਰਥਿਕ ਬਲ ਨਾਲ ਦੂਜੇ ਵਰਗਾਂ ਨੂੰ ਉਨ੍ਹਾਂ ਦੇ ਦ੍ਰਿਸ਼ਟੀਕੋਣਾਂ ਅਤੇ ਵਿਚਾਰਧਾਰਾਵਾਂ ਸਮੇਤ ਦਬਾ ਲੈਂਦਾ ਹੈ। ਆਪਣੀ ਵਿਚਾਰਧਾਰਾ ਸਥਾਪਿਤ ਕਰ ਲੈਂਦਾ ਹੈ। ਇਸ ਲਈ ਕੌਮ ਅਤੇ ਕੌਮਵਾਦ ਲਹੂ-ਲੁਹਾਣ ਕਰਨ ਵਾਲੀ ਅਤੇ ਅਧੀਨ ਕੀਤੀਆਂ ਕੌਮਾਂ ਅਤੇ ਉਪ-ਕੌਮਾਂ ਨੂੰ ਲੁੱਟਣ ਨਾਲ ਜੁੜੀ ਕਿਰਿਆ ਤੋਂ ਮੁਕਤ ਨਹੀਂ। ਸਭਿਆਚਾਰ ਵਿਸ਼ਾਲ ਸੰਕਲਪ ਹੈ।

.. ਸਭਿਆਚਾਰ ਵਿਚ ਕਈ ਕੌਮਾਂ ਸਹਿ-ਹੋਂਦ ਨਾਲ ਇਕੱਠੀਆਂ ਵਸ ਸਕਦੀਆਂ ਹਨ। ਉਨ੍ਹਾਂ ਦੇ ਪਰਿਪੇਖ ਵੀ ਅੰਤਰ-ਕੌਮੀ ਹੋ ਸਕਦੇ ਹਨ। ਸਾਡਾ ਵਿਸ਼ਵ ਅਸਲ ਵਿਚ ਸਭਿਆਚਾਰਾਂ ਦਾ ਹੀ ਰੰਗੀਨ ਸਮੂਹ ਹੈ। ਇਸ ਨੂੰ ਕੌਮ ਦੀ ਪਰਿਭਾਸ਼ਾ ਅਤੇ ਸੰਕਲਪ ਨਾਲ ਦੇਖਣਾ ਸੋਲ੍ਹਵੀਂ ਸਦੀ ਵਿਚ ਉਭਰੇ ਯੌਰਪੀ ਪੂੰਜੀਵਾਦ ਦੀ ਇਕ ਮਜਬੂਰੀ ਸੀ। ਇਸ ਮਜਬੂਰੀ ਨੂੰ ਉਸ ਪੂੰਜੀਵਾਦ ਦਾ ਨਿਆਇ ਜਾਂ ਲੌਜਿਕ ਵੀ ਆਖਿਆ ਜਾ ਸਕਦਾ ਹੈ। ਪੂੰਜੀ ਦੇ ਵਿਕਾਸ ਲਈ ਲੋਕਾਂ ਨੂੰ ਇਕ ਕੌਮ ਅਤੇ ਕੌਮੀ ਵਿਚਾਰਧਾਰਾ ਦੁਆਲੇ ਸੰਗਠਿਤ ਕਰ ਕੇ ਪ੍ਰੇਰਣਾ ਕਾਫ਼ੀ ਸੌਖਾ ਸੀ। ਇਸ ਲਈ ਚੜ੍ਹਤ ਵਿਚ ਆਏ ਪੂੰਜੀਵਾਦ ਅਤੇ ਇਸ ਦੇ ਸਿਧਾਂਤਕਾਰਾਂ ਨੇ ਕੌਮ ਦੇ ਸੰਕਲਪ ਨੂੰ ਉਤਸ਼ਾਹਿਤ ਕੀਤਾ। ਇਸ ਨਾਲ ਪੂੰਜੀ ਤੇ ਪੂੰਜੀਵਾਦ ਦਾ ਵਿਕਾਸ ਤਾਂ ਜ਼ਰੂਰ ਹੋਇਆ ਪਰ ਨਾਲ ਹੀ ਯੌਰਪੀ ਕੌਮਾਂ ਇਕ-ਦੂਜੇ ਨਾਲ ਮੁਕਾਬਲੇ ਵਿਚ ਰੁਝ ਗਈਆਂ। ਇਸ ਦੇ ਨਕਾਰਾਤਮਕ ਨਤੀਜੇ ਵੀ ਨਿਕਲੇ। ਵੱਡਾ ਨਕਾਰਾਤਮਕ ਨਤੀਜਾ ਸੀ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਜਿਸ ਦੀ ਲਪੇਟ ਵਿਚ ਏਸ਼ੀਆ, ਰੂਸ, ਚੀਨ ਆਦਿ ਸਭ ਆ ਗਏ। ਇਸ ਦਾ ਅਸਰ ਅਫ਼ਰੀਕਨ ਦੇਸ਼ਾਂ ਉਤੇ ਵੀ ਪਿਆ। ਯਹੂਦੀ ਸਮੱਸਿਆ ਵੱਡੇ ਰੂਪ ਵਿਚ ਖੜ੍ਹੀ ਹੋਈ। ਉਸ ਨੂੰ ਹੱਲ ਕਰਨ ਲਈ ਮੱਧ-ਪੂਰਬ ਅਤੇ ਇਸਲਾਮੀ ਦੇਸ਼ਾਂ ਨੂੰ ਵੀ ਬੇਚੈਨ ਕਰਨਾ ਪਿਆ।

ਐਂਡਰਸਨ ਦੇ ''ਕੌਮ'' ਬਾਰੇ ਸਿਧਾਂਤਕ ਕੰਮ ਪਿੱਛੋਂ ਹੁਣ ਇਸ ਗੱਲ ਬਾਰੇ ਅੰਤਰ-ਰਾਸ਼ਟਰੀ ਸਹਿਮਤੀ ਹੈ ਕਿ ''ਕੌਮ'' ਇਕ ਕਲਪਿਤ ਸੰਰਚਨਾ ਹੈ, ਅਸਲੀਅਤ ਨਹੀਂ। ਜਿਸ ਅਸਲੀਅਤ ਉਤੇ ਇਹ ਕਲਪਨਾ ਆਧਾਰਿਤ ਹੈ, ਉਸ ਨੂੰ ਹੋਰ ਰੂਪ ਜਾਂ ਪਰਿਭਾਸ਼ਾ ਵਿਚ ਵੀ ਪੇਸ਼ ਕੀਤਾ ਜਾ ਸਕਦਾ ਹੈ। ਵਾਲਟਰ ਬੈਂਜ਼ਾਮਨ, ਜੋ ਕਿ ਯਹੂਦੀ ਸੀ ਤੇ ਹਿਟਲਰ ਦੇ ਜ਼ੁਲਮ ਦਾ ਸ਼ਿਕਾਰ ਸੀ, ਦੀਆਂ ਲਿਖਤਾਂ ਇਸ ਗਿਆਨ ਨਾਲ ਭਰਪੂਰ ਹਨ ਕਿ ਕੌਮ ਅਤੇ ਕੌਮੀ ਪ੍ਰਭੁਤਾ ਲਹੂ-ਲੁਹਾਣ ਕਰਨ ਵਾਲੀ ਜੰਗ ਨਾਲ ਜੁੜੇ ਹੋਏ ਹਨ। ਕੌਮ ਬਾਰੇ ਇਸ ਚਰਚਾ ਤੋਂ ਭਾਵ ਇਹ ਹੈ ਕਿ ਜੇ ਕੌਮ ਦੇ ਸੰਕਲਪ ਨਾਲ ਚੱਲੀਏ ਤਾਂ ਵਿਸ਼ਵ ਵਿਚ ਸ਼ਾਂਤੀ ਸੰਭਵ ਨਹੀਂ ਕਿਉਂਕਿ ਕੌਮਾਂ ਆਪਸੀ ਮੁਕਾਬਲੇ ਵਿਚ ਇਕ ਦੂਜੇ ਨੂੰ ਹੀਣ ਕਹਿੰਦੀਆਂ ਹਨ। ਹਰ ਕੌਮ ਆਪਣੇ ਵਿਕਾਸ ਲਈ ਅਤੇ ਦੂਜੀ ਦੇ ਸ੍ਰੋਤ ਹਥਿਆਉਣ ਲਈ ਕਿਰਿਆਸ਼ੀਲ ਹੋ ਜਾਂਦੀ ਹੈ। ਨਤੀਜਾ ਘਾਤਕ ਜੰਗਾਂ ਵਿਚ ਨਿਕਲਦਾ ਹੈ।

ਕੌਮ ਦੇ ਸੰਕਲਪ ਜਾਂ ਕਲਪਨਾ ਬਾਰੇ ਇਹ ਗੱਲ ਵੀ ਸੱਚ ਹੈ ਕਿ ''ਰੱਬ (ਧਰਮ) ਦੀ ਮੌਤ'' ਪਿੱਛੋਂ ਯੌਰਪ ਨੇ ਆਪਣੀ ਚਿੰਤਨ ਸਪੇਸ ਨੂੰ ਸਮਾਜ ਅਤੇ ਵਿਸ਼ਵ ਦੇ ਯਥਾਰਥ ਨੂੰ ਸੰਗਠਿਤ ਰੱਖਣ ਲਈ ਕਿਸੇ ਸੰਕਲਪ ਨਾਲ ਭਰਨਾ ਸੀ। ਯੌਰਪ ਨੇ ਉਹ ਖ਼ਾਲੀ ਸਪੇਸ ਭਰਨ ਲਈ ਕੌਮ ਦੀ ਕਲਪਨਾ ਕਰ ਲਈ। ਇਸ ਨਾਲ ਪ੍ਰੇਰਿਤ ਕਰ ਕੇ ਲੋਕਾਂ ਨੂੰ ਆਪਣੇ ਆਰਥਿਕ ਅਤੇ ਰਾਜਸੀ ਹਿੱਤਾਂ ਲਈ ਵਰਤ ਲਿਆ। ਜੇ ਇਹ ਮੰਨ ਵੀ ਲਿਆ ਜਾਵੇ ਕਿ ''ਕੌਮ'' ਕਾਲਪਨਿਕ ਹੈ ਅਤੇ ਇਹ ਸੰਕਲਪ ਅਤੇ ਇਸ ਨਾਲ ਸੰਬੰਧਿਤ ਵਿਚਾਰਧਾਰਾਵਾਂ ਘਾਤਕ ਹਨ ਤਾਂ ਨਾਲ ਹੀ ਇਹ ਵੀ ਮੰਨਣਾ ਪਵੇਗਾ ਕਿ ''ਕੌਮ'' ਦੇ ਸੰਕਲਪ ਨੇ ਦੱਬੀਆਂ-ਕੁਚਲੀਆਂ ਕੌਮਾਂ ਨੂੰ ਆਜ਼ਾਦ ਹੋਣ ਵਿਚ ਵੀ ਸਹਾਇਤਾ ਕੀਤੀ। ਏਸ਼ੀਆ ਤੇ ਅਫ਼ਰੀਕਾ ਦੇ ਆਜ਼ਾਦੀ ਸੰਘਰਸ਼ ਇਸ ਸੰਕਲਪ ਤੋਂ ਬਿਨਾ ਸ਼ਿੱਦਤ ਨਾਲ ਨਹੀਂ ਸਨ ਲੜੇ ਜਾ ਸਕਦੇ। ਪਰ ਕਿਉਂਕਿ ''ਕੌਮ'' ਦਾ ਸੰਕਲਪ ਦੂਜਿਆਂ ਤੋਂ ਅਲਹਿਦਗੀ ਨਾਲ ਜੁੜਿਆ ਹੋਇਆ ਹੈ, ਇਸ ਲਈ ਇਸ ਦਾ ਸੌੜਾ ਰਹਿਣਾ ਜਾਂ ਹੋਣਾ ਲਾਜ਼ਮੀ ਹੈ। ਵੱਖ-ਵੱਖ ਕਿਸਮ ਦੇ ਲੋਕਾਂ ਦੀ ਸਹਿ-ਹੋਂਦ ਜੋ ਹਰੇਕ ਖਿਤੇ ਵਿਚ ਹੀ ਮੌਜੂਦ ਹੁੰਦੀ ਹੈ, ਕੌਮ ਦੇ ਸੰਕਲਪ ਵਿਚ ਨਹੀਂ ਸਮਾਅ ਸਕਦੀ। ਕੌਮ ਦੇ ਸੰਕਲਪ ਨਾਲ ਵਿਸਫੋਟ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਇੱਥੋਂ ਇਹ ਨਤੀਜਾ ਕੱਢਣਾ ਔਖਾ ਨਹੀਂ ਕਿ ਕੌਮ ਅਤੇ ਕੌਮਵਾਦ ਦੇ ਸੰਕਲਪ ਨਾਲ ਵਿਸ਼ਵ ਵਿਚ ਸੰਵਾਦ ਨਹੀਂ ਰਚਿਆ ਜਾ ਸਕਦਾ। ਵਿਸ਼ਵ ਦੇ ਲੋਕ ਸਭ ਨੂੰ ਕੌਮਾਂ ਦੀ ਥਾਂ ਸਭਿਆਚਾਰਾਂ ਵਿਚ ਹੀ ਦੇਖਦੇ ਹਨ। ਸਭਿਆਚਾਰ ਸਹਿ-ਹੋਂਦੀ ਹੈ, ਅਲਹਿਦਗੀ (ਐਕਸਕਲੂਯਨ) ਉਤੇ ਆਧਾਰਿਤ ਨਹੀਂ। ਵਿਸ਼ਵ ਨੂੰ ਸਭਿਆਚਾਰਾਂ ਦਾ ਸਮੂਹ ਮੰਨਣ ਨਾਲ ਸੰਵਾਦ ਦੀ ਸੰਭਾਵਨਾ ਵਧਦੀ ਹੈ। ਸ਼ਾਂਤੀ ਨੂੰ ਪ੍ਰਫੁੱਲਿਤ ਹੋਣ ਦਾ ਮੌਕਾ ਮਿਲਦਾ ਹੈ।'




ਪਿਛਲੇ ਪੌਣੇ ਦੋ ਸੌ ਸਾਲ ਦਾ ਸੰਸਾਰ ਇਤਿਹਾਸ ਇਸ ਗੱਲ ਦੀ ਵੀ ਪੁਸ਼ਟੀ ਕਰਦਾ ਹੈ ਕਿ ਕਮਿਊਨਿਸਟ ਲਹਿਰ ਦੇ ਬਾਨੀ ਕਾਰਲ ਮਾਰਕਸ ਸਾਰੀ ਉਮਰ ਕਮਿਊਨਿਜ਼ਮ ਦੀ ਸੰਸਾਰ ਪੱਧਰੀ (ਯੂਨੀਵਰਸਲ) ਵਿਆਖਿਆ ਕਰਦੇ ਰਹੇ ਅਤੇ ਉਨ੍ਹਾਂ ਨੇ 'ਕਮਿਊਨਿਸਟ ਇੰਟਰਨੈਸ਼ਨਲ' ਦੀ ਸਥਾਪਨਾ ਵੀ ਕੀਤੀ ਪਰ ਲੈਨਿਨ-ਸਟਾਲਿਨ ਦੀ 'ਨੇਸ਼ਨ ਸਟੇਟ' ਦੇ ਚੌਖਟੇ ਵਿਚ ਰਹਿ ਕੇ ਕਮਿਊਨਿਜ਼ਮ ਦੀ ਕੀਤੀ ਗਈ ਵਿਆਖਿਆ ਕਾਰਨ ਕਰੋੜਾਂ ਸ਼ਹਾਦਤਾਂ ਅਤੇ ਜਿਨੋਵੀਵ, ਕਾਲੇਨਿਨ, ਚੇ ਗੁਵੇਰਾ, ਹੋਚੀਮਿਨ ਤੇ ਮਾਓ-ਜੇ-ਤੁੰਗ ਵਰਗੇ ਵੱਡੇ ਆਗੂ ਪੈਦਾ ਕਰਨ ਦੇ ਬਾਵਜੂਦ ਕਮਿਊਨਿਸਟ ਲਹਿਰ ਅਸਫਲ ਹੋ ਗਈ। ਅੱਜ ਰੂਸ ਅਤੇ ਚੀਨ ਵਿਚ ਸਾਮਰਾਜੀ ਮਾਇਆਧਾਰੀਆਂ ਦਾ ਰਾਜ ਹੈ ਅਤੇ 'ਉਗਰਾਹਾਂ' ਵਰਗੇ ਕੁਝ ਲੋਕ ਟਰੇਡ ਯੂਨੀਅਨ ਦੇ ਝੰਡੇ ਹੇਠ ਸਾਮਰਾਜੀ ਖਪਤਕਾਰੀ ਦੀ ਜੂਠ ਉਤੇ ਪਲਦੇ ਹੋਏ, ਉਨ੍ਹਾਂ ਮਹਾਨ ਕਮਿਊਨਿਸਟ ਸ਼ਹਾਦਤਾਂ ਦੇ ਇਤਿਹਾਸ ਨਾਲ ਖਿਲਵਾੜ ਕਰ ਰਹੇ ਹਨ। ਰੂਸ ਅਤੇ ਯੂਕਰੇਨ ਦੀ ਜੰਗ ਵੀ ਇਸੇ 'ਨੇਸ਼ਨ ਸਟੇਟ' ਦੀ ਦੇਣ ਹੈ, ਜਿਸ ਨੇ ਸਮੁੱਚੀ ਮਨੁੱਖਤਾ ਦੀ ਹੋਂਦ ਹੀ ਦਾਅ ਉਤੇ ਲਾ ਦਿੱਤੀ ਹੈ।

ਸੰਤ ਭਿੰਡਰਾਂਵਾਲਿਆ ਦੇ ਆਪਣੇ ਬਚਨ ਹਨ, ''ਅਨੰਦਪੁਰ ਦਾ ਮਤਾ ਕੇਵਲ ਏਨਾ ਨਹੀਂ ਕਿ ਦੋ ਚਾਰ ਚੀਜ਼ਾਂ, ਪਾਣੀ ਮੰਗ ਲਿਆ, ਬਿਜਲੀ ਮੰਗ ਲਈ, ਕਣਕ ਦਾ ਭਾਅ ਵਧਾ ਲਿਆ, ਏਨਾ ਕੰਮ ਕੇਵਲ ਅਨੰਦਪੁਰ ਦੇ ਮਤੇ ਵਿਚ ਨਹੀਂ ਹੈ। ਅਨੰਦਪੁਰ ਦਾ ਮਤਾ, ਅਨੰਦਪੁਰ ਦੀ ਠੇਰੀ ਉਤੇ ਸਤਿਗੁਰੂ ਜੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਉਨ੍ਹਾਂ ਵਿਚਾਰਾਂ ਦਾ ਆਪਾ ਧਾਰਨੀ ਬਣਨਾ ਹੈ।'' .. ''ਹਲੇਮੀ ਰਾਜ ਨੂੰ ਪ੍ਰਾਪਤ ਕਰਨ ਦਾ ਨਿਸ਼ਾਨਾਂ ਤਾਂ ਹੀ ਪ੍ਰਾਪਤ ਹੋਵੇਗਾ, ਜੇ ਕੇਸਰੀ ਨਿਸ਼ਾਨ ਸਾਹਿਬ ਥਲੇ ਰਹਾਂਗੇ। ਜੇ ਕਦੇ ਚਿਟੀ ਝੰਡੀ ਥਲੇ, ਕਦੇ ਹਰੀ ਝੰਡੀ ਥਲੇ, ਕਦੇ ਲਾਲ ਝੰਡੀ ਥਲੇ ਤੁਰੇ ਫਿਰਦੇ ਰਹੇ ਤਾਂ ਫਿਰ ਘਾਟਾ ਹੀ ਪਵੇਗਾ।''

ਸਰਕਾਰ ਵਲੋਂ ਭੇਜਿਆ ਹਰੇਕ ਪੱਤਰਕਾਰ ਸੰਤ ਭਿੰਡਰਾਂਵਾਲੇ ਦੇ ਮੂੰਹ ਵਿਚ ਖਾਲਿਸਤਾਨ ਦਾ ਸ਼ਬਦ ਪਾਉਣ ਦੇ ਯਤਨ ਕਰਦਾ ਰਿਹਾ ਪਰ ਸੰਤ ਹਮੇਸ਼ਾਂ ਕਹਿੰਦੇ ਰਹੇ ਕਿ ਖਾਲਿਸਤਾਨ ਸਾਡੀ ਮੰਗ ਨਹੀਂ ਹੈ। ਹਾਂ ਉਨ੍ਹਾਂ ਨੇ ਇਹ ਜ਼ਰੂਰ ਕਿਹਾ ਕਿ ਜੇ ਫੌਜ ਨੇ ਦਰਬਾਰ ਸਾਹਿਬ ਦੀ ਹਦੂਦ ਅੰਦਰ ਪੈਰ ਰੱਖੇ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਸੰਤਾਂ ਦੇ ਕਿਆਸੇ ਖਾਲਿਸਤਾਨ ਦਾ ਸੰਕਲਪ 'ਰਾਜ ਕਰੇਗਾ ਖਾਲਸਾ' ਦੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਮੌਕੇ ਖਾਲਸਾ ਪੰਥ ਦੀ ਸਾਜਨਾ ਵੇਲੇ ਹੀ ਸਪੱਸ਼ਟ ਕਰ ਦਿੱਤਾ ਸੀ। ਹਲੇਮੀ ਰਾਜ ਤੇ ਬੇਗਮਪੁਰੇ ਦੇ ਰੂਪ ਵਿਚ ਇਸ ਦੀ ਵਿਆਖਿਆ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਡਾ. ਜਗਜੀਤ ਸਿੰਘ ਚੌਹਾਨ ਦੇ ਹਵਾਲੇ ਨਾਲ ਸੰਤਾਂ ਦੇ ਬਚਨ ਹਨ, ''ਚਾਰ ਪੰਜ ਪ੍ਰੇਮੀ ਕੱਲ੍ਹ ਆਏ ਸੀਗੇ, ਉਹ ਪੁੱਛਣ ਲੱਗੇ, ਸੰਤ ਜੀ ਜੇ ਜਗਜੀਤ ਸਿੰਘ ਚੌਹਾਨ ਨੇ ਇੰਗਲੈਂਡ ਤੇ ਅਮਰੀਕਾ ਦੀ ਮਦਦ ਲੈ ਕੇ ਹਿੰਦੋਸਤਾਨ ਉਤੇ ਹਮਲਾ ਕਰ ਦਿੱਤਾ, ਤੁਸੀਂ ਕੀਹਦੀ ਮਦਦ ਕਰੋਗੇ? ਦਾਸ ਨੇ ਉਤਰ ਦਿੱਤਾ ਸੀ, 'ਅਸੀਂ ਮਦਦ ਕਰਾਂਗੇ ਸਿੱਖੀ ਸਰੂਪ ਦੀ ਅਤੇ ਮਜ਼ਲੂਮ ਦੀ।' ਉਨ੍ਹਾਂ ਦਾ ਖਿਆਲ ਸੀ ਕਿ ਕਹਿਣਗੇ ਮੈਂ ਜਗਜੀਤ ਸਿੰਘ ਦੀ ਮਦਦ ਕਰੂੰਗਾ ਜਾਂ ਹਿਦੋਸਤਾਨ ਦੀ। ਉਤਰ ਦਿੱਤਾ ਸੀ, ਸਿੱਖੀ ਧਰਮ ਦੀ, ਮਜ਼ਲੂਮ ਦੀ ਮਦਦ ਕਰਾਂਗੇ, ਜਿਹੜਾ ਮਜ਼ਲੂਮ ਹੋਇਆ, ਉਹਨੂੰ ਜ਼ਰੂਰ ਗਲ ਨਾਲ ਲਾਵਾਂਗੇ, ਜਿਹੜਾ ਜ਼ਾਲਮ ਐ, ਉਹਨੂੰ ਝਟਕਾਵਾਂਗੇ।''

ਮਨੁੱਖੀ ਸੱਭਿਅਤਾ ਐਨ ਆਪਣੇ ਮੁੱਢ ਤੋਂ ਹੀ ਇਸ ਅਸੂਲ ਨੂੰ ਕੇਂਦਰ ਵਿਚ ਰੱਖ ਕੇ ਵਿਕਸਿਤ ਹੁੰਦੀ ਆ ਰਹੀ ਹੈ। ਗਰੀਬ-ਮਜ਼ਲੂਮ ਦੀ ਰੱਖਿਆ! ਜਰਵਾਣੇ ਦੀ ਭਖਿਆ! ਸਿੱਖੀ ਦਾ ਇਹ ਮੁਢਲਾ ਅਸੂਲ ਹੈ। ਇਹ ਹਰੇਕ ਸਿੱਖ ਦਾ ਧਰਮ ਹੈ। ਦਇਆ ਅਤੇ ਸੰਤੋਖ ਇਸ ਧਰਮ ਦੇ ਦੋ ਮੁਢਲੇ ਅਸੂਲ ਹਨ। ਇਹੀ ਧਰਮ ਸਾਨੂੰ ਗੁਰੂ ਨਾਨਕ ਸਾਹਿਬ ਨੇ ਭਾਈ ਲਾਲੋਆਂ ਤੇ ਮਲਿਕ ਭਾਗੋਆਂ ਵਿਚਕਾਰ ਨਿਖੇੜਾ ਕਰ ਕੇ ਸਮਝਾਇਆ ਸੀ। ਮਸਲਾ ਭਾਈ ਲਾਲੋ ਅਤੇ ਮਲਿਕ ਭਾਗੋ ਦੀ ਰੋਟੀ ਦਾ ਨਹੀਂ ਸੀ। ਮਸਲਾ ਹੱਥੀਂ ਕਿਰਤ ਕਰ ਕੇ ਖਾਧੀ ਕੋਧਰੇ ਦੀ ਰੋਟੀ ਅਤੇ ਪਰਾਈ ਕਿਰਤ ਨਾਲ ਇਕੱਠੀ ਕੀਤੀ ਮਾਇਆ ਨਾਲ ਬਣੇ ਮਾਲ੍ਹ ਪੂੜਿਆਂ ਵਿਚ ਨਿਖੇੜਾ ਕਰਨ ਦਾ ਸੀ। ਕਿਰਤ ਦੀ ਰੋਟੀ ਸਰੀਰ ਦਾ ਰੱਜ ਬਣਦੀ ਹੈ ਜਦੋਂ ਕਿ ਪਰਾਈ ਕਿਰਤ ਦੇ ਮਾਲ੍ਹ ਪੂੜੇ ਸਰੀਰ ਵਿਚ ਵਿਕਾਰ ਪੈਦਾ ਕਰਦੇ ਹਨ। ਸਿੱਖ ਇਨਕਲਾਬ ਦੇ ਇਸੇ ਜਜ਼ਬੇ ਨੇ ਮੁਗ਼ਲ ਰਾਜ ਦੇ ਪੈਰ ਉਖਾੜੇ ਅਤੇ ਇਸੇ ਜਜ਼ਬੇ ਨੇ ਅੰਗਰੇਜ਼ ਸਾਮਰਾਜ ਨਾਲ ਟੱਕਰ ਲਈ। ਪਿਛਲੇ ਪੰਜ ਸੌ ਸਾਲ ਤੋਂ ਇਹੀ ਜਜ਼ਬਾ ਸਿੱਖਾਂ ਨੂੰ ਲਗਾਤਾਰ ਲੜਨ ਲਈ ਪਰੇਰਦਾ ਆ ਰਿਹਾ ਹੈ। ਪਰ ਬਦਕਿਸਮਤੀ ਨਾਲ ਸਿੱਖ ਸਰੂਪ ਵਿਚਲੇ ਮਲਿਕ ਭਾਗੋ ਹਰ ਕਦਮ ਉਤੇ ਭਾਈ ਲਾਲੋਆਂ ਨੂੰ ਧੋਖਾ ਦੇ ਜਾਂਦੇ ਹਨ ਅਤੇ ਹੁਣ ਵੀ ਇਹੀ ਕੁਝ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸਿੱਖੀ ਦਾ ਕਿਸੇ ਨਾਲ ਵਿਰੋਧ ਨਹੀਂ। ਮਸਲਾ 'ਰਾਜ ਕਰੇਗਾ ਖਾਲਸਾ' ਨੂੰ ਅੱਜ ਦੇ ਆਲਮੀ ਰਾਜਸੀ ਪ੍ਰਸੰਗ ਵਿਚ ਸਪਸ਼ਟ ਕਰਨ ਦਾ ਹੈ।

ਸਿੱਖ ਹਰ ਰੋਜ਼ ਅਰਦਾਸ ਵਿਚ ਆਪਣੇ ਇਸ ਨਿਸ਼ਾਨੇ ਨੂੰ ਬੁਲੰਦ ਕਰਦੇ ਹਨ:

**(ਬਾਕੀ ਅਗਲੇ ਸਫੇ 'ਤੇ)**

# 'ਰੋਟੀ ਬਨਾਮ ਪਰੌਂਠਾ'

ਵਿਅੰਗ

ਪਾਕਿਸਤਾਨ ਦੇ ਮਸ਼ਹੂਰ ਸ਼ਾਇਰ ਅਨਵਰ ਮਸੂਦ ਦੀ ਇਕ ਬੜੀ ਮਕਬੂਲ ਮਜ਼ਾਹੀਆ ਨਜ਼ਮ ਹੈ 'ਲੱਸੀ ਤੇ ਚਾਹ' ਜਿਸ ਵਿਚ ਪੰਜਾਬੀਆਂ ਦੀ ਪਿਆਰੀ ਅਤੇ ਵਿਰਾਸਤੀ 'ਡਰਿੰਕ' (ਜਲਪਾਨ) ਲੱਸੀ ਅਤੇ ਬਾਹਰੋਂ ਆਈ ਪਰ 'ਅੰਗ ਲੈਣ ਆਈ ਘਰਵਾਲੀ ਬਣ ਬੈਠੀ' ਵਾਂਗ ਬੜੀ ਪ੍ਰਚੱਲਤ ਹੋ ਗਈ ਚਾਹ ਵਿਚ ਨੋਕ-ਝੋਕ ਹੈ। ਦੋਵਾਂ ਦੇ ਝਗੜੇ ਵਿਚ ਦੁੱਧ, ਜੋ ਦੋਨਾਂ ਵਿਚਲੀ ਸਾਂਝੀ ਵਸਤ ਹੈ, ਜੱਜ ਦਾ ਕੰਮ ਕਰਦੈ। ਕਵਿਤਾ ਦੀ ਪਹਿਲੀ ਲਾਈਨ 'ਚ ਲੱਸੀ, ਚਾਹ ਨੂੰ ਮੁਖਾਤਬ ਹੁੰਦਿਆਂ ਸਵੈ-ਸ਼ੋਭਾ ਕਰਦੀ ਕਹਿੰਦੀ ਹੈ- 'ਮੈਂ ਸੋਹਣੀ ਮੈਂ ਗੋਰੀ-ਚਿੱਟੀ ਤੂੰ ਕਾਲੀ ਕਲਵਟੀ...'। ਚਾਹ ਜਵਾਬ ਦਿੰਦੀ ਹੈ-'ਪੈ ਗਈਂ ਏਂ ਨੀ ਮਾਈ ਬੱਗੋ ਮੇਰੇ ਮਗਰ ਧਗਾਣੇ, ਮੇਰੀਆਂ ਸੁਤਕੀਆਂ ਭਰਦੇ ਜਿਹੜੇ ਉਹੋ ਲੋਕ ਸਿਆਣੇ'। ਇਹ ਮੇਹਣ-ਕੁਮੇਹਣੀ ਕਾਫੀ ਲੰਮੀ ਹੈ ਅਤੇ ਦੋਵੇਂ ਆਪਣੇ ਆਪ ਨੂੰ ਇਕ ਦੂਸਰੇ ਨਾਲੋਂ ਬਿਹਤਰ ਸਾਬਤ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾਉਂਦੀਆਂ ਹਨ।

ਜਦੋਂ ਦਾ ਅਦਾਲਤ ਨੇ ਪਰੌਂਠੇ ਨੂੰ ਇਕ 'ਲਗਜ਼ਰੀ' (ਸੁਖ-ਸਾਧਨ) ਆਈਟਮ ਮੰਨਦਿਆਂ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਇਸ ਉਪਰ 18% ਜੀ.ਐਸ.ਟੀ. ਠੋਕਿਆ ਹੈ, ਉਦੋਂ ਦਾ ਪਰੌਂਠਾ ਆਪਣੇ-ਆਪ ਨੂੰ ਇਕ ਸ਼ਾਹੀ ਖਾਣਾ ਸਮਝ ਕੇ ਪਲੇਟ ਵਿਚ ਭੁੜਕਣ ਲੱਗੈ ਅਤੇ ਵਿਚਾਰੀ, ਗਰੀਬਣੀ ਰੋਟੀ/ਚਪਾਤੀ ਨੂੰ ਟਿੱਚ ਸਮਝਣ ਲੱਗ ਪਿਐ, ਕਿਉਂਕਿ ਉਹ ਆਮ ਖਾਣ-ਪਦਾਰਥ ਹੋਣ ਕਾਰਨ ਉਸ ਉਪਰ ਸਿਰਫ 5% ਟੈਕਸ ਲੱਗੈ।

ਸਾਡੀ ਪਲੇਟ ਵਿਚ ਪਿਆ ਮੋਟਾ-ਤਾਜ਼ਾ ਆਲੂ ਪਰੌਂਠਾ ਨਾਲ ਵਾਲੀ ਥਾਲੀ ਵਿਚ ਦੁਬਕ ਕੇ ਪਈ ਮਰੀਅਲ ਜਿਹੀ ਰੋਟੀ ਨੂੰ ਝਈਆਂ ਲੈ ਲੈ ਪੈਂਦੈ, ਬੱਕਰੇ ਬੁਲਾਉਂਦੈ ਅਤੇ ਬੜ੍ਹਕਾਂ ਮਾਰਦੈ! ਪਰੌਂਠਾ ਕੁਝ ਵਧੇਰੇ ਹੀ 'ਪੰਜਾਬੀ' ਹੋ ਗਿਐ! ਉਹ ਨਾਲ ਵਾਲੀ ਥਾਲੀ ਵਿਚ ਪਈ ਸ਼ਰੀਫ ਰੋਟੀ ਨੂੰ ਇਉਂ ਹੁੱਜਾਂ ਮਾਰ-ਮਾਰ ਪਰ੍ਹਾਂ ਧਕੇਲਦੈ, ਜਿਉਂ ਕੋਇਲ, ਕਾਉਣੀ ਦੇ ਅੰਡਿਆਂ ਨੂੰ ਧੁੱਸ ਮਾਰ ਕੇ ਪਰ੍ਹਾਂ ਕਰਦੀ ਹੈ ਤੇ ਫਿਰ ਉਸ ਦੇ ਆਲ੍ਹਣੇ 'ਚ ਆਪਣੇ ਅੰਡੇ ਦਿੰਦੀ ਹੈ।

ਪਰੌਂਠਾ ਫੁਲਿਆ ਤਾਂ ਪਹਿਲਾਂ ਹੀ ਬਥੇਰਾ ਹੁੰਦੈ ਕਿਉਂਕਿ ਉਸ ਵਿਚ ਆਲੂ/ਗੋਭੀ/ਮੂਲੀ ਆਦਿ ਤੋਂ ਇਲਾਵਾ ਹੋਰ ਅਨੇਕਾਂ ਪਦਾਰਥ ਪਾਏ ਗਏ ਹੁੰਦੇ ਹਨ, ਪਰ ਜਦ ਤੋਂ ਕੋਰਟ ਦੀ ਰੂਲਿੰਗ ਆਈ ਹੈ ਉਹ ਸਾਡੇ ਮੋਟੇ ਪੇਟ ਤੋਂ ਵੀ ਵਧੇਰੇ ਫੁੱਲ ਗਿਐ ਅਤੇ ਰੋਟੀ ਨੂੰ ਸੜੀ-ਸੁੱਕੀ, ਕਰੜੀ, ਗਰੀਬਣੀ ਅਤੇ ਪਤਾ ਨਹੀਂ ਹੋਰ ਕੀ ਕੀ ਸਲਵਾਤਾਂ ਸੁਣਾਉਂਦਾ ਰਹਿੰਦੈ।

ਪਤਾ ਨਹੀਂ ਸਾਨੂੰ ਕੀ ਬੀਮਾਰੀ ਹੈ (ਸ਼ਾਇਦ ਇਹ ਬਹੁਤੇ ਪੰਜਾਬੀਆਂ ਦੀ ਸਾਂਝੀ ਬੀਮਾਰੀ ਹੋਵੇ) ਕਿ ਭਾਵੇਂ ਸਾਡਾ ਢਿੱਡ ਮੱਟ ਨਾਲੋਂ ਵੀ ਵਧੇਰੇ ਵੱਡਾ ਹੈ ਪਰ ਫਿਰ ਵੀ ਸਾਡਾ ਸਭ ਤੋਂ ਮਨਪਸੰਦ ਖਾਣਾ ਆਲੂ/ਗੋਭੀ/ਮੂਲੀ ਵਾਲਾ ਪਰੌਂਠਾ ਹੈ। ਕਦੇ ਘਰਵਾਲੀ ਮਿਹਰਵਾਨ ਹੋ ਕੇ ਪਨੀਰ ਦਾ ਪਰੌਂਠਾ ਵੀ ਪਰੋਸ ਦਿੰਦੀ ਹੈ। ਪਰ ਇਹ ਮਿਹਰਬਾਨੀ ਹਾੜ੍ਹੀ-ਸਾਉਣੀ ਹੀ ਹੁੰਦੀ ਹੈ। ਇਸ ਲੰਮੀ ਅੰਤਰਕਾਲੀ ਮਿਹਰਬਾਨੀ ਦੇ ਨਾਲ ਹੀ ਸਾਡੀ 'ਜਹਾਂ-ਪਨਾਹ' ਸਾਡੇ ਮੋਟੇ ਹੋਣ 'ਤੇ ਨੱਕ-ਬੁੱਲ੍ਹ ਟੇਰਦੀ ਹੋਈ ਮਣ-ਮਣ ਪੱਕੇ ਮਿਹਣੇ ਮਾਰਦੀ ਹੈ ਅਤੇ ਆਪਣੇ ਪਤਲੇ-ਪਤੰਗ ਹੋਣ 'ਤੇ ਮਣਾਂ-ਮੂੰਹੀਂ ਮਾਣ ਕਰਦੀ ਹੈ।

ਦਰਅਸਲ 13 ਅਕਤੂਬਰ ਨੂੰ ਗੁਜਰਾਤ ਦੀ 'ਐਪੀਲੇਟ ਅਥਾਰਿਟੀ ਆਫ ਐਡਵਾਂਸ ਰੂਲਿੰਗ' ਨੇ ਇਕ ਕੇਸ ਦੀ ਸੁਣਵਾਈ ਸਮੇਂ ਰੋਟੀ 'ਤੇ 5% ਅਤੇ ਪਰੌਂਠਿਆਂ 'ਤੇ 18% ਜੀ.ਐਸ.ਟੀ. ਲਾਉਣ ਦੇ ਫੈਸਲੇ ਸਮੇਂ ਪਰੌਂਠੇ ਨੂੰ 'ਲਗਜ਼ਰੀ' ਆਈਟਮ ਕਰਾਰ ਦਿੱਤਾ ਹੈ। ਹਾਲ ਦੀ ਘੜੀ ਇਹ ਫੈਸਲਾ ਗੁਜਰਾਤ ਵਿਚ ਅਤੇ 'ਫਰੋਜ਼ਨ' ਪਰੌਂਠਿਆ ਉਪਰ ਹੀ ਲਾਗੂ ਹੁੰਦਾ ਹੈ।

ਭਾਵੇਂ ਰੋਟੀ ਅਤੇ ਪਰੌਂਠਾ ਦੋਵੇਂ ਕਣਕ ਦੇ ਆਟੇ ਤੋਂ ਹੀ ਬਣਦੇ ਹਨ ਪਰ ਆਦੇਸ਼ ਵਿਚ ਦੋਵਾਂ ਨੂੰ ਵਿਸਥਾਰ ਪੂਰਵਕ ਪਰਿਭਾਸ਼ਿਤ ਕੀਤਾ ਗਿਆ ਹੈ। ਆਦੇਸ਼ ਮੁਤਾਬਕ ਪਰੌਂਠਾ ਬਣਾਉਣ 'ਚ ਪਿਆਜ਼, ਮੇਥੀ, ਆਲੂ, ਸਬਜ਼ੀਆਂ ਫੁੱਲਗੋਭੀ, ਮਟਰ, ਲੱਛਾ, ਮੂਲੀ ਆਦਿ ਤੋਂ ਇਲਾਵਾ ਲੂਣ, ਤੇਲ, ਪਾਣੀ ਜਿਹੇ ਹੋਰ ਤੱਤ ਸ਼ਾਮਲ ਹੁੰਦੇ ਹਨ। ਆਦੇਸ਼ ਵਿਚ ਦੋਵਾਂ ਦੇ ਫਰਕ ਨੂੰ ਹੋਰ ਸਪਸ਼ਟ ਕਰਦਿਆਂ ਕਿਹਾ ਗਿਆ ਕਿ ਰੋਟੀ 'ਰੈਡੀ ਟੂ ਈਟ' (ਖਾਧੇ ਜਾਣ ਲਈ ਤਿਆਰ) ਹੁੰਦੀ ਹੈ ਪਰ ਪਰੌਂਠਾ 'ਰੈਡੀ ਟੂ ਕੁੱਕ' ਭਾਵ ਪਕਾਏ ਜਾਣ ਲਈ ਤਿਆਰ ਹੁੰਦੈ। ਇਸ ਤੋਂ ਇਲਾਵਾ ਪਰੌਂਠਾ ਘਿਉ ਜਾਂ ਮੱਖਣ ਤੋਂ ਬਗੈਰ ਨਹੀਂ ਬਣ ਸਕਦਾ।

ਇਹ ਆਦੇਸ਼ ਅਹਿਮਦਾਬਾਦ ਦੀ ਇਕ ਕੰਪਨੀ ਮੈਸਰਜ਼ ਵਾਦੀਲਾਲ ਇੰਡਸਟਰੀਜ਼ ਦੇ ਜੂਨ 2021 'ਚ ਪਰੌਂਠੇ 'ਤੇ 'ਅਥਾਰਟੀ ਆਫ ਐਡਵਾਂਸ ਰੂਲਿੰਗ' (ਏ.ਏ.ਆਰ.) ਦੁਆਰਾ 18% ਜੀ.ਐਸ.ਟੀ. ਲਾਏ ਜਾਣ ਵਿਰੁੱਧ ਇਕ ਪਟੀਸ਼ਨ ਦੀ ਸੁਣਵਾਈ ਸਮੇਂ ਵਿਵੇਕ ਰੰਜਨ ਅਤੇ ਮਿਲਿੰਦ ਟੋਰਾਵਨੇ 'ਤੇ ਆਧਾਰਤ ਦੋ-ਮੈਂਬਰੀ ਬੈਂਚ ਵਲੋਂ ਦਿੱਤਾ ਗਿਆ ਜਿਸ ਵਿਚ ਪਹਿਲੇ ਬੈਂਚ ਦਾ ਫੈਸਲਾ ਬਰਕਰਾਰ ਰੱਖਿਆ ਗਿਆ।

ਪਟੀਸ਼ਨਕਰਤਾ ਅਨੁਸਾਰ ਉਸ ਦੀ ਕੰਪਨੀ 8 ਕਿਸਮ ਦੇ ਫਰੋਜ਼ਨ ਪਰੌਂਠੇ ਬਣਾਉਂਦੀ ਹੈ, ਜਿਨ੍ਹਾਂ ਵਿਚ ਮਾਲਾਬਾਰ, ਮਿਕਸਡ ਸਬਜ਼ੀਆਂ ਵਾਲੇ, ਪਿਆਜ਼, ਮੇਥੀ, ਆਲੂ, ਮੂਲੀ, ਲੱਛਾ ਅਤੇ ਪਲੇਨ ਪਰੌਂਠੇ ਸ਼ਾਮਲ ਹਨ। ਉਸ ਨੇ ਇਸ ਨੂੰ ਰੋਟੀ ਦੀ ਸ਼੍ਰੇਣੀ ਵਿਚ ਸ਼ਾਮਿਲ ਕਰਨ ਦੀ ਬੇਨਤੀ ਕੀਤੀ ਕਿਉਂਕਿ ਪਰੌਂਠੇ 'ਚ ਵੀ ਕੱਚੀ ਸਮੱਗਰੀ ਆਟਾ, ਤੇਲ, ਸਬਜ਼ੀ ਦਾ ਇਸਤੇਮਾਲ ਹੁੰਦਾ ਹੈ। ਉਸ ਨੇ ਕਿਹਾ ਕਿ ਫਰੋਜ਼ਨ ਪਰੌਂਠੇ ਲੋਕੀਂ ਘਰ ਜਾ ਕੇ ਗਰਮ ਕਰ ਕੇ ਖਾ ਸਕਦੇ ਹਨ। ਪਰ ਕਰਨਾਟਕ ਦੇ ਏ.ਏ.ਆਰ. ਦੇ ਬੈਂਚ ਵਾਂਗ ਗੁਜਰਾਤ ਦੇ ਆਦੇਸ਼ ਵਿਚ ਵੀ ਕਿਹਾ ਗਿਆ ਕਿ ਅਜਿਹੇ ਪਰੌਂਠੇ ਨੂੰ ਖਾਣ ਤੋਂ ਪਹਿਲਾਂ 3-4 ਮਿੰਟ ਗਰਮ ਕਰਨ/ਪਕਾਉਣ ਉਪਰ ਲੱਗ ਜਾਂਦੇ ਹਨ ਅਤੇ ਇਸ ਨੂੰ ਦੋਵਾਂ ਪਾਸਿਆਂ ਤੋਂ ਸੁਨਹਿਰੀ ਭੂਰਾ ਕਰਨਾ ਪੈਂਦਾ ਹੈ, ਘਿਉ, ਮੱਖਣ ਆਦਿ ਦੀ ਲੋੜ ਹੁੰਦੀ ਹੈ ਇਸ ਲਈ ਇਸ ਉਪਰ 18% ਟੈਕਸ ਹੀ ਲਗੇਗਾ।

ਯਾਦ ਰਹੇ ਕਿ ਮਹਾਂਰਾਸ਼ਟਰ ਵਿਚ ਪਰੌਂਠੇ ਨੂੰ ਰਾਹਤ ਦਿੱਤੀ ਗਈ ਹੈ। ਭਾਵੇਂ ਜੀ.ਐਸ.ਟੀ. ਲੱਗੇ ਨੂੰ ਪੰਜ ਸਾਲ ਤੋਂ ਵੱਧ ਹੋ ਗਏ ਹਨ ਪਰ ਅਜੇ ਵੀ ਕਈ ਖਾਣ ਵਾਲੇ ਪਦਾਰਥਾਂ ਦੀ ਸ਼੍ਰੇਣੀ-ਵੰਡ ਅਤੇ ਟੈਕਸ ਦੀ ਪ੍ਰਤੀਸ਼ਤ ਦਾ ਰੌਲਾ ਚਲਦਾ ਰਹਿੰਦੈ।

ਚਲੋ ਆਪਾਂ ਇਸ ਰੌਲੇ ਤੋਂ ਕੀ ਲੈਣੈ। ਆਪਾਂ ਤਾਂ 'ਦਾਲ ਰੋਟੀ ਖਾਓ ਪ੍ਰਭੂ ਦੇ ਗੁਣ ਗਾਓ' ਵਾਲੀ ਆਰਬਲਾ ਵਿਚ ਅੱਪੜ ਗਏ ਹਾਂ। ਪਰ ਕਦੇ ਕਦੇ ਪਰੌਂਠਾ ਵੀ ਲਪੇਟ ਲਈਦੈ।

ਇਹ ਦੋਵੇਂ ਖਾਣ ਪਦਾਰਥ ਦੱਖਣੀ ਏਸ਼ੀਆ ਵਿਚ ਬਹੁਤ ਪ੍ਰਚੱਲਤ ਹਨ, ਖਾਸ ਕਰਕੇ ਪੰਜਾਬੀਆਂ ਵਿਚ। ਸਿਆਲ ਨੂੰ ਮੱਕੀ ਦੀ ਰੋਟੀ ਅਤੇ ਸਾਗ ਤਾਂ ਪੰਜਾਬੀਆਂ ਦਾ 'ਸਪੈਸ਼ਲ' (ਮੁੱਖ ਮੰਨਿਆ-ਪ੍ਰਮੰਨਿਆ) ਖਾਣਾ ਹੈ।



ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ 'ਰੋਟਿਕਾ+ਰੋਟੀ' ਸੰਸਕ੍ਰਿਤ ਮੂਲ ਦੇ ਸ਼ਬਦ ਹਨ ਅਤੇ ਚਪਾਤੀ ਵੀ ਇਸੇ ਹੀ ਸ਼੍ਰੇਣੀ ਵਿਚ ਆਉਂਦੀ ਹੈ, ਹਾਲਾਂਕਿ ਚਪਾਤੀ ਫਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਪਤਲੀ ਅਤੇ ਚੌੜੀ ਰੋਟੀ, ਮੰਡਾ। ਕੋਸ਼ ਵਿਚ ਗੁਰਬਾਣੀ ਦੀ ਟੂਕ ਰਾਹੀਂ ਇਸ ਨੂੰ ਸਮਝਾਇਆ ਗਿਆ ਹੈ-'ਹਰਿ ਰੁਖੀ ਰੋਟੀ ਖਾਇ ਸਮਾਲੇ'।

'ਰੋਟ' ਮੋਟੀ ਰੋਟੀ, ਮੰਨੀ ਨੂੰ ਕਿਹਾ ਜਾਂਦੈ ਅਤੇ 'ਰੋਟੀ ਕਾਠ ਕੀ' 'ਤਨੂਰ ਦੀ ਸੁੱਕੀ ਰੋਟੀ, ਜੋ ਕਾਠ ਵਰਗੀ ਕਰੜੀ ਹੈ, ਨੂੰ ਕਿਹਾ ਜਾਂਦੈ- 'ਰੋਟੀ ਮੇਰੀ ਕਾਠ ਕੀ, ਲਾਵਣ ਮੇਰੀ ਭੁਖ' (ਸ.ਫਰੀਦ)

ਕੋਸ਼ ਅਨੁਸਾਰ ਪਰਾਉਠਾ ਪ੍ਰਸਿਟ ਰੋਟਿਕਾ, ਕਈ ਤਹਿ ਤੋਂ ਟੁਟ ਜਾਣ ਵਾਲੀ ਰੋਟੀ, ਮੋਣ ਪਾ ਕੇ ਅਤੇ ਘੀ ਲਾ ਕੇ ਪਕਾਈ ਹੋਈ ਰੋਟੀ ਹੁੰਦੀ ਹੈ।

ਰੋਟੀ ਦੀਆਂ ਵੀ ਕਈ ਕਿਸਮਾਂ ਹਨ-ਤਵੇ ਦੀ ਰੋਟੀ, ਤੰਦੂਰੀ, ਰੁਮਾਲੀ, ਮਿੱਸੀ, ਮਿੱਠੀ, ਕਣਕ, ਮੱਕੀ, ਬਾਜਰੇ ਦੇ ਆਟੇ ਦੀ ਰੋਟੀ। ਅੱਜ ਕੱਲ੍ਹ ਕੋਧਰੇ ਦੇ ਆਟੇ ਦੀ ਰੋਟੀ ਬਹੁਤ ਹਰਮਨ ਪਿਆਰੀ ਹੋ ਰਹੀ ਹੈ (ਇਹ ਓਹੀ ਕੋਧਰਾ ਹੈ ਜਿਸ ਦੀ ਰੋਟੀ ਗੁਰੂ ਨਾਨਕ ਦੇਵ ਜੀ ਨੇ ਕਿਰਤੀ ਭਾਈ ਲਾਲੋ ਦੇ ਘਰ ਛਕੀ ਸੀ ਅਤੇ ਲੋਟੂ ਮਲਿਕ ਭਾਗੋ ਦੇ ਮਾਹਲ-ਪੂੜੇ ਠੁਕਰਾ ਦਿੱਤੇ ਸਨ)। ਸ਼ੂਗਰ ਦੇ ਮਰੀਜ਼ਾਂ ਲਈ ਤਾਂ ਸੱਤ ਅੰਨਾਂ ਦਾ ਮਿਕਸ ਕੀਤਾ ਆਟਾ ਵੀ ਚੱਲ ਪਿਐ ਜਿਸ ਤੋਂ ਵੱਖਰੀ ਕਿਸਮ ਦੀ ਰੋਟੀ ਤਿਆਰ ਕੀਤੀ ਜਾਂਦੀ ਹੈ। ਰੋਟੀ ਨੂੰ ਫੁਲਕਾ ਵੀ ਕਿਹਾ ਜਾਂਦੈ, ਜੋ ਫੁੱਲੀ ਹੋਈ ਪਤਲੀ ਰੋਟੀ ਹੁੰਦੈ।

ਧਾਰਮਿਕ ਮੁਹਾਵਰੇ ਵਿਚ ਗੁਰੂਘਰਾਂ 'ਚ ਵਰਤੀਂਦੇ ਲੰਗਰਾਂ ਸਮੇਂ ਇਸ ਲਈ 'ਪਰਸ਼ਾਦਾ' ਸ਼ਬਦ ਵਰਤਿਆ ਜਾਂਦੈ। ਕੋਸ਼ ਅਨੁਸਾਰ ਪਰਸਾਦਾ 'ਖਾਲਸੇ ਦਾ ਸੰਕੇਤ ਕੀਤਾ' ਸ਼ਬਦ ਹੈ।

ਰੋਟੀ ਅਤੇ ਪਰੌਂਠਾ ਸ਼ਬਦ ਆਕਸਫੋਰਡ ਇੰਗਲਿਸ਼ ਡਿਕਸ਼ਨਰੀ/ਆਕਸਫੋਰਡ ਲਰਨਿੰਗ ਡਿਕਸ਼ਨਰੀ ਵਿਚ ਸ਼ਾਮਿਲ ਹਨ। ਪਰ ਕੋਲਿਨਜ਼ ਇੰਗਲਿਸ਼ ਡਿਕਸ਼ਨਰੀ ਵਿਚ ਵੀ ਰੋਟੀ ਦੀ ਪਰਿਭਾਸ਼ਾ 'ਬੇਖਮੀਰੇ ਆਟੇ ਤੋਂ ਬਣੀ 'ਬਰੈਡ' (ਰੋਟੀ) ਕੀਤੀ ਗਈ ਹੈ। ਕੈਂਬਰਿਜ ਇੰਗਲਿਸ਼ ਡਿਕਸ਼ਨਰੀ 'ਚ ਰੋਟੀ ਦੀ ਅੰਗਰੇਜ਼ੀ 'ਟੋਰਟਿਯਾ' (ਜਿਹੇ 'ਟੋਰਟਿਲਾ') ਕੀਤੀ ਗਈ ਹੈ।

ਰੋਟੀ ਦਾ ਮਸਲਾ ਬੌਲੀਵੁੱਡ ਵਿਚ ਵੀ ਸਿਨਮਾ ਰਾਹੀਂ ਉਠਾਇਆ ਜਾਂਦੈ। 1974 ਦੀ ਫਿਲਮ 'ਰੋਟੀ ਕੱਪੜਾ ਔਰ ਮਕਾਨ' ਵਿਚ ਤਾਂ ਰੋਟੀ ਦਾ ਜ਼ਿਕਰ ਪਹਿਲਾਂ ਕੀਤਾ ਗਿਐ। 1971 ਦੀ ਫਿਲਮ 'ਦੁਸ਼ਮਨ' ਵਿਚ ਤਾਂ ਲੜਾਈ ਹੀ ਇਕ ਰੋਟੀ ਤੋਂ ਹੁੰਦੀ ਹੈ। 1977 ਦੀ ਫਿਲਮ 'ਘਰੌਂਦਾ' ਵਿਚ ਭੁਪਿੰਦਰ ਸਿੰਘ ਦਾ ਗਾਇਆ ਇਕ ਗੀਤ ਹੈ-

'ਏਕ ਅਕੇਲਾ ਇਸ ਸ਼ਹਿਰ ਮੇਂ, ਰਾਤ ਮੇਂ ਔਰ ਦੁਪਹਿਰ ਮੇਂ
ਆਬ-ਓ-ਦਾਨਾ ਢੂੰਢਤਾ ਹੈ, ਆਸ਼ਿਆਨਾ ਢੂੰਢਤਾ ਹੈ'।

1961 ਦੀ ਪੰਜਾਬੀ ਫਿਲਮ 'ਗੁੱਡੀ' ਵਿਚ ਮੁਹੰਮਦ ਰਫੀ ਦੇ ਗਾਏ ਗੀਤ ਵਿਚ ਵੀ ਬਾ-ਕਮਾਲ ਕਿਹਾ ਗਿਐ-

'ਦਾਣਾ-ਪਾਣੀ ਖਿੱਚ ਕੇ ਲਿਆਉਂਦਾ ਕੌਣ ਕਿਸੇ ਦਾ ਖਾਂਦਾ ਹੋ'।

ਰੋਟੀ ਨਾਲ ਬੜੇ ਅਖਾਣ ਅਤੇ ਮੁਹਾਵਰੇ ਜੁੜੇ ਹਨ:

ਰੋਟੀ-ਰੋਜ਼ੀ, ਰਿਜ਼ਕ-ਰੁਜ਼ਗਾਰ, ਤੋਰੀ-ਫੁਲਕਾ, ਦਾਲ-ਰੋਟੀ, ਰੋਟੀ-ਪਾਣੀ ਸਾਂਝਾ ਹੋਣਾ, ਰੋਟੀ ਮੰਨਣੀ, ਰੋਟੀ ਵਰਜਣੀ, ਸੰਘੋਂ ਰੋਟੀ ਨਾ ਲੰਘਣੀ, ਰੋਟੀ ਖਾਈਏ ਸ਼ੱਕਰ ਨਾਲ, ਦੁਨੀਆਂ ਲੁਟੀਏ ਮੱਕਰ ਨਾਲ, ਰੋਟੀ ਚੋਪੜੀ ਤੇ ਵਣਜ ਰੁਖਾ, ਰੋਟੀ ਨੂੰ ਪਲੂਦਾ ਤੇ ਟੁਕਰ ਨੂੰ ਦੁਆ, ਰੋਟੀ ਲੇਖੇ, ਦਾਲ ਭੁਲੇਖੇ, ਪਹਿਲੇ ਪੇਟ ਪੂਜਾ ਫਿਰ ਕੰਮ ਦੂਜਾ, ਭੁਖੇ ਅਗੇ ਬਾਤ ਪਾਈ ਕਹਿੰਦਾ ਰੋਟੀ, ਰੋਟੀਆਂ ਕਾਰਣਿ ਪੂਰੇ ਤਾਲ, ਦਾਲ ਰੋਟੀ ਖਾਉ ਪ੍ਰਭੂ ਕੇ ਗੁਣ ਗਾਉ, ਪੇਟ ਨਾ ਪਈਆਂ ਰੋਟੀਆਂ, ਸਭੇ ਗਲਾਂ ਖੋਟੀਆਂ, ਪੱਲੇ ਰਿਜ਼ਕ ਨਾਂ ਬੰਨ੍ਹਦੇ ਪੰਛੀ ਤੇ ਦਰਵੇਸ਼,/ਜਿਨ੍ਹਾਂ ਆਸਰਾ ਰੱਬ ਦਾ, ਤਿਨ੍ਹਾਂ ਰਿਜ਼ਕ ਹਮੇਸ਼' ਆਦਿ।

ਗੁਰਬਾਣੀ ਵਿਚ ਵੀ ਰੋਟੀ ਦਾ ਅਨੇਕ ਵਾਰ ਜ਼ਿਕਰ ਹੈ। ਖਾਸ ਕਰਕੇ ਸ਼ੇਖ ਫਰੀਦ ਦੇ ਸ਼ਲੋਕਾਂ ਵਿਚ:

'ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੁਖ॥ ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥

-ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਇ ਜੀਉ'॥

ਭਗਤ ਕਬੀਰ ਜੀ ਤਾਂ ਇਥੋਂ ਤਕ ਕਹਿੰਦੇ ਹਨ-

'ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ'॥

ਦਾਣਾ-ਪਾਣੀ/ਅਨਜਲ ਬੰਦੇ ਨੂੰ ਸਾਰੀ ਉਮਰ ਘੁਮਾਉਂਦਾ ਰਹਿੰਦੈ। ਗੁਰਬਾਣੀ ਵਿਚ ਬੜਾ ਸੁੰਦਰ ਕਿਹਾ ਗਿਐ-

'ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ'॥

ਇਕ ਪੰਜਾਬੀ ਸ਼ਾਇਰ ਨੇ ਵੀ ਕਿਹੈ-

'ਰੋਟੀ ਧੂਹ ਕੇ ਲੈ ਗਈ, ਸੱਤ ਸਮੁੰਦਰੋਂ ਪਾਰ
ਪਿੱਛੇ ਛੱਡੇ ਪੇਟ ਲਈ, ਮਾਂ-ਬਾਪ, ਘਰ-ਬਾਹਰ'।

ਖੈਰ! ਗੱਲ ਤੁਰੀ ਸੀ ਪਰੌਂਠੇ 'ਤੇ ਰੋਟੀ ਨਾਲੋਂ ਟੈਕਸ ਵੱਧ ਲਗਾਉਣ ਤੋਂ। ਸਰਕਾਰਾਂ ਤਾਂ ਆਪਣੀ ਭੁੱਖ ਲਾਹੁਣ ਲਈ ਲੋਕਾਂ ਉਪਰ ਟੈਕਸਾਂ ਦਾ ਬੋਝ ਪਾਉਂਦੀਆਂ ਹੀ ਰਹਿੰਦੀਆਂ ਹਨ। ਆਓ ਆਪਾਂ ਦੁਆ ਕਰੀਏ ਕਿ ਸਭ ਦਾ ਰੋਟੀ-ਪਾਣੀ ਚਲਦਾ ਰਹੇ! ਪਰੌਂਠੇ ਵੀ ਮਿਲ ਜਾਣ ਤਾਂ ਕੀ ਮਾੜੇ ਐ? ਤੇ ਉਹ ਵੀ ਤਾਜ਼ੇ-ਤਾਜ਼ੇ ਮੱਖਣ ਵਾਲੇ! ਵੈਸੇ ਵੀ ਤਾਜ਼ੇ ਪਰੌਂਠਿਆਂ ਉਪਰ ਹਾਲ ਦੀ ਘੜੀ ਨਾਮੁਰਾਦ 18% ਜੀ.ਐਸ.ਟੀ. ਵੀ ਨਹੀਂ ਲੱਗਾ!!!

## 'ਨੇਸ਼ਨ ਸਟੇਟ' ਬਨਾਮ ਖਾਲਿਸਤਾਨ

*(ਪਿਛਲੇ ਸਫੇ ਦਾ ਬਾਕੀ)*

ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।

ਇਥੇ ਆਕੀ ਸ਼ਬਦ ਬਾਰੇ ਸਪੱਸ਼ਟ ਹੋਣ ਦੀ ਲੋੜ ਹੈ। ਕੁਝ ਲੋਕ ਸਮਝਦੇ ਹਨ ਕਿ ਇੱਥੇ ਆਕੀ ਦਾ ਭਾਵ ਖਾਲਸਾ ਰਾਜ ਤੋਂ ਆਕੀ ਹੋਣਾ ਹੈ। ਪਰ ਗੁਰਮਤਿ ਦੀ ਰੌਸ਼ਨੀ ਵਿਚ ਇੱਥੇ ਆਕੀ ਹੋਣ ਦਾ ਭਾਵ ਹੁਕਮ ਤੋਂ ਆਕੀ ਹੋਣਾ ਹੈ।

ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ॥

ਮਾਨੈ ਹੁਕਮੁ ਸੋਹੈ ਦਰ ਸਾਚੈ ਆਕੀ ਮਰੇ ਅਫਾਰੀ॥ (ਪੰਨਾ 992)

ਯਥਾ ਗੁਰਮਤਿ ਦਾ ਨਿਰਣਾ ਹੈ ਕਿ ਬ੍ਰਹਮਾ ਬਿਸਨ ਆਦਿ ਸਾਰੇ ਰਿਸ਼ੀ ਮੁਨੀ ਤੇ ਇੱਥੋਂ ਤਕ ਕਿ ਸ਼ੰਕਰ ਤੇ ਇੰਦਰ ਵੀ, ਸਾਰੇ ਤਪੀਆਂ ਸਮੇਤ, ਸਾਰੇ ਏਕੋ ਕਰਤਾ ਦੇ ਦਰ ਉਤੇ ਭੇਖਾਰੀ ਹਨ। ਜਿਹੜੇ ਉਸ ਦੇ ਹੁਕਮ ਨੂੰ ਮੰਨਦੇ ਹਨ, ਉਹ ਉਸ ਦੇ ਦਰਬਾਰ ਵਿਚ ਪ੍ਰਵਾਨਗੀ ਹਾਸਲ ਕਰਦੇ ਹਨ ਅਤੇ ਬਾਕੀ ਸਾਰੇ ਹੰਕਾਰ ਵਿਚ ਆਫਰੇ ਤਥਾ ਆਪਣੀ ਝੂਠੀ ਹੋਂਦ ਦੇ ਭਰਮ ਵਿਚ ਉਸ ਤੋਂ ਆਕੀ ਹੋ ਕੇ ਜਿਊਣ ਦੇ ਯਤਨ ਕਰ ਰਹੇ ਲੋਕ, ਮਾਨਸਿਕ ਕਲਪਣਾ (ਤ੍ਰਿਸਨਾ) ਵਿਚ ਭਟਕਦੇ ਹੋਏ ਹੀ ਮਰ ਜਾਂਦੇ ਹਨ। ਸਾਰਾ ਜਗਤ ਤੇ ਜੀਵ ਜੰਤੂ ਹੁਕਮ ਭਾਵ ਕੁਦਰਤ ਦੇ ਨੇਮਾਂ ਵਿਚ ਰਹਿ ਕੇ ਹੀ ਜ਼ਿੰਦਗੀ ਜਿਉਂਦੇ ਹਨ। ਕੋਈ ਵੀ ਇਸ ਹੁਕਮ ਤੋਂ ਬਾਹਰ ਨਹੀਂ। ਜੋ ਕੋਈ ਇਸ ਹੁਕਮ ਨੂੰ ਬੁੱਝ ਲੈਂਦਾ ਹੈ ਭਾਵ ਕੁਦਰਤੀ ਨੇਮਾਂ ਅਨੁਸਾਰ ਜ਼ਿੰਦਗੀ ਜਿਉਣ ਦੀ ਜਾਚ ਸਿੱਖ ਲੈਂਦਾ ਹੈ, ਉਹ ਹਉਮੈ ਭਾਵ ਮੈਂ-ਮੇਰੀ ਦੀ ਭਾਵਨਾ ਤੋਂ ਮੁਕਤ ਹੋ ਜਾਂਦਾ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (ਪੰਨਾ 1)

ਗੁਰਮਤਿ ਅਨੁਸਾਰ ਖਾਲਿਸਤਾਨ ਦੀ ਰਾਜਨੀਤੀ ਦਾ ਤੱਤ ਅਜਿਹੇ ਰਾਜ ਦੀ ਸਥਾਪਨਾ ਕਰਨੀ ਹੈ, ਜਿੱਥੇ ਹਰ ਮਾਈ ਭਾਈ ਇਸ ਅਸੀਮ ਕੁਦਰਤ ਨਾਲ ਇਕਸੁਰਤਾ ਤੇ ਇਸਦੇ ਜਾਣੇ ਹੋਏ ਨੇਮਾਂ ਵਿਚ ਰਹਿਣ ਦੇ ਯਤਨ ਕਰਦਿਆਂ ਅਤੇ ਇਸਦੇ ਗੁਣ ਗਾਉਂਦਿਆਂ, ਆਤਮ-ਸੰਜਮੀ (ਸਦਾਚਾਰੀ) ਜ਼ਿੰਦਗੀ ਜੀਵੇ ਅਤੇ ਹੱਥੀਂ ਕਿਰਤ ਕਰਦਿਆਂ ਹੋਇਆਂ ਸਮੂਹ ਭਾਈਚਾਰੇ ਨਾਲ ਰਲਮਿਲ ਕੇ ਵੰਡ ਛਕਣ ਦੇ ਅਸੂਲ ਤਹਿਤ ਆਪਣੀਆਂ ਤਰਕਸੰਗਤ ਲੋੜਾਂ ਦੀ ਪੂਰਤੀ ਕਰੇ। ਸਰਬਸਾਂਝੀਵਾਲਤਾ ਦੀ ਭਾਵਨਾ ਨੂੰ ਲਗਾਤਾਰ ਫੈਲਾਉਣਾ ਅਤੇ ਸਰਬੱਤ ਦੇ ਭਲੇ ਦੇ ਸਮਾਜ ਲਈ ਨਿਰੰਤਰ ਯਤਨਸ਼ੀਲ ਰਹਿਣਾ, ਇਹੀ ਸਿੱਖ ਦਾ ਧਰਮ ਹੈ।

ਹੁਣ ਹੁਕਮੁ ਹੋਆ ਮਿਹਰਵਾਣ ਦਾ ਪੈ ਕੋਇ ਨ ਕਿਸੈ ਰਞਾਣ ਦਾ॥

ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥ (ਪੰਨਾ 74)

ਸਰਬਉਚ ਮਿਹਰਵਾਨ ਹਸਤੀ ਸੱਚੇ ਪਾਤਸ਼ਾਹ, ਕਰਤਾ ਪੁਰਖ, ਨਿਰੰਕਾਰ, ਹਰਿ ਜੀਉ ਦਾ ਹੁਕਮ ਹੋਇਆ ਹੈ ਕਿ ਹੁਣ ਇਸ ਧਰਤੀ ਉਤੇ ਕੋਈ ਵੀ ਮਨੁੱਖ ਕਿਸੇ ਦੂਜੇ ਮਨੁੱਖ ਨੂੰ ਦੁੱਖ ਨਾ ਦੇਵੇ ਭਾਵ ਪਰਾਈ ਕਿਰਤ ਦੀ ਲੁੱਟ ਨਾ ਕਰੇ ਕਿਉਂਕਿ ਹੁਣ ਸੱਚੇ ਪਾਤਸ਼ਾਹ ਨੇ ਇਸ ਧਰਤੀ ਉਤੇ ਹਲੇਮੀ ਰਾਜ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ ਹੈ। ਜਿਸ ਰਾਜ ਵਿਚ ਸਾਰੇ ਲੋਕ ਸੁਖੀ ਵਸਣਗੇ।

ਕੁਦਰਤਿ ਤਖਤੁ ਰਚਾਇਆ ਸਚਿ ਨਬੇੜਣਹਾਰੋ॥ (ਪੰਨਾ 580)

ਰਾਜ ਦਾ ਇਹ ਸੰਕਲਪ ਹੀ ਅਜੋਕੀ ਮਨੁੱਖ ਜਾਤੀ ਦਾ ਭਵਿੱਖ ਹੈ। ਇਸ ਸੰਕਲਪ ਨੂੰ ਅਜੋਕੀ ਰਾਜਨੀਤਕ ਭਾਸ਼ਾ ਵਿਚ ਢਾਲਣ ਦੀ ਲੋੜ ਹੈ। ਬੇਗਮਪੁਰੇ ਵਿਚ ਕੋਈ ਦੁਖੀ ਨਹੀਂ ਹੋਵੇਗਾ, ਕੋਈ ਚਿੰਤਾਗ੍ਰਸਤ ਨਹੀਂ ਹੋਵੇਗਾ, ਕੋਈ ਟੈਕਸ ਨਹੀਂ ਲਿਆ ਜਾਵੇਗਾ, ਕੋਈ ਮਾਲੀਆ ਨਹੀਂ ਉਗਰਾਹਿਆ ਜਾਵੇਗਾ, ਧਨ ਦੌਲਤ ਜਾਇਦਾਦ ਦੀ ਕੋਈ ਹੋਂਦ ਨਹੀਂ ਹੋਵੇਗੀ, ਸਾਰੇ ਲੋਕ ਇਕੋ ਜਿਹੇ ਬਰਾਬਰ ਦੇ ਸ਼ਹਿਰੀ ਬਣ ਕੇ ਰਹਿਣਗੇ ਅਤੇ ਰਲ-ਮਿਲ ਕੇ ਆਪਣੀਆਂ ਕੁਦਰਤੀ ਲੋੜਾਂ ਪੂਰੀਆਂ ਕਰਨਗੇ। ਰਲ-ਮਿਲ ਕੇ ਕਿਰਤ ਕਰੋ ਅਤੇ ਸਾਰਾ ਕੁਝ ਵੰਡ ਕੇ ਛਕੋ ਦੇ ਅਸੂਲ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇਗਾ।

ਸਤੁ ਸੰਤੋਖੁ ਦਇਆ ਕਮਾਵੈ॥ ਆਧਾਰਿਤ ਕਿਰਤ ਕਰੋ-ਵੰਡ ਛਕੋ-ਨਾਮ ਜਪੋ ਕੋਈ ਅਮੂਰਤ ਧਾਰਮਿਕ ਉਪਦੇਸ਼ ਨਹੀਂ ਬਲਕਿ ਮਨੁੱਖਤਾ ਦੀ ਹੁਣ ਤਕ ਦੀ ਇਕੱਠੀ ਹੋਈ ਸਗਲ ਅਨੁਭਵੀ ਸਿਆਣਪ ਦਾ ਨਿਕਲਿਆ ਤੱਤ-ਨਿਚੋੜ ਹੈ। ਸਤਿਗੁਰੂ ਨਾਨਕ ਪਾਤਸ਼ਾਹ ਦੇ ਤਿੰਨ ਸੌ ਸਾਲ ਬਾਅਦ ਮਾਰਕਸ ਨੇ ਪੱਛਮ ਵਿਚ 'ਕਮਿਊਨਿਸਟ' ਇਨਕਲਾਬ ਰਾਹੀਂ ਸਮਾਜਵਾਦੀ ਸਮਾਜ ਦੀ ਸਿਰਜਣਾ ਦਾ ਨਾਹਰਾ ਲਾ ਕੇ ਗੁਰੂ ਸਾਹਿਬ ਦੇ ਇਸੇ ਆਦਰਸ਼ ਨੂੰ ਰੂਪਮਾਨ ਕਰਨ ਦਾ ਯਤਨ ਕੀਤਾ ਸੀ। ਪਰ ਸਾਮਰਾਜੀ ਖਪਤਕਾਰੀ ਦੀ ਚਕਾਚੌਂਧ ਵਿਚ ਚੁੰਧਿਆਏ ਉਸ ਦੇ 'ਕਮਿਊਨਿਸਟ' ਪੈਰੋਕਾਰਾਂ ਨੇ ਉਸ ਦੇ ਆਦਰਸ਼ਾਂ ਨੂੰ ਪੈਰਾਂ ਹੇਠ ਰੋਲ ਦਿੱਤਾ।

ਮਾਰਕਸ ਦਾ ਆਪਣਾ ਕਥਨ ਹੈ, "ਸਮੁੱਚੀ ਮਨੁੱਖਤਾ ਦੀ ਭਲਾਈ ਲਈ ਕੰਮ ਕਰਦਿਆਂ ਹੋਇਆਂ ਹੀ ਮਨੁੱਖ ਆਪਣੀ ਪੂਰਨਤਾ ਹਾਸਲ ਕਰ ਸਕਦਾ ਹੈ। ਸਮਾਜੀ ਭਲਾਈ ਲਈ ਕੰਮ ਕਰਦਿਆਂ ਹੋਇਆਂ ਹੀ ਮਨੁੱਖ ਆਨੰਦਮਈ ਜ਼ਿੰਦਗੀ ਜੀਅ ਸਕਦਾ ਹੈ। ਆਪਣੇ ਨਿੱਜ ਲਈ ਕੰਮ ਕਰਦਾ ਹੋਇਆ ਮਨੁੱਖ ਪ੍ਰਸਿੱਧ ਵਿਦਵਾਨ ਬਣ ਸਕਦਾ ਹੈ, ਮਹਾਨ ਸੰਤ ਬਣ ਸਕਦਾ ਹੈ, ਸ਼ਾਨਦਾਰ ਕਵੀ ਬਣ ਸਕਦਾ ਹੈ ਪਰ ਉਹ ਪੂਰਨ ਅਤੇ ਮਹਾਨ ਮਨੁੱਖ ਨਹੀਂ ਬਣ ਸਕਦਾ। ਇਤਿਹਾਸ ਉਨ੍ਹਾਂ ਮਨੁੱਖਾਂ ਨੂੰ ਸਭ ਤੋਂ ਵੱਧ ਮਹਾਨ ਕਹਿੰਦਾ ਹੈ, ਜਿਹੜੇ ਸਰਬ-ਸਾਂਝੀਵਾਲਤਾ ਲਈ ਕੰਮ ਕਰਦੇ ਹੋਏ ਆਪਣੇ ਆਪ ਨੂੰ ਨਿਛਾਵਰ ਕਰ ਦੇਂਦੇ ਹਨ। ਧਰਮ ਵੀ ਸਾਨੂੰ ਇਹੀ ਸਿਖਾਉਂਦਾ ਹੈ ਕਿ ਮਨੁੱਖਤਾ ਦੀ ਖਾਤਰ ਆਪਣੇ-ਆਪ ਨੂੰ ਕੁਰਬਾਨ ਕਰ ਦੇਣ ਵਾਲੇ ਮਹਾਂਪੁਰਖ ਦੀ ਸਾਰੇ ਨਕਲ ਕਰਨਾ ਚਾਹੁੰਦੇ ਹਨ। ਜੇ ਅਸੀਂ ਜ਼ਿੰਦਗੀ ਵਿਚ ਬਹੁਤਾ ਕੰਮ ਮਨੁੱਖਤਾ ਦੀ ਭਲਾਈ ਲਈ ਕਰ ਸਕੀਏ ਤਾਂ ਕੋਈ ਵੀ ਜਾਬਰ ਸਾਨੂੰ ਝੁਕਾਅ ਨਹੀਂ ਸਕੇਗਾ। ਫਿਰ ਅਸੀਂ ਨਿੱਜ ਤਕ ਸੀਮਤ ਆਨੰਦ ਨਹੀਂ ਮਾਣਾਂਗੇ ਸਗੋਂ ਸਾਡੀ ਖੁਸ਼ੀ ਦਾ ਸੰਬੰਧ ਕਰੋੜਾਂ ਲੋਕਾਂ ਦੀ ਖੁਸ਼ੀ ਨਾਲ ਹੋਵੇਗਾ ਤੇ ਸਾਡੇ ਕੀਤੇ ਕੰਮ ਨਿਰੰਤਰ ਕਾਰਜਸ਼ੀਲ ਰਹਿਣਗੇ।"

*(ਸਾਮੂਹਿਕ ਲਿਖਤਾਂ, ਜਿਲਦ ਪਹਿਲੀ)*

# ਸਿੱਖ ਲੜਕੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਦਰਿੰਦੇ

**ਕੁਲਵੰਤ ਸਿੰਘ 'ਢੇਸੀ'**

***ਦੋਸਤੀ ਕੇ ਨਏ ਆਦਾਬ ਲੀਏ ਫ਼ਿਰਤੇ ਹੈਂ॥ ਲੋਗ ਅਬ ਇਤਰ ਮੇਂ ਤੇਜ਼ਾਬ ਲੀਏ ਫ਼ਿਰਤੇ ਹੈਂ॥***

ਅੱਜ-ਕੱਲ੍ਹ ਭਾਰਤ ਤੋਂ ਵੱਡੀ ਗਿਣਤੀ ਵਿਚ ਵਿਦਿਆਰਥੀ ਯੂ.ਕੇ. ਆ ਰਹੇ ਹਨ। ਇਨ੍ਹਾਂ ਦੇ ਮਾਪੇ ਕਿਸੇ ਨਾ ਕਿਸੇ ਤਰ੍ਹਾਂ ਯੂਨੀਵਰਸਿਟੀਆਂ ਦੀਆਂ ਫੀਸਾਂ ਤਾਂ ਭਰ ਦਿੰਦੇ ਹਨ, ਪਰ ਇਨ੍ਹਾਂ ਵਿਚੋਂ ਬਹੁਤਿਆਂ ਕੋਲ ਰਿਹਾਇਸ਼ ਅਤੇ ਖਾਣ-ਪੀਣ ਦਾ ਇੰਤਜ਼ਾਮ ਨਹੀਂ ਹੁੰਦਾ। ਜ਼ਿਆਦਾਤਰ ਵਿਦਿਆਰਥੀ ਪਾਰਟ ਟਾਈਮ ਰੁਜ਼ਗਾਰ ਦੀ ਭਾਲ ਵਿਚ ਖੱਜਲ-ਖੁਆਰ ਹੁੰਦੇ ਰਹਿੰਦੇ ਹਨ। ਤਰਸਯੋਗ ਹਾਲਾਤ ਵਸ ਇਹ ਵਿਦਿਆਰਥੀ ਹਰ ਤਰ੍ਹਾਂ ਦਾ ਕੰਮ ਕਰਨ ਲਈ ਅਤੇ ਹਰ ਤਰ੍ਹਾਂ ਦੇ ਹਾਲਾਤ ਵਿਚ ਰਹਿਣ ਲਈ ਮਜਬੂਰ ਹੋ ਜਾਂਦੇ ਹਨ, ਪਰ ਕੁਝ ਮੌਕਾਪ੍ਰਸਤ ਅਤੇ ਮਾੜੇ ਇਰਾਦਿਆਂ ਵਾਲੇ ਲੋਕ ਇਨ੍ਹਾਂ ਦੀ ਮਜਬੂਰੀ ਦਾ ਨਾਜਾਇਜ਼ ਫਾਇਦਾ ਲੈਂਦੇ ਹਨ।

ਯੂ.ਕੇ. ਵਿਚ ਕੁਝ ਦਿਨ ਪਹਿਲਾਂ ਪੰਜਾਬ ਤੋਂ ਆਈ ਇੱਕ ਸਿੱਖ ਲੜਕੀ ਨੇ ਸੋਸ਼ਲ ਮੀਡੀਆ 'ਤੇ ਦੱਸਿਆ ਸੀ, ਜਦੋਂ ਉਸ ਨੇ ਬਰਮਿੰਘਮ ਪਾਕਿਸਤਾਨੀ ਲੋਕਾਂ ਦੀ ਕਾਫੀ 'ਤੇ ਕੰਮ ਕਰਨਾ ਸ਼ੁਰੂ ਕੀਤਾ ਤਾਂ ਉਸ ਨੂੰ ਸ਼ਾਮ ਨੂੰ ਹੁੱਕਾ ਬਾਰ 'ਤੇ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਅਤੇ ਫਿਰ ਹੌਲੀ ਹੌਲੀ ਉਸ ਨੂੰ ਦੇਹ ਵਪਾਰ ਵੱਲ ਉਕਸਾਉਣਾ ਸ਼ੁਰੂ ਕਰ ਦਿੱਤਾ। ਲੜਕੀ ਨੇ ਦੱਸਿਆ ਕਿ ਉਹ ਮਜਬੂਰੀ ਦੀ ਹਾਲਤ ਵਿਚ ਪੰਜਾਬ ਵਾਪਸ ਜਾ ਰਹੀ ਹੈ।

ਇਸੇ ਤਰ੍ਹਾਂ ਸਾਊਥਾਲ ਤੋਂ ਇੱਕ ਨੌਜਵਾਨ ਨੇ ਇੱਕ ਪੋਸਟ ਪਾਈ, ਜਿਸ ਦਾ ਸਿਰਲੇਖ ਹੈ, 'ਯੂ ਕੇ ਵਿਚ ਕੁੜੀਆਂ ਸਾਵਧਾਨ'। ਇਸ ਵਿਚ ਉਸ ਨੇ ਦੱਸਿਆ ਕਿ ਸਾਊਥਾਲ ਵਿਚ ਅੱਜਕਲ ਬਹੁਤ ਵੱਡਾ ਗੋਰਖਧੰਦਾ ਚੱਲ ਰਿਹਾ ਹੈ ਜਿਸ ਨੂੰ ਅਸੀਂ ਸਕੈਮ ਵੀ ਕਹਿ ਸਕਦੇ ਹਾਂ। ਕੁਝ ਲੋਕ ਇੰਡੀਅਨ ਦੁਕਾਨਾਂ 'ਤੇ ਪਰਚੇ ਲਾ ਕੇ ਪ੍ਰਚਾਰ ਕਰ ਰਹੇ ਹਨ ਕਿ ਉਨ੍ਹਾਂ ਨੂੰ ਕੰਮ ਕਰਨ ਲਈ ਲੜਕੀਆਂ ਦੀ ਲੋੜ ਹੈ। ਜਦੋਂ ਲੜਕੀਆਂ ਉਸ ਨੰਬਰ 'ਤੇ ਫੋਨ ਕਰਦੀਆਂ ਹਨ ਤਾਂ ਅੱਗੋਂ ਜਵਾਬ ਦੇਣ ਵਾਲੀ ਲੜਕੀ ਆਪਣਾ ਨਾਮ ਰੁਪਿੰਦਰ ਕੌਰ ਜਾਂ ਪਿੰਦਰ ਦੱਸਦੀ ਹੈ। ਫੋਨ ਦੇ ਜਵਾਬ ਵਿਚ ਉਹ ਕੁੜੀਆ ਨੂੰ ਪਡਿੰਗਟਨ ਆਉਣ ਲਈ ਕਹਿੰਦੀ ਹੈ। ਜਦੋਂ ਉਹ ਪਡਿੰਗਟਨ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਇਲਫੋਰਡ ਆਉਣ ਲਈ ਕਿਹਾ ਜਾਂਦਾ ਹੈ। ਜਦੋਂ ਲੜਕੀਆਂ ਦੱਸੇ ਹੋਏ ਪਤੇ 'ਤੇ ਪਹੁੰਚਦੀਆਂ ਹਨ ਤਾਂ ਉਨ੍ਹਾਂ ਨੂੰ ਕਮਰ ਦਰਦ ਤੋਂ ਪੀੜਤ ਮੁੰਡਿਆਂ ਦੀ ਮਾਲਸ਼ ਕਰਨ ਲਈ ਕਿਹਾ ਜਾਂਦਾ ਹੈ। ਮਾਲਸ਼ ਕਰਦੀਆਂ ਇਨ੍ਹਾਂ ਲੜਕੀਆਂ ਦੀਆਂ ਗੁਪਤ ਕੈਮਰਿਆਂ ਰਾਹੀਂ ਫਿਲਮਾਂ ਬਣਾਈਆਂ ਜਾਂਦੀਆਂ ਹਨ ਜਦਕਿ ਪੀੜਤ ਦੱਸੇ ਜਾਂਦੇ ਮੁੰਡੇ ਉਨ੍ਹਾਂ ਨਾਲ ਅਸ਼ਲੀਲ ਹਰਕਤਾਂ ਕਰਦੇ ਹਨ। ਇਨ੍ਹਾਂ ਫਿਲਮਾਂ ਰਾਹੀਂ ਫਿਰ ਲੜਕੀਆਂ ਨੂੰ ਬਲੈਕਮੇਲ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਇਨ੍ਹਾਂ ਲੜਕੀਆਂ ਨੂੰ ਦੇਹ ਵਪਾਰ ਦੀ ਦਲਦਲ ਵਿਚ ਧੱਕਿਆ ਜਾਂਦਾ ਹੈ। ਪੋਸਟ ਪਉਣ ਵਾਲਾ ਇਹ ਨੌਜਵਾਨ ਸਾਵਧਾਨ ਕਰਦਾ ਕਹਿੰਦਾ ਹੈ ਕਿ ਕੇਅਰ ਟੇਕਰ ਦੀ ਜੌਬ 'ਤੇ ਕੁੜੀਆਂ ਇਕੱਲੀਆਂ ਨਾ ਜਾਣ। ਉਹ ਕਹਿੰਦਾ ਹੈ ਕਿ ਇਸ ਤਰ੍ਹਾਂ ਦੇ ਫਰੇਬ ਵਿਚ ਸਾਡੀਆਂ ਲੜਕੀਆਂ ਨਾਲ ਜੋ ਕੁਝ ਹੁੰਦਾ ਹੈ ਉਸ ਨੂੰ ਦਸਦਿਆਂ ਸ਼ਰਮ ਆਉਂਦੀ ਹੈ।'

**ਕਾਰਾਂ ਵਿਚ ਰਾਤਾਂ ਕੱਟ ਰਹੇ ਨੌਜਵਾਨ**

ਪਿਛਲੇ ਦਿਨੀਂ ਕਾਵੈਂਟਰੀ ਗੁਰਦੁਆਰੇ ਮੇਰੇ ਸੰਪਰਕ ਵਿਚ ਵੀ ਕੁਝ ਐਸੇ ਵਿਦਿਆਰਥੀ ਆਏ ਸਨ, ਜੋ ਜੌਬਾਂ ਵਾਸਤੇ ਦਰ-ਦਰ ਭਟਕ ਰਹੇ ਸਨ। ਇਨ੍ਹਾਂ ਨੌਜਵਾਨਾਂ ਦੀ ਸਭ ਤੋਂ ਵੱਡੀ ਸ਼ਿਕਾਇਤ ਸੀ ਕਿ ਉਨ੍ਹਾਂ ਨੂੰ ਕਿਰਾਏ 'ਤੇ ਰਿਹਾਇਸ਼ ਨਹੀਂ ਮਿਲ ਰਹੀ। ਕਈ ਤਾਂ ਮਜਬੂਰ ਹੋ ਕੇ ਕਾਰਾਂ ਵਿਚ ਰਾਤਾਂ ਕੱਟ ਰਹੇ ਹਨ। ਟੀ.ਵੀ. 'ਤੇ ਵੀ ਇੱਕ ਦਿਨ ਇਸ ਸਬੰਧੀ ਪ੍ਰੋਗਰਾਮ ਦੇਖਣ ਨੂੰ ਮਿਲਿਆ ਜਿਥੇ ਉਚੇਚੇ ਤੌਰ 'ਤੇ ਪੰਜਾਬ ਤੋਂ ਆ ਰਹੀਆਂ ਵਿਦਿਆਰਥਣ ਲੜਕੀਆਂ ਬਾਰੇ ਬੜਾ ਤਰਸਯੋਗ ਜ਼ਿਕਰ ਸੁਣਨ ਨੂੰ ਮਿਲਿਆ। ਅਫਸੋਸ ਦੀ ਗੱਲ ਇਹ ਹੈ ਕਿ ਜਦੋਂ ਇਹ ਬੱਚੀਆਂ ਇੱਥੇ ਆ ਕੇ ਦਰਿੰਦਿਆਂ ਦੇ ਵਸ ਪੈ ਜਾਂਦੀਆਂ ਹਨ ਤਾਂ ਉਸ ਹਾਲਤ ਵਿਚ ਜਦੋਂ ਉਹ ਆਪਣੇ ਮਾਪਿਆਂ ਨੂੰ ਵਾਪਸ ਪੰਜਾਬ ਆਉਣ ਦੀ ਮਜਬੂਰੀ ਦੱਸਦੀਆਂ ਹਨ ਤਾਂ ਉਨ੍ਹਾਂ ਦੇ ਮਾਪੇ ਵੀ ਮਨ੍ਹਾ ਕਰਦੇ ਹਨ ਕਿ ਜਿਵੇਂ ਕਿਵੇਂ ਉਹ ਯੂ.ਕੇ. ਵਿਚ ਹੀ ਸੈਟਲ ਹੋ ਜਾਣ ਪਰ ਵਾਪਸ ਨਾ ਆਉਣ।

**ਪਾਕਿਸਤਾਨ ਵਿਚ ਹਿੰਦੂ ਤੇ ਸਿੱਖ ਲੜਕੀਆਂ ਨਿਸ਼ਾਨੇ 'ਤੇ**

ਪਾਕਿਸਤਾਨ ਤੋਂ ਇਹ ਖਬਰਾਂ ਲਗਾਤਾਰ ਆ ਰਹਿਆਂ ਹਨ ਕਿ ਉਥੇ ਹਿੰਦੂ ਅਤੇ ਸਿੱਖ ਲੜਕੀਆਂ ਨੂੰ ਅਗਵਾ, ਜਬਰ-ਜਨਾਹ ਅਤੇ ਜਬਰੀ ਧਰਮ ਬਦਲੀ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੁਝ ਦਿਨ ਪਹਿਲਾਂ ਮੀਡੀਆ ਦੀ ਇੱਕ ਖਬਰ ਮੁਤਾਬਕ ਸਿੰਧ ਸੂਬੇ ਦੇ ਹੈਦਰਾਬਾਦ ਸ਼ਹਿਰ ਦੇ ਫਤਿਹ ਚੌਕ ਵਿਚ ਇੱਕ ਹਿੰਦੂ ਲੜਕੀ ਨੂੰ ਅਗਵਾ ਕਰ ਲਿਆ ਗਿਆ। ਲੜਕੀ ਦੇ ਮਾਪਿਆਂ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਪਰ ਲੜਕੀ ਬਾਰੇ ਕੁਝ ਪਤਾ ਨਾ ਲੱਗਾ। ਪਾਕਿਸਤਾਨ ਵਿਚ ਹਿੰਦੂ ਲੜਕੀਆਂ ਨੂੰ ਅਗਵਾ ਕਰਨ ਦੀ ਇਹ ਘਟਨਾ ਪੰਦਰਾਂ ਦਿਨਾਂ ਵਿਚ ਚੌਥੀ ਦੱਸੀ ਗਈ ਸੀ। ਇੱਕ ਲੜਕੀ ਨੂੰ ਮੀਰਪੁਰਖਾਸ ਨਗਰ ਵਿਚ ਘਰ ਜਾਂਦਿਆਂ ਅਗਵਾ ਕਰ ਲਿਆ ਗਿਆ, ਜਦਕਿ ਇਹੀ ਕੁਝ ਨਾਸਰਪੁਰ ਇਲਾਕੇ ਵਿਚ ਇੱਕ 14 ਸਾਲ ਦੀ ਨਾਬਾਲਗ ਲੜਕੀ ਨਾਲ ਵਾਪਰਿਆ ਸੀ।

ਇਹੋ ਜਿਹੀਆਂ ਘਟਨਾਵਾਂ ਵਿਚ ਜਦੋਂ ਦਹਿਸ਼ਤਜ਼ਦਾ ਲੜਕੀਆਂ ਜਾਂ ਔਰਤਾਂ ਬਾਰੇ ਪਤਾ ਲੱਗਦਾ ਹੈ ਤਾਂ ਉਨ੍ਹਾਂ ਨਾਲ ਜਬਰ-ਜਨਾਹ ਹੋ ਚੁੱਕੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਏਨਾ ਡਰਾਇਆ-ਧਮਕਾਇਆ ਜਾਂਦਾ ਹੈ ਕਿ ਉਹ ਇਹ ਬਿਆਨ ਦੇਣ ਲਈ ਮਜਬੂਰ ਹੋ ਜਾਂਦੀਆਂ ਹਨ ਕਿ ਉਨ੍ਹਾਂ ਨੇ ਨਾ ਕੇਵਲ ਆਪਣੀ ਮਰਜ਼ੀ ਨਾਲ ਆਪਣਾ ਧਰਮ ਬਦਲਿਆ ਹੈ ਸਗੋਂ ਸਬੰਧਤ ਮੁਸਲਮਾਨ ਵਿਅਕਤੀ ਨਾਲ ਵਿਆਹ ਵੀ ਕਰ ਲਿਆ ਹੈ। ਏਹੋ ਕੁਝ ਹੋਇਆ ਸੀ ਇੱਕ ਰਵੀ ਕੁਰਮੀ ਨਾਮ ਦੀ ਹਿੰਦੂ ਔਰਤ ਨਾਲ, ਜਦੋਂ ਉਸ ਦੇ ਪਤੀ ਨੇ ਪੁਲਿਸ ਕੋਲ ਆਪਣੇ ਪਤਨੀ ਦੇ ਅਗਵਾ ਕਰ ਲਏ ਜਾਣ ਦੀ ਇਤਲਾਹ ਦਿੱਤੀ ਤਾਂ ਪੁਲਿਸ ਵਲੋਂ ਕਿਹਾ ਗਿਆ ਕਿ ਰਵੀ ਕੁਰਮੀ ਨੇ ਤਾਂ ਆਪਣੀ ਮਰਜ਼ੀ ਨਾਲ ਅਹਿਮਦ ਚੰਦੀਓ ਨਾਮੀ ਮੁਸਲਮਾਨ ਵਿਅਕਤੀ ਨਾਲ ਨਿਕਾਹ ਕਰ ਲਿਆ ਸੀ। ਇਸ ਤਰ੍ਹਾਂ ਦਾ ਵਿਹਾਰ ਤਿੰਨ ਹੋਰ ਹਿੰਦੂ ਲੜਕੀਆਂ ਨਾਲ ਵਾਪਰਿਆ।

21 ਮਾਰਚ ਨੂੰ ਪੂਜਾ ਨਾਮ ਦੀ ਇੱਕ ਹਿੰਦੂ ਲੜਕੀ ਨੂੰ ਸੁੱਕਰ ਵਿਚ ਘਰ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਕਿਉਂਕਿ ਉਸ ਨੇ ਇਕ ਪਾਕਿਸਤਾਨੀ ਮੁਸਲਮਾਨ ਵਿਅਕਤੀ ਨਾਲ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਫਿਰ ਪਾਕਿਸਤਾਨ ਦੇ ਖੈਬਰ ਪਖਤੂਨਵਾ ਦੇ ਬੁਨੇਰ ਜ਼ਿਲ੍ਹੇ ਵਿਚ ਅਗਸਤ 2022 ਨੂੰ ਇੱਕ ਬੀਨਾ ਕੁਮਾਰੀ ਨਾਮੀ ਸਿੰਧੀ ਸਿੱਖ ਲੜਕੀ ਦਾ ਜਬਰੀ ਧਰਮ ਪਰਿਵਰਤਨ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਜਬਰੀ ਇਸਲਾਮ ਧਾਰਨ ਕਰਵਾ ਕੇ ਮੁਸਲਮਾਨ ਵਿਅਕਤੀ ਵਲੋਂ ਇਸ ਸਿੱਖ ਲੜਕੀ ਨਾਲ ਜ਼ਬਰਦਸਤੀ ਨਿਕਾਹ ਕਰ ਲਿਆ ਗਿਆ ਸੀ। ਦਹਿਸ਼ਤਜ਼ਦਾ ਇਸ ਲੜਕੀ ਨੂੰ ਵੀ ਮੀਡੀਆ ਸਾਹਮਣੇ ਇਹੀ ਬਿਆਨ ਦੇਣ ਲਈ ਮਜਬੂਰ ਕੀਤਾ ਗਿਆ ਸੀ ਕਿ ਉਸ ਨੇ ਆਪਣੀ ਮਰਜ਼ੀ ਨਾਲ ਨਿਕਾਹ ਕੀਤਾ ਹੈ। ਇਸੇ ਤਰ੍ਹਾਂ ਦੀ ਘਟਨਾ 2020 ਨੂੰ ਨਨਕਾਣਾ ਸਾਹਿਬ ਵਿਚ ਇੱਕ ਗ੍ਰੰਥੀ ਦੀ ਲੜਕੀ ਨਾਲ ਵਾਪਰੀ ਸੀ। ਇਸ ਮਾਮਲੇ ਵਿਚ ਮੁੱਦੇ ਨੇ ਭਾਵੇਂ ਕੌਮਾਂਤਰੀ ਤੂਲ ਫੜਿਆ ਅਤੇ ਮੁਜ਼ਾਹਰੇ ਆਦਿ ਵੀ ਹੋਏ ਪਰ ਉਸ ਮਜਬੂਰ ਲੜਕੀ ਨਾਲ ਵੀ ਏਨਾ ਕੁਝ ਹੋ ਚੁੱਕਾ ਸੀ ਕਿ ਦਹਿਸ਼ਤਜ਼ਦਾ ਹਾਲਤ ਵਿਚ ਉਸ ਨੇ ਵੀ ਇਹ ਹੀ ਬਿਆਨ ਦਿੱਤਾ ਸੀ ਕਿ ਉਸ ਨੇ ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕੀਤਾ ਅਤੇ ਮੁਸਲਮਾਨ ਵਿਅਕਤੀ ਨਾਲ ਨਿਕਾਹ ਕੀਤਾ ਸੀ।




**ਨਾਬਾਲਗ ਸਿੱਖ ਲੜਕੇ ਨੂੰ ਵੀ ਕੁਕਰਮ ਦਾ ਨਿਸ਼ਾਨਾ ਬਣਾਇਆ ਗਿਆ**

ਇਹ ਘਟਨਾ ਪਾਕਿਸਤਾਨ ਦੇ ਸਿੰਧ ਸੂਬੇ ਦੇ ਜੈਕਬਾਬਾਦ ਇਲਾਕੇ ਵਿਚ ਹੋਈ ਦੱਸੀ ਜਾਂਦੀ ਹੈ। ਇਹ 14 ਸਾਲਾ ਲੜਕਾ ਦੀਵਾਲੀ ਦੇ ਮੌਕੇ ਨੂੰ ਮੁੱਖ ਰੱਖ ਕੇ ਮੋਟਰਸਾਈਕਲ ਖ੍ਰੀਦਣ ਦੀ ਕੋਸ਼ਿਸ਼ ਵਿਚ ਸੀ ਜਦੋਂ ਉਸ ਨੂੰ ਇਹ ਲਾਲਚ ਦੇ ਕੇ ਦੋ ਮੁਸਲਮਾਨ ਵਿਕਅਤੀਆਂ ਵਲੋਂ ਵਰਗਲਾ ਕੇ ਅਗਵਾ ਕਰ ਲਿਆ ਗਿਆ। ਇਹ ਘਟਨਾ 10 ਅਕਤੂਬਰ ਨੂੰ ਵਾਪਰੀ ਅਤੇ ਪੀੜਤ ਲੜਕੇ ਦੇ ਪਿਤਾ ਨੇ ਬੀਬੀਸੀ ਨੂੰ ਜਾਣਕਾਰੀ ਦਿੱਤੀ ਸੀ। ਕੁਕਰਮ ਨੂੰ ਅੰਜ਼ਾਮ ਦੇਣ ਵਾਲਾ ਮੁਸਲਮਾਨ ਮੋਟਰਸਾਈਕਲ ਰਿਪੇਅਰ ਕਰਨ ਦੀ ਦੁਕਾਨ 'ਤੇ ਕੰਮ ਕਰਦਾ ਸੀ। ਇਸ ਵਿਅਕਤੀ ਨੇ ਦਿਨ ਦੇ ਤਿੰਨ ਵਜੇ ਸਿੱਖ ਲੜਕੇ ਨੂੰ ਮੋਟਰਸਾਈਕਲ ਦੇਣ ਦੇ ਬਹਾਨੇ ਇੱਕ ਖਾਲੀ ਇਮਾਰਤ ਵਿਚ ਬੁਲਾ ਲਿਆ ਅਤੇ ਫਿਰ ਆਪਣੇ ਸਾਥੀ ਨਾਲ ਮਿਲ ਕੇ ਬਦਫਹਿਲੀ ਨੂੰ ਅੰਜ਼ਾਮ ਦਿੱਤਾ। ਇਸ ਸਬੰਧ ਵਿਚ ਪਰਿਵਾਰ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਹੈ ਅਤੇ ਐਫ ਆਈ ਆਰ ਦਰਜ ਕਰ ਦਿੱਤੀ ਜਦ ਕਿ ਪੁਲਿਸ ਮੁਲਜ਼ਮਾਂ ਦੀ ਭਾਲ ਵਿਚ ਹੈ।

**ਪਾਕਿਸਤਾਨ ਵਿਚ ਜਬਰੀ ਧਰਮ ਬਦਲੀ ਵਿਰੁੱਧ ਬਿੱਲ**

ਇਸ ਸਬੰਧੀ ਪਿਛਲੇ ਕੁਝ ਸਮੇਂ ਤੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ ਪਰ ਪਿਛਲੇ ਸਾਲ ਅਕਤੂਬਰ ਮਹੀਨੇ ਵਿਚ ਸੰਸਦ ਕਮੇਟੀ ਨੇ ਇਹ ਬਿੱਲ ਰੱਦ ਕਰ ਦਿੱਤਾ ਸੀ ਤੇ ਧਾਰਮਿਕ ਮਾਮਲਿਆਂ ਬਾਰੇ ਮੰਤਰੀ ਦੇ ਬਿਆਨ ਸਨ ਕਿ ਇਸ ਸਬੰਧੀ ਮਾਹੌਲ ਸਾਜ਼ਗਾਰ ਨਹੀਂ ਹੈ। ਮੰਤਰੀ ਨੂਰੁਲ ਹੱਕ ਕਾਦਰੀ ਤਾਂ ਇਸ ਸਬੰਧੀ ਏਨੇ ਡਰੇ ਹੋਏ ਸਨ ਕਿ ਡਾਨ ਅਖਬਾਰ ਦੇ ਬਿਆਨ ਵਿਚ ਮੰਤਰੀ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦਾ ਕਾਨੂੰਨ ਦੇਸ਼ ਦੀ ਸ਼ਾਂਤੀ ਭੰਗ ਕਰ ਸਕਦਾ ਹੈ ਜਿਸ ਦਾ ਅਸਰ ਧਾਰਮਕ ਘੱਟ-ਗਿਣਤੀਆਂ 'ਤੇ ਬੁਰਾ ਪਏਗਾ। ਪਾਕਿਸਤਾਨ ਵਿਚ ਧਾਰਮਿਕ ਘੱਟਗਿਣਤੀਆਂ ਦੀ ਨਫਰੀ ਸਬੰਧੀ ਸੈਂਟਰਲ ਇੰਟੈਲੀਜੈਂਸ ਏਜੰਸੀ ਦੀ ਫੈਕਟਬੁੱਕ ਦੇ ਹਵਾਲੇ ਨਾਲ ਬੀਬੀਸੀ ਨੇ ਇਹ ਸਪੱਸ਼ਟ ਕੀਤਾ ਸੀ ਕਿ ਹਿੰਦੂ, ਇਸਾਈ ਅਤੇ ਹੋਰ ਘੱਟਗਿਣਤਿਆਂ ਪਾਕਿਸਤਾਨ ਦੀ ਅਬਾਦੀ ਦਾ ਕੇਵਲ 3.5 ਪ੍ਰਤੀਸ਼ਤ ਹੀ ਬਣਦੀਆਂ ਹਨ।

**ਇੱਕ ਬੀਬੀ ਵੱਲੋਂ ਮੁਸਲਮਾਨ ਕੱਟੜਪੰਥੀਆਂ ਨੂੰ ਚਿਤਾਵਨੀ**

ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚ ਨਾ ਕੇਵਲ ਘੱਟਗਿਣਤੀਆਂ ਨੂੰ ਨਿਸ਼ਾਨੇ 'ਤੇ ਰੱਖਿਆ ਜਾ ਰਿਹਾ ਹੈ ਸਗੋਂ ਕੱਟੜਪੰਥੀ ਲੋਕ ਔਰਤਾਂ ਦਾ ਵੀ ਅਕਹਿ ਸ਼ੋਸ਼ਣ ਕਰ ਰਹੇ ਹਨ। ਅੱਜਕਲ ਇੱਕ ਬੀਬੀ ਜੋ ਕਿ ਚਾਦਰ ਵਿਚ ਲਿਪਟੀ ਮੁਸਲਮਾਨ ਪ੍ਰਤੀਤ ਹੁੰਦੀ ਹੈ ਵਲੋਂ ਕੱਟੜਪੰਥੀਆਂ ਨੂੰ **Reply to hayat Langheir's comment ਵਿਸ਼ੇ ਹੇਠ ਉਰਦੂ ਵਿਚ ਨਸੀਹਤ ਜਾਰੀ ਕੀਤੀ ਗਈ ਹੈ ਜਿਸ ਦਾ ਪੰਜਾਬੀ ਅਨੁਵਾਦ ਇਹ ਹੈ:**

'ਇਹ ਮੈਨੂੰ ਕਹਿ ਰਹੇ ਹਨ ਕਿ ਤੇਰਾ ਜੋ ਅਕੀਦਾ ਹੈ, ਇਸ ਅਕੀਦੇ ਵਾਲਾ ਕਾਫਰ ਹੁੰਦਾ ਹੈ। ਤੁਸੀਂ ਮੁਸਲਮਾਨ ਲੋਕ ਪਹਿਲਾਂ ਮੈਨੂੰ ਇਹ ਦੱਸੋ ਕਿ ਪਿਛਲੇ ਇੱਕ ਹਜ਼ਾਰ ਸਾਲ ਤੋਂ ਤੁਸੀਂ ਕੀਤਾ ਕੀ ਹੈ? ਤੁਸੀਂ ਜੋ ਕਾਫਰ, ਜੰਨਤ ਜਾਂ ਜਹੰਨਮ ਦੇ ਫਤਵੇ ਜਾਰੀ ਕਰਦੇ ਹੋ ਇਸ ਤੋਂ ਇਲਾਵਾ ਤੁਸੀਂ ਕੀਤਾ ਕੀ ਹੈ? ਤੁਹਾਡੇ ਪੱਲੇ ਜ਼ੁਬਾਨ ਚਲਾਉਣ ਤੋਂ ਇਲਾਵਾ ਹੋਰ ਹੈ ਕੀ? ਇਲਮ ਤੁਹਾਡੇ ਕੋਲ ਨਹੀਂ ਹੈ, ਟੈਕਨਾਲੋਜੀ ਤੁਹਾਡੇ ਕੋਲ ਨਹੀਂ, ਜਿੱਦਤ ਤੁਹਾਡੇ ਕੋਲ ਨਹੀਂ ਹੈ, ਮੂਵ ਔਨ ਕਰਨੇ ਦੀ ਹਿੰਮਤ ਤੁਹਾਡੇ ਕੋਲ ਨਹੀਂ ਹੈ। ਉਲਾਮੀ ਤੁਹਾਡੇ ਅੰਦਰ ਕੁੱਟ ਕੁੱਟ ਕੇ ਭਰੀ ਹੋਈ ਹੈ। ਕਦੀ ਤੁਸੀਂ ਯਹੂਦੀ ਦੇ ਗੁਲਾਮ ਹੋ ਜਾਂਦੇ ਹੋ ਅਤੇ ਕਦੀ ਨਸਰਾਨੀ ਦੇ। ਕਦੀ ਤੁਸੀਂ ਨਫਸ ਦੇ ਗੁਲਾਮ ਹੋ ਜਾਂਦੇ ਹੋ। ਕਦੀ ਤੁਸੀਂ ਖਾਹਿਸ਼ ਦੇ ਗੁਲਾਮ ਹੋ ਜਾਂਦੇ ਹੋ। ਸੋ ਤੁਹਾਡੇ ਪੱਲੇ ਹੈ ਕੀ। ਅਸਲ ਵਿਚ ਤੁਹਾਡੇ ਪੱਲੇ ਉਂਗਲੀ ਉਠਾਉਣ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੈ। ਉਂਗਲੀ ਕਰਕੇ ਕਿਸੇ ਨੂੰ ਤੁਸੀਂ ਜਹੰਨਮੀ ਤੇ ਕਾਫਰ ਕਹਿੰਦੇ ਹੋ। ਕਿਸੇ ਨੂੰ ਕਹਿੰਦੇ ਹੋ ਕਿ ਤੁਹਾਡਾ ਅਕੀਦਾ ਗਲਤ ਹੈ। ਤੁਸੀਂ ਫਤਵੇ ਜਾਰੀ ਇਸ ਕਰਕੇ ਕਰਦੇ ਹੋ ਕਿਉਂਕਿ ਤੁਹਾਨੂੰ ਪਤਾ ਹੈ ਕਿ ਤੁਹਾਡੇ ਅੰਦਰ ਕੋਈ ਗੁਣ (ਏਬਿਲਿਟੀ) ਨਹੀਂ ਹੈ। ਇਸ ਤੋਂ ਪਹਿਲਾਂ ਕਿ ਕੋਈ ਤੁਹਾਡੀ ਮੂੜ੍ਹਤਾ ਬਾਰੇ ਤੁਹਾਨੂੰ ਡਿਸਏਬਲ ਕਹਿ ਦੇਵੇ ਤਾਂ ਤੁਸੀਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹੋ ਤਾਂ ਕਿ ਅਗਲਾ ਦੱਬ ਜਾਵੇ। ਕੁਝ ਸ਼ਰਮ ਕਰੋ। ਇਸ ਬਾਰੇ ਕੁਝ ਸੋਚੋ ਕਿ ਆਖਰ ਕਿਉਂ ਅਸੀਂ ਲੋਕ ਆਪਣੇ ਆਪ ਨੂੰ ਮੁੜ ਔਨ ਨਹੀਂ ਕਰਦੇ। ਇਹ ਕਾਫਰਪੁਣੇ, ਜਹੰਨਮੀ ਅਤੇ ਜੰਨਤਪੁਣੇ ਚੋਂ ਨਿਕਲ ਕੇ ਕੋਈ ਅਕਲ ਦੀ ਸੋਚ ਅਸੀਂ ਆਪਣੇ ਅੰਦਰ ਕਿਉਂ ਨਹੀਂ ਪੈਦਾ ਕਰਦੇ। ਕਿਉਂ ਅਸੀਂ ਆਪਣੇ ਅੰਦਰ ਟੈਕਨਾਲੌਜੀ ਜਿੱਦਤ ਦੀ ਸੋਚ ਨੂੰ ਪੈਦਾ ਨਹੀਂ ਕਰਦੇ। ਕਿਉਂ ਤੁਹਾਨੂੰ ਹਰ ਨਵੀਂ ਕਾਢ ਲਈ ਯਹੂਦੀ, ਇਸਾਈ ਜਾਂ ਨਸਰਾਨੀ ਵਲ ਦੇਖਣਾ ਪੈਂਦਾ ਹੈ। ਕਿਉਂ ਤੁਹਾਡੇ ਆਪਣੇ ਵਿਚ ਏਨੀ ਖੂਬੀ ਨਹੀਂ ਹੈ ਕਿ ਤੁਸੀਂ ਕੋਈ ਨਵੀਂ ਕਾਢ ਕੱਢ ਸਕੋ। ਫੋਨ ਲਈ ਤੁਸੀਂ ਯਹੂਦੀ ਵਲ ਦੇਖ ਰਹੇ ਹੋ, ਕਿਸੇ ਨਵੀਂ ਪ੍ਰੌਡਕਟ ਲਈ ਤੁਸੀਂ ਯਹੂਦੀ ਦੇ ਹੱਥਾਂ ਵਲ ਦੇਖ ਰਹੇ ਹੋ। ਕਾਫਰਾਂ ਤੋਂ ਤੁਸੀਂ ਇੰਟਰਨੈਟ, ਮੋਬਾਇਲ ਵਗੈਰਾ ਹਰ ਚੀਜ਼ ਲੈ ਰਹੇ ਹੋ। ਪਰ ਕਿਉਂ ਕਿ ਤੁਸੀਂ ਜੰਨਤੀ ਹੋ, ਜੰਨਤੀ ਹੋਣ ਦੀ ਵਜ੍ਹਾ ਕਰਕੇ ਤੁਸੀਂ ਖੁਸ਼ ਹੋ ਭਾਵੇਂ ਇਸੇ ਕਾਰਨ ਤੁਹਾਨੂੰ ਕਮਤਰ ਸਮਝਿਆ ਜਾਵੇ ਜਾਂ ਤੁਹਾਨੂੰ ਥਰਡ ਵਰਲਡ ਸਮਝਿਆ ਜਾਵੇ, ਤੁਹਾਨੂੰ ਸਭ ਮਨਜ਼ੂਰ ਹੈ ਪਰ ਤੁਸੀਂ ਆਪਣੀ ਉਂਗਲੀ ਚੁੱਕਣੀ ਜਾਰੀ ਰੱਖੋਗੇ ਭਾਵੇਂ ਕਿ ਬਾਕੀ ਦੀਆਂ ਚਾਰ ਉਂਗਲਾਂ ਤੁਹਾਡੇ ਵਲ ਇਸ਼ਾਰਾ ਕਰਕੇ ਦੱਸ ਰਹੀਆਂ ਹੋਣ ਕਿ ਤੁਹਾਡੀ ਔਕਾਤ ਕੀ ਹੈ?

**ਇਹ ਇਸ਼ਾਰਾ ਸਾਡੇ ਸਭ ਲਈ ਹੈ**

ਇਸ ਬੀਬੀ ਨੇ ਜੋ ਕੱਟੜਪੰਥੀ ਮੁਸਲਮਾਨਾਂ ਲਈ ਕਿਹਾ ਹੈ, ਇਹ ਸਾਡੇ 'ਤੇ ਵੀ ਇੰਨ-ਬਿੰਨ ਲਾਗੂ ਹੋ ਰਿਹਾ ਹੈ। ਪਿਛਲੇ ਦਿਨੀਂ ਲੈਸਟਰ ਵਿਚ ਹਿੰਦੂ-ਮੁਸਲਮਾਨਾਂ ਦਰਮਿਆਨ ਭੜਕੇ ਦੰਗਿਆਂ ਦਾ ਮੁੱਖ ਕਾਰਨ ਸੋਸ਼ਲ ਸਾਈਟਾਂ 'ਤੇ ਕੀਤਾ ਗਿਆ ਕੂੜ ਪ੍ਰਚਾਰ ਮੰਨਿਆ ਗਿਆ ਹੈ। ਬੀ ਬੀ ਸੀ ਮਾਨਿਟਰਿੰਗ ਵਲੋਂ ਦੋ ਲੱਖ ਟਵੀਟਸ 'ਤੇ ਕੀਤੀ ਇੱਕ ਜਾਂਚ ਦੌਰਾਨ ਇਹ ਜਾਣ ਕੇ ਹੈਰਾਨੀ ਹੋਈ ਕਿ ਅੱਧੇ ਤੋਂ ਵੱਧ ਅਕਾਊਂਟਸ ਦਾ ਕਿਉਂ ਲੋਕੇਸ਼ਨ ਭਾਰਤ ਵਿਚ ਸੀ। ਭਾਵ ਕਿ ਮਜ਼੍ਹਬੀ ਅਤੇ ਨਸਲੀ ਨਫਰਤ ਫੈਲਾਉਣ ਲਈ ਲੱਖਾਂ ਦੀ ਗਿਣਤੀ ਵਿਚ ਭਾਰਤ ਬੈਠੇ ਲੋਕ ਬਲਦੀ 'ਤੇ ਤੇਲ ਪਾ ਰਹੇ ਹਨ। ਇਸ ਮਾਮਲੇ ਵਿਚ ਕਿਹੜੀ ਧਿਰ ਕਿੰਨੀ ਜ਼ਿੰਮੇਵਾਰ ਹੈ, ਇਸ ਦਾ ਲੇਖਾ-ਜੋਖਾ ਹੋਣਾ ਬਹੁਤ ਜ਼ਰੂਰੀ ਹੈ। ਸੋਸ਼ਲ ਮੀਡੀਆ ਦੀਆਂ ਵੱਖ ਵੱਖ ਸਾਈਟਾਂ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਆਪਣੀ ਪਛਾਣ ਲੁਕਾ ਕੇ ਜਿਥੇ ਗੁਮਰਾਹਕੁੰਨ ਪ੍ਰਚਾਰ ਕਰ ਰਹੇ ਹਨ ਉਥੇ ਆਪਣੀਆਂ ਵਹਿਸ਼ੀ ਖਾਹਿਸ਼ਾਂ ਦੀ ਪੂਰਤੀ ਲਈ ਨਾਬਾਲਗ ਬੱਚਿਆਂ ਨੂੰ ਵੀ ਆਪਣਾ ਨਿਸ਼ਾਨਾ ਬਣਾ ਰਹੇ ਹਨ। ਯੂ ਕੇ ਵਿਚ ਬੱਚਿਆਂ ਦੀ ਗਰੂਮਿੰਗ ਦਾ ਮੁੱਦਾ ਹਮੇਸ਼ਾਂ ਹੀ ਚਿੰਤਾਜਨਕ ਰਿਹਾ ਹੈ ਅਤੇ ਇਸ ਮਾਮਲੇ ਵਿਚ ਪ੍ਰਮੁੱਖ ਰੂਪ ਵਿਚ ਮੁਸਲਮਾਨ ਵਿਅਕਤੀਆਂ ਦੇ ਨਾਮ ਆਉਂਦੇ ਰਹੇ ਹਨ ਜਿਨ੍ਹਾਂ ਦਾ ਪਿਛੋਕੜ ਪਾਕਿਸਤਾਨ ਨਾਲ ਸਬੰਧਤ ਹੈ। ਹਿੰਦੂਆਂ ਅਤੇ ਮੁਲਮਾਨਾਂ ਵਿਚ ਟਕਰਾਓ ਦਾ ਮੁੱਖ ਕਾਰਨ ਵੀ ਉਹ ਮੌਲਾਣੇ, ਪੰਡਤ ਅਤੇ ਸਿਆਸੀ ਲੋਕ ਹਨ ਜੋ ਕਿ ਧਾਰਮਿਕ ਨਫਰਤ ਦਾ ਖੱਟਿਆ ਖਾਂਦੇ ਹਨ। ਸਾਡੇ ਮਗਜ਼ਾਂ ਵਿਚ ਧਾਰਮਿਕ ਨਫਰਤ, ਧਾਰਮਿਕ ਜੜ੍ਹਤਾ ਅਤੇ ਲਕੀਰ ਦੀ ਫਕੀਰੀ ਫੈਲੀ ਹੋਣ ਕਰਕੇ ਅਸੀਂ ਆਪਣੇ ਜੀਵਨ ਵਿਗਿਆਨਕ ਅਤੇ ਅਗਾਂਹਵਧੂ ਚੁਣੌਤੀਆਂ ਨੂੰ ਪਿੱਠ ਦੇ ਰਹੇ ਹਾਂ।

## ਖਾਲੀ ਮੁੱਠੀ

ਹੱਥਾਂ ਵਿਚ ਪੈੱਗ ਫੜੀ ਉਹ ਬਾਹਰ ਬਾਲਕੋਨੀ ਵਿਚ ਖੜ੍ਹੀ ਹੋ ਗਈ। ਹੁਣ ਸ਼ਬਾਨਾ ਸਿਪ-ਸਿਪ ਕਰ ਕੇ ਨਾਲ਼ੇ ਤਾਂ ਪੈੱਗ ਪੀਈ ਜਾ ਰਹੀ ਸੀ ਤੇ ਨਾਲ਼-ਨਾਲ਼ ਆਸੇ-ਪਾਸੇ ਦੇਖੀ ਜਾਂਦੀ ਸੀ। ਦੂਰ ਸੜਕ 'ਤੇ ਕਾਰਾਂ-ਗੱਡੀਆਂ ਦੀ ਵੱਡੀ ਭੀੜ ਸੀ, ਜਿਸਨੂੰ ਦੇਖ ਕੇ ਉਸ ਨੇ ਮੂੰਹ ਦੂਸਰੇ ਪਾਸੇ ਕਰ ਲਿਆ ਕਿਉਂਕਿ ਉਹ ਜਾਣਦੀ ਸੀ ਕਿ ਇਹ ਸਾਰੀਆਂ ਕਾਰਾਂ-ਗੱਡੀਆਂ ਵੱਡੇ-ਵੱਡੇ ਧਨਾਢਾਂ ਦੀਆਂ ਨੇ, ਉਹ ਧਨਾਢ ਜਿਨ੍ਹਾਂ ਨੂੰ ਦੇਖਦੇ ਸਾਰ ਉਸ ਨੂੰ ਖਿਝ ਚੜ੍ਹ ਜਾਂਦੀ ਸੀ ਪਰ ਮਜਬੂਰੀ ਵੱਸ ਉਸ ਨੂੰ ਉਨ੍ਹਾਂ ਦਾ ਸਾਥ ਝੱਲਣਾ ਪੈਂਦਾ। ਆਸ-ਪਾਸ ਦੇਖਦੇ ਹੋਏ ਸ਼ਬਾਨਾ ਦੀ ਨਜ਼ਰ ਇਕ ਸਾਈਕਲ ਵਾਲੇ 'ਤੇ ਚਲੀ ਗਈ ਜਿਸ ਨੇ ਸਾਈਕਲ ਦੇ ਡੰਡੇ 'ਤੇ ਆਪਣੇ ਮੁੰਡੇ ਨੂੰ ਤੇ ਪਿੱਛੇ ਕੈਰੀਅਰ 'ਤੇ ਕੁੜੀ ਨੂੰ ਬਿਠਾਇਆ ਹੋਇਆ ਸੀ। ਉਨ੍ਹਾਂ ਵੱਲ ਦੇਖਕੇ ਸ਼ਬਾਨਾ ਨੂੰ ਬੜੀ ਖੁਸ਼ੀ ਹੋਈ। ਫਿਰ ਉਸ ਸਾਈਕਲ ਵਾਲੇ ਨੇ ਇਕ ਦੁਕਾਨ ਕੋਲ ਸਾਈਕਲ ਰੋਕਿਆ ਤੇ ਇੱਕ-ਇੱਕ ਬਿਸਕੁਟਾਂ ਦਾ ਪੈਕਟ ਲੈ ਕੇ ਦੋਵਾਂ ਬੱਚਿਆਂ ਨੂੰ ਦੇ ਦਿੱਤਾ ਪਰ ਬੱਚੇ ਸ਼ਾਇਦ ਕਿਸੇ ਹੋਰ ਚੀਜ਼ ਦੀ ਜ਼ਿੱਦ ਕਰ ਰਹੇ ਸਨ ਤਾਂ ਹੀ ਉਨੀਂ ਬਿਸਕੁਟ ਦੇਖਕੇ ਸਿਰ ਫੇਰ ਦਿੱਤਾ। ਜਦ ਫਿਰ ਉਸਨੇ ਇੱਕ-ਇੱਕ ਭੁਜੀਏ ਦਾ ਪੈਕਟ ਦਿੱਤਾ ਤਾਂ ਬੱਚਿਆਂ ਨੇ ਝੱਟ ਫੜ ਲਿਆ। ਫਿਰ ਉਹ ਉਥੋਂ ਚਲੇ ਗਏ।

ਸ਼ਬਾਨਾ ਦਾ ਧਿਆਨ ਅਚਾਨਕ ਟੁੱਟਾ ਜਦ ਉਸ ਦੇ ਕੰਨੀਂ ਕਿਸੇ ਦੀ ਅਵਾਜ਼ ਪਾਈ, 'ਸ਼ਬਾਨਾ ਛੇਤੀ ਆ ਕਿਧਰ ਆਂ ਉਹ ਗੱਡੀ ਵਾਲਾ ਸੇਠ ਆਇਆ ਆ।''

ਸੁਣਦੇ ਸਾਰ ਸ਼ਬਾਨਾ ਨੇ ਉੱਥੇ ਖੜ੍ਹੀ ਨੇ ਹੀ ਘੁੱਟ ਕੇ ਅੱਖਾਂ ਬੰਦ ਕਰ ਲਈਆਂ ਤੇ ਉਸਤੋਂ ਵੀ ਕਿਤੇ ਵੱਧ ਘੁੱਟ ਕੇ ਆਪਣੀ ਮੁੱਠੀ ਬੰਦ ਕਰ ਲਈ ਜਿਵੇਂ ਉਹ ਸੇਠ ਉਸਦੀ ਮੁੱਠੀ ਵਿਚ ਹੋਵੇ ਤੇ ਉਹ ਉਸਨੂੰ ਘੁੱਟ ਕੇ ਹੀ ਮਾਰ ਦੇਣਾ ਚਾਹੁੰਦੀ ਹੋਵੇ ਪਰ ਅੱਖਾਂ ਖੋਲ੍ਹ ਕੇ ਜਦ ਉਸਨੇ ਮੁੱਠੀ ਖੋਲ੍ਹੀ ਤਾਂ ਉਹ ਖਾਲੀ ਸੀ। ***-ਰੋਹਿਤ***

# ਇਕ ਵਾਰ ਫਿਰ 'ਲਾਲ ਸਿੰਘ ਚੱਢਾ'





ਫਿਲਮ 'ਲਾਲ ਸਿੰਘ ਚੱਢਾ' ਦੇ ਦੋ ਵੱਖ-ਵੱਖ ਦ੍ਰਿਸ਼ਾਂ ਵਿਚ ਆਮਿਰ ਖਾਨ ਅਤੇ ਕਰੀਨਾ ਕਪੂਰ ਖਾਨ।

ਆਮਨਾ ਕੌਰ

ਉਘੇ ਅਦਾਕਾਰ ਆਮਿਰ ਖਾਨ ਦੀ ਫਿਲਮ 'ਲਾਲ ਸਿੰਘ ਚੱਢਾ' ਬਾਕਸ ਆਫਿਸ ਉਤੇ ਭਾਵੇਂ ਸਫਲ ਨਹੀਂ ਹੋ ਸਕੀ ਸੀ ਪਰ ਇਨਸਾਨੀ ਪੱਖਾਂ ਦੀ ਚਰਚਾ ਦੇ ਪੱਖ ਤੋਂ ਇਸ ਦੀ ਖੂਬ ਤਾਰੀਫ ਹੋਈ ਹੈ। ਇਹ ਫਿਲਮ ਬਾਕਸ ਆਫਿਸ ਉਤੇ 100 ਕਰੋੜ ਰੁਪਏ ਦੀ ਕਮਾਈ ਵੀ ਨਹੀਂ ਕਰ ਸਕੀ ਸੀ ਜਦਕਿ ਇਸ ਦਾ ਬਜਟ 180 ਕਰੋੜ ਰੁਪਏ ਦਾ ਸੀ। ਉਂਝ, ਇਹ ਫਿਲਮ ਜਦੋਂ ਦੀ ਇਸ ਮਹੀਨੇ ਤੋਂ ਨੈੱਟਫਲਿਕਸ ਉਤੇ ਆਈ ਹੈ, ਫਿਲਮ ਨੂੰ ਨਵੇਂ ਸਿਰਿਓਂ ਹੁਲਾਰਾ ਮਿਲਿਆ ਹੈ। ਦਰਸ਼ਕਾਂ ਨੇ ਇਸ ਫਿਲਮ ਨੂੰ ਖੂਬ ਹੁੰਗਾਰਾ ਭਰਿਆ ਹੈ। ਇਹ ਸੰਸਾਰ ਭਰ ਵਿਚ ਨੈੱਟਫਲਿਕਸ ਉਤੇ ਗੈਰ-ਅੰਗਰੇਜ਼ੀ ਫਿਲਮਾਂ ਵਿਚੋਂ ਅਜਿਹੀ ਦੂਜੀ ਫਿਲਮ ਬਣ ਗਈ ਹੈ ਜਿਸ ਨੂੰ ਸਭ ਤੋਂ ਵੱਧ ਦਰਸ਼ਕਾਂ ਨੇ ਦੇਖਿਆ ਹੈ। ਨੈੱਟਫਲਿਕਸ ਅਨੁਸਾਰ, ਇਹ ਸੰਸਾਰ ਭਰ ਵਿਚ 13 ਮੁਲਕਾਂ ਵਿਚ ਪਹਿਲੀਆਂ ਦਸ ਫਿਲਮਾਂ ਵਿਚ ਸ਼ੁਮਾਰ ਹੋ ਗਈ ਹੈ। ਇਨ੍ਹਾਂ ਮੁਲਕਾਂ ਵਿਚ ਮਾਰੀਸ਼ਸ਼, ਬੰਗਲਾਦੇਸ਼, ਸਿੰਗਾਪੁਰ, ਓਮਾਨ, ਸ੍ਰੀਲੰਕਾ, ਬਹਿਰੀਨ, ਮਲੇਸ਼ੀਆ, ਯੂ.ਏ.ਈ. ਸ਼ਾਮਿਲ ਹਨ।

ਯਾਦ ਰਹੇ ਕਿ ਹਿੰਦੂ ਕੱਟੜਪੰਥੀਆਂ ਨੇ ਇਸ ਫਿਲਮ ਦਾ ਲਗਾਤਾਰ ਵਿਰੋਧ ਕੀਤਾ ਸੀ ਅਤੇ ਫਿਲਮ ਦੇ ਬਾਈਕਾਟ ਦਾ ਸੱਦਾ ਵੀ ਦਿੱਤਾ ਸੀ। ਉਂਝ, ਜਿੰਨੇ ਵੱਡੇ ਪੱਧਰ 'ਤੇ ਇਸ ਫਿਲਮ ਦਾ ਵਿਰੋਧ ਹੋਇਆ, ਓਨਾ ਹੀ ਇਸ ਦੇ ਹੱਕ ਵਿਚ ਆਵਾਜ਼ ਵੀ ਬੁਲੰਦ ਹੋਈ ਸੀ। ਧਰਮ ਨਿਰਪੱਖਤਾ ਨੂੰ ਪ੍ਰਣਾਏ ਲੋਕ ਹੋਕਾ ਦੇ ਰਹੇ ਸਨ ਕਿ ਇਸ ਫਿਲਮ ਦਾ ਵਿਰੋਧ ਕਿਸੇ ਖਾਸ ਵਜ੍ਹਾ ਕਰਕੇ ਨਹੀਂ ਸਗੋਂ ਇਸ ਕਰਕੇ ਕੀਤਾ ਜਾ ਰਿਹਾ ਹੈ ਕਿ ਇਹ ਆਮਿਰ ਖਾਨ ਦੀ ਫਿਲਮ ਹੈ ਅਤੇ ਆਮਿਰ ਖਾਨ ਬਾਰੇ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਉਹ ਭਾਰਤ ਨੂੰ ਰਹਿਣਯੋਗ ਮੁਲਕ ਨਹੀਂ ਮੰਨਦਾ ਹਾਲਾਂਕਿ ਸਚਾਈ ਇਹ ਹੈ ਕਿ ਜਦੋਂ ਹਿੰਦੂਤਵ ਨੂੰ ਪ੍ਰਣਾਈ ਮੋਦੀ ਸਰਕਾਰ ਮੁਸਲਮਾਨਾਂ ਖਿਲਾਫ ਨਾਗਰਿਕਤਾ ਸੋਧ ਬਿੱਲ ਲੈ ਕੇ ਆਈ ਸੀ ਤਾਂ ਆਮਿਰ ਖਾਨ ਦੀ ਪਤਨੀ ਕਿਰਨ ਰਾਓ ਨੇ ਸਹਿਜ-ਸੁਭਾਅ ਟਿੱਪਣੀ ਕੀਤੀ ਸੀ ਕਿ ਮੁਲਕ ਅਸਹਿਣਸ਼ੀਲ ਹੋ ਰਿਹਾ ਹੈ, ਇਥੇ ਤਾਂ ਰਹਿਣਾ ਵੀ ਮੁਸ਼ਕਿਲ ਹੋ ਰਿਹਾ ਹੈ! ਹੁਣ ਯਾਦ ਕਰਨਾ ਪਵੇਗਾ ਕਿ ਕਟੱੜਪੰਥੀ ਕਿਸ ਤਰ੍ਹਾਂ ਮੁਸਲਮਾਨਾਂ ਦੀਆਂ ਹਜੂਮੀ ਹੱਤਿਆਵਾਂ ਕਰ ਰਹੇ ਸਨ ਅਤੇ ਕਿਸ ਤਰ੍ਹਾਂ ਮੁਸਲਮਾਨਾਂ ਸਮੇਤ ਘੱਟਗਿਣਤੀਆਂ ਖਿਲਾਫ ਖੌਫ ਵਾਲਾ ਮਾਹੌਲ ਬਣਾਇਆ ਜਾ ਰਿਹਾ ਸੀ।

'ਲਾਲ ਸਿੰਘ ਚੱਢਾ' ਫਿਲਮ 1994 ਵਿਚ ਅੰਗਰੇਜ਼ੀ ਵਿਚ ਬਣੀ ਫਿਲਮ 'ਫੌਰੈਸਟ ਗੰਪ' ਦੀ ਰੀਮੇਕ ਹੈ। ਇਹ ਫਿਲਮ ਉਘੇ ਅਮਰੀਕੀ ਨਾਵਲਕਾਰ ਵਿੰਸਟਨ ਗਰੂਮ ਦੇ 1986 ਵਿਚ ਛਪੇ ਇਸੇ ਨਾਂ ਵਾਲੇ ਨਾਵਲ (ਫੌਰੈਸਟ ਗੰਪ) 'ਤੇ ਆਧਾਰਿਤ ਹੈ। ਇਹ ਫਿਲਮ ਇਕ ਅਸਾਧਾਰਨ ਬੱਚੇ/ਮਨੁੱਖ ਦੁਆਲੇ ਘੁੰਮਦੀ ਹੈ। ਇਸ ਕਹਾਣੀ ਵਿਚ ਮਾਨਵਤਾ ਅਤੇ ਸੰਵੇਦਨਸ਼ੀਲਤਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਫਿਲਮ ਅਤੇ ਨਾਵਲ 'ਫੌਰੈਸਟ ਗੰਪ' ਕਈ ਅਮਰੀਕੀ ਸਕੂਲਾਂ ਦੇ ਸਿਲੇਬਸ ਦਾ ਹਿੱਸਾ ਹੈ। ਉਂਝ ਵੀ ਇਹ ਫਿਲਮ ਸਕੂਲਾਂ ਵਿਚ ਅਕਸਰ ਫਿਲਮ ਦਿਖਾਈ ਜਾਂਦੀ ਹੈ ਅਤੇ ਕਿਤਾਬ ਪੜ੍ਹਨ ਦੀ ਸਿਫਾਰਿਸ਼ ਵੀ ਕੀਤੀ ਜਾਂਦੀ ਹੈ ਤਾਂ ਕਿ ਬੱਚਿਆਂ ਅਤੇ ਆਮ ਲੋਕਾਂ ਨੂੰ ਅਮਨੁੱਖਤਾ ਪੱਖੀ ਸੁਨੇਹਾ ਦਿੱਤਾ ਜਾ ਸਕੇ ਪਰ ਭਾਰਤ ਵਿਚ ਸਭ ਉਲਟ ਹੋ ਰਿਹਾ ਹੈ।

ਅਸਲ ਵਿਚ ਭਾਰਤ ਵਿਚ ਜਿਸ ਤਰ੍ਹਾਂ ਦੀ ਸਿਆਸਤ ਸੱਤਾਧਾਰੀ ਧਿਰ ਚਲਾ ਰਹੀ ਹੈ, ਇਹ ਫਿਲਮ ਉਸ ਉਤੇ ਬੜਾ ਤਿੱਖਾ ਵਾਰ ਕਰਦੀ ਹੈ। ਇਸ ਤੋਂ ਵੀ ਵੱਧ, ਇਸ ਫਿਲਮ ਦਾ ਮੁੱਖ ਕਿਰਦਾਰ ਉਸ ਘੱਟਗਿਣਤੀ ਦੀ ਨੁਮਾਇੰਦਗੀ ਕਰਦਾ ਹੈ ਜਿਸ ਉਤੇ ਵਧੀਕੀਆਂ ਦੀ ਗੱਲ ਅਕਸਰ ਤੁਰਦੀ ਰਹਿੰਦੀ ਹੈ। ਇਸ ਪੱਖ ਤੋਂ ਫਿਲਮ ਦੇ ਪਟਕਥਾ ਲੇਖਕ ਅਤੁਲ ਕੁਲਕਰਨੀ ਦੀ ਤਾਰੀਫ ਕਰਨੀ ਬਣਦੀ ਹੈ ਜਿਸ ਨੇ 'ਫੌਰੈਸਟ ਗੰਪ' ਵਾਲੇ ਖਿਆਲ ਦਾ ਭਾਰਤੀਕਰਨ ਕਰਦਿਆਂ ਕਮਾਲ ਦੀ ਸੂਝਬੂਝ ਦਿਖਾਈ ਹੈ। ਉਸ ਨੇ ਇਹ ਕਾਰਜ ਉਸ ਵਕਤ ਕੀਤਾ ਹੈ ਜਦੋਂ ਭਾਰਤ ਵਿਚ ਅਜਿਹੇ ਰੂਪ ਵਿਚ ਇਹ ਆਵਾਜ਼ ਬੁਲੰਦ ਕਰਨ ਦੀ ਜ਼ਰੂਰਤ ਸੀ। ਫਿਲਮ ਦੇ ਨਿਰਦੇਸ਼ਕ ਅਦਵੈਤ ਚੰਦਨ ਨੇ ਵੀ ਇਸ ਮਾਮਲੇ ਵਿਚ ਜੁਰਅਤ ਦਿਖਾਈ ਹੈ। ਅਦਵੈਤ ਚੰਦਨ ਅਤੇ ਪਟਕਥਾ ਲੇਖਕ ਅਤੁਲ ਕੁਲਕਰਨੀ ਨੇ 'ਲਾਲ ਸਿੰਘ ਚੱਢਾ' ਨੂੰ ਭਾਰਤ ਦੇ ਹਿਸਾਬ ਨਾਲ ਢਾਲਿਆ ਹੈ।

ਫਿਲਮ 'ਲਾਲ ਸਿੰਘ ਚੱਢਾ' ਕਾਰਨ ਫਿਲਮ ਨਿਰਮਾਤਾਵਾਂ ਨੂੰ ਬਹੁਤ ਘਾਟਾ ਪਿਆ। ਬਾਅਦ ਵਿਚ ਆਮਿਰ ਖਾਨ ਨੇ ਐਲਾਨ ਕਰ ਦਿੱਤਾ ਸੀ ਕਿ ਉਹ ਇਸ ਫਿਲਮ ਲਈ ਆਪਣੀ ਫੀਸ ਜੋ 100 ਕਰੋੜ ਰੁਪਏ ਬਣਦੀ ਹੈ, ਨਹੀਂ ਲਵੇਗਾ। ਉਂਝ, ਅੱਖਾਂ ਖੋਲ੍ਹ ਵਾਲਾ ਇਕ ਤੱਥ ਇਹ ਵੀ ਹੈ ਕਿ 'ਫੌਰੈਸਟ ਗੰਪ' ਨੂੰ ਵੀ ਬਾਕਸਆਫਿਸ 'ਤੇ ਬਹੁਤੀ ਸਫਲਤਾ ਨਹੀਂ ਸੀ ਮਿਲੀ। ਉਦੋਂ ਵੀ ਇਸ ਫਿਲਮ ਦੀ ਚਰਚਾ ਖੂਬ ਹੋਈ ਸੀ ਅਤੇ ਅੱਜ ਤੱਕ ਹੋ ਰਹੀ ਹੈ। ਇਹੀ ਹਾਲ ਭਾਰਤ ਵਿਚ ਹੋਇਆ ਹੈ। ਕਮਾਈ ਦੇ ਪੱਖ ਤੋਂ ਆਮਿਰ ਖਾਨ ਦੀ ਇਹ ਫਿਲਮ ਭਾਵੇਂ ਫੇਲ੍ਹ ਰਹੀ ਹੈ ਪਰ ਇਸ ਨੂੰ ਇਸ ਕਰ ਕੇ ਯਾਦ ਰੱਖਿਆ ਜਾਵੇਗਾ ਕਿ ਇਹ ਫਿਲਮ ਉਨ੍ਹਾਂ ਸਮਿਆਂ ਦੌਰਾਨ ਬਣਾਈ ਗਈ ਜਦੋਂ ਨਰਿੰਦਰ ਮੋਦੀ ਸਰਕਾਰ ਬੋਲਣ ਵਾਲੇ ਦੀ ਜ਼ਬਾਨ ਕੱਟ ਦੇਣ 'ਤੇ ਉਤਾਰੂ ਹੋਈ ਪਈ ਹੈ।

# ਪਾਕਿਸਤਾਨੀ ਅਦਾਕਾਰ ਫਵਾਦ ਖਾਨ ਹੁਣ ਮੌਲਾ ਜੱਟ

ਪਾਕਿਸਤਾਨੀ ਅਦਾਕਾਰ ਫਵਾਦ ਖ਼ਾਨ ਨੇ ਆਖਿਆ ਕਿ ਭਾਰਤ ਅਤੇ ਪਾਕਿਸਤਾਨ ਵਿਚਲੇ ਸਿਆਸੀ ਹਾਲਾਤ ਸਾਡੇ ਲੋਕਾਂ ਦੇ ਆਪਸੀ ਸਬੰਧਾਂ 'ਤੇ ਅਸਰ ਨਹੀਂ ਪਾ ਸਕਦੇ। ਜ਼ਿਕਰਯੋਗ ਹੈ ਕਿ ਉਹ ਕਈ ਬਾਲੀਵੁੱਡ ਫਿਲਮਾਂ 'ਖ਼ੂਬਸੂਰਤ', 'ਕਪੂਰ ਐਂਡ ਸੰਨਜ਼', 'ਐ ਦਿਲ ਹੈ ਮੁਸ਼ਕਲ' ਵਿਚ ਅਦਾਕਾਰੀ ਕਰ ਚੁੱਕਾ ਹੈ। ਉਸ ਦੀ ਫਿਲਮ 'ਦਿ ਲੈਜੰਡ ਆਫ ਮੌਲਾ ਜੱਟ' ਆ ਗਈ ਹੈ ਅਤੇ 'ਮਿਸ ਮਾਰਵਲ' ਦੀ ਉਡੀਕ ਹੋ ਰਹੀ ਹੈ। 'ਦਿ ਲੈਜੰਡ ਆਫ ਮੌਲਾ ਜੱਟ' ਵਿਚ ਪਾਕਿਸਤਾਨੀ ਅਦਾਕਾਰਾ ਮਾਹਿਰਾ ਖਾਨ ਵੀ ਨਜ਼ਰ ਆਵੇਗੀ। ਇਹ ਫਿਲਮ ਦੁਨੀਆ ਭਰ ਦੇ ਸਿਨੇਮਾਘਰਾਂ ਵਿਚ 13 ਅਕਤੂਬਰ ਨੂੰ ਰਿਲੀਜ਼ ਹੋ ਗਈ ਹੈ।

ਇਹ ਪੰਜਾਬੀ ਫਿਲਮ ਪਾਕਿਸਤਾਨ ਦੇ ਇਤਿਹਾਸ ਵਿਚ ਹੁਣ ਤਕ ਦੀ ਸਭ ਤੋਂ ਮਹਿੰਗੀ ਹੈ। ਇਹ ਫਿਲਮ ਯੂਨਿਸ ਮਲਿਕ ਦੀ 1979 ਵਿਚ ਆਈ ਮਸ਼ਹੂਰ ਫਿਲਮ 'ਮੌਲਾ ਜੱਟ' ਦਾ ਰੀਮੇਕ ਹੈ। ਇਹ ਫਿਲਮ ਲੋਕ ਨਾਇਕ ਮੌਲਾ ਜੱਟ ਅਤੇ ਬੇਰਹਿਮ ਗਰੋਹ ਦੇ ਆਗੂ ਨੂਰੀ ਨੱਤ ਦੀ ਦੁਸ਼ਮਣੀ 'ਤੇ ਆਧਾਰਿਤ ਹੈ। ਇਸ ਫਿਲਮ ਦਾ ਨਿਰਦੇਸ਼ਨ ਬਿਲਾਲ ਲਸ਼ਾਰੀ ਨੇ ਕੀਤਾ ਹੈ। ਬਿਲਾਲ ਨੇ ਸਾਲ 2013 ਵਿਚ ਫਿਲਮ 'ਵਾਰ' ਤੋਂ ਆਪਣੇ ਫਿਲਮੀ ਸਫ਼ਰ ਦੀ ਸ਼ੁਰੂਆਤ ਕੀਤੀ ਸੀ। ਇਸ ਫਿਲਮ ਨੇ ਪਾਕਿਸਤਾਨ ਦੇ ਬੌਕਸ ਆਫਸ ਦੇ ਰਿਕਾਰਡ ਤੋੜ ਦਿੱਤੇ ਸਨ। ਭਾਰਤ ਅਤੇ ਪਾਕਿਸਤਾਨ ਵਿਚਾਲੇ ਚੱਲ ਰਹੀ ਸਿਆਸੀ ਖਿੱਚੋਤਾਣ ਕਾਰਨ ਪਾਕਿਸਤਾਨੀ ਕਲਾਕਾਰਾਂ ਨੂੰ ਬੌਲਵੁੱਡ ਵਿਚ ਬੈਨ ਕਰ ਦਿੱਤਾ ਗਿਆ ਸੀ। ਸਾਲ 2016 ਵਿਚ ਬਣੀ 'ਐ ਦਿਲ ਹੈ ਮੁਸ਼ਕਿਲ' ਫਵਾਦ ਦੀ ਅੰਤਿਮ ਫਿਲਮ ਸੀ। ਉਸ ਨੇ ਕਿਹਾ ਕਿ ਉਸ ਨੂੰ ਭਾਰਤੀ ਫਿਲਮਾਂ ਵਿਚ ਕੰਮ ਕਰ ਕੇ ਚੰਗਾ ਲੱਗਿਆ। ਉਸ ਨੇ ਕਿਹਾ ਕਿ ਸਿਆਸੀ ਘਟਨਾਵਾਂ ਕਲਾਕਾਰਾਂ ਦੇ ਸਬੰਧਾਂ 'ਤੇ ਅਸਰ ਨਹੀਂ ਪਾ ਸਕਦੀਆਂ।







ਪਾਕਿਸਤਾਨੀ ਅਦਾਕਾਰ ਫਵਾਦ ਖਾਨ ਅਤੇ (ਸੱਜੇ) ਫਿਲਮ 'ਦਿ ਲੇਜੰਡ ਆਫ ਮੌਲਾ ਜੱਟ' ਦਾ ਪੋਸਟਰ।

# ਅਦਾਕਾਰ ਰਣਦੀਪ ਹੁੱਡਾ ਸਾਵਰਕਰ ਬਣਿਆ

ਅਦਾਕਾਰ ਰਣਦੀਪ ਹੁੱਡਾ ਨੇ ਹਿੰਦੂ ਵਿਚਾਰਕ ਵੀ.ਡੀ. ਸਾਵਰਕਰ ਦੇ ਜੀਵਨ .ਤੇ ਆਧਾਰਿਤ ਫਿਲਮ 'ਸਵਤੰਤਰਵੀਰ ਸਾਵਰਕਰ' ਦੀ ਸ਼ੂਟਿੰਗ ਸ਼ੁਰੂ ਕੀਤੀ ਹੈ। ਇਸ ਫਿਲਮ ਵਿਚ ਅਹਿਮ ਕਿਰਦਾਰ ਨਿਭਾ ਰਹੇ ਹੁੱਡਾ ਹੀ ਇਸ ਫਿਲਮ ਦੇ ਨਿਰਦੇਸ਼ਕ ਹਨ। ਬਤੌਰ ਨਿਰਦੇਸ਼ਕ ਇਹ ਉਸ ਦੀ ਪਹਿਲੀ ਫਿਲਮ ਹੈ। ਇਸ ਫਿਲਮ ਦਾ ਨਿਰਦੇਸ਼ਨ ਪਹਿਲਾਂ ਮਹੇਸ਼ ਮਾਂਜਰੇਕਰ ਨੇ ਕਰਨਾ ਸੀ ਪਰ ਕੁਝ ਕਾਰਨਾਂ ਕਰ ਕੇ ਉਹ ਇਸ ਪ੍ਰਾਜੈਕਟ ਤੋਂ ਵੱਖ ਹੋ ਗਿਆ ਅਤੇ ਨਿਰਦੇਸ਼ਨ ਦਾ ਗੁਣਾ ਰਣਦੀਪ ਹੁੱਡਾ 'ਤੇ ਪੈ ਗਿਆ। ਹੁੱਡਾ ਨੇ ਇਸ ਸਬੰਧੀ ਕੀਤੇ ਟਵੀਟ ਵਿਚ ਕਿਹਾ, "ਮੈਂ ਆਪਣੀ ਅਗਲੀ ਫਿਲਮ 'ਸਵਤੰਤਰਯਵੀਰ ਸਾਵਰਕਰ' ਦੀ ਸ਼ੂਟਿੰਗ ਸ਼ੁਰੂ ਕਰ ਰਿਹਾ ਹਾਂ।" ਹੁੱਡਾ ਨੇ ਇਸ ਫਿਲਮ ਦੀਆਂ ਕੁਝ ਤਸਵੀਰਾਂ ਸਾਂਝੀਆਂ ਕਰਦਿਆਂ ਲਿਖਿਆ ਹੈ ਕਿ ਇਹ ਫਿਲਮ 26 ਮਈ 2023 ਨੂੰ ਸਾਵਰਕਰ ਦੀ 140ਵੀਂ ਜੈਅੰਤੀ ਮੌਕੇ ਰਿਲੀਜ਼ ਹੋਵੇਗੀ। ਇਸ ਫਿਲਮ ਦੇ ਨਿਰਮਾਤਾ ਅਨੰਦ ਪੰਡਿਤ, ਸੰਦੀਪ ਸਿੰਘ ਅਤੇ ਸੈਮ ਖਾਨ ਹਨ। ਇਸ ਤੋਂ ਇਲਾਵਾ ਰੂਪਾ ਪੰਡਿਤ ਅਤੇ ਜ਼ਫਰ ਮਹਿਦੀ ਇਸ ਦੇ ਸਹਿ-ਨਿਰਮਾਤਾ ਹਨ। ਇਸ ਫਿਲਮ ਸਬੰਧੀ ਪੰਡਿਤ ਨੇ ਕਿਹਾ ਕਿ ਰਣਦੀਪ ਹੁੱਡਾ ਦਾ ਬਤੌਰ ਨਿਰਦੇਸ਼ਕ ਇਸ ਫਿਲਮ ਨਾਲ ਜੁੜਿਆ ਹੋਣਾ ਮਾਣ ਵਾਲੀ ਗੱਲ ਹੈ।




ਫਿਲਮ 'ਸਵਤੰਤਰਵੀਰ ਸਾਵਰਕਰ' ਦਾ ਪੋਸਟਰ



ਅਦਾਕਾਰ ਰਣਦੀਪ ਹੁੱਡਾ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

## 16th Mahan Nagar Kirtan

## On Sat. October 29th, 2022 at 11:30 am

# Gurdwara Sant Sagar

242-25 Braddock Ave., Bellerose NY 11426. Ph. 718-343-1030

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ ।

# 16ਵਾਂ ਮਹਾਨ ਨਗਰ ਕੀਰਤਨ





ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 8 ਨਵੰਬਰ ਦਿਨ ਮੰਗਲਵਾਰ ਨੂੰ ਆ ਰਿਹਾ ਹੈ। ਜਿਸ ਦੇ ਸੰਬੰਧ ਵਿੱਚ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 29 ਅਕਤੂਬਰ ਦਿਨ ਸ਼ਨੀਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਅਤੇ ਪੰਜ ਨਗਾਰਿਆਂ ਦੀ ਗੂੰਜ ਵਿੱਚ 11:30 ਵਜੇ ਸਵੇਰ ਨੂੰ ਇਹ ਨਗਰ ਕੀਰਤਨ ਆਰੰਭ ਹੋ ਕੇ ਹਿੱਲ ਸਾਈਡ 263 ਸਟਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਗੁਰਦੁਆਰਾ ਸੰਤ ਸਾਗਰ ਵਿਖੇ ਸ਼ਾਮ ਦੇ 3:30 ਵਜੇ ਸਮਾਪਤ ਹੋਵੇਗਾ। ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਬੈੱਲਰੋਜ਼ ਵੱਲੋਂ ਹੋਵੇਗੀ।

**Saturday October 29, 2022, 16th Mahan Nagar Kirtan will start from GURDWARA SANT SAGAR, Bellerose, NY at 11:30am towards Hillside Ave., to 263rd street. Nagar Kirtan will move toward 82nd Ave. Which will take us back to GURDWARA SAHIB at 3:30pm.**

ਗੁਰਪੁਰਬ ਦੇ ਸੰਬੰਧ'ਚ 31 ਅਕਤੂਬਰ ਤੋਂ 6 ਨਵੰਬਰ ਤੱਕ ਸ਼ਾਮ 5:30 ਤੋਂ 9:00 ਵਜੇ ਤਕ ਹਰ ਰੋਜ਼ ਵਿਸ਼ੇਸ਼ ਦੀਵਾਨ ਸਜਣਗੇ। ਗੁਰਪੁਰਬ ਦੇ ਸੰਬੰਧ ਵਿੱਚ ਹਰ ਸਾਲ ਦੀ ਤਰ੍ਹਾਂ 7 ਨਵੰਬਰ ਦਿਨ ਸੋਮਵਾਰ ਸ਼ਾਮ 5:30 ਤੋਂ ਰਾਤ 12:30 ਵਜੇ ਪ੍ਰਕਾਸ਼ ਸਮੇਂ ਤੱਕ ਦੀਵਾਨ ਸਜਣਗੇ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ 11:15 ਤੋ 12:00 ਤੱਕ ਹੋਵੇਗੀ । ਉਪਰੰਤ ਸਤਿਗੁਰੂ ਦੇ ਪ੍ਰਕਾਸ਼ ਸਮੇਂ ਤੋਂ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਵੇਗੀ। 8 ਨਵੰਬਰ ਦਿਨ ਮੰਗਲਵਾਰ ਸਵੇਰੇ 10:00 ਵਜੇ ਅਖੰਡ ਪਾਠ ਸਾਹਿਬ ਦਾ ਭੋਗ ਪਵੇਗਾ ਉਪਰੰਤ ਸਵੇਰੇ 10:30 ਤੋਂ ਦੁਪਹਿਰ 1:00 ਵਜੇ ਤੱਕ ਦੀਵਾਨ ਸਜਣਗੇ। ਸ਼ਾਮ 5:00 ਵਜੇ ਰੱਖੇ ਹੋਏ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਉਪਰੰਤ ਸ਼ਾਮ 05:30 ਵਜੇ ਤੋਂ ਰਾਤ 10:30 ਵਜੇ ਤੱਕ ਦੀਵਾਨ ਸਜਾਏ ਜਾਣਗੇ। ਇਨ੍ਹਾਂ ਪ੍ਰੋਗਰਾਮਾਂ ਵਿੱਚ ਪੰਥ ਪ੍ਰਸਿੱਧ ਰਾਗੀ ਜਥੇ ਭਾਈ ਸੱਜਣ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਰਾਏ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਗੁਰਪ੍ਰੀਤ ਸਿੰਘ ਜੀ ਬੱਲੂੜਵਾਲ, ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰੀ, ਕਥਾ ਵਾਚਕ ਗਿਅਨੀ ਭੁਪਿੰਦਰ ਸਿੰਘ ਜੀ ਬੋਪਾਰਾਏ (ਦਮਦਮੀ ਟਕਸਾਲ ਵਾਲੇ) ਤੇ ਢਾਡੀ ਜਥਾ ਭਾਈ ਮੋਹਨ ਸਿੰਘ ਜੀ ਬਡਾਣਾ ਹਿੱਸਾ ਲੈਣਗੇ।

**ਨੋਟ (1) : ਖਾਸ ਤੋਰ ਤੇ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਜੀ (ਸਾਬਕਾ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ) 31 ਅਕਤੂਬਰ ਤੋਂ 8 ਨਵੰਬਰ ਤੱਕ ਹਰ ਰੋਜ ਸ਼ਾਮ ਨੂੰ 8:00 ਵਜੇ ਤੋਂ 8:45 ਤੱਕ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸੰਬੰਧੀ ਕਥਾ ਕਰਣਗੇ।**

**(2) : 5 ਨਵੰਬਰ ਦਿਨ ਸ਼ਨੀਵਾਰ ਨੂੰ ਸ਼ਾਮ 7 ਵਜੇ ਤੋਂ ਰਾਤ 1 ਵਜੇ ਤੱਕ ਰੈਣ ਸਬਾਈ ਅਖੰਡ ਕੀਰਤਨੀ ਜਥੇ ਵਲੋਂ ਹੋਵੇਗੀ।**

**ਗੁਰਪੁਰਬ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ 21 ਅਗਸਤ ਤੋ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕਿ 6 ਨਵੰਬਰ ਨੂੰ ਸਮਾਪਤ ਹੋਣਗੀਆਂ।**



ਗੱਤਕਾ ਟੀਮ ਆਪਣੇ ਜੋਹਰ ਦਿਖਾਏਗੀ

ਸਮੂਹ ਸੰਗਤਾਂ ਦਾ ਇਸ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਆਪਣਾ ਯੋਗਦਾਨ ਪਾਕੇ ਸਫਲ ਕਰਨ ਲਈ ਬਹੁਤ ਬਹੁਤ ਧਨੰਵਾਦ।

ਨਗਰ ਕੀਰਤਨ ਵਿਚ ਸਾਰੇ ਭੈਣ, ਭਰਾ ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾ, ਦਸਤਾਰਾਂ ਤੇ ਦੁਪੱਟੇ ਸਜਾਕੇ ਆਓ ਜੀ।

ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ।

ਗੁਰੂ-ਸੰਗਤਾਂ ਦਾ ਦਾਸ- ਭਾਈ ਸੱਜਣ ਸਿੰਘ
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ - ਗੁਰਦੁਆਰਾ ਸੰਤ ਸਾਗਰ, ਬੇਲਰੋਜ਼, ਨਿਊਯਾਰਕ
Phone # 718.343.1030



**LIVE**

ਨਗਰ ਕੀਰਤਨ ਤੇ ਪ੍ਰਕਾਸ਼ ਦਿਹਾੜੇ ਦੇ ਦੀਵਾਨ ਦਾ ਸਿੱਧਾ ਪ੍ਰਸਾਰਣ ਜੱਸ ਪੰਜਾਬੀ ਤੇ YouTube ਤੇ ਦੇਖ ਸਕਦੇ ਹੋ ।
Watch live Nagar Kirtan and Diwan on JUS PUNJABI & YouTube

YouTube
jus PUNJABI